# ਪੰਜਾਬ ਸਟੂਡੈਂਟਸ ਯੂਨੀਅਨ
ਦਾ
# ਇਤਿਹਾਸ

ਦਰਸ਼ਨ ਖਹਿਰਾ





ਦਰਸ਼ਨ ਖਹਿਰਾ

ਉਸ ਦਾ ਮਨ ਕਾਹਲਾ ਪੈਂਦਾ ਤੇ ਓਹ ਕਿਤੇ ਦੂਰ ਨੱਠ ਜਾਣਾ ਚਾਹੁੰਦਾ। ਓਹ ਸੋਚਦਾ ਕਿ ਇਸ ਮਹਾਨ ਸ਼ਕਤੀਸ਼ਾਲੀ ਪੀ.ਐਸ.ਯੂ. ਦੀ ਹੋਂਦ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ। ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ ਤੇ ਦਰਸ਼ਨ ਖਟਕੜ ਗਰੁੱਪ ਤੇ ਜਗਜੀਤ ਸਿੰਘ ਸੋਹਲ, ਦਇਆ ਸਿੰਘ ਤੇ ਬਾਬਾ ਬੂਝਾ ਸਿੰਘ ਗਰੁੱਪ, ਜਿਹੜੇ ਚਾਰੂ ਲਾਈਨ ਦੇ ਧਾਰਨੀ ਸਨ, ਓਨਾਂ ਲਈ ਪੀ.ਐਸ.ਯੂ. ਜਿਹੀ ਜਨਤਕ ਜੱਥੇਬੰਦੀ ਬੇਲੋੜੀ ਸੀ। ਉਸ ਨੂੰ ਜੇ ਕਿਤੇ ਮੱਧਮ ਜਿਹੀ ਰੌਸ਼ਨੀ ਨਜ਼ਰ ਆਉਂਦੀ ਸੀ ਤਾਂ ਓਹ ਹਰਭਜਨ ਸੋਹੀ/ਥਾਣਾ ਸਿੰਘ ਗਰੁੱਪ ਵਿੱਚੋਂ ਸੀ ਪਰ ਇਸ ਦਾ ਸਪਸ਼ਟੀਕਰਨ, ਮਿਲ ਕੇ ਵਿਚਾਰ ਕਰਨ ਤੋਂ ਮਗਰੋਂ ਹੀ ਹੋ ਸਕਦਾ ਸੀ ਕਿ ਇਸ ਗਰੁਪ ਦੀ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਬਾਰੇ ਕੀ ਸੋਚ ਤੇ ਨੀਤੀ ਹੈ। ਪਰ ਇਸ ਗਰੁੱਪ ਵਾਲੇ ਦਰਸ਼ਨ ਬਾਗ਼ੀ ਨੂੰ ਮਿਲਣ ਦਾ ਕੋਈ ਉਪਰਾਲਾ ਹੀ ਨਹੀਂ ਸੀ ਕਰ ਰਹੇ। ਇਹ ਸੋਚ ਵੀ ਉਸ ਨੂੰ ਬਹੁਤ ਉਪਰਾਮ ਕਰਦੀ।

ਕਈ ਵਾਰੀ ਅਚਾਨਕ ਹੀ ਦਰਸ਼ਨ ਬਾਗ਼ੀ ਚੁੱਪ ਹੋ ਜਾਂਦਾ ਤੇ ਉਸ ਦੀ ਬਿਰਤੀ ਕਿਤੇ ਦਿਸਹੱਦਿਆਂ ਤੋਂ ਪਾਰ ਨਿਕਲ ਜਾਂਦੀ ਤੇ ਓਹ ਮਾਨਸਿਕ ਅਵਸਥਾ ਵਿੱਚ ਪੰਜਾਬ ਪਹੁੰਚ ਜਾਂਦਾ। ਪੀ.ਐਸ.ਯੂ. ਦਾ ਮਹਾਨ ਅਕਾਰ ਉਸ ਦੀਆਂ ਅੱਖਾਂ ਅੱਗੋਂ ਗੁਜ਼ਰਦਾ ਤੇ ਪੀ.ਐਸ.ਯੂ. ਦੇ ਮਹਾਨ ਯੋਧੇ ਸ਼ੇਰੀ, ਭੁਪਿੰਦਰ ਸਿੰਘ, ਦਰਸ਼ਨ ਖਟਕੜ, ਗੁਰਦਿਆਲ ਸਿੰਘ, ਸੁਰਿੰਦਰ ਸਿੰਘ ਚਾਹਲ, ਇੰਦਰਜੀਤ ਸਿੰਘ ਬਿਟੂ, ਹਰਭਜਨ ਹਲਵਾਰਵੀ, ਇਕ ਇਕ ਕਰ ਕੇ ਉਸ ਦੀਆਂ ਅੱਖਾਂ ਅੱਗੋਂ ਗੁਜ਼ਰਦੇ ਤੇ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ।

*— ਇਸੇ ਕਿਤਾਬ 'ਚੋਂ*


**Chintan Parkashan**
Ludhiana
Mo : 977-977-0539

ਇਸ ਸਾਰੇ ਹਾਲਾਤ ਵਿੱਚ ਦਰਸ਼ਨ ਬਾਗ਼ੀ ਦੇ ਅੰਦਰ ਇਹ ਸੋਚ ਭਾਰੀ ਹੁੰਦੀ ਕਿ ਉਹ ਪੰਜਾਬ ਵਿੱਚ ਇਕੱਲਾ ਰਹਿ ਗਿਆ ਹੈ। ਇਸ ਇਕੱਲੇਪਨ ਦੀ ਸੋਚ ਉਸ ਨੂੰ ਰਾਤ ਭਰ ਸੌਣ ਨਾ ਦਿੰਦੀ ਤੇ ਖ਼ਾਸ ਕਰਕੇ ਇਹ ਸੋਚ ਕਿ ਜੁਲਾਈ 1964 ਤੋਂ ਲੈ ਕੇ ਸਤੰਬਰ 1968 ਤਕ ਦੀ ਘਾਲਣਾ ਨਾਲ, ਜਿਹੜੀ ਦਰਸ਼ਨ ਬਾਗ਼ੀ, ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਵਿਦਿਆਰਥੀਆਂ, ਚੰਡੀਗੜ੍ਹ ਤੇ ਪੰਜਾਬ ਦੇ ਸਮੂਹ ਵਿਦਿਆਰਥੀਆਂ ਦੀ ਸੰਘਰਸ਼ਮਈ ਘਾਲਣਾ ਦਾ ਸਿੱਟਾ ਪੰਜਾਬ ਸਟੂਡੈਂਟਸ ਯੂਨੀਅਨ ਜਿਹੀ ਮਹਾਨ ਜੱਥੇਬੰਦੀ ਹੋਂਦ ਵਿੱਚ ਆਈ ਸੀ, ਅੱਜ ਉਸ ਮਹਾਨ ਸ਼ਕਤੀਸ਼ਾਲੀ ਜੱਥੇਬੰਦੀ ਦੇ ਵਜੂਦ ਦੀ ਹੋਂਦ ਮਿਟ ਰਹੀ ਸੀ। ਇਸ ਸੋਚ ਨਾਲ ਦਰਸ਼ਨ ਬਾਗ਼ੀ ਦਾ ਦਿਲ ਡੁੱਬਣ ਲਗਦਾ।

*— ਇਸੇ ਕਿਤਾਬ 'ਚੋਂ*

# History of Punjab Students Union


By

**Darshan Khaira**

Unit 156-2096 Blackmud Creek Drive Sw

Edmonton, AB T6W 0G1

Canada

Telephone : 780-450-3834

E-mail : d.khaira@shaw.ca



Edition : 2018

***Published by***

**Chintan Parkashan**

***Ludhiana***

Mo : 977-977-0539

**ਟਾਈਪ ਸੈਟਿੰਗ**

ਚਿੰਤਨ ਗ੍ਰਾਫਿਕਸ

**ਛਾਪਕ**

ਚਿੰਤਨ ਪ੍ਰਿੰਟਿੰਗ ਏਜੰਸੀ

**Rs. 150/-**


## ਸਮਰਪਣ

ਉਨਾਂ ਵਿਦਿਆਰਥੀਆਂ ਦੇ ਨਾਂ
ਜਿਹੜੇ ਪੁਲਸ ਦੇ ਝੂਠੇ ਮੁਕਾਬਲਿਆਂ ਵਿੱਚ
ਤੇ ਫਿਰਕਾਪ੍ਰਸਤਾਂ ਹੱਥੋਂ ਸ਼ਹੀਦ ਹੋਏ।

[illegible]
[illegible]

[illegible]

14-11-2018

ਇਸੇ ਕਲਮ ਤੋਂ :

1. ਸਿਆੜਾਂ ਦੀ ਮਹਿਕ - ਕਹਾਣੀਆਂ
2. ਨਕਸਲਬਾੜੀ ਦੀ ਵਾਰ - ਮਹਾਂ ਕਾਵ
3. ਯਾਦਾਂ ਦਾ ਸਫਰ - ਕਵਿਤਾ
4. ਮਨੁੱਖ ਦੀ ਵਾਰ - ਮਹਾਂ ਕਾਵ

## ਧੰਨਵਾਦ


ਮੇਰੇ ਗਰੈਂਡ ਚਿਲਡਰਨ (ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ) ਨਤਾਸ਼ਾ, ਬਲ੍ਰਰੀਤ, ਅਰਸ਼ਦੀਪ (ਸਨੀ), ਅਸ਼ਮੀਤ, ਕਰਿਸ (ਗੁਰਸ਼ਾਨ), ਸੋਨੀਆਂ, ਹਰਮਨ, ਸੁੱਖੀ ਤੇ ਜੈਸੀਕਾ ਨੇ ਸਾਰਾ ਖ਼ਰਚਾ ਕਰ ਕੇ ਪੀ.ਐਸ.ਯੂ. ਦੇ ਇਤਿਹਾਸ ਨੂੰ ਕਿਤਾਬ ਦਾ ਰੂਪ ਬਖ਼ਸ਼ਿਆ।

1. ਸੁਹਿਰਦ ਦੋਸਤਾਂ ਵੱਲੋਂ ਪਾਰਟੀ 11
2. ਦੋ ਸ਼ਬਦ 13
3. ਇੱਕ ਸੱਦਾ ਇੱਕ ਵੰਗਾਰ 15
4. ਇੱਕ ਇਤਿਹਾਸਕ ਆਰੰਭ 17
5. ਏਜੰਡਾ 21
6. ਸੰਘਰਸ਼ ਦੇ ਮੈਦਾਨ ਵਿੱਚ ਪਹਿਲੀ ਲਲਕਾਰ 25
7. ਗੁੰਡਾਗਰਦੀ ਵਿਰੁੱਧ ਭੁੱਖ ਹੜਤਾਲ 29
8. ਚੰਡੀਗੜ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ 31
9. ਐਗਰੀਕਲਚਰ ਯੂਨੀਵਰਸਟੀ ਦੇ ਵਿਦਿਆਰਥੀਆਂ ਦੀ ਹੜਤਾਲ
ਤੇ ਚੰਡੀਗੜ ਸਟੂਡੈਂਟਸ ਯੂਨੀਅਨ ਦਾ ਯੋਗਦਾਨ 35
10. ਚੰਡੀਗੜ੍ਹ ਸਟੂਡੈਂਟਸ ਯੂਨੀਅਨ ਤੇ ਸੀ.ਪੀ.ਆਈ. (ਐਮ) 41
11. ਪੰਜਾਬ ਸਟੂਡੈਂਟਸ ਯੂਨੀਅਨ ਦਾ ਉਦਘਾਟਨ 42
12. ਗੁੰਡਾਗਰਦੀ ਵਿਰੁੱਧ ਪੀ.ਐਸ.ਯੂ. ਦੀ ਪਾਲਸੀ ਮੀਟਿੰਗ 49
13. ਮੁੱਖ ਮੰਤਰੀ ਗੁਰਮੁਖ ਸਿੰਘ ਮੁਸਾਫਰ ਨਾਲ ਮੀਟਿੰਗ 51
14. 1966 ਵਿੱਚ ਕਾਨੂੰਨ ਦੇ ਵਿਦਿਆਰਥੀਆਂ ਦੀ ਹੜਤਾਲ 54
15. ਪੋਸਟਰ ਛਾਪਣ ਲਈ ਕ੍ਰਿਸ਼ਨ ਮੁਰਾਰੀ ਪਰੈਸ ਮੈਨ 56
16. ਪੀ.ਐਸ.ਯੂ. ਦੇ ਜਨਰਲ ਸੈਕਟਰੀ ਦਰਸ਼ਨ ਬਾਗ਼ੀ ਤੇ
ਮੀਤ ਪ੍ਰਧਾਨ ਗੰਗਾ ਰਾਮ ਦੀ ਗ੍ਰਿਫਤਾਰੀ 59
17. ਦਰਸ਼ਨ ਬਾਗ਼ੀ ਦਾ ਸੂਹੇ ਰਾਹ ਦੀ ਚੋਣ ਦਾ ਫੈਸਲਾ 64
18. ਨਵਾਂ ਦੌਰ 66
19. ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ 67
20. ਹਰਭਜਨ ਹਲਵਾਰਵੀ ਤੇ ਇੰਦਰਜੀਤ ਬਿੱਟੂ ਨਾਲ ਮਿਲਣੀ 69
21. ਮਾਹਿਲ ਗਹਿਲਾਂ ਖੂਹ 'ਤੇ ਇਕ ਹਫਤਾ ਸਟੱਡੀ ਸਰਕਲ 70
22. ਹੋਰ ਕਾਲਜਾਂ ਦਾ ਵਿਸਥਾਰੀ ਵੇਰਵਾ 73
23. ਚੰਡੀਗੜ੍ਹ ਸੂਬਾ ਪੱਧਰ ਦਾ ਸਟੱਡੀ ਸਰਕਲ 81
24. ਪੰਜਾਬ ਸਟੂਡੈਂਟਸ ਯੂਨੀਅਨ ਅਤੇ
ਪੰਜਾਬ ਦੀ ਨਕਸਲਬਾੜੀ ਲਹਿਰ ਦਾ ਪਿਛੋਕੜ 83
25. ਹਰਭਜਨ ਸੋਹੀ, ਹਾਕਮ ਸਮਾਉਂ ਤੇ ਦਇਆ ਸਿੰਘ ਨਾਲ ਮੀਟਿੰਗ 86
26. ਪੰਜਾਬ ਨਕਸਲੀ ਗਰੁੱਪ ਦੀਆਂ ਮੀਟਿੰਗਾਂ 88
27. ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਦਾ
ਇਕ ਹਫਤਾ ਦਿੱਲੀ ਸਕੂਲ 91
28. ਕਲਕੱਤੇ ਦੀ ਫੇਰੀ 92
29. ਕਲਕੱਤਾ AICCCR ਦੀ ਮੀਟਿੰਗ 97
30. ਵਿਦਿਆਰਥੀ ਲਹਿਰ ਅਤੇ ਵਿਦਿਆਰਥੀ ਸੰਘਰਸ਼/ਮਾਸਿਕ ਪਰਚੇ 100
31. 1967 ਵਿੱਚ ਪੰਜਾਬੀ ਯੂਨੀਵਰਸਟੀ ਪਟਿਆਲਾ
ਦੇ ਵਿਦਿਆਰਥੀਆਂ ਦਾ ਸੰਘਰਸ਼ 102
32. ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨਾਲ ਮੀਟਿੰਗ 104
33. ਪੀ.ਐਸ.ਯੂ. ਦੀ ਮੁੱਖ ਮੰਤਰੀ ਤੇ
ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਨਾਲ ਮੀਟਿੰਗ 106
34. ਸ਼ੇਰਾਂ ਵਾਲੇ ਗੇਟ ਜੇਤੂ ਕਾਨਫਰੰਸ 109
35. 1968 ਦਾ ਸਰਕਾਰੀ ਕਾਲਜ ਲੁਧਿਆਣਾ ਦਾ ਵਿਦਿਆਰਥੀ ਸੰਘਰਸ਼ 111
36. ਖ਼ਾਲਸਾ ਕਾਲਜ ਸੁਧਾਰ ਗੋਲੀ ਕਾਂਡ 119
37. ਸਿੱਖ ਨੈਸ਼ਨਲ ਕਾਲਜ ਬੰਗਾ 120
38. ਤਰਨਤਾਰਨ ਗੋਲੀ ਕਾਂਡ 122
39. ਸਠਿਆਲਾ ਕਾਲਜ ਦੇ ਵਿਦਿਆਰਥੀਆਂ ਦੀ ਪੁਲਸ ਨਾਲ ਟੱਕਰ 123
40. ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਦਾ
ਪੰਜਾਬ ਪੁਲਸ ਨਾਲ ਅੱਠ ਘੰਟੇ ਯੁੱਧ 125
41. ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੇ ਹੋਰ ਕਾਲਜ 128
42. ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨਾਲ ਮੀਟਿੰਗ 132
43. ਪੰਜਾਬ ਦੇ ਗਵਰਨਰ ਪਾਵਟੇ ਨਾਲ ਮੀਟਿੰਗ 134
44. ਸਰਕਾਰੀ ਕਾਲਜ ਲੁਧਿਆਣਾ ਵਿੱਚ ਖੁੱਲੀ ਮੀਟਿੰਗ 138
45. ਪੀ.ਐਸ.ਯੂ. ਦੀ ਲੁਧਿਆਣੇ ਵਿੱਚ ਕਾਨਫਰੰਸ 144
46. ਰਾਜਿੰਦਰਾ ਕਾਲਜ ਬਠਿੰਡਾ ਦਾ ਵਿਦਿਆਰਥੀ ਸੰਘਰਸ਼ 151
47. ਦਰਸ਼ਨ ਬਾਗ਼ੀ ਦੀ ਨਜ਼ਰਬੰਦੀ 156

48. ਚੰਡੀਗੜ੍ਹ ਅਪੀਲ ਦੀ ਤਾਰੀਖ਼ ਅਤੇ ਬਲਤਾਰ ਸਿੰਘ ਬਰਾੜ 164
49. ਦਰਸ਼ਨ ਬਾਗ਼ੀ ਦੀ ਪਾਰਟੀ ਲਾਈਨ ਬਾਰੇ ਸੋਚ 166
50. ਦਰਸ਼ਨ ਬਾਗ਼ੀ ਨੂੰ ਬਾਪ ਦਾ ਸੁਨੇਹਾ 171
51. ਨਕਸਲੀ ਲਹਿਰ ਵਿੱਚ ਫੁੱਟ ਤੇ ਲਾਵਾਰਸ ਪੀ.ਐਸ.ਯੂ. 173
52. ਰਿਹਾਅ ਹੋਣ ਮਗਰੋਂ ਪਿੰਡ 174
53. ਗੁਰੂ ਨਾਨਕ ਇੰਜਨੀਅਰਿੰਗ ਕਾਲਜ
ਤੇ ਸਾਥੀਆਂ ਨੂੰ ਮਿਲਣ ਦਾ ਸਫਰ 177
54. ਹਰਭਜਨ ਹਲਵਾਰਵੀ ਤੇ ਸ਼ੇਰੀ ਦੀ ਤਲਾਸ਼ 179
55. ਲੱਭਣ ਟੁਰਿਆ ਦਰਸ਼ਨ ਖਟਕੜ ਨੂੰ 181
56. ਫਿਰ ਨੱਠਿਆ ਟਾਂਗਰੇ ਸੁਰਿੰਦਰ ਚਾਹਲ ਲਈ 184
57. ਹਾਕਮ ਸਮਾਉਂ, ਬੈਰਾਗੀ ਤੇ ਹਲਵਾਰਵੀ ਨਾਲ ਮੀਟਿੰਗ 186
58. ਜਗਜੀਤ ਸੋਹਲ, ਦਇਆ ਸਿੰਘ ਤੇ ਦਰਸ਼ਨ ਬਾਗ਼ੀ ਦੀ ਮੀਟਿੰਗ 188
59. ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਤਿਆਗਣ ਦੇ ਸਿੱਟੇ 190
60. ਹਰਭਜਨ ਸੋਹੀ ਗਰੁੱਪ ਨਾਲ ਤਾਲਮੇਲ 192
61. ਇੱਕ ਸਾਲ ਹਿਮਾਚਲ ਵਿੱਚ 193
62. ਦਰਸ਼ਨ ਬਾਗ਼ੀ ਦੇ 5 ਭਰਾ ਤੇ 14 ਸਾਲ ਦਾ ਪੁੱਤਰ
ਪੁਲਸ ਵੱਲੋਂ ਗ੍ਰਿਫ਼ਤਾਰ 200
63. ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ 201
64. ਦਰਸ਼ਨ ਬਾਗ਼ੀ ਦੀ ਦੂਜੀ ਗ੍ਰਿਫਤਾਰੀ 203
65. ਰੇਖਾ ਚਿੱਤਰ 204
66. ਸ਼ਹੀਦ ਵਿਦਿਆਰਥੀਆਂ ਦੀ ਲਿਸਟ 220


# ਧੰਨਵਾਦ


2010 ਵਿੱਚ 42 ਸਾਲ ਮਗਰੋਂ ਕਾਮਰੇਡ ਦਰਸ਼ਨ ਖਟਕੜ ਨਾਲ ਫਿਰ ਮੇਲ ਹੋਇਆ ਤੇ ਉਸ ਦਿਨ ਇਨਾਂ ਦੀ ਪਤਨੀ ਅਰੂਨੇਸ਼ਵਰ, ਧੀ ਰੁਪੇਸ਼ਵਰ ਤੇ ਪੁੱਤਰ ਅਰਸ਼ਦੀਪ ਨਾਲ ਮਿਲਣੀ ਨੇ ਮੈਨੂੰ ਕਾਮਰੇਡ ਦਰਸ਼ਨ ਖਟਕੜ ਦੀ ਖੁਸ਼ੀ ਦਾ ਭਾਈਵਾਲ ਬਣਨ ਦਾ ਸੁਭਾਗ ਬਖ਼ਸ਼ਿਆ। ਉਸ ਇਤਿਹਾਸਕ ਮਿਲਣੀ ਨਾਲ ਮੈਨੂੰ ਇਹ ਅਹਿਸਾਸ ਹੋਇਆ ਕਿ ਮੇਰੇ ਜੀਵਨ ਦਾ ਕੁਝ ਗੁਆਚਾ ਹੋਇਆ ਹਿੱਸਾ ਮੈਨੂੰ ਵਾਪਸ ਮਿਲ ਗਿਆ ਹੋਵੇ। ਕਾਮਰੇਡ ਨਾਲ ਮੇਰੀ ਸਾਂਝ ਕਾਇਮ ਰਹੀ ਤੇ ਹਜ਼ਾਰਾਂ ਮੀਲਾਂ ਦੀ ਦੂਰੀ ਹੁੰਦਿਆਂ ਵੀ ਲਗਾਤਾਰ ਟੈਲੀਫੂਨ ਰਾਹੀਂ ਸੰਪਰਕ ਜੀਵਨ ਸਾਂਝ ਨੂੰ ਕਾਇਮ ਰੱਖਦਾ ਰਿਹਾ।

ਕਾਮਰੇਡ ਦਰਸ਼ਨ ਖਟਕੜ ਦੀ ਜ਼ਿੰਦਗੀ ਵਿੱਚ ਸੰਕਟ ਆਇਆ। ਪਰਿਵਾਰਕ ਦੁੱਖ ਨੂੰ ਬਿਆਨ ਕਰਨਾ ਵੀ ਮੁਸ਼ਕਿਲ ਹੋ ਗਿਆ। ਇਕਲੌਤੇ ਪੁੱਤਰ ਦਾ ਚੜਦੀ ਜੁਆਨੀ ਵਿੱਚ ਦਿਹਾਂਤ ਤੇ ਫਿਰ ਪਤਨੀ ਨੂੰ ਕੈਂਸਰ ਦਾ ਰੋਗ, ਇਹ ਸਭ ਕੁਝ ਕਾਮਰੇਡ ਦੀ ਜ਼ਿੰਦਗੀ ਵਿੱਚ ਇੱਕ ਜ਼ਲਜ਼ਲੇ ਵਾਂਗ ਆਏ ਤੇ ਉਸ ਸਮੇਂ ਮੈਂ ਇਸ ਦੇ ਨਿੱਜੀ ਤੇ ਪਰਿਵਾਰਕ ਦੁੱਖ ਵਿੱਚ ਭਾਈਵਾਲ ਹੋਣ ਦਾ ਯਤਨ ਕੀਤਾ। ਇਸ ਸਾਰੇ ਨਿੱਜੀ ਪਰਿਵਾਰਕ ਸੰਕਟ ਦੇ ਬਾਵਜੂਦ ਕਾਮਰੇਡ ਦੇ ਕਦਮ ਉਵੇਂ ਹੀ ਸ਼ਕਤੀਸ਼ਾਲੀ ਰਹੇ। ਇਸੇ ਦੌਰਾਨ ਹੀ ਪੀ.ਐਸ.ਯੂ. ਦੇ ਇਤਿਹਾਸ ਨੂੰ ਛਾਪਣ ਦਾ ਸੁਆਲ ਆਇਆ ਤੇ ਕਾਮਰੇਡ ਦਰਸ਼ਨ ਖਟਕੜ ਨੇ ਆਪਣੀ ਹਿੱਕ ਥਾਪੜ ਕੇ ਪੀ.ਐਸ.ਯੂ. ਦੇ ਇਤਿਹਾਸ ਨੂੰ ਛਪਵਾ ਕੇ ਇਸ ਇਤਿਹਾਸ ਦੇ ਵਾਰਸਾਂ ਕੋਲ ਪਹੁੰਚਾਣ ਦੀ ਇਸ ਜ਼ੁੰਮੇਵਾਰੀ ਦਾ ਬੀੜਾ ਚੁਕਿਆ। ਇਸ ਜ਼ੁੰਮੇਵਾਰੀ ਦੀ ਖ਼ਬਰ ਸੁਣ ਕੇ ਕਾਮਰੇਡ ਪੁਸ਼ਕਰ ਰਾਜ, ਕਾਮਰੇਡ ਦਰਸ਼ਨ ਖਟਕੜ ਦੇ ਬਰਾਬਰ ਆਣ ਖਲੋਤਾ।

ਮੈਂ ਕਾਮਰੇਡ ਦਰਸ਼ਨ ਖਟਕੜ ਤੇ ਕਾਮਰੇਡ ਪੁਸ਼ਕਰ ਰਾਜ ਦਾ ਬਹੁਤ ਧੰਨਵਾਦੀ ਹਾਂ ਕਿ ਇਨਾਂ ਦੋਹਾਂ ਦੇ ਯਤਨ ਨਾਲ ਪੀ.ਐਸ.ਯੂ. ਦਾ ਇਤਿਹਾਸ ਕਿਤਾਬ ਦਾ ਰੂਪ ਧਾਰ ਕੇ ਇਸ ਦੇ ਵਾਰਸਾਂ ਕੋਲ ਪੁੱਜੇਗਾ।

*— ਦਰਸ਼ਨ ਖਹਿਰਾ*

# ਸੁਹਿਰਦ ਦੋਸਤਾਂ ਵੱਲੋਂ ਪਾਰਟੀ

ਮਾਰਚ 2006 ਵਿੱਚ ਸੁਹਿਰਦ ਦੋਸਤਾਂ, ਪ੍ਰਿਥਵੀ ਕਾਲੀਆ, ਰਾਜ ਪੰਨੂੰ, ਬਲਤਾਰ ਬਰਾੜ, ਦਲਬੀਰ ਸਾਂਗਿਆਂਨ, ਜਸਬੀਰ ਦਿਓਲ, ਸੁਰਿੰਦਰ ਦਿਓਲ, ਬਖ਼ਸ਼ ਸੰਘਾ, ਮਰਹੂਮ ਦਲਜੀਤ ਸਿੰਘ ਰੱਖੜਾ, ਮਰਹੂਮ ਬਾਪੂ ਗੁਰਦਿਆਲ ਸਿੰਘ ਹਾਂਸਰਾ, ਨਵਤੇਜ ਬੈਂਸ, ਕਿਰਤ ਮੀਤ ਸਿੰਘ, ਕਸ਼ਮੀਰਾ ਸਿੰਘ ਬਦੇਸ਼ਾ, ਗੁਰਮਿੰਦਰ ਮੂਮ, ਪਰਮਿੰਦਰ ਧਾਲੀਵਾਲ, ਪਵਿਤਰ ਧਾਲੀਵਾਲ, ਪਰਮਿੰਦਰ ਸੂਚ, ਰਾਵਿੰਦਰ ਸਿੰਘ ਸਰਾਂ ਹੁਰਾਂ ਨੇ ਮੇਰੇ ਰਿਟਾਇਰ ਹੋਣ ਦੀ ਪਾਰਟੀ ਦਿਤੀ ਜਿਸ ਵਿੱਚ ਕੋਈ 30-35 ਹੋਰ ਸ਼ੁੱਭਚਿੰਤਕ ਵੀ ਹਾਜ਼ਰ ਸਨ। ਇਸ ਪਾਰਟੀ ਨੂੰ ਸਾਹਿਤਕ ਰੰਗਣ ਵੀ ਖ਼ੂਬ ਚੜੀ, ਪੰਜਾਬੀ, ਹਿੰਦੀ, ਉਰਦੂ ਦੀਆਂ ਨਜ਼ਮਾਂ ਨੇ ਮਹਿਫਲ ਨੂੰ ਖ਼ੂਬ ਹੁਸੀਨ ਤੇ ਰੰਗਾ-ਰੰਗ ਬਣਾ ਦਿੱਤਾ। ਬਲਤਾਰ ਬਰਾੜ ਨੇ ਖੁੱਲੀ ਲੰਮੀ ਕਵਿਤਾ ਪੜੀ ਜਿਸ ਵਿੱਚ ਬਲਤਾਰ ਨੇ ਅੰਦਰੂਨੀ ਜਜ਼ਬਾਤ ਦਾ ਪ੍ਰਗਟਾਵਾ ਕੀਤਾ। ਪ੍ਰਿਥਵੀ ਕਾਲੀਆ ਨੇ ਆਪਣੇ ਪ੍ਰਧਾਨਗੀ ਸ਼ਬਦਾਂ ਵਿੱਚ ਆਪਣੇ ਤੇ ਸਾਰੇ ਸੁਹਿਰਦ ਦੋਸਤਾਂ ਦੇ ਨਾਂ ਤੇ ਕਿਹਾ, "ਅਸੀਂ ਮੰਗ ਕਰਦੇ ਹਾਂ ਕਿ ਹੁਣ ਖਹਿਰਾ ਸਾਹਿਬ ਰਿਟਾਇਰ ਹਨ ਤੇ ਇਹ ਲਿਖਣ ਤੇ ਖ਼ਾਸ ਕਰ ਕੇ ਪੰਜਾਬ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਦੌਰ ਦੇ ਇਤਿਹਾਸ ਨੂੰ ਕਲਮਬੰਦ ਕਰਨ"। ਤੇ ਮੈਂ, ਪ੍ਰਿਥਵੀ ਕਾਲੀਆ ਹੁਰਾਂ ਦੀ ਇਸ ਮੰਗ ਨੂੰ ਪੂਰਾ ਕਰਨ ਦਾ ਵਚਨ ਦਿੱਤਾ। ਇਸ ਮੀਟਿੰਗ ਵਿਚਲੇ ਸੁਹਿਰਦ ਦੋਸਤਾਂ ਦੇ ਬੋਲ ਮੈਨੂੰ ਸਦਾ ਟੁੰਬਦੇ ਰਹੇ ਤੇ ਕੁਝ ਕਾਰਨਾਂ ਕਰ ਕੇ ਮੈਂ ਲੇਟ ਜਰੂਰ ਹੋ ਗਿਆ ਹਾਂ ਪਰ ਮੈਂ ਆਪਣੇ ਸੁਹਿਰਦ ਦੋਸਤਾਂ ਦੀ ਮੰਗ ਨੂੰ ਪੂਰਾ ਹਰ ਹਾਲਤ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਹੈ।

ਕੁੱਝ ਵਰਿਆਂ ਦਾ ਜ਼ਿਕਰ ਹੈ ਕਿ ਸੁਰਿੰਦਰ ਧੰਜਲ ਆਪਣੀ ਕਿਤਾਬ "ਕਵਿਤਾ ਦੀ ਲਾਟ" ਦੀ ਘੁੰਡ ਚੁਕਾਈ ਦੇ ਸਬੰਧ ਵਿੱਚ ਕੈਮਲੂਪਸ ਤੋਂ ਐਡਮਿੰਟਨ ਆਇਆ ਸੀ ਤੇ "ਕਵਿਤਾ ਦੀ ਲਾਟ" ਦੀ ਘੁੰਡ ਚੁਕਾਈ ਦੀ ਰਸਮ ਵੇਲੇ, ਸੁਰਿੰਦਰ ਧੰਜਲ ਦੀ ਜਾਣ ਪਛਾਣ ਕਰਾਉਂਦੇ ਮੈਂ ਕਿਹਾ ਸੀ ਕਿ "ਸੁਰਿੰਦਰ ਧੰਜਲ, ਇਕ ਉਹ ਮਾਰਕਸਵਾਦੀ ਹੈ, ਜਿਹੜਾ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ ਵਿੱਚੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਮਹਾਨ ਇਤਿਹਾਸਕ ਦੌਰ ਦੀ ਪੈਦਾਵਾਰ ਹੈ।" "ਕਵਿਤਾ ਦੀ ਲਾਟ" ਦੀ ਘੁੰਡ ਚੁਕਾਈ ਮਗਰੋਂ ਸੁਰਿੰਦਰ ਨੇ ਮੈਨੂੰ ਇਨਾਂ

ਸ਼ਬਦਾਂ ਨਾਲ ਸੰਬੋਧਨ ਕੀਤਾ, "ਬਾਈ, ਤੇਰੇ ਕੋਲ ਪੰਜਾਬ ਦੇ ਵਿਦਿਆਰਥੀਆਂ ਦੇ ਮਹਾਨ ਸੰਘਰਸ਼ ਦਾ ਇਤਿਹਾਸ ਹੈ, ਇਸ ਇਤਿਹਾਸ ਨੂੰ ਆਪਣੇ ਨਾਲ ਹੀ ਨਾ ਲੈ ਜਾਈਂ, ਇਹ ਸਾਡੀ ਤੇ ਪੰਜਾਬ ਦੇ ਵਿਦਿਅਰਥੀਆਂ ਦੀ ਵਿਰਾਸਤ ਹੈ, ਵੇਖੀ ਇਹ ਇਤਿਹਾਸ ਤੇਰੇ ਨਾਲ ਹੀ ਨਾ ਚਲਾ ਜਾਵੇ। ਜਾਣ ਤੋਂ ਪਹਿਲਾਂ ਇਹ ਮਹਾਨ ਇਤਿਹਾਸ, ਇਸ ਦੇ ਵਾਰਸਾਂ ਦੇ ਹਵਾਲੇ ਕਰ ਕੇ ਜਾਵੀਂ। ਵੇਖੀਂ ਇਹ ਤੇਰੇ ਨਾਲ ਹੀ ਨਾ ਸੜ ਜਾਵੇ।" ਮੈਂ ਸੁਰਿੰਦਰ ਧੰਜਲ ਦੇ ਮੋਢੇ ਤੇ ਥਪਕਾ ਦੇ ਕੇ ਭਰੋਸਾ ਦਿੱਤਾ ਕਿ ਜਾਣ ਤੋਂ ਪਹਿਲਾਂ ਇਹ ਮਹਾਨ ਇਤਿਹਾਸ ਇਸ ਦੇ ਵਾਰਸਾਂ ਦੀ ਝੋਲੀ ਵਿੱਚ ਹੋਵੇਗਾ।

2013 ਆਇਆ, ਗ਼ਦਰ ਪਾਰਟੀ ਦੀ ਸੌਵੀਂ ਵਰੇਗੰਢ, ਸੁਹਿਰਦ ਦੋਸਤਾਂ ਦੀ ਨਜ਼ਰੇ-ਇਨਾਇਤ ਹੋਈ ਤੇ ਜ਼ਿੰਦਗੀ ਇਕੱਲੀ ਰਹਿ ਗਈ। ਜਿਨਾਂ ਸਾਥੀਆਂ ਨਾਲ ਸੰਘਰਸ਼ ਲੜੇ, ਓਹ ਬਹੁਤ ਯਾਦ ਆਏ। ਕਦੇ ਕਦੇ ਦਲਬੀਰ ਸਾਂਗਿਆਨ, ਮੈਨੂੰ ਯਾਦ ਕਰਵਾ ਦਿੰਦਾ, ਨੇਟਿਵ ਇੰਡੀਅਨ ਤੇ ਲਿਖੀ ਲੰਮੀ ਇਤਿਹਾਸਕ ਕਵਿਤਾ ਦਾ ਜ਼ਿਕਰ ਕਰ ਕੇ। ਇਸ 2013 ਦੇ ਮਾਨਸਿਕ ਸੰਕਟ ਦੇ ਦੌਰ ਵਿੱਚ, ਸੁਰਿੰਦਰ ਧੰਜਲ, ਪ੍ਰਿਥਵੀ ਕਾਲੀਆ ਤੇ ਦਲਬੀਰ ਸਾਂਗਿਆਨ ਦੇ ਬੋਲ ਸੁਬਾਹ-ਸ਼ਾਮ ਮੈਨੂੰ ਕਲਮ ਚੁਕਣ ਲਈ ਪਰੇਰਦੇ ਰਹੇ। ਇਨਾਂ ਤਿੰਨਾਂ ਤੋਂ ਇਲਾਵਾ, ਮੇਰੀ ਪਤਨੀ ਜਾਰਜੀਆ ਦੀ ਸ਼ਕਤੀਸ਼ਾਲੀ ਪਰੇਰਨਾ ਤੇ ਹਰ ਰੋਜ ਸੁਬਾਹ ਸ਼ਾਮ ਕੁਝ ਲਿਖਣ ਦੀ ਰਟ ਨਾਲ ਮੈਂ ਕਾਮਰੇਡ ਦਰਸ਼ਨ ਖਟਕੜ ਦਾ ਬਹੁਤ ਦੇਣਦਾਰ ਹਾਂ ਜਿਸ ਨੇ ਮੈਨੂੰ ਇਸ ਸੰਕਟ ਭਰੇ ਦੌਰ ਵਿੱਚ ਆਪਣੀ ਆਗੋਸ਼ ਵਿੱਚ ਲਿਆ ਤੇ ਮੇਰੇ ਵਿੱਚ ਕਲਮ ਚੁੱਕਣ ਦਾ ਸਾਹਸ ਆਇਆ ਤੇ ਪੰਜਾਬ ਦੇ ਵਿਦਿਆਰਥੀਆਂ ਦੇ ਮਹਾਨ ਸੰਘਰਸ਼ ਦਾ ਇਤਿਹਾਸ ਮੇਰੀ ਯਾਦਾਸ਼ਤ ਅੱਗੋਂ ਇੱਕ ਫ਼ਿਲਮ ਵਾਂਗ ਲੰਘਣ ਲੱਗਾ। ਮੈਨੂੰ ਇੰਝ ਲਗਦਾ ਹੈ ਜਿਵੇਂ ਫਿਰ ਪੁਰਾਣੇ ਸਾਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰ ਰਿਹਾ ਹੋਵਾਂ।



## ਦੋ ਸ਼ਬਦ

1956 ਵਿੱਚ ਜਵਾਹਰ ਲਾਲ ਨਹਿਰੂ ਦੇ ਅਗਾਂਹਵਧੂ ਨਾਹਰਿਆਂ ਤੋਂ ਪਰਭਾਵਤ ਹੋ ਕੇ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਭਾਰਤ ਭਰ ਦੇ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀਆਂ ਨੂੰ ਜੱਥੇਬੰਦ ਕਰਨ ਤੇ ਮਾਰਕਸਵਾਦੀ ਵਿਦਿਆ ਦੇਣ ਦੇ ਉਪਰਾਲੇ ਇੱਕ ਤਰਾਂ ਬੰਦ ਹੀ ਕਰ ਦਿੱਤੇ ਹੋਏ ਸਨ। ਕਿਸੇ ਵੀ ਕਾਲਜ ਤੇ ਯੂਨੀਵਰਸਟੀ ਵਿੱਚ ਵਿਦਿਆਰਥੀਆਂ ਦੀ ਕੋਈ ਵੀ ਯੂਨੀਅਨ ਨਹੀਂ ਸੀ ਹੁੰਦੀ ਤੇ ਖ਼ਾਸ ਕਰ ਕੇ ਪੰਜਾਬ ਤੇ ਹਰਿਆਣੇ ਦੇ ਕਾਲਜਾਂ ਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਵਿੱਚ ਰਾਜਸੀ ਚੇਤਨਤਾ ਦੀ ਅਣਹੋਂਦ ਸੀ।

1963 ਵਿੱਚ ਸੀ.ਪੀ.ਆਈ. ਵੱਲੋਂ ਯੂਥ ਫਾਰੰਟ ਤੇ ਮਰਹੂਮ ਕਾਮਰੇਡ ਪ੍ਰੇਮ ਸਿੰਘ ਪੰਜਾਬ ਪੱਧਰ ਦਾ ਕੁੱਲਵਕਤੀ ਆਰਗੇਨਾਈਜ਼ਰ ਸੀ ਤੇ ਜੁਲਾਈ ਦੇ ਮਹੀਨੇ ਵਿੱਚ ਕਾਮਰੇਡ ਪ੍ਰੇਮ ਸਿੰਘ ਨੇ ਪੰਜਾਬ ਯੂਨੀਵਰਸਟੀ ਚੰਡੀਗੜ ਵਿੱਚ ਸੀ. ਪੀ. ਆਈ. ਨਾਲ ਸਬੰਧ ਰੱਖਣ ਵਾਲੇ ਵਿਦਿਆਰਥੀਆਂ ਦੀ ਮੀਟਿੰਗ ਕੀਤੀ ਤੇ ਪਾਰਟੀ ਦਾ ਆਦੇਸ਼ ਦਿਤਾ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਜੱਥੇਬੰਦ ਕੀਤਾ ਜਾਵੇ ਤੇ ਮਾਰਕਸਵਾਦੀ ਰਾਜਸੀ ਚੇਤਨਤਾ ਦਿਤੀ ਜਾਵੇ। ਇਸ ਤਰਾਂ ਕਮਿਊਨਿਸਟ ਪਾਰਟੀ ਦੇ ਸੱਦੇ 'ਤੇ ਚੰਡੀਗੜ ਵਿੱਚ ਪੰਜਾਬ ਯੂਨੀਵਰਸਟੀ ਦੇ ਵਿਦਿਆਰਥੀਆਂ ਨੇ ਪੰਜਾਬ ਤੇ ਹਰਿਆਣੇ ਦੇ ਕਾਲਜਾਂ ਅਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਹੰਭਲਾ ਮਾਰਿਆ। ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ ਚੰਡੀਗੜ ਸਟੂਡੈਂਟਸ ਯੂਨੀਅਨ ਨਾਲ ਅਰੰਭ ਹੁੰਦਾ ਹੈ। ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ ਪੰਜਾਬ ਦੇ ਅਗਾਂਹਵਧੂ ਵਿਦਿਆਰਥੀਆਂ ਦਾ ਇਤਿਹਾਸ ਹੈ, ਇਹ ਪੰਜਾਬ ਦੇ ਵਿਦਿਆਰਥੀਆਂ ਦੇ ਹੱਕਾਂ ਲਈ ਸੰਘਰਸ਼, ਕੁਰਬਾਨੀਆਂ ਤੇ ਰਾਜਸੀ ਚੇਤਨਤਾ ਦਾ ਇਤਿਹਾਸ ਹੈ।

ਇਸ ਇਤਿਹਾਸ ਦਾ ਜ਼ਿਕਰ ਕਰਦਿਆਂ, ਉਨਾਂ ਵਿਦਿਆਰਥੀ ਆਗੂਆਂ, ਯੂਨੀਵਰਸਟੀ ਤੇ ਕਾਲਜਾਂ ਦੇ ਪਰੋਫੈਸਰਾਂ ਤੇ ਵਕੀਲਾਂ ਦੇ ਨਾਵਾਂ ਦਾ ਜ਼ਿਕਰ ਵੀ ਆਵੇਗਾ ਜਿਨਾਂ ਦੀ ਘਾਲਣਾ ਸਦਕਾ ਪੰਜਾਬ ਸਟੂਡੈਂਟਸ ਯੂਨੀਅਨ ਦਾ ਵਿਕਾਸ ਸੰਭਵ ਹੋ ਸਕਿਆ ਸੀ। ਦਰਸ਼ਨ ਬਾਗ਼ੀ ਦਾ ਸਬੰਧ ਇਸ ਸੰਘਰਸ਼ ਦੇ ਅਰੰਭ ਤੋਂ ਉਸ ਦੀ 1968 ਵਿੱਚ ਗ੍ਰਿਫਤਾਰੀ ਤੇ ਨਜ਼ਰਬੰਦੀ ਤੱਕ, ਇੱਕ ਸੰਘਰਸ਼ ਬਣ ਕੇ ਸਾਕਾਰ

ਹੋਇਆ।

ਅੱਜ 46 ਸਾਲ ਬਾਦ ਉਨਾਂ ਸੂਰਬੀਰਾਂ ਸੰਗ ਜਿਊਣ ਦਾ ਯਤਨ ਹੈ ਤੇ ਉਨਾਂ ਸਾਰੇ ਗੁਜ਼ਰ ਚੁੱਕੇ ਰਾਹਾਂ ਤੇ ਯਾਦਾਂ ਦੇ ਕਦਮਾਂ ਸੰਗ ਟੁਰਣ ਦਾ ਯਤਨ ਤੇ ਸੰਘਰਸ਼ਾਂ ਦਾ ਜ਼ਿਕਰ, ਉਨਾਂ ਪਲਾਂ ਨੂੰ ਫਿਰ ਜਿਊਣ ਦਾ ਯਤਨ ਹੈ। ਬਿਨਾਂ ਸ਼ੱਕ ਇਹ ਯਾਦਾਸ਼ਤ 'ਤੇ ਨਿਰਭਰ ਕਰਦਾ ਹੈ। ਹੋ ਸਕਦੈ ਕੁਝ ਤੱਥ ਵੀ ਪਕੜ ਵਿੱਚ ਨਾ ਆਉਣ ਤੇ ਉਨਾਂ ਤੱਥਾਂ ਦਾ ਜ਼ਿਕਰ ਨਾ ਹੋਣਾ ਯਾਦਸ਼ਤ ਦੀ ਭੁੱਲ ਹੀ ਹੋਵੇਗੀ।

ਇਹ ਕੋਸਿਸ਼ ਕੀਤੀ ਜਾਵੇਗੀ ਕਿ ਇਨਾਂ ਸਾਰੇ ਇਤਿਹਾਸਕ ਤੱਥਾਂ ਨੂੰ ਉਸੇ ਵਫਾ ਨਾਲ ਮੁੜ ਜੀਵਿਆ ਜਾਵੇ ਜਿਸ ਵਫਾ ਨਾਲ ਉਨਾਂ ਸਾਰੇ ਵਿਦਿਆਰਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਇਸ ਇਤਿਹਾਸ ਨੂੰ ਸਿਰਜਿਆ ਸੀ।



# ਇੱਕ ਸੱਦਾ ਇੱਕ ਵੰਗਾਰ

ਮਾਰਚ 1963 ਦੇ ਅਰੰਭ ਦਾ ਦਿਨ ਸੀ, ਜਿੱਥੋਂ ਤੱਕ ਨਜ਼ਰ ਦੀ ਹੱਦ ਸੀ, ਹਵਾ ਆਪਣੀ ਗੋਦ ਵਿੱਚ ਹਰੀਆਂ ਕਚੂਚ ਤੇ ਕਿਤੇ ਕਿਤੇ ਸੋਨ ਰੰਗੀਆਂ ਕਣਕ ਦੀਆਂ ਫ਼ਸਲਾਂ ਨੂੰ ਲੋਰੀਆਂ ਦੇ ਰਹੀ ਸੀ, ਬਸੰਤ ਰੁੱਤ ਦੀ ਖ਼ੂਬਸੂਰਤੀ ਅਤੇ ਜੋਬਨ ਤੇ ਆਲਾ ਦੁਆਲਾ ਤੇ ਵਾਯੂਮੰਡਲ ਫਿਦਾ ਹੋ ਰਿਹਾ ਸੀ। ਇਹ ਉਨਾਂ ਦਿਨਾਂ ਦੀ ਗੱਲ ਹੈ ਜਦੋਂ ਹਰਿੰਦਰ ਮਹਿਬੂਬ ਤੇ ਗੁਰਤਰਨ (ਤਰਨੀ) ਮਾਰਕਸਵਾਦੀ ਹੁੰਦੇ ਸਨ ਤੇ ਗੁਰਤਰਨ ਫੈਜ਼ ਅਹਿਮਦ ਫੈਜ਼ ਦੀ ਗ਼ਜ਼ਲ "ਬੜਤੇ ਬੀ ਚਲੋ ਕਟਤੇ ਬੀ ਚਲੋ, ਬਾਜ਼ੂ ਬੀ ਬਹੁਤ ਹੈ ਸਰ ਬੀ ਬਹੁਤ, ਰੁਕਨਾ ਹੈ ਨਹੀਂ ਕਿ ਅੱਬ ਡੇਰੇ ਮੰਜ਼ਲ ਪੇ ਹੀ ਡਾਲੇ ਜਾਂਏਗੇ" ਤਰੰਨੁਮ ਵਿੱਚ ਗਾਇਆ ਕਰਦਾ ਸੀ। ਦਰਸ਼ਨ ਬਾਗ਼ੀ ਉਨਾਂ ਦਿਨਾਂ ਵਿੱਚ ਅਮਰਗੜ੍ਹ ਜ਼ਿਲਾ ਸੰਗਰੂਰ ਵਿੱਚ ਰਹਿ ਰਿਹਾ ਸੀ। ਦੁਪਹਿਰ ਢਲ ਰਹੀ ਸੀ ਤੇ ਹਰਿੰਦਰ ਮਹਿਬੂਬ ਤੇ ਗੁਰਤਰਨ, ਦਰਸ਼ਨ ਬਾਗ਼ੀ ਕੋਲੋਂ ਚਾਹ ਪੀ ਕੇ ਨਿਕਲੇ ਹੀ ਸਨ ਕਿ ਕਾਮਰੇਡ ਸਤਵੰਤ ਗੁਆਰਾ ਦਰਸ਼ਨ ਬਾਗ਼ੀ ਕੋਲ ਆ ਗਿਆ। ਉਸ ਨੇ ਸੁਨੇਹਾ ਦਿੱਤਾ ਕਿ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਦਰਸ਼ਨ ਬਾਗ਼ੀ ਤੇ ਕੁੱਝ ਹੋਰ ਨੌਜੁਆਨਾਂ ਨੂੰ ਜਲੰਧਰ ਦੇਸ਼ਭਗਤ ਯਾਦਗਾਰ ਹਾਲ ਵਿੱਚ ਜ਼ਰੂਰੀ ਮੀਟਿੰਗ ਤੇ 15 ਮਾਰਚ ਨੂੰ ਬੁਲਾਇਆ ਹੈ ਅਤੇ ਉਸ ਨੂੰ ਜਲੰਧਰ ਮੀਟਿੰਗ ਤੇ ਜਾਣ ਲਈ ਰਜਾਮੰਦ ਕਰ ਲਿਆ। 15 ਮਾਰਚ 1963 ਨੂੰ ਬੜੀ ਛੋਟੀ ਜਿਹੀ ਮੀਟਿੰਗ ਸੀ ਜਿਸ ਵਿੱਚ, ਗੁਰਬਖ਼ਸ਼ ਸੋਚ, ਦਰਸ਼ਨ ਬਾਗ਼ੀ ਤੇ ਕੁਝ ਹੋਰ ਮਿਲਾ ਕੇ 10 ਨੌਜੁਆਨ ਹਾਜ਼ਰ ਸਨ।

ਦੇਸ਼ਭਗਤ ਯਾਦਗਾਰ ਹਾਲ ਦੀਆਂ ਦੀਵਾਰਾਂ ਗ਼ਦਰੀ ਬਾਬਿਆਂ ਦੀਆਂ ਫੋਟੋਆਂ ਨਾਲ ਸਜੀਆਂ ਹੋਈਆਂ ਸਨ ਤੇ ਜਦੋਂ ਤੁਸੀਂ ਅੱਖਾਂ ਭਰ ਕੇ ਉਨਾਂ ਸਰ ਫਰੋਸ਼ ਗ਼ਦਰੀ ਬਾਬਿਆਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਦੇ ਹੋ ਤਾਂ ਇੰਝ ਮਹਿਸੂਸ ਹੁੰਦਾ ਸੀ ਕਿ ਬਾਬੇ ਕੋਈ ਉਲਾਂਭਾ ਦੇ ਰਹੇ ਹੋਣ ਜਾਂ ਵੰਗਾਰ ਰਹੇ ਹੋਣ ਕਿ ਗ਼ਦਰੀਆਂ ਦੇ ਛੇੜੇ ਯੁੱਧ ਨੂੰ ਅੰਤਮ ਜਿੱਤ ਦਾ ਰੂਪ ਦੇਣ ਦੀ ਵੰਗਾਰ ਹਾਲਾਂ ਵੀ ਸਾਹਮਣੇ ਖੜੀ ਹੈ। ਦੇਸ਼ਭਗਤ ਹਾਲ ਦਾ ਮਾਹੌਲ, ਤੁਹਾਡੇ ਅੰਦਰਲੀ ਰੂਹ ਨੂੰ ਟੁੰਬਦਾ ਹੈ, ਵੰਗਾਰਦਾ ਹੈ, ਦੇਸ਼ ਦੇ ਕਰੋੜਾਂ ਭੁੱਖੇ, ਨੰਗੇ, ਗ਼ਰੀਬ ਲੋਕਾਂ ਦੀ ਮੁਕਤੀ ਦੇ ਯੁੱਧ ਨੂੰ ਜਿੱਤਣ ਦਾ ਅਧੂਰਾ ਸੁਪਨਾ ਪੂਰਾ ਕਰਨ ਦਾ ਹਲਫ਼ ਲੈ ਕੇ ਭਾਰਤ ਵਿੱਚ ਸਮਾਜਵਾਦੀ, ਲੁੱਟ-

ਖਸੁੱਟ ਤੋਂ ਰਹਿਤ ਸਮਾਜ ਦੀ ਸਿਰਜਣਾ ਦਾ ਹਲਫ ਲੈਣ ਲਈ ਉਕਸਾਉਂਦਾ ਹੈ।

ਇਸ ਤਰਾਂ ਦੇ ਮਾਹੌਲ ਵਿੱਚ ਕਾਮਰੇਡ ਮਲਹੋਤਰਾ, ਜਿਹੜਾ ਸੀ. ਪੀ. ਆਈ. ਪੰਜਾਬ ਦਾ ਸੈਕਟਰੀ ਸੀ, ਨੇ ਮੀਟਿੰਗ ਅਰੰਭ ਕੀਤੀ ਤੇ ਕਿਹਾ ਕਿ ਪਾਰਟੀ ਨੇ ਫੈਸਲਾ ਕੀਤੈ ਕਿ ਹੁਣ ਵੇਲਾ ਆ ਗਿਆ ਹੈ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀਆਂ ਨੂੰ ਜੱਥੇਬੰਦ ਕੀਤਾ ਜਾਵੇ। ਕਾਮਰੇਡ ਮਲਹੋਤਰਾ ਦਾ ਸੁਝਾ ਸੀ ਵਿਦਿਆਰਥੀ ਜੱਥੇਬੰਦੀ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਹੇਠ ਖੜੀ ਕੀਤੀ ਜਾਵੇ। ਪਾਰਟੀ ਮਹਿਸੂਸ ਕਰਦੀ ਹੈ ਕਿ ਪਾਰਟੀ ਕੋਲ ਪੜਿਆ ਲਿਖਿਆ ਕਾਡਰ ਨਹੀਂ ਆ ਰਿਹਾ ਤੇ ਇਹ ਬਹੁਤ ਹੀ ਜ਼ਰੂਰੀ ਹੈ ਕਿ ਵਿਦਿਆਰਥੀਆਂ ਵਿੱਚ ਕੰਮ ਕੀਤਾ ਜਾਵੇ। ਉਸ ਨੇ ਇਹ ਸੁਝਾ ਦਿੱਤਾ ਕਿ ਜਿਹੜੇ ਨੌਜੁਆਨ ਪੰਜਾਬ ਯੂਨੀਵਰਸਟੀ ਚੰਡੀਗੜ ਵਿੱਚ ਦਾਖ਼ਲਾ ਲੈ ਕੇ ਵਿਦਿਆਰਥੀਆਂ ਨੂੰ ਜੱਥੇਬੰਦ ਕਰਨ ਦਾ ਕੰਮ ਕਰਨਗੇ, ਪਾਰਟੀ ਨੂੰ ਉਨਾਂ ਨੌਜੁਆਨਾਂ ਤੇ ਬੜਾ ਮਾਣ ਹੋਵੇਗਾ।

ਇਸ ਮੀਟਿੰਗ ਤੋਂ ਮਗਰੋਂ ਤੁਰਤ ਹੀ ਦਰਸ਼ਨ ਬਾਗ਼ੀ ਆਪਣੇ ਜਿਗਰੀ ਦੋਸਤ ਰਾਜਿੰਦਰ ਢੀਂਡਸੇ ਕੋਲ ਨਾਭੇ ਪੁੱਜਾ, ਜਿਥੇ ਰਾਜਿੰਦਰ ਸਰਕਾਰੀ ਸਕੂਲ ਵਿੱਚ ਸਾਇੰਸ ਟੀਚਰ ਲੱਗਾ ਹੋਇਆ ਸੀ। ਦਰਸ਼ਨ ਬਾਗ਼ੀ ਨੇ ਆਪਣੇ ਜਿਗਰੀ ਦੋਸਤ ਰਾਜਿੰਦਰ ਢੀਂਡਸੇ ਨੂੰ ਸੁਝਾ ਦਿੱਤਾ ਕਿ ਚੰਡੀਗੜ ਪੰਜਾਬ ਯੂਨੀਵਰਸਟੀ ਵਿੱਚ ਦਾਖ਼ਲਾ ਲਿਆ ਜਾਵੇ, ਦਰਸ਼ਨ ਬਾਗ਼ੀ ਸੋਸ਼ਿਆਲੋਜੀ ਵਿੱਚ ਤੇ ਰਾਜਿੰਦਰ ਢੀਂਡਸਾ ਸਾਇੰਸ ਵਿੱਚ। ਰਾਜਿੰਦਰ ਦਾ ਸੁਆਲ ਸੀ "ਖਾਵਾਂਗੇ ਕਿੱਥੋਂ ?" ਦਰਸ਼ਨ ਬਾਗ਼ੀ ਦਾ ਉੱਤਰ ਸੀ ਕਿ "ਉਸ ਦੀ ਕਹਾਣੀਆਂ ਦੀ ਕਿਤਾਬ 'ਸਿਆੜਾਂ ਦੀ ਮਹਿਕ' ਛਪੀ ਹੈ, 1000 ਕਾਪੀ ਪੰਜਾਬ ਵਿੱਚ ਉਸ ਦੇ ਗਰਮ ਸੇਵਕ ਸਾਥੀਆਂ ਨੇ ਵੇਚ ਕੇ 5000 ਰੁਪੇ ਤੋਂ ਵੱਧ ਇਕੱਠੇ ਕਰ ਦਿਤੇ ਹਨ, ਇਹ ਦੋ ਸਾਲ ਦੇ ਖ਼ਰਚ ਲਈ ਲੋੜ ਤੋਂ ਵੱਧ ਹੈ।" ਦਰਸ਼ਨ ਬਾਗ਼ੀ ਨੇ ਦੂਜੀ ਦਲੀਲ ਦਿੱਤੀ ਕਿ ਐਮ.ਐਸੀ. ਕਰ ਕੇ ਪ੍ਰੋਫੈਸਰ ਲੱਗ ਜਾਵੇਂਗਾ, ਬਾਹਰਲੇ ਮੁਲਕ ਅਮਰੀਕਾ ਵਗੈਰਾ ਦਾ ਚਾਂਸ ਬਣ ਜਾਵੇਗਾ ਤੇ ਪੀ.ਐਚ.ਡੀ. ਕਰ ਕੇ ਡਾਕਟਰ ਰਾਜਿੰਦਰ ਢੀਂਡਸਾ ਬਣ ਜਾਵੇਂਗਾ। ਦਰਸ਼ਨ ਬਾਗ਼ੀ ਦੀਆਂ ਦਲੀਲਾਂ ਕਾਟ ਕਰ ਗਈਆਂ ਤੇ ਅਖ਼ੀਰ ਰਾਜਿੰਦਰ ਢੀਂਡਸੇ ਦਾ ਮਨ ਬਣ ਗਿਆ ਤੇ ਦੋਹਾਂ ਨੇ ਚੰਡੀਗੜ ਪੰਜਾਬ ਯੂਨੀਵਰਸਟੀ ਵਿੱਚ ਦਾਖ਼ਲਾ ਲੈ ਲਿਆ, ਦਰਸ਼ਨ ਬਾਗ਼ੀ ਨੇ ਸੋਸ਼ਿਆਲੋਜੀ ਵਿੱਚ ਤੇ ਰਾਜਿੰਦਰ ਢੀਂਡਸੇ ਨੇ ਬਾਟਨੀ ਵਿੱਚ।



## ਇੱਕ ਇਤਿਹਾਸਕ ਆਰੰਭ

ਸਤੰਬਰ 1963 ਦਾ ਦਿਨ ਸੀ, ਮੌਸਮ ਬੜਾ ਖ਼ੁਸ਼ਗੁਆਰ ਸੀ, ਸੂਰਜ ਦੀ ਤਪਸ਼ ਤੇ ਗੁਸੈਲੀ ਦਿੱਖ ਬਦਲਾਂ ਨੇ ਢੱਕੀ ਹੋਈ ਸੀ। ਪੰਜਾਬ ਯੂਨੀਵਰਸਟੀ ਦੀ ਸੈਂਟਰਲ ਲਾਏਬਰੇਰੀ ਦੇ ਮੇਨ ਦਰਵਾਜ਼ੇ ਦੇ ਅੱਗੇ ਲੁਛ ਲੁਛ ਕਰਦੇ ਹਰੇ ਕਚੂਚ ਘਾਹ ਦੇ ਮਖ਼ਮਲੀ ਲਾਨ ਤੇ ਅੱਡੋ-ਅੱਡ ਵਿਸ਼ਿਆਂ ਅਤੇ ਅੱਡੋ-ਅੱਡ ਮਹਿਕਮਿਆਂ (ਡਿਪਾਰਟਮੈਂਟਾਂ) ਵਿੱਚੋਂ 20-25 ਵਿਦਿਆਰਥੀਆਂ ਦਾ ਗਰੁੱਪ, ਜਿਹੜੇ ਅਗਾਂਹਵਧੂ ਮਾਰਕਸਵਾਦੀ ਵਿਚਾਰਾਂ ਨਾਲ ਪੂਰੀ ਤਰਾਂ ਜੁੜੇ ਹੋਏ ਸਨ, ਇਕ ਗੋਲ ਦਾਇਰੇ ਵਿੱਚ ਬੈਠਾ ਵਿਚਾਰ ਕਰ ਰਿਹਾ ਸੀ ਕਿ ਪੰਜਾਬ ਯੂਨੀਵਰਸਟੀ ਵਿੱਚ ਵਿਦਿਆਰਥੀਆਂ ਦੀ ਅਗਾਂਹਵਧੂ ਵਿਚਾਰਾਂ ਵਾਲੀ ਜਥੇਬੰਦੀ ਦਾ ਸੰਗਠਨ ਕੀਤਾ ਜਾਵੇ।

ਇਨਾਂ ਵਿਦਿਆਰਥੀਆਂ ਵਿੱਚ ਮੁੱਖ ਵਿਦਿਆਰਥੀ ਜਿਹੜਾ ਅੱਜ ਦੀ ਮੀਟਿੰਗ ਦਾ ਸਰੋਤ ਸੀ, ਉਸ ਦਾ ਨਾਂ ਕ੍ਰਿਸ਼ਨ ਮੁਰਾਰੀ ਸੀ। ਕ੍ਰਿਸ਼ਨ ਮੁਰਾਰੀ ਕੈਮਿਸਟਰੀ ਦੀ ਪੀ ਐਚ ਡੀ ਕਰ ਰਿਹਾ ਸੀ। ਕ੍ਰਿਸ਼ਨ ਮੁਰਾਰੀ ਆਪਣੇ ਹਮਨਾਮ ਕ੍ਰਿਸ਼ਨ ਮੁਰਾਰੀ ਨਾਲ ਪੂਰੇ ਤੌਰ ਤੇ ਮੇਲ ਖਾਂਦਾ ਸੀ, ਸਾਂਵਲਾ ਰੰਗ, ਪੂਰੇ ਰੋਹ ਤੇ ਸ਼ਕਤੀ ਦਾ ਪ੍ਰਗਟਾ ਹੁੰਦਾ ਸੀ। ਜਦੋਂ ਕਦੇ ਮੈਦਾਨੇ ਜੰਗ ਵਿੱਚ ਸੰਘਰਸ਼ ਕਰ ਰਿਹਾ ਹੋਵੇ, ਇਹ ਸਾਰਾ ਪ੍ਰਗਟਾ ਇਸ ਦੇ ਵਿਅਕਤੀਤਵ ਦਾ ਅਨਿੱਖੜਵਾਂ ਅੰਗ ਹੁੰਦਾ ਸੀ।

ਕਸ਼ਮੀਰਾ ਸਿੰਘ ਬੁੜੈਲ। ਇਹ ਪੰਜਾਬ ਯੂਨੀਵਰਸਟੀ ਵਿੱਚ ਲਾਅ (LAW) ਦਾ ਵਿਦਿਆਰਥੀ ਸੀ। ਇਹ ਕੱਟੜ ਮਾਰਕਸਵਾਦੀ ਸੀ ਤੇ ਇਦੇ ਵਿਅਕਤੀਤਵ ਦੀ ਖ਼ੂਬੀ ਇਹ ਸੀ ਕਿ ਜਦੋਂ ਇਕ ਦਲੀਲ ਤੇ ਅੜ ਜਾਵੇ ਤਾਂ ਕਸ਼ਮੀਰਾ ਸਿੰਘ ਅੱਧ ਵਿੱਚੋਂ ਟੁੱਟ ਕੇ ਦੋ ਟੋਟੇ ਤਾਂ ਹੋ ਸਕਦਾ ਸੀ ਪਰ ਤੂਤ ਦੀ ਛਟੀ ਵਾਂਗ ਮਰੋੜਿਆ ਤੇ ਲਚਕਾਇਆ ਨਹੀਂ ਸੀ ਜਾ ਸਕਦਾ। ਕਸ਼ਮੀਰਾ ਸਿੰਘ ਦਾ ਕਹਿਣਾ ਆਮ ਤੌਰ ਤੇ ਇਹ ਹੁੰਦਾ ਸੀ ਕਿ "ਇਹ ਪੱਥਰ ਤੇ ਲੀਕ ਹੈ"।

ਮੋਹਨ ਸਿੰਘ ਬੈਂਸ ਵੀ ਲਾਅ (LAW) ਦਾ ਵਿਦਿਆਰਥੀ ਸੀ। ਇਹ ਪੰਜਾਬ/ ਹਰਿਆਣਾ ਹਾਈਕੋਰਟ ਦੇ ਉਘੇ ਮਾਰਕਸਵਾਦੀ ਵਕੀਲ ਬਲਦੇਵ ਖੋਜੀ ਦਾ ਛੋਟਾ ਭਰਾ ਸੀ। ਇਹ ਆਮ ਤੌਰ ਤੇ ਮੋਟਰ ਸਾਈਕਲ ਤੇ ਯੂਨੀਵਰਸਟੀ ਵਿੱਚ ਗੇੜੇ ਦੇਣ ਦਾ ਬਹੁਤ ਸ਼ੌਕੀਨ ਸੀ ਪਰ ਜਥੇਬੰਦੀ ਨਾਲ ਵਫਾ ਨਿਭਾਉਣ ਦੀ ਰੁਚੀ ਦਾ ਪੂਰਾ ਧਨੀ ਸੀ।

ਬਚਨ ਲਾਲ, ਜੰਮੂ ਤੋਂ ਸੀ ਤੇ ਪੰਜਾਬ ਯੂਨੀਵਰਸਟੀ ਵਿੱਚ ਵਕਾਲਤ ਦਾ ਕੋਰਸ ਕਰ ਰਿਹਾ ਸੀ। ਇਹ ਮਾਰਕਸਵਾਦੀ ਹੋਣ ਵਿੱਚ ਫਖਰ ਮਹਿਸੂਸ ਕਰਦਾ ਹੁੰਦਾ ਸੀ। ਬਚਨ ਲਾਲ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਨ ਦਾ ਬਹੁਤ ਸ਼ੌਕੀਨ ਸੀ ਤੇ ਬਹੁਤ ਭਾਵੁਕ ਹੋ ਜਾਇਆ ਕਰਦਾ ਸੀ। ਜੱਥੇਬੰਦਕ ਵਫਾਦਾਰੀ ਨੂੰ ਹਰ ਕੀਮਤ ਤੇ ਨਿਭਾਉਣ ਦੀ ਰੁਚੀ ਰੱਖਦਾ ਸੀ।

ਰਾਜਿੰਦਰ ਢੀਂਡਸਾ ਬਾਟਨੀ ਦੀ ਐਮ.ਐਸੀ ਕਰ ਰਿਹਾ ਸੀ। ਇਸ ਦਾ ਮਾਰਕਸਵਾਦ ਨਾਲ ਓਨਾ ਹੀ ਪੁਰਾਣਾ ਸਬੰਧ ਸੀ ਜਿਨਾਂ ਪੁਰਾਣਾ ਰਿਸ਼ਤਾ ਇਸ ਦਾ ਦਰਸ਼ਨ ਬਾਗ਼ੀ ਨਾਲ ਸੀ। ਇਹ ਸੈਕੰਡਰੀ ਸਕੂਲ ਵਿੱਚ ਸਾਇੰਸ ਦਾ ਟੀਚਰ ਸੀ ਤੇ ਦਰਸ਼ਨ ਬਾਗ਼ੀ ਦੀ ਪਰੇਰਨਾ ਨਾਲ ਮਾਸਟਰੀ ਤੋਂ ਅਸਤੀਫਾ ਦੇ ਕੇ ਪੰਜਾਬ ਯੂਨੀਵਰਸਟੀ ਵਿੱਚ ਬਾਟਨੀ ਦੀ ਐਮ. ਐਸੀ ਕਰਨ ਆ ਗਿਆ ਸੀ। ਢੀਂਡਸਾ ਅੱਗੇ ਚਲ ਕੇ ਚੰਡੀਗੜ ਸਟੂਡੈਂਟਸ ਯੂਨੀਅਨ ਦੇ ਪੋਸਟਰ ਤੇ ਇਸ਼ਤਿਹਾਰ ਲਿਖਣ ਦੀ ਮੁਹਾਰਤ ਦਾ ਮਾਲਕ ਬਣ ਗਿਆ। ਇਸ ਦੇ ਪੋਸਟਰਾਂ ਤੇ ਇਸ਼ਤਿਹਾਰਾਂ ਦੀ ਭਾਸ਼ਾ ਬੇਮਿਸਾਲ ਹੋਇਆ ਕਰਦੀ ਸੀ।

ਬਿਕਰਮ ਸਿੰਘ ਗਿਲ ਵੀ ਬਾਟਨੀ ਦੀ ਐਮ. ਐਸੀ ਕਰ ਰਿਹ ਸੀ। ਇਹ ਵੀ ਮਾਰਕਸਵਾਦੀ ਸੀ, ਜੱਥੇਬੰਦੀ ਪ੍ਰਤੀ ਵਫਾ ਪਾਲਣੀ ਜਾਣਦਾ ਸੀ ਤੇ ਹਰ ਸਮੇਂ ਜਦੋਂ ਵੀ ਜੱਥੇਬੰਦੀ ਨੇ ਇਸ ਨੂੰ ਵੰਗਾਰਿਆ, ਇਹ ਉਸ ਵੰਗਾਰ ਤੇ ਕਰਮਸ਼ੀਲ ਹੋ ਨਿੱਬੜਿਆ ਸੀ।

ਮਨਜੀਤ ਬੱਗਾ ਤੇ ਜਗਜੀਤ ਬੱਗਾ, ਇਹ ਦੋ ਭੈਣਾਂ ਪੰਜਾਬੀ ਦੀ ਐਮ.ਏ ਦੀਆਂ ਵਿਦਿਆਰਥਣਾਂ ਸਨ। ਇਨਾਂ ਦਾ ਸਬੰਧ ਮਾਰਕਸਵਾਦੀ ਪਰਿਵਾਰ ਨਾਲ ਹੋਣ ਕਰਕੇ ਇਹ ਦੋਵੇਂ ਭੈਣਾਂ ਮਾਰਕਸਵਾਦੀ ਵਿਚਾਰਧਾਰਾ ਦੀਆਂ ਸਮਰੱਥਕ ਸਨ ਤੇ ਕੁੜੀਆਂ ਦੇ ਖੇਤਰ ਵਿੱਚ ਲੱਗੀ ਹਰ ਡਿਊਟੀ ਨੂੰ ਵੇਲੇ ਸਿਰ ਤੇ ਪੂਰੀ ਜੁੰਮੇਵਾਰੀ ਨਾਲ ਨਿਭਾਇਆ ਕਰਦੀਆਂ ਅਤੇ ਤੇ ਸਦਾ ਹੀ ਜੱਥੇਬੰਦਕ ਵਫਾ ਦਾ ਪੱਖ ਪੂਰਿਆ ਕਰਦੀਆਂ ਸਨ।

ਕਸ਼ਮੀਰ ਕੌਰ ਸੰਧੂ ਜਿਹੜੀ ਪਿਆਰ ਤੇ ਲਾਡ ਨਾਲ ਕਸ਼ਮੀਰੋ ਦੇ ਨਾਂ ਨਾਲ ਹੀ ਜਾਣੀ ਜਾਂਦੀ ਸੀ, ਬੜੀ ਸਿਰੜੀ ਸੁਭਾ ਦੀ ਮਾਲਕ ਸੀ। ਜਿਥੇ ਅੜ ਜਾਂਦੀ ਆਪਣੇ ਵਡੇ ਭਰਾ ਕਸ਼ਮੀਰਾ ਸਿੰਘ ਵਾਂਗ ਅਧੋਂ ਟੁੱਟ ਤਾਂ ਸਕਦੀ ਸੀ ਪਰ ਕੀ ਮਜਾਲ ਕਿ ਇਸ ਨੂੰ ਆਪਣੇ ਅਕੀਦੇ ਤੋਂ ਮੋੜ ਸਕੀਏ। ਇਸ ਦੇ ਲਹੂ ਵਿੱਚ ਵਫਾ ਪਾਲਣ ਦਾ ਆਦਰਸ਼ਕ ਰੁਤਬਾ ਬੇਬਿਆਨ ਸੀ। ਇਥੇ ਇਕ ਘਟਨਾ ਦਾ ਜ਼ਿਕਰ ਜ਼ਰੂਰੀ ਸਮਝਦਾ ਹਾਂ। 1969 ਦਾ ਅਰੰਭ ਸੀ ਤੇ ਦਰਸਨ ਬਾਗ਼ੀ ਨਜ਼ਰਬੰਦ ਸੀ। ਪੰਜਾਬ ਪੁਲੀਸ ਦਰਸ਼ਨ ਬਾਗ਼ੀ ਨੂੰ ਹਾਈਕੋਰਟ ਚੰਡੀਗੜ ਵਿੱਚ ਪੇਸ਼ ਕਰਨ ਲਈ



ਸਵਖਤੇ ਹੀ ਲੈ ਆਈ ਤੇ ਸਾਈਕਲਾਂ ਦੀ ਪਾਰਕਿੰਗ ਕੋਲ ਅਦਾਲਤ ਖੁੱਲਣ ਦੀ ਉਡੀਕ ਕਰਨ ਲੱਗੀ। ਕਸ਼ਮੀਰੋ ਉਦੋਂ ਐਮ ਏ. ਕਰਨ ਮਗਰੋਂ ਹਾਈਕੋਰਟ ਵਿੱਚ ਕੰਮ ਕਰਦੀ ਸੀ। ਸਾਈਕਲ ਪਾਰਕ ਕਰਨ ਮਗਰੋਂ ਕਸ਼ਮੀਰੋ ਦੀ ਨਜ਼ਰੇ ਦਰਸ਼ਨ ਬਾਗ਼ੀ ਪੈ ਗਿਆ ਤੇ ਉਹ ਸਿਧੀ ਦਰਸ਼ਨ ਬਾਗ਼ੀ ਕੋਲ ਜਾ ਪਹੁੰਚੀ; ਪੁਲਸ ਦੇ ਰੋਕਣ ਤੇ ਵੀ ਨਹੀਂ ਰੁਕੀ। ਉਹ ਰੌਲਾ ਪਾਉਣ ਨੂੰ ਤਿਆਰ ਹੋ ਗਈ ਤੇ ਆਖ਼ਿਰ ਪੁਲਸ ਇੰਚਾਰਜ ਅਫ਼ਸਰ ਨੇ ਕਿਹਾ ਕਿ ਇਹ ਕੁੜੀ ਕਾਮਰੇਡ ਲਗਦੀ ਏ ਤੇ ਇਨਾਂ ਨੂੰ ਕੰਧ ਦੀ ਓਟ ਵਿੱਚ ਇਕ ਦੂਜੇ ਨਾਲ ਗੱਲਬਾਤ ਕਰ ਲੈਣ ਦਿਓ, ਨਹੀਂ ਤੇ ਇਹ ਚੁੜੇਲ ਇਥੇ ਕੋਈ ਫਸਾਦ ਖੜਾ ਕਰੂ ਤੇ ਲੋਕਾਂ ਦੀ ਭੀੜ ਲੱਗ ਜਾਣੀ ਏ। ਪੁਲਸ ਨੇ ਦਰਸ਼ਨ ਬਾਗ਼ੀ ਤੇ ਕਸ਼ਮੀਰੋ ਨੂੰ ਸਾਈਕਲਾਂ ਦੀ ਸ਼ੈਡ ਦੀ ਕੰਧ ਦੀ ਓਟ ਵਿੱਚ ਬਿਠਾ ਦਿੱਤਾ ਤੇ ਕਸ਼ਮੀਰੋ ਦਰਸ਼ਨ ਬਾਗ਼ੀ ਤੋਂ ਸਾਰੀ ਜਾਣਕਾਰੀ ਲਏ ਬਿਨਾਂ ਨਹੀਂ ਹਿੱਲੀ। ਇਹ ਘਟਣਾ, ਕਸ਼ਮੀਰੋ ਦੇ ਸਿਰੜ ਦਾ ਪ੍ਰਗਟਾਵਾ ਕਰਦੀ ਹੈ।

ਗੁਰਬਖ਼ਸ਼ ਸੋਚ, ਮਹਿੰਦਰਾ ਕਾਲਜ ਪਟਿਆਲਾ ਤੋਂ ਪੰਜਾਬੀ ਦੀ ਐਮ.ਏ. ਕਰਨ ਮਗਰੋਂ ਪੰਜਾਬ ਯੂਨੀਵਰਸਟੀ ਵਿੱਚ ਅੰਗਰੇਜ਼ੀ ਦੀ ਐਮ. ਏ. ਕਰ ਰਿਹਾ ਸੀ। ਇਹ ਆਪ ਮਾਰਕਸਵਾਦੀ ਸੀ, ਸਟੂਡੈਂਟਸ ਯੂਨੀਅਨ ਦਾ ਪੂਰਾ ਸਮਰਥਕ ਸੀ ਪਰ ਉਸਨੇ ਆਮ ਵਿਦਿਆਰਥੀ ਸੰਘਰਸ਼ ਵਿੱਚ ਬਹੁਤਾ ਹਿਸਾ ਨਹੀਂ ਲਿਆ। ਦਲਬੀਰ ਸਿੰਘ ਜਰਨਲਿਜਮ ਦਾ ਵਿਦਿਆਰਥੀ ਸੀ, ਇਹ ਹੰਢਿਆ ਹੋਇਆ ਮਾਰਕਸਵਾਦੀ ਸੀ ਤੇ ਇਸ ਨੇ ਸਟੂਡੈਂਟਸ ਫੈਡਰੇਸ਼ਨ ਦੇ ਦੌਰ ਵਿੱਚ ਪੁਲਸ ਦੀਆਂ ਵਾਹਵਾ ਡਾਂਗਾਂ ਖਾਧੀਆਂ ਹੋਈਆ ਸਨ। ਸਟੂਡੈਂਟਸ ਯੂਨੀਅਨ ਬਨਾਉਣ ਵਿੱਚ ਇਸ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ ਸੀ ਪਰ ਮਗਰੋਂ ਵਿਦਿਆਰਥੀ ਲਹਿਰ ਵਿੱਚ ਕੋਈ ਸਰਗਰਮੀ ਨਹੀਂ ਸੀ ਵਿਖਾਈ, ਉਂਝ ਇਸਦਾ ਪੂਰਾ ਸਮਰਥਕ ਰਿਹਾ ਸੀ।

ਅਜੀਤ ਸਿੰਘ ਬਾਸੀ ਵੀ ਜਰਨਲਿਜ਼ਮ ਦਾ ਵਿਦਿਆਰਥੀ ਸੀ। ਇਹ ਵੀ ਸਟੂਡੈਂਟਸ ਫੈਡਰੇਸ਼ਨ ਵਿੱਚੋਂ ਆਇਆ ਹੋਇਆ ਸੀ ਤੇ ਕਿਸੇ ਵੇਲੇ ਬਾਸੀ ਕਮਿਊਨਿਸਟ ਪਾਰਟੀ ਦਾ ਸ਼ਾਇਦ ਕੁਲਵਕਤੀ ਵੀ ਰਿਹਾ ਸੀ। ਸਟੂਡੈਂਟਸ ਯੂਨੀਅਨ ਦੇ ਸੰਗਠਨ ਵਿੱਚ ਇਸ ਨੇ ਪੂਰਾ ਹਿੱਸਾ ਲਿਆ ਤੇ ਵਿਦਿਆਰਥੀ ਸੰਘਰਸ਼ ਵਿੱਚ ਸਰਗਰਮ ਰਿਹਾ। ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਨ ਵਿੱਚ ਬੜਾ ਫ਼ਖ਼ਰ ਮਹਿਸੂਸ ਕਰਦਾ ਹੁੰਦਾ ਸੀ।

ਸੂਬਾ ਸਿੰਘ ਤੇ ਗੰਗਾ ਰਾਮ ਇਹ ਦੋਵੇਂ ਪੰਜਾਬ ਯੂਨੀਵਰਸਟੀ ਵਿੱਚ ਵਕਾਲਤ ਦੀ ਡਿਗਰੀ ਕਰ ਰਹੇ ਸਨ। ਦੋਵੇਂ ਹੀ ਦਰਸ਼ਨ ਬਾਗ਼ੀ ਦੇ ਅਸਰ ਹੇਠ ਮਾਰਕਸਵਾਦੀ ਬਣੇ। ਬੜੇ ਵਫਾਦਾਰ ਸਨ ਵਿਦਿਆਰਥੀ ਸੰਘਰਸ਼ ਪ੍ਰਤੀ। ਗੰਗਾ ਰਾਮ, ਦਰਸ਼ਨ ਬਾਗ਼ੀ ਨਾਲ 1966 ਵਿੱਚ ਅੰਬਾਲਾ ਜੇਲ੍ਹ ਵਿੱਚ ਰਿਹਾ ਸੀ।

ਦਰਸ਼ਨ ਬਾਗ਼ੀ ਪੰਜਾਬ ਯੂਨਵਿਰਸਟੀ ਵਿੱਚ ਸੋਸ਼ਿਆਲੋਜੀ ਦਾ ਵਿਦਿਆਰਥੀ ਸੀ। ਇਹ ਪੁਰਾਣਾ ਮਾਰਕਸਵਾਦੀ ਸੀ। ਸਟੂਡੈਂਟਸ ਯੂਨੀਅਨ ਦੇ ਸੰਗਠਨ ਵਿੱਚ ਤੇ ਵਿਦਿਆਰਥੀ ਸੰਘਰਸ਼ ਵਿੱਚ ਇਸ ਦਾ ਕਾਫੀ ਹਿੱਸਾ ਹੈ। ਚੰਡੀਗੜ ਸਟੂਡੈਂਟਸ ਯੂਨੀਅਨ ਨੂੰ ਪੰਜਾਬ ਪੱਧਰ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਵਿੱਚ ਰੂਪਾਂਤਰਤ ਕਰਨ ਮਗਰੋਂ ਪੰਜਾਬ ਤੇ ਹਰਿਆਣਾ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਬਾਕੀ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਸ ਨੂੰ ਵਿਕਸਿਤ ਕਰਨ ਵਿੱਚ ਇਸ ਦਾ ਇਤਿਹਾਸਿਕ ਰੋਲ ਰਿਹਾ ਹੈ।

ਇਨਾਂ ਮੁੱਖ ਵਿਦਿਆਰਥੀਆਂ ਤੋਂ ਬਿਨਾਂ ਹੋਰ ਵੀ ਵਰਨਣਯੋਗ, ਸਰਗਰਮ ਤੇ ਵਫਾਦਾਰ ਨਾਂ ਹਨ ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹੈ ਕਿ ਮੇਰੀ ਯਾਦਾਸ਼ਤ ਦੀ ਤਖ਼ਤੀ ਤੋਂ ਓਨਾਂ ਨੌਜੁਆਨ ਵਿਦਿਆਰਥੀਆਂ ਦੇ ਨਾਂ ਇੰਨੇ ਧੁੰਦਲੇ ਹੋ ਗਏ ਹਨ ਕਿ ਮੇਰੀ ਯਾਦਾਸ਼ਤ ਦੀ ਕਮਜ਼ੋਰੀ ਹੋਣ ਕਰ ਕੇ ਓਨਾਂ ਤੋਂ ਮੁਆਫੀ ਮੰਗਦਾਂ ਕਿ ਮੈਂ ਓਨਾਂ ਦੇ ਨਾਵਾਂ ਦਾ ਵੇਰਵਾ ਨਹੀਂ ਦੇ ਸਕਿਆ।



# ਏਜੰਡਾ

**ਇਸ ਮੀਟਿੰਗ ਦਾ ਏਜੰਡਾ ਸੀ :**

1. ਅਜੋਕੇ ਆਰਥਕ, ਰਾਜਨੀਤਕ, ਸਮਾਜਕ ਹਾਲਾਤ ਨੂੰ ਮੁੱਖ ਰੱਖਦਿਆਂ ਹੋਇਆਂ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਸਟੂਡੈਂਟਸ ਯੂਨੀਅਨਾਂ ਦੀ ਲੋੜ ਹੈ ਕਿ ਨਹੀਂ?
2. ਜੇ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀ ਜੱਥੇਬੰਦੀ ਦੀ ਇਤਿਹਾਸਕ ਲੋੜ ਹੈ ਤਾਂ ਵਿਦਿਆਰਥੀ ਜੱਥੇਬੰਦੀ ਦਾ ਖ਼ਾਸਾ ਕੀ ਹੋਣਾ ਚਾਹੀਦਾ ਹੈ?
3. ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀ ਜੱਥੇਬੰਦੀ ਦਾ ਨਾਂ ਕੀ ਹੋਣਾ ਚਾਹੀਦਾ ਹੈ?

ਦਰਸ਼ਨ ਬਾਗ਼ੀ ਨੇ ਉੱਠ ਕੇ ਸਰਕਲ ਵਿੱਚ ਬੈਠੇ ਵਿਦਿਆਰਥੀਆਂ ਅੱਗੇ ਇਹ ਤਿੰਨ ਨੁਕਾਤੀ ਏਜੰਡਾ ਰੱਖਿਆ ਤੇ ਬੇਨਤੀ ਕੀਤੀ ਕਿ ਇੱਕ ਸਿਰੇ ਤੋਂ ਲੈ ਕੇ ਹਰ ਵਿਦਿਆਰਥੀ ਆਪਣੇ ਵਿਚਾਰ ਪ੍ਰਗਟ ਕਰੇ।

ਸਰਕਲ ਵਿੱਚ ਬੈਠੇ ਸਾਰੇ ਵਿਦਿਆਰਥੀਆਂ ਨੇ ਪਹਿਲੇ ਏਜੰਡੇ 'ਤੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਇਨਾਂ ਸਾਰੇ ਵਿਚਾਰਾਂ ਦਾ ਸਾਰਅੰਸ਼ ਇਹ ਸੀ ਕਿ ਅਜੋਕੇ ਆਰਥਿਕ, ਸਮਾਜਿਕ ਤੇ ਰਾਜਨੀਤਕ ਹਾਲਾਤ ਨੂੰ ਵਿਚਾਰਦਿਆਂ ਇਹ ਸਪੱਸ਼ਟ ਹੈ ਕਿ ਅੱਜ ਦੇ ਹਾਲਾਤ ਵਿੱਚ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿੱਚ ਰਾਜਸੀ ਤੇ ਸਮਾਜਕ ਚੇਤਨਤਾ ਦੀ ਅਣਹੋਂਦ ਹੈ। ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਕੌਮੀ ਰਾਜਨੀਤੀ ਨੂੰ ਚਲਾਉਣ ਦੇ ਵਾਰਸ ਅੱਜ ਦੇ ਵਿਦਿਆਰਥੀ ਹੋਣਗੇ। ਦੇਸ਼ ਵਿੱਚ ਭਰਿਸ਼ਟਾਚਾਰ ਤੇ ਹੋਰ ਸਮਾਜਕ ਤੇ ਰਾਜਸੀ ਜ਼ਿਹਮਤਾਂ ਦੇਸ਼ ਨੂੰ ਕੈ ਬਣ ਕੇ ਖ਼ਤਮ ਕਰ ਰਹੀਆਂ ਹਨ।

ਇਸ ਸਾਰੀ ਅਵਸਥਾ ਵਿੱਚ ਕੌਮੀ ਜ਼ੁੰਮੇਵਾਰੀ ਮੰਗ ਕਰਦੀ ਹੈ ਕਿ ਕਾਲਜਾਂ ਤੇ ਯੂਨੀਵਰਸਟੀਆਂ ਦੇ ਨੌਜੁਆਨ ਵਿਦਿਆਰਥੀਆਂ ਨੂੰ ਜੱਥੇਬੰਦ ਕਰ ਕੇ ਲਾਮਬੰਦ ਕੀਤਾ ਜਾਵੇ ਤੇ ਯਤਨ ਕੀਤਾ ਜਾਵੇ ਕਿ ਨੌਜੁਆਨਾਂ ਨੂੰ ਰਾਜਸੀ ਤੇ ਸਮਾਜੀ ਚੇਤਨਤਾ ਪਰਦਾਨ ਕਰਕੇ ਪੂਰੀ ਤਰਾਂ ਜੱਥੇਬੰਦ ਕੀਤਾ ਜਾਵੇ ਤਾਂ ਕਿ ਵਿਦਿਆਰਥੀ ਤੇ ਨੌਜੁਆਨ ਆਪਣੀ ਰਾਜਸੀ ਤੇ ਸਮਾਜਿਕ ਜ਼ੁੰਮੇਵਾਰੀ ਦਾ ਪੂਰਾ ਅਨੁਭਵ ਕਰਕੇ

[illegible] ਰੂਪ ਵਿੱਚ ਇਤਿਹਾਸਕ ਜ਼ੁੰਮੇਵਾਰੀ ਨਿਭਾ ਸਕਣ।

ਸਰਬ ਸੰਮਤੀ ਨਾਲ ਪਹਿਲੇ ਏਜੰਡੇ ਤੇ ਸਾਰੇ ਵਿਦਿਆਰਥੀਆਂ ਨੇ ਮਤਾ ਪਾਸ ਕੀਤਾ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਚੁਣੀ ਹੋਈ ਜੱਥੇਬੰਦੀ ਹੋਣੀ ਚਾਹੀਦੀ ਹੈ।

2. ਜਦੋਂ ਪਹਿਲਾ ਏਜੰਡਾ ਸਰਬਸੰਮਤੀ ਨਾਲ ਪਾਸ ਹੋ ਗਿਆ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀ ਜੱਥੇਬੰਦੀ ਹੋਣੀ ਚਾਹੀਦੀ ਹੈ ਤਾਂ ਦੂਜਾ ਏਜੰਡਾ ਦਰਸ਼ਨ ਬਾਗ਼ੀ ਨੇ ਪੇਸ਼ ਕੀਤਾ ਕਿ ਵਿਦਿਆਰਥੀਆਂ ਦੀ ਜੱਥੇਬੰਦੀ ਦਾ ਖ਼ਾਸਾ ਕੀ ਹੋਣਾ ਚਾਹੀਦਾ ਹੈ?

ਸਰਕਲ ਵਿੱਚ ਬੈਠੇ ਵਿਦਿਆਰਥੀਆਂ ਨੇ ਵਾਰੋ-ਵਾਰੀ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ ਤੇ ਇਨਾਂ ਵਿਚਾਰਾਂ ਦਾ ਸੰਖੇਪ ਵਿੱਚ ਸਾਰਅੰਸ਼ ਇਹ ਸੀ :

1. ਵਿਦਿਆਰਥੀ ਜੱਥੇਬੰਦੀ ਧਰਮ-ਨਿਰਪੱਖ ਹੋਣੀ ਚਾਹੀਦੀ ਹੈ। ਇਸ ਦਾ ਕਿਸੇ ਵੀ ਧਰਮ ਨਾਲ ਕੋਈ ਵੀ ਸਬੰਧ ਨਾ ਹੋਵੇ।
2. ਵਿਦਿਆਰਥੀ ਜੱਥੇਬੰਦੀ ਦਾ ਮੁੱਖ ਖਾਸਾ ਅਗਾਂਹਵਧੂ ਹੋਵੇ। ਸਮਾਜਵਾਦੀ ਵਿਚਾਰਾਂ ਦੀ ਧਾਰਨੀ ਹੋਵੇ।
3. ਰਾਜਨੀਤਕ ਤੇ ਸਮਾਜਿਕ ਚੇਤਨਤਾ ਦੇ ਪੱਖ ਤੋਂ ਇਸ ਦਾ ਖਾਸਾ ਮਾਰਕਸਵਾਦੀ ਹੋਵੇ। ਵਿਦਿਆਰਥੀਆਂ ਵਿੱਚ ਮਾਰਕਸਵਾਦੀ ਸਮਾਜਵਾਦੀ ਵਿਚਾਰਾਂ ਦਾ ਪਰਚਾਰ ਕੀਤਾ ਜਾਵੇ।
4. ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲੈ ਕੇ, ਵਿਦਿਆਰਥੀ ਘੋਲ ਜੱਥੇਬੰਦ ਕੀਤੇ ਜਾਣ।
5. ਵਧ ਰਹੀਆਂ ਫੀਸਾਂ, ਪੁਸਤਕਾਂ ਦੀਆਂ ਕੀਮਤਾਂ ਤੇ ਗ਼ਰੀਬ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼ ਕੀਤੀਆਂ ਜਾਣ।
6. ਸਰਕਾਰ ਦੀਆਂ ਲੋਕ ਵਿਰੋਧੀ ਆਰਥਿਕ ਤੇ ਰਾਜਸੀ ਨੀਤੀਆਂ ਦਾ ਵਿਰੋਧ ਕੀਤਾ ਜਾਵੇ।
7. ਵਿਦਿਅਕ ਅਦਾਰਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦਾ ਖੰਡਣ ਤੇ ਵਿਰੋਧ ਕੀਤਾ ਜਾਵੇ।

ਵਿਦਿਆਰਥੀ ਜੱਥੇਬੰਦੀ ਦਾ ਇਹ 7 ਨੁਕਾਤੀ ਖ਼ਾਸਾ ਵੀ ਸਾਰੇ ਵਿਦਿਆਰਥੀਆਂ ਨੇ ਸਰਬਸੰਮਤੀ ਨਾਲ ਪਾਸ ਕਰ ਦਿਤਾ।

ਇਹ ਦੂਜਾ ਏਜੰਡਾ ਪਾਸ ਹੋਣ ਤੋਂ ਮਗਰ ਦਰਸ਼ਨ ਬਾਗ਼ੀ ਨੇ ਤੀਸਰਾ ਤੇ ਆਖ਼ਰੀ ਏਜੰਡਾ ਪੇਸ਼ ਕੀਤਾ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀ ਜੱਥੇਬੰਦੀ ਦਾ ਨਾਂ ਕੀ ਹੋਣਾ ਚਾਹੀਦਾ ਹੈ?



ਇਸ ਏਜੰਡੇ 'ਤੇ ਵਿਦਿਆਰਥੀਆਂ ਨੇ ਖੁੱਲ ਕੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਮੁੱਖ ਤੌਰ ਤੇ ਦੋ ਨਾਂ ਖੁੱਲ ਕੇ ਪੇਸ਼ ਕੀਤੇ ਗਏ ਸਨ।

ਕੁੱਝ ਵਿਦਿਆਰਥੀਆਂ ਦਾ ਵਿਚਾਰ ਸੀ ਕਿ ਜੱਥੇਬੰਦੀ ਦਾ ਨਾਂ ਸਟੂਡੈਂਟਸ ਫੈਡਰੇਸ਼ਨ ਹੋਵੇ। ਇਸ ਨਾਂ ਦੇ ਪੱਖੀਆਂ ਦਾ ਵਿਚਾਰ ਸੀ ਕਿ ਇਤਿਹਾਸਕ ਤੌਰ ਤੇ ਦੇਸ਼ ਵਿੱਚ ਅਗਾਂਹਵਧੂ ਤੇ ਮਾਰਕਸਵਾਦੀ ਵਿਦਿਆਰਥੀਆਂ ਦੀ ਜੱਥੇਬੰਦੀ ਦਾ ਨਾਂ ਸਟੂਡੈਂਟਸ ਫੈਡਰੇਸ਼ਨ ਰਿਹਾ ਹੈ। ਇਸ ਲਈ ਸਾਨੂੰ ਵੀ ਇਸ ਇਤਿਹਾਸਕ ਨਾਂ ਨਾਲ ਹੀ ਜੁੜੇ ਰਹਿਣਾ ਚਾਹੀਦਾ ਹੈ।

ਦੂਜਾ ਨਾਂ ਪੇਸ਼ ਹੋਇਆ ਸੀ ਸਟੂਡੈਂਟਸ ਯੂਨੀਅਨ। ਇਸ ਨਾਂ ਦੇ ਪੱਖੀਆਂ ਦਾ ਵਿਚਾਰ ਸੀ ਕਿ ਸਟੂਡੈਂਟਸ ਫੈਡਰੇਸ਼ਨ ਇਤਿਹਾਸਕ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਦਾ ਅਨਿੱਖੜਵਾਂ ਅੰਗ ਰਹੀ ਹੈ। ਇਸ ਲਈ ਜੇ ਅਸੀਂ ਨਾਂ ਸਟੂਡੈਂਟਸ ਫੈਡਰੇਸ਼ਨ ਰੱਖਦੇ ਹਾਂ ਤਾਂ ਤੁਰਤ ਹੀ ਵਿਰੋਧੀਆਂ ਵੱਲੋਂ ਸਾਡੇ 'ਤੇ ਇਲਜ਼ਾਮ ਲੱਗੇਗਾ ਕਿ ਸਟੂਡੈਂਟਸ ਫੈਡਰੇਸ਼ਨ ਭਾਰਤੀ ਕਮਿਊਨਿਸਟ ਪਾਰਟੀ ਦੀ ਹੀ ਬਰਾਂਚ ਹੈ। ਇਸ ਲਈ ਵਿਦਿਆਰਥੀ ਜੱਥੇਬੰਦੀ ਦਾ ਵਿਕਾਸ ਸੀਮਤ ਹੋ ਜਾਵੇਗਾ। ਇਸ ਧਾਰਾ ਦੇ ਵਿਦਿਆਰਥੀਆਂ ਦਾ ਵਿਚਾਰ ਸੀ ਕਿ ਜਿੰਨਾ ਚਿਰ ਵਿਦਿਆਰਥੀ ਜੱਥੇਬੰਦੀ ਦਾ ਜਨ-ਅਧਾਰ ਵਿਸ਼ਾਲ ਨਹੀਂ ਹੋ ਜਾਂਦਾ, ਸਾਨੂੰ ਕਮਿਊਨਿਸਟ ਲੇਬਲ ਤੋਂ ਬਚਣ ਦੀ ਲੋੜ ਹੈ।

ਇਸ ਵਿਚਾਰ ਦੇ ਵਿਦਿਆਰਥੀਆਂ ਨੇ ਦਲੀਲ ਪੇਸ਼ ਕੀਤੀ ਕਿ ਅਸੀਂ ਅਰੰਭ ਵਿੱਚ ਜੱਥੇਬੰਦੀ ਨੂੰ ਚੰਡੀਗੜ੍ਹ ਸਟੂਡੈਂਟ ਯੂਨੀਅਨ ਦਾ ਨਾਂ ਦਈਏ ਤੇ ਚੰਡੀਗੜ੍ਹ ਵਿੱਚ ਆਪਣਾ ਅਧਾਰ ਕਾਇਮ ਕਰਕੇ ਅਗਲੇ ਸਾਲ 1964 ਵਿੱਚ ਪੰਜਾਬ ਪੱਧਰ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਨੂੰ ਜੱਥੇਬੰਦ ਕਰੀਏ।

ਸਾਰੇ ਵਿਚਾਰ ਆ ਜਾਣ ਮਗਰੋਂ ਅਖ਼ੀਰ ਵਿੱਚ ਚੋਣ ਹੋਈ ਤੇ ਬਹੁਗਿਣਤੀ ਇਸ ਹੱਕ ਵਿੱਚ ਸੀ ਕਿ ਵਿਦਿਆਰਥੀ ਜੱਥੇਬੰਦੀ ਦਾ ਨਾਂ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਰੱਖਿਆ ਜਾਵੇ ਤੇ ਅਗਲੇ ਸਾਲ 1964 ਵਿੱਚ ਪੰਜਾਬ ਪੱਧਰ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਜੱਥੇਬੰਦ ਕੀਤੀ ਜਾਵੇ ਜਦੋਂ ਚੰਡੀਗੜ੍ਹ ਵਿੱਚ ਵਿਦਿਆਰਥੀ ਯੂਨੀਅਨ ਦਾ ਅਧਾਰ ਵਿਸ਼ਾਲ ਹੋ ਜਾਵੇ।

ਇਹ ਤਿੰਨੋਂ ਏਜੰਡੇ ਪਾਸ ਹੋ ਜਾਣ ਮਗਰੋਂ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਐਗਜ਼ੈਕਟਿਵ ਕਮੇਟੀ ਦੀ ਚੋਣ ਹੋਈ ਤੇ ਸਰਬਸੰਮਤੀ ਨਾਲ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੇ ਅਹੁਦੇਦਾਰ ਚੁਣੇ ਗਏ।

ਪਰੈਜੀਡੈਂਟ : ਦਰਸ਼ਨ ਬਾਗ਼ੀ
ਵਾਈਸ ਪਰੈਜ਼ੀਡੈਂਟ: ਕਸ਼ਮੀਰਾ ਸਿੰਘ
ਜਨਰਲ ਸੈਕਟਰੀ: ਮੋਹਨ ਸਿੰਘ ਬੈਂਸ
ਜੁਆਇੰਟ ਸੈਕਰੇਟਰੀ ; ਰਾਜਿੰਦਰ ਢੀਂਡਸਾ
ਕੈਸ਼ੀਅਰ : ਕ੍ਰਿਸ਼ਨ ਮੁਰਾਰੀ
ਐਗਜ਼ੈਗਟਿਵ ਮੈਂਬਰ
ਬਿਕਰਮ ਸਿੰਘ ਗਿੱਲ
ਬਚਨ ਲਾਲ
ਮਨਜੀਤ ਕੌਰ ਬੱਗਾ
ਕਸ਼ਮੀਰ ਕੌਰ
ਜਗਜੀਤ ਕੌਰ ਬੱਗਾ
ਅਜੀਤ ਸਿੰਘ ਬਾਸੀ



## ਸੰਘਰਸ਼ ਦੇ ਮੈਦਾਨ ਵਿੱਚ ਪਹਿਲੀ ਲਲਕਾਰ

ਹੋਸਟਲ ਸੁਪਰਇਨਟੈਂਡੈਂਟ ਨੇ ਕੁੱਝ ਕੁੜੀਆਂ ਨੂੰ ਪੁੱਛਿਆ ਕਿ ਇਹ ਚਾਰ ਨੌਜੁਆਨ ਕੌਣ ਹਨ ਜੋ ਓਨਾਂ ਨੂੰ ਮਿਲਣਾ ਚਾਹੁੰਦੇ ਹਨ। ਸਾਰੀਆਂ ਕੁੜੀਆਂ ਨੇ ਉਨ੍ਹਾਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ ਤੇ ਕਿਹਾ ਕਿ ਉਹ ਓਨਾਂ ਨੂੰ ਨਹੀਂ ਜਾਣਦੀਆਂ ਤੇ ਉਨਾਂ ਨੌਜੁਆਨਾਂ ਨਾਲ ਕੋਈ ਰਿਸ਼ਤੇਦਾਰੀ ਜਾਂ ਕੋਈ ਵੀ ਪਰਿਵਾਰਕ ਸਬੰਧ ਨਹੀਂ ਸੀ।

ਹੋਸਟਲ ਸੁਪਰਇਨਟੈਂਡੈਂਟ ਨੇ ਓਨਾਂ ਨੌਜੁਆਨਾਂ ਨੂੰ ਚਲੇ ਜਾਣ ਲਈ ਕਿਹਾ। ਪਰ ਉਹ ਨੌਜੁਆਨ ਬਜ਼ਿਦ ਹੋ ਗਏ ਤੇ ਧਮਕੀਆਂ ਦੇਣ ਲਗ ਪਏ ਤੇ ਹੋਸਟਲ ਦੀ ਲਾਬੀ ਵਿੱਚ ਇਕ ਦੰਗੇ ਦੀ ਸ਼ਕਲ ਬਣ ਗਈ। ਓਹ ਚਾਰੇ ਨੌਜੁਆਨ ਪੂਰੀ ਤਰਾਂ ਸ਼ਰਾਬੀ ਸਨ।

ਜਦੋਂ ਓਨਾਂ ਨੌਜੁਆਨਾਂ ਨੇ ਕੁੜੀਆਂ ਨੂੰ ਮਿਲੇ ਬਿਨਾਂ ਜਾਣ ਤੋਂ ਇਨਕਾਰ ਕੀਤਾ ਤਾਂ ਹੋਸਟਲ ਸੁਪਰਇਨਟੈਨਡੈਂਟ ਨੇ ਪੁਲਸ ਬੁਲਾਉਣ ਦੀ ਧਮਕੀ ਦਿੱਤੀ। ਇਹ ਸਪਸ਼ਟ ਜਾਪਦਾ ਸੀ ਕਿ ਇਹ ਨੌਜੁਆਨ ਕਾਫੀ ਮਾਲਦਾਰ ਤੇ ਸਿਆਸੀ ਅਸਰ ਰਸੂਖ਼ ਵਾਲੇ ਟੱਬਰਾਂ ਨਾਲ ਸਬੰਧ ਰੱਖਦੇ ਸਨ। ਪੁਲਸ ਦੀ ਧਮਕੀ ਸੁਣ ਕੇ ਉਹ ਹੋਸਟਲ ਸੁਪਰਇਨਟੈਂਡੈਂਟ ਨੂੰ ਧਮਕੀ ਦੇ ਕੇ ਰੌਲਾ ਪਾਉਂਦੇ ਹੋਏ ਹੋਸਟਲ ਦੀ ਲਾਬੀ ਵਿੱਚ ਆਪਣੇ ਮੋਟਰਸਾਈਕਲਾਂ 'ਤੇ ਸੁਆਰ ਹੋ ਕੇ ਨਿਕਲੇ ਅਤੇ ਜਾਂਦਿਆਂ ਹੋਇਆਂ ਇਹ ਧਮਕੀ ਵੀ ਦਿੱਤੀ ਕਿ "ਅਸੀ ਇਨਾਂ ਕੁੜੀਆਂ ਨੂੰ ਚੁੱਕ ਕੇ ਲੈ ਜਾਵਾਂਗੇ।" ਇਹ ਵਾਕਿਆ ਕੋਈ ਸ਼ਾਮ ਦੇ 8- 9 ਵਜੇ ਹੋਇਆ ਸੀ।

ਇਸ ਘਟਨਾ ਦੀ ਸੂਚਨਾ ਅਗਲੇ ਦਿਨ ਸਵੇਰੇ ਹੀ ਮਨਜੀਤ ਕੌਰ ਬੱਗਾ ਤੇ ਉਸ ਦੀ ਛੋਟੀ ਭੈਣ ਜਗਜੀਤ ਕੌਰ ਬੱਗਾ ਨੇ ਤੁਰਤ ਹੀ ਦਰਸ਼ਨ ਬਾਗ਼ੀ ਨੂੰ, ਉਸ ਦੇ ਸੋਸ਼ਿਆਲੋਜੀ ਡਿਪਾਰਟਮੇਂਟ ਵਿੱਚ ਦਿੱਤੀ। ਉਸੇ ਰਾਤ ਹੀ ਸਟੂਡੈਂਟਸ ਯੂਨੀਅਨ ਦੀ ਐਗਜ਼ੈਕਟਿਵ ਦੀ ਐਮਰਜੈਂਸੀ ਮੀਟਿੰਗ 15 ਸੈਕਟਰ ਵਿੱਚ ਰਾਜਿੰਦਰ ਢੀਂਡਸੇ ਤੇ ਦਰਸ਼ਨ ਬਾਗ਼ੀ ਦੇ ਕਮਰੇ ਵਿੱਚ ਹੋਈ। ਇਸ ਐਮਰਜੈਂਸੀ ਮੀਟਿੰਗ ਵਿੱਚ ਸਿਰਫ ਮਾਰਕਸਵਾਦੀ ਵਿਦਿਆਰਥੀਆਂ ਦਾ ਯੂਨਿਟ ਹੀ ਸ਼ਾਮਲ ਸੀ। ਫੈਸਲਾ ਕੀਤਾ ਗਿਆ ਕਿ ਸਵੇਰੇ ਇਸ ਗੁੰਡਾਗਰਦੀ ਦੇ ਵਿਰੁੱਧ ਜਲੂਸ ਕੱਢਿਆ ਜਾਵੇ ਜੋ ਪੰਜਾਬ ਅਸੈਂਬਲੀ ਤੱਕ ਜਾਵੇ, ਸਰਕਾਰ ਕੋਲੋਂ ਯੂਨੀਵਰਸਟੀ ਵਿੱਚ ਗੁੰਡਾਗਰਦੀ ਵਿਰੁੱਧ

ਪੜਤਾਲ ਦੀ ਮੰਗ ਕੀਤੀ ਜਾਵੇ ਤੇ ਅੱਗੋਂ ਨੂੰ ਅਜਿਹੇ ਗੁੰਡਾ ਅਨਸਰਾਂ ਨੂੰ ਨੱਥ ਪਾਈ ਜਾਵੇ।

ਰਾਜਿੰਦਰ ਢੀਂਡਸਾ ਜਿਹੜਾ ਪੋਸਟਰ ਲਿਖਣ ਦਾ ਮਾਹਰ ਸੀ, ਉਸ ਨੇ ਆਪਣੀ ਕਲਮ ਦੇ ਜੌਹਰ ਵਿਖਾਏ ਤੇ ਪੋਸਟਰ ਦੀ ਭਾਸ਼ਾ ਵਿੱਚ ਗੁੰਡਾਗਰਦੀ ਵਿਰੁੱਧ ਸ਼ਬਦਾਂ ਨੂੰ ਜ਼ਹਿਰੀਲੇ ਬਾਣ ਬਣਾ ਕੇ ਰੱਖ ਦਿੱਤਾ, ਜਿਹੜੇ ਨੌਜੁਆਨ ਵਿਦਿਆਰਥੀਆਂ ਨੂੰ ਯੂਨੀਵਰਸਟੀ ਵਿੱਚੋਂ ਗੁੰਡਾਗਰਦੀ ਦਾ ਬੀ ਨਾਸ਼-ਕਰਨ ਦੀ ਪਰੇਰਨਾ ਦਿੰਦੇ ਸਨ। ਇਹ ਗੁੰਡਾਗਰਦੀ ਵਿਰੁੱਧ ਰੋਹ ਭਰਿਆ ਪੋਸਟਰ ਤੁਰਤ ਹੀ ਪ੍ਰੈਸ ਤੋਂ ਛਪਵਾ ਕੇ ਮਨਜੀਤ ਬੱਗਾ ਤੇ ਜਗਜੀਤ ਬੱਗਾ ਨੇ ਰਾਤੋ ਰਾਤ ਕੁੜੀਆਂ ਦੇ ਹੋਸਟਲ ਵਿੱਚ ਵੰਡ ਦਿਤਾ ਤੇ ਬਾਕੀ ਮੁੰਡਿਆਂ ਦੇ ਹੋਸਟਲਾਂ ਵਿੱਚ ਵੰਡ ਦਿੱਤੇ ਗਏ ਤੇ ਗੁੰਡਾਗਰਦੀ ਵਿਰੁੱਧ ਜਲੂਸ ਵਿੱਚ ਸ਼ਾਮਲ ਹੋਣ ਲਈ ਸਾਰੇ ਵਿਦਿਆਰਥੀਆਂ ਨੂੰ ਵੰਗਾਰਿਆ ਗਿਆ।

ਅਗਲੀ ਸਵੇਰ, ਮਨਜੀਤ ਬੱਗਾ, ਜਗਜੀਤ ਬੱਗਾ, ਕਸ਼ਮੀਰੋ ਦੇ ਯਤਨ ਨਾਲ ਅਰੰਭ ਵਿੱਚ ਕੋਈ 40-50 ਦੇ ਕਰੀਬ ਕੁੜੀਆਂ ਹੋਸਟਲ ਤੋਂ ਨਿਕਲੀਆਂ। ਉਹ ਕੁੜੀਆਂ ਦੇ ਹੋਸਟਲ ਤੋਂ ਬਾਹਰ ਯੂਨੀਵਰਸਟੀ ਕੈਂਪਸ ਨੂੰ ਜਾਂਦੀ ਸੜਕ 'ਤੇ ਇਕਠੀਆਂ ਹੋ ਗਈਆਂ ਤੇ ਚੰਡੀਗੜ ਸਟੂਡੈਂਟਸ ਯੂਨੀਅਨ ਦੇ ਸਾਰੇ ਸਰਕਰਦਾ ਮੈਂਬਰ ਕੁੜੀਆਂ ਦੇ ਮਗਰ ਮਗਰ ਤੇ ਕੁੱਝ ਅੱਗੇ ਹੋ ਕੇ ਅਗਵਾਈ ਕਰਨ ਲੱਗੇ ਤੇ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ, ਗੁੰਡਾਗਰਦੀ ਮੁਰਦਾਬਾਦ ਦੇ ਨਾਹਰਿਆਂ ਨਾਲ ਛੋਟਾ ਜਿਹਾ ਜਲੂਸ ਅਗੇ ਵਧਦਾ ਗਿਆ।

ਲਾਅ ਕਾਲਜ ਦੇ ਹੋਸਟਲ ਪਹੁੰਚਣ ਤੱਕ, ਰਾਹ ਵਿੱਚ ਆਉਂਦੇ ਸਾਰੇ ਡਿਪਾਰਟਮੈਂਟਾਂ ਦੇ ਵਿਦਿਆਰਥੀ ਆਪਣੀਆਂ ਕਲਾਸਾਂ ਛੱਡ ਕੇ ਜਲੂਸ ਵਿੱਚ ਆਣ ਜੁੜੇ। ਪੰਜਾਬ ਯੂਨੀਵਰਸਟੀ ਕੈਂਪਸ ਲਾਅ ਕਾਲਜ ਤੋਂ ਹੁੰਦਾ ਹੋਇਆ ਜਲੂਸ ਪੀ.ਜੀ.ਆਈ. ਵਾਲੇ ਪਾਸੇ ਤੋਂ ਗੌਵਰਨਮੈਂਟ ਕਾਲਜ ਵਲ ਨੂੰ ਹੋ ਟੁਰਿਆ। ਸਟੂਡੈਂਟਸ ਯੂਨੀਅਨ ਦੇ ਵਾਲੰਟੀਅਰਾਂ ਨੇ ਪੂਰੇ ਡਿਸਿਪਲਨ ਵਿੱਚ ਜਲੂਸ ਦੀ ਅਗਵਾਈ ਕੀਤੀ, ਖ਼ਾਸ ਕਰ ਕੇ ਕੁੜੀਆਂ ਦੀ ਹਿਫਾਜ਼ਤ ਦਾ ਪ੍ਰਬੰਧ ਬੜੀ ਸੂਝ ਬੂਝ ਨਾਲ ਕੀਤਾ। ਜਲੂਸ ਵਿੱਚ ਇੰਜਨੀਅਰਿੰਗ ਕਾਲਜ ਪਹੁੰਚਣ ਤੱਕ ਕੁੜੀਆ ਦੀ ਗਿਣਤੀ ਕੋਈ 700 ਦੇ ਕਰੀਬ ਸੀ ਤੇ ਪੰਜਾਬ ਅਸੈਂਬਲੀ ਪਹੁੰਚਣ ਤੇ ਜਲੂਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਲਗਭਗ 5000 ਦੇ ਨੇੜੇ ਸੀ। ਗੌਵਰਨਮੈਂਟ ਕਾਲਜ ਤੇ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀ ਆਪਣੀਆਂ ਕਲਾਸਾਂ ਛੱਡ ਕੇ ਜਲੂਸ ਵਿੱਚ ਆਣ ਰਲੇ ਸਨ। ਬਾਬਾ ਸੁਖਚੈਨ ਸਿੰਘ ਤੇ ਇਸ ਦੀ ਟੀਮ ਦੇ ਸਹਿਯੋਗ ਨਾਲ ਆਰਟਸ ਕਾਲਜ ਦੇ ਵਿਦਿਆਰਥੀ ਵੀ ਹੁੰਮ-ਹੁੰਮਾ ਕੇ ਜਲੂਸ



ਵਿੱਚ ਸ਼ਾਮਿਲ ਹੋਏ ਸਨ।

ਆਸਮਾਨ ਤੱਕ ਗੂੰਜਦੇ 'ਸਟੂਡੈਂਟਸ ਯੂਨੀਅਨ ਜ਼ਿੰਦਾਬਾਦ', 'ਗੁੰਡਾਗਰਦੀ ਮੁਰਦਾਬਾਦ' ਦੇ ਨਾਹਰਿਆਂ ਨਾਲ ਪੁਰਅਮਨ ਜਲੂਸ ਪੰਜਾਬ ਅਸੈਂਬਲੀ ਦੇ ਅੱਗੇ ਆਣ ਪਹੁੰਚਿਆ। ਇਥੇ ਪਹੁੰਚ ਕੇ ਵੱਖ ਵੱਖ ਵਿਦਿਆਰਥੀਆਂ ਨੇ ਤਕਰੀਰਾਂ ਕੀਤੀਆਂ ਪਰ ਮੁੱਖ ਬੁਲਾਰਾ, ਚੰਡੀਗੜ ਸਟੂਡੈਂਟਸ ਯੂਨੀਅਨ ਦਾ ਪ੍ਰਧਾਨ, ਦਰਸ਼ਨ ਬਾਗ਼ੀ ਸੀ। ਇਨਾਂ ਦਿਨਾਂ ਵਿੱਚ ਪ੍ਰਤਾਪ ਸਿੰਘ ਕੈਰੋਂ ਅਸਤੀਫਾ ਦੇ ਚੁੱਕਾ ਸੀ ਕਿਉਂਕਿ ਭਾਰਤ ਸਰਕਾਰ ਨੇ ਪ੍ਰਤਾਪ ਸਿੰਘ ਕੈਰੋਂ ਦੀ ਪੜਤਾਲ ਵਾਸਤੇ ਦਾਸ ਕਮਿਸ਼ਨ ਨਿਯੁਕਤ ਕੀਤਾ ਸੀ। ਕਾਮਰੇਡ ਰਾਮ ਕ੍ਰਿਸ਼ਨ ਜਿਹੜਾ ਰਿਕਸ਼ਾ ਯੂਨੀਅਨ ਦਾ ਬੜਾ ਸਰਗਰਮ ਘੁਲਾਟੀਆ ਸੀ, ਉਸ ਨੂੰ ਕੇਂਦਰ ਸਰਕਾਰ ਨੇ ਪੰਜਾਬ ਦਾ ਮੁੱਖ ਮੰਤਰੀ ਥਾਪਿਆ ਸੀ ਤੇ ਦਰਬਾਰਾ ਸਿੰਘ ਹੋਮ ਮਨਿਸਟਰ ਸੀ।

ਤਕਰੀਰਾਂ ਦੇ ਦੌਰ ਤੋਂ ਮਗਰੋਂ ਪੰਜਾਬ ਸਰਕਾਰ ਨੇ ਸਟੂਡੈਂਟਸ ਯੂਨੀਅਨ ਦੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਬੁਲਾਇਆ। ਦਰਸ਼ਨ ਬਾਗ਼ੀ ਦੀ ਅਗਵਾਈ ਵਿੱਚ ਚੰਡੀਗੜ ਸਟੂਡੈਂਟਸ ਯੂਨੀਅਨ ਦੇ ਨੁਮਾਇੰਦੇ ਹੋਮ ਮਨਿਸਟਰ ਦਰਬਾਰਾ ਸਿੰਘ ਨੂੰ, ਉਸ ਦੇ ਦਫਤਰ ਵਿੱਚ ਮਿਲੇ। ਡੈਪੂਟੇਸ਼ਨ ਵਿੱਚ ਹੇਠ ਲਿਖੇ ਵਿਦਿਆਰਥੀ ਸ਼ਾਮਿਲ ਸਨ :

ਦਰਸ਼ਨ ਬਾਗ਼ੀ, ਡੈਲੀਗੇਸ਼ਨ ਦਾ ਮੁਖੀ
ਕ੍ਰਿਸ਼ਨ ਮੁਰਾਰੀ
ਮੋਹਨ ਸਿੰਘ ਬੈਂਸ
ਬਿਕਰਮ ਸਿੰਘ ਗਿਲ
ਕਸ਼ਮੀਰਾ ਸਿੰਘ ਬੁੜੈਲ
ਅਜੀਤ ਸਿੰਘ ਬਾਸੀ
ਰਾਜਿੰਦਰ ਢੀਂਡਸਾ
ਮਨਜੀਤ ਕੌਰ ਬੱਗਾ
ਜਗਜੀਤ ਕੌਰ ਬੱਗਾ

ਸਟੂਡੈਂਟਸ ਯੂਨੀਅਨ ਦੇ ਡੈਪੂਟੇਸ਼ਨ ਨੇ, ਕੁੜੀਆਂ ਦੇ ਹੋਸਟਲ ਵਿੱਚ ਵਾਪਰੀ ਘਟਨਾ ਦੀ ਸਾਰੀ ਕਹਾਣੀ ਵਿਸਥਾਰ ਨਾਲ ਪੇਸ਼ ਕੀਤੀ ਤੇ ਹੋਮ ਮਨਿਸਟਰ ਨੇ ਦੁੱਖ ਪ੍ਰਗਟ ਕੀਤਾ। ਸਟੂਡੈਂਟਸ ਯੂਨੀਅਨ ਨੇ ਹੇਠ ਲਿਖੀਆਂ ਮੰਗਾਂ ਪੇਸ਼ ਕੀਤੀਆਂ :

ਕੁੜੀਆਂ ਦੇ ਹੋਸਟਲ ਵਿੱਚ ਵਾਪਰੀ ਘਟਨਾ ਦੀ ਪੁਲਸ ਰਾਹੀਂ ਪੜਤਾਲ ਕਰਵਾਈ ਜਾਵੇ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ।

ਸ਼ਾਮ ਵੇਲੇ ਪੁਲਸ ਦੀ ਡਿਊਟੀ ਲਾਈ ਜਾਵੇ ਕਿ ਤਿੰਨ-ਚਾਰ ਚੱਕਰ ਹਰ ਰੋਜ

ਕੁੜੀਆਂ ਦੇ ਹੋਸਟਲ ਦੇ ਲਾਏ ਜਾਣ।

ਹੋਮ ਮਨਿਸਟਰ ਨੇ ਤਸੱਲੀ ਤਾਂ ਦਿਤੀ ਪਰ ਇਹ ਭਰੋਸੇਯੋਗ ਤੇ ਤਸੱਲੀ ਬਖ਼ਸ਼ ਨਾ ਹੋ ਕੇ ਸਿਰਫ ਸਿਆਸਤਦਾਨਾਂ ਵਾਲੀ ਕਲਾਬਾਜ਼ੀ ਲਗਦੀ ਸੀ।

ਇਸ ਸਾਰੀ ਹੋਈ ਗੱਲਬਾਤ ਦਾ ਵਿਸਥਾਰ, ਬਾਹਰ ਇੰਤਜ਼ਾਰ ਕਰਦੇ ਵਿਦਿਆਰਥੀਆਂ ਸਾਹਮਣੇ ਵਾਪਸੀ ਤੇ ਡੈਪੂਟੇਸ਼ਨ ਨੇ ਪੇਸ਼ ਕੀਤਾ ਤੇ ਗੁੰਡਾਗਰਦੀ ਵਿਰੁੱਧ ਅੱਗੇ ਸੰਘਰਸ਼ ਕਰਨ ਲਈ ਕਿਹਾ, ਜਲੂਸ ਦੀ ਸਮਾਪਤੀ ਕੀਤੀ ਤੇ ਸਾਰੇ ਵਿਦਿਆਰਥੀਆਂ ਨੂੰ ਵਾਪਸ ਜਾਣ ਦੀ ਬੇਨਤੀ ਕੀਤੀ। ਜਲੂਸ ਬੜਾ ਪੁਰਅਮਨ ਸੀ ਤੇ ਸਮਾਪਤੀ ਵੀ ਪੁਰਅਮਨ ਸੀ।



## ਗੁੰਡਾਗਰਦੀ ਵਿਰੁੱਧ ਭੁੱਖ ਹੜਤਾਲ

ਜਲੂਸ ਦੀ ਸਮਾਮਤੀ ਮਗਰੋਂ ਉਸੇ ਰਾਤ ਸਟੂਡੈਂਟਸ ਯੂਨੀਅਨ ਦੀ ਐਗਜ਼ੈਕਟਿਵ ਦੀ ਮੀਟਿੰਗ 15 ਸੈਕਟਰ ਰਾਜਿੰਦਰ ਢੀਂਡਸੇ ਤੇ ਦਰਸ਼ਨ ਬਾਗ਼ੀ ਦੇ ਕਮਰੇ ਵਿੱਚ ਹੋਈ ਤੇ ਜਲੂਸ ਦੀ ਕਾਰਵਾਈ ਦਾ ਰੀਵਿਊ ਕੀਤਾ ਗਿਆ ਤੇ ਸਰਬਸੰਮਤੀ ਦੀ ਰਾਏ ਸੀ ਕਿ ਸਾਰੇ ਸਾਥੀਆਂ ਨੇ ਬੜੀ ਤਨਦੇਹੀ ਤੇ ਲਗਨ ਨਾਲ ਜਲੂਸ ਵਿੱਚ ਡਸਿਪਲਨ ਰੱਖਿਆ ਤੇ ਖ਼ਾਸ ਕਰਕੇ ਕੁੜੀਆਂ ਦੀ ਹਿਫਾਜ਼ਤ ਦਾ ਪੂਰਾ ਖ਼ਿਆਲ ਰੱਖਿਆ ਗਿਆ। ਇਸ ਸਫ਼ਲਤਾ ਤੇ ਸਾਰੇ ਸਾਥੀਆਂ ਨੂੰ ਮੁਬਾਰਕਬਾਦ ਦਿਤੀ ਗਈ। ਇਸ ਮੁੱਦੇ 'ਤੇ ਵਿਚਾਰ ਕੀਤੀ ਗਈ ਕਿ ਗੁੰਡਾਗਰਦੀ ਵਿਰੁੱਧ ਭੁੱਖ ਹੜਤਾਲ ਕੀਤੀ ਜਾਵੇ ਕਿ ਨਾ ਕੀਤੀ ਜਾਵੇ। ਵਿਚਾਰ ਦੇ ਸਿੱਟੇ ਵਜੋਂ ਆਮ ਰਾਏ ਇਹ ਬਣੀ ਕਿ ਰਾਜਨੀਤਕ ਪੱਖ ਤੋਂ ਭੁੱਖ ਹੜਤਾਲ ਕਰਨ ਦੇ ਹੱਕ ਵਿੱਚ ਬਹੁਸੰਮਤੀ ਸੀ ਤੇ ਫਿਰ ਸੁਆਲ ਇਹ ਖੜਾ ਹੋਇਆ ਕਿ ਭੁੱਖ ਹੜਤਾਲੀਏ ਕੌਣ ਹੋਣ? ਦਰਸ਼ਨ ਬਾਗ਼ੀ ਦੇ ਜਮਾਤੀ ਨੰਦ ਕੁਮਾਰ ਸ਼ਰਮੇ ਦਾ ਪਿਤਾ ਪੰਡਤ ਅਮਰ ਨਾਥ ਸ਼ਰਮਾ ਕਾਂਗਰਸ ਪਾਰਟੀ ਦਾ ਐਮ.ਐਲ.ਏ. ਸੀ ਤੇ ਮਤਾ ਇਹ ਪਾਸ ਹੋਇਆ ਕਿ ਦਰਸ਼ਨ ਬਾਗ਼ੀ, ਨੰਦ ਕੁਮਾਰ ਨੂੰ ਭੁੱਖ ਹੜਤਾਲ ਤੇ ਬੈਠਣ ਲਈ ਰਜ਼ਾਮੰਦ ਕਰਵਾਏ। ਦਰਸ਼ਨ ਬਾਗ਼ੀ ਤੇ ਨੰਦ ਕੁਮਾਰ ਦੀ ਆਪਸ ਵਿੱਚ ਚੰਗੀ ਬਣਦੀ ਸੀ। ਅਗਲੇ ਦਿਨ ਜਦੋਂ ਦਰਸ਼ਨ ਬਾਗ਼ੀ ਨੇ ਨੰਦ ਕੁਮਾਰ ਸ਼ਰਮਾ ਅੱਗੇ ਭੁੱਖ ਹੜਤਾਲ ਦਾ ਸੁਝਾਅ ਰੱਖਿਆ ਤਾਂ ਨੰਦ ਕੁਮਾਰ ਸ਼ਰਮਾ ਨੇ ਤੁਰਤ ਹੀ ਇਹ ਡਿਊਟੀ ਸਿਰ ਮੱਥੇ ਪਰਵਾਨ ਕੀਤੀ। ਦੂਜਾ ਭੁੱਖ ਹੜਤਾਲੀ ਸੀ ਸਾਥੀ ਬਚਨ ਲਾਲ ਜਿਹੜਾ ਵਕਾਲਤ ਦਾ ਵਿਦਿਆਰਥੀ ਸੀ। ਬਚਨ ਲਾਲ ਯੂਨੀਅਨ ਦੀ ਐਗਜ਼ੈਕਟਿਵ ਦਾ ਮੈਂਬਰ ਸੀ ਤੇ ਬਚਨ ਲਾਲ ਨੇ ਆਪਣੇ ਆਪ ਨੂੰ ਭੁੱਖ ਹੜਤਾਲ ਤੇ ਬੈਠਣ ਲਈ ਪੇਸ਼ ਕੀਤਾ ਸੀ। ਨੰਦ ਕੁਮਾਰ ਸ਼ਰਮਾ ਦੀ ਚੋਣ ਇਸ ਕਰਕੇ ਕੀਤੀ ਗਈ ਕਿ ਇਸ ਦੇ ਭੁੱਖ ਹੜਤਾਲ ਤੇ ਬੈਠਣ ਨਾਲ ਸਿਆਸੀ ਦਾਇਰੇ ਵਿੱਚ ਕਾਫ਼ੀ ਪਬਲੀਸਿਟੀ ਹੋਵੇਗੀ। ਤੀਜਾ ਫੈਸਲਾ ਇਹ ਕੀਤਾ ਗਿਆ ਕਿ ਇਕ ਪੋਸਟਰ ਕੱਢਿਆ ਜਾਵੇ ਜਿਸ ਨੂੰ ਚੰਡੀਗੜ੍ਹ ਦੇ ਸਾਰੇ ਕਾਲਜਾਂ ਵਿੱਚ ਵੰਡਿਆ ਜਾਵੇ ਜਿਸ ਵਿੱਚ ਨਿਕਲੇ ਜਲੂਸ ਦੀ ਸਫ਼ਲਤਾ ਤੇ ਭੁੱਖ ਹੜਤਾਲ ਬਾਰੇ ਲਿਖਿਆ ਜਾਵੇ, ਖ਼ਾਸ ਕਰ ਕੇ ਇਹ ਹਵਾਲਾ ਦਿਤਾ ਜਾਵੇ ਕਿ ਪੰਡਤ ਅਮਰ ਨਾਥ ਸ਼ਰਮਾ ਐਮ. ਐਲ. ਏ. ਕਾਂਗਰਸ ਪਾਰਟੀ ਦਾ ਪੁੱਤਰ ਨੰਦ

ਕੁਮਾਰ ਸ਼ਰਮਾ ਗੁੰਡਾਗਰਦੀ ਵਿਰੁੱਧ ਸਾਥੀ ਬਚਨ ਲਾਲ ਨਾਲ 16 ਸੈਕਟਰ ਵਿੱਚ ਭੁੱਖ ਹੜਤਾਲ 'ਤੇ ਬੈਠਾ ਹੈ।

ਅਗਲੇ ਦਿਨ 16 ਸੈਕਟਰ ਦੀ ਮਾਰਕੀਟ ਵਿੱਚ ਅੰਬਾਂ ਦੇ ਹੇਠ ਗੁੰਡਾਗਰਦੀ ਵਿਰੁੱਧ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਨੰਦ ਕੁਮਾਰ ਸ਼ਰਮਾ ਤੇ ਬਚਨ ਲਾਲ ਭੁੱਖ ਹੜਤਾਲ ਤੇ ਆਣ ਬੈਠੇ। ਚੰਡੀਗੜ੍ਹ ਸਟੂਡੈਂਟਸ ਯੂਨੀਅਨ ਨੇ ਵੱਡੇ-ਵੱਡੇ ਪੋਸਟਰ ਛਪਵਾ ਕੇ ਯੂਨੀਵਰਸਟੀ ਕੈਂਪਸ ਤੇ ਬਾਕੀ ਕਾਲਜਾਂ ਵਿੱਚ ਤੇ 16 ਸੈਕਟਰ ਦੀ ਮਾਰਕੀਟ ਵਿੱਚ ਲਾਏ। ਅਖ਼ਬਾਰਾਂ ਨੇ ਜਲੂਸ ਤੇ ਭੁੱਖ ਹੜਤਾਲ ਦੀਆਂ ਸੁਰਖੀਆਂ ਛਾਪੀਆਂ। ਪੰਡਤ ਅਮਰ ਨਾਥ ਸ਼ਰਮਾ 6-7 ਐਮ. ਐਲ. ਏ. ਨਾਲ ਲੈ ਕੇ ਭੁੱਖ ਹੜਤਾਲੀਆਂ ਨੂੰ ਮਿਲਣ ਲਈ ਆਇਆ ਤੇ ਇਹ ਖ਼ਬਰ ਵੀ ਵਡੀ ਸੁਰਖ਼ੀ ਤੇ ਫੋਟੋਆਂ ਨਾਲ ਅਖ਼ਬਾਰਾਂ ਵਿੱਚ ਛਪੀ।

ਇਸ ਜਲੂਸ ਤੇ ਭੁੱਖ ਹੜਤਾਲ ਮਗਰੋਂ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਨੇ ਗੁੰਡਾਗਰਦੀ ਵਿਰੁੱਧ ਸੰਘਰਸ਼ ਨੂੰ ਪੋਸਟਰਾਂ ਰਾਹੀਂ ਚਾਲੂ ਰਖਿਆ। ਇਕ ਪੋਸਟਰ ਰਾਹੀਂ, ਸਟੂਡੈਂਟਸ ਯੂਨੀਅਨ ਨੇ ਜਿਹੜਾ ਪੰਜਾਬ ਯੂਨੀਵਰਸਟੀ ਕੈਂਪਸ, ਸਰਕਾਰੀ ਕਾਲਜ, ਆਰਟਸ ਕਾਲਜ ਤੇ ਡੀ.ਏ.ਵੀ. ਕਾਲਜ ਵਿੱਚ ਵੰਡਿਆ ਗਿਆ ਸੀ, ਚੰਡੀਗੜ੍ਹ ਦੇ ਵਿਦਿਆਰਥੀਆਂ ਨੂੰ ਗੁੰਡਾਗਰਦੀ ਵਿਰੁੱਧ ਸੰਘਰਸ਼ ਕਰਨ ਦੀ ਮੁਬਾਰਕਬਾਦ ਦਿੱਤੀ ਤੇ ਅਗੋਂ ਨੂੰ ਵੀ ਸਾਂਝੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।



## ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ

ਗੁੰਡਾਗਰਦੀ ਵਿਰੁਧ ਜਲੂਸ ਤੇ ਭੁੱਖ ਹੜਤਾਲ ਦੀ ਸਫ਼ਲਤਾ ਮਗਰੋਂ ਯੂਨੀਅਨ ਦੀ ਐਗਜ਼ੈਕਟਿਵ ਦੀ ਮੀਟਿੰਗ ਸੱਦੀ ਗਈ ਤੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਜਲੂਸ ਤੇ ਭੁੱਖ ਹੜਤਾਲ ਬੜੇ ਸਫ਼ਲ ਰਹੇ ਤੇ ਖ਼ਾਸ ਕਰਕੇ ਮਨਜੀਤ ਬੱਗਾ ਤੇ ਜਗਜੀਤ ਬੱਗਾ ਦੀ ਹਿੰਮਤ ਤੇ ਪੂਰੀ ਸਰਗਰਮੀ ਦਾ ਪ੍ਰਗਟਾ ਕਰਨ ਤੇ ਕੁੜੀਆਂ ਨੂੰ ਜਥੇਬੰਦ ਕਰਕੇ ਜਲੂਸ ਵਿੱਚ ਲਿਆਉਣ ਦੀ ਸਫ਼ਲਤਾ ਦੀ ਸ਼ਲਾਘਾ ਕੀਤੀ ਗਈ।

ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ ਕੀਤੀ ਜਾਵੇ ਤੇ ਇਸ ਕਾਨਫੰਰਸ ਦੀ ਪ੍ਰਧਾਨਗੀ ਕਰਨ ਲਈ ਪੰਜਾਬ ਯੂਨੀਵਰਸਟੀ ਦੇ ਡੀਨ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਨੂੰ ਬੇਨਤੀ ਕੀਤੀ ਜਾਵੇ। ਇਸ ਵਿਸ਼ੇ ਤੇ ਅਚਾਰੀਆ ਜੀ ਨੂੰ ਮਿਲਣ ਲਈ ਹੇਠ ਲਿਖੇ 6 ਵਿਦਿਆਰਥੀਆਂ ਨੂੰ ਜ਼ੁੰਮੇਵਾਰੀ ਸੌਂਪੀ ਗਈ।

ਕ੍ਰਿਸ਼ਨ ਮੁਰਾਰੀ
ਦਰਸ਼ਨ ਬਾਗ਼ੀ
ਰਾਜਿੰਦਰ ਢੀਂਡਸਾ
ਬਚਨ ਲਾਲ
ਕਸ਼ਮੀਰਾ ਸਿੰਘ
ਮਨਜੀਤ ਕੌਰ ਬੱਗਾ

ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਨੇ ਬੜੀ ਖ਼ੁਸ਼ੀ ਤੇ ਪ੍ਰਸੰਨਤਾ ਪ੍ਰਗਟ ਕੀਤੀ ਜਦੋਂ ਉਨ੍ਹਾਂ ਨੂੰ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਦੀ ਬੇਨਤੀ ਕੀਤੀ ਗਈ। ਉਨ੍ਹਾਂ ਨੇ ਪ੍ਰਧਾਨਗੀ ਕਰਨ ਦੀ ਪਰਵਾਨਗੀ ਦੇ ਦਿੱਤੀ।

### *ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ*

ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਪੰਜਾਬ ਯੂਨੀਵਰਸਟੀ ਵਿੱਚ ਹਿੰਦੀ ਡਿਪਾਰਟਮੈਂਟ ਦੇ ਮੁਖੀ ਸਨ ਤੇ ਓਨਾਂ ਦਿਨਾਂ ਵਿੱਚ ਓਹ ਡੀਨ ਦੀ ਪਦਵੀ 'ਤੇ ਸਨ। ਆਚਾਰੀਆ ਜੀ ਬਾਰੇ ਕਿਹਾ ਜਾਂਦਾ ਹੈ ਕਿ ਆਪਣੀ ਭਰ ਜੁਆਨੀ ਵੇਲੇ ਉਹ

ਬਨਾਰਸ ਯੂਨੀਵਰਸਟੀ ਵਿੱਚ ਹਿੰਦੀ ਪੜ੍ਹਾਇਆ ਕਰਦੇ ਸਨ। ਇਕ ਸਾਲ ਸਟੂਡੈਂਟਸ ਯੂਨੀਅਨ ਨੇ ਆਪਣੇ ਹੱਕਾਂ ਤੇ ਮੰਗਾਂ ਦੇ ਹੱਕ ਵਿੱਚ ਹੜਤਾਲ ਕਰ ਦਿੱਤੀ ਤੇ ਜਲੂਸ ਦੇ ਰੂਪ ਵਿੱਚ, ਵਿਦਿਆਰਥੀ ਬਨਾਰਸ ਯੂਨੀਵਰਸਟੀ ਵਿੱਚ ਨਾਹਰੇ ਮਾਰਦੇ ਹੋਏ, ਰੋਹ ਵਿੱਚ ਅੱਗੇ ਵਧ ਰਹੇ ਸਨ। ਇਸ ਵੇਲੇ ਪੁਲਸ ਨੇ ਵਿਦਿਆਰਥੀਆਂ ਦਾ ਜਲੂਸ ਅੱਗੇ ਜਾਣ ਤੋਂ ਰੋਕ ਦਿੱਤਾ ਪਰ ਵਿਦਿਆਰਥੀ ਅੱਗੇ ਜਾਣ ਤੇ ਬਜ਼ਿਦ ਹੋ ਗਏ। ਮੌਕੇ ਤੇ ਹਾਜ਼ਰ ਮੈਜਿਸਟਰੇਟ ਨੇ ਪੁਲਸ ਨੂੰ ਲਾਠੀਚਾਰਜ ਦਾ ਆਰਡਰ ਦੇ ਦਿਤਾ। ਪੁਲਸ ਨੇ ਬੜੀ ਬੇਰਹਿਮੀ ਨਾਲ ਅੱਗੇ ਵਧ ਰ੍ਹਹੇ ਵਿਦਿਆਰਥੀਆਂ ਨੂੰ ਲਹੂ-ਲੁਹਾਨ ਕਰ ਦਿੱਤਾ। ਬਹੁਤ ਸਾਰੇ ਵਿਦਿਆਰਥੀ ਲਹੂ ਵਿੱਚ ਲੱਥ ਪੱਥ ਸੜਕਾਂ ਤੇ ਪਏ ਸਨ। ਕਿਹਾ ਜਾਂਦੈ ਕਿ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਨੇ ਜਦੋਂ ਆਪਣੇ ਦਫਤਰ ਦੀ ਖਿੜਕੀ ਵਿੱਚੋਂ ਵੇਖਿਆ ਤਾਂ ਉਸ ਤੋਂ ਸਹਾਰ ਨਾ ਹੋਇਆ ਤੇ ਉਹ ਛਾਲ ਮਾਰ ਕੇ ਆਪਣੇ ਦਫਤਰੋਂ ਬਾਹਰ ਨਿਕਲਿਆ ਤੇ ਲਹੂ ਵਿੱਚ ਲੱਥ-ਪੱਥ ਹੋਏ ਵਿਦਿਆਰਥੀਆਂ ਨੂੰ ਆਪਣੇ ਮੋਢਿਆਂ ਤੇ ਚੁੱਕ-ਚੁੱਕ ਕੇ ਸੁਰੱਖਿਅਤ ਥਾਂ ਤੇ ਉਤਾਰਦਾ ਗਿਆ ਤੇ ਇਸ ਕਾਰਜ ਵਿੱਚ ਅਚਾਰੀਆ ਜੀ ਦੇ ਕੱਪੜੇ ਲਹੂ ਨਾਲ ਲਿਬੜੇ ਪਏ ਸਨ, ਪਰ ਓਨਾਂ ਬਹੁਤ ਸਾਰੇ ਜ਼ਖ਼ਮੀ ਵਿਦਿਆਰਥੀਆਂ ਦੀਆਂ ਜਾਨਾਂ ਬਚਾਈਆਂ। ਜ਼ਖ਼ਮੀ ਵਿਦਿਆਰਥੀਆਂ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਸੁਰੱਖਿਅਤ ਥਾਂ ਤੇ ਲਿਜਾਣ ਕਰਕੇ ਬਨਾਰਸ ਯੂਨੀਵਰਸਟੀ ਨੇ ਅਚਾਰੀਆ ਜੀ ਦੀ ਜੁਆਬ ਤਲਬੀ ਕੀਤੀ।

ਹੁਣ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਬ੍ਰਿਧ ਸਨ, ਉਚਾ ਲੰਮਾ ਕਦ ਕਾਠ, ਓਵੇਂ ਹੀ ਲਗਪਗ 10-11 ਵਜੇ ਸਵੇਰੇ, ਚਿੱਟੀ ਧੋਤੀ ਬੰਨੀ, ਖੁੱਲੀ ਰੇਸ਼ਮੀ ਕਮੀਜ਼ ਪਾਈ, ਮੋਢ੍ਹੇ 'ਤੇ ਤਹਿ ਕੀਤੀ ਸ਼ਾਲ ਰੱਖੀ, ਯੂਨੀਵਰਸਟੀ ਕੁਆਟਰਾਂ ਤੋਂ ਡਿਪਾਰਟਮੈਂਟ ਨੂੰ ਜਾਂਦੀ ਫੁੱਟਪਾਥ ਤੇ, ਹੱਥ ਵਿੱਚ ਦੰਦਖਾਨ ਦੇ ਦਸਤੇ ਵਾਲੀ ਖੂੰਡੀ, ਆਪਣੀ ਮਸਤ ਚਾਲ ਵਿੱਚ, ਉੱਚੇ ਲੰਮੇ ਪਾਪੂਲਸ ਦੇ ਬ੍ਰਿਖਾਂ ਦੇ ਨਾਲ ਨਾਲ, ਖੂੰਡੀ ਦੀ ਰੁਮਾਂਟਿਕ ਟਕ ਟਕ ਦੀ ਆਵਾਜ਼ ਨਾਲ ਅਚਾਰੀਆ ਜੀ ਇਸ ਤਰਾਂ ਜਾਪਦੇ ਸਨ ਜਿਵੇਂ ਕੋਈ ਫਰਿਸ਼ਤਾ ਅਕਾਸ਼ ਤੋਂ ਧਰਤੀ ਉਤੇ ਉੱਤਰ ਆਇਆ ਹੋਵੇ ਤੇ ਪਾਪੂਲਸ ਦੇ ਬ੍ਰਿਖਾਂ ਵਿੱਚ ਦੀ ਹੁੰਦਾ ਹੋਇਆ ਇਸ ਪ੍ਰਕਿਰਤੀ ਦੀ ਖ਼ੂਬਸੂਰਤੀ ਦੇ ਜੋਬਨ ਨੂੰ ਮਾਣਦਾ ਹੋਇਆ, ਰਾਹ ਨੂੰ ਰੁਸ਼ਨਾਉਂਦਾ ਹੋਇਆ ਅੱਗੇ ਜਾ ਰਿਹਾ ਹੋਵੇ।

ਅਚਾਰੀਆ ਜੀ, ਹਿੰਦੀ ਦੇ ਬਹੁਤ ਮਹਾਨ ਵਿਦਵਾਨ ਸਨ, ਓਨਾਂ ਵਿੱਚ ਮਨੁਖੀ ਪਿਆਰ ਤੇ ਆਦਰ ਬੇਮਿਸਾਲ ਸੀ। ਓਨਾਂ ਦਿਨਾਂ ਵਿੱਚ ਓਹ ਪੰਜਾਬ ਯੂਨਵਿਰਸਟੀ ਵਿੱਚ ਡੀਨ ਦੀ ਪਦਵੀ ਤੇ ਬਿਰਾਜਮਾਨ ਸਨ ਤੇ ਵਿਦਿਆਰਥੀਆਂ ਲਈ, ਓਨਾਂ ਦੇ ਦਫਤਰ ਦਾ ਦਰਵਾਜ਼ਾ ਹਮੇਸ਼ਾ ਖੁੱਲਾ ਹੁੰਦਾ ਸੀ। ਮਿਲਣ ਲਈ,



ਕਿਸੇ ਅਪੁਆਂਇੰਟਮੈਂਟ ਦੀ ਲੋੜ ਨਹੀਂ ਸੀ ਹੁੰਦੀ। ਜਿਵੇਂ ਕਿਹਾ ਗਿਆ ਹੈ ਕਿ ਜਦੋਂ ਸਟੂਡੈਂਟਸ ਯੂਨੀਅਨ ਦੇ ਵਫਦ ਨੇ ਅਚਾਰੀਆ ਜੀ ਨੂੰ ਕਾਨਫਰੰਸ ਦੀ ਪ੍ਰਧਾਨਗੀ ਕਰਨ ਦੀ ਬੇਨਤੀ ਕੀਤੀ ਤਾਂ ਓਨਾਂ ਨੇ ਖਿੜੇ ਮੱਥੇ ਕਾਨਫਰੰਸ ਦੀ ਪ੍ਰਧਾਨਗੀ ਕਰਨ ਦੀ ਬੇਨਤੀ ਪਰਵਾਨ ਕੀਤੀ।

ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਪਹਿਲੀ ਕਾਨਫਰੰਸ ਲਈ ਸੈਕਟਰ 22, ਚੰਡੀਗੜ ਵਿੱਚ, ਗੌਵਰਨਮੈਂਟ ਸਕੂਲ ਦਾ ਹਾਲ ਲਿਆ ਗਿਆ ਸੀ। ਇਸ ਕਾਨਫਰੰਸ ਵਿੱਚ ਚੰਡੀਗੜ ਦੇ ਕਾਲਜਾਂ ਤੇ ਯੂਨੀਵਸਰਟੀ ਤੋਂ ਕੋਈ 400 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਕਾਨਫਰੰਸ ਵਿੱਚ ਹੇਠ ਲਿਖੇ ਮੁੱਖ ਬੁਲਾਰੇ ਸਨ :

ਕ੍ਰਿਸ਼ਨ ਮੁਰਾਰੀ
ਦਰਸ਼ਨ ਬਾਗੀ
ਕਸ਼ਮੀਰਾ ਸਿੰਘ
ਬਚਨ ਲਾਲ
ਗੰਗਾ ਰਾਮ
ਅਜੀਤ ਸਿੰਘ ਬਾਸੀ ਤੇ
ਮਨਜੀਤ ਕੌਰ ਬੱਗਾ

ਇਨਾਂ ਮੁੱਖ ਬੁਲਾਰਿਆਂ ਨੇ ਵਿਦਿਆਰਥੀਆਂ ਦੀਆਂ ਮੰਗਾਂ, ਖ਼ਾਸ ਕਰਕੇ, ਵਧ ਰਹੀਆਂ ਫੀਸਾਂ, ਕਿਤਾਬਾਂ ਦੀਆਂ ਕੀਮਤਾਂ ਤੇ ਹੋਰ ਵਿੱਦਿਅਕ ਖ਼ਰਚਿਆਂ ਅਤੇ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ ਦੀ ਘਾਟ ਦੇ ਪੁਰਜ਼ੋਰ ਹਵਾਲੇ ਦਿੱਤੇ। ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ ਪੜ੍ਹਾਈ ਮੁਫਤ ਹੋਣੀ ਚਾਹੀਦੀ ਹੈ। ਪੱਛੜੀਆਂ ਸ਼੍ਰੇਣੀਆਂ, ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨ ਪਰਿਵਾਰਾਂ ਦੇ ਬੱਚ੍ਹਿਆਂ ਲਈ ਪੰਜਾਬ ਸਰਕਾਰ ਨੂੰ ਢੁੱਕਵੇਂ ਵਜ਼ੀਫੇ ਦੇਣੇ ਚਾਹੀਦੇ ਹਨ। ਮੁੱਖ ਬੁਲਾਰਿਆਂ ਨੇ ਦੇਸ਼ ਵਿੱਚ ਰਿਸ਼ਵਤਖ਼ੋਰੀ, ਕੁਨਬਾ ਪਰਵਰੀ ਤੇ ਵਧ ਰਹੀ ਗ਼ਰੀਬੀ ਵੱਲ ਧਿਆਨ ਦੁਆਉਂਦਿਆਂ ਵਿਦਿਆਰਥੀਆਂ ਨੂੰ ਵਧ ਚੜ ਕੇ ਦੇਸ਼ ਦੀ ਰਾਜਨੀਤੀ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ।

ਕਾਨਫਰੰਸ ਦੇ ਪ੍ਰਧਾਨਗੀ ਭਾਸ਼ਨ ਵਿੱਚ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਨੇ ਖੁਲੇ ਆਮ ਦੇਸ਼ ਦੇ ਰਾਜਸੀ ਢਾਂਚੇ ਵਿਚਲੀ ਕੁਰੱਪਸ਼ਨ, ਰਿਸ਼ਵਤਖ਼ੋਰੀ, ਮੌਕਾਪ੍ਰਸਤੀ, ਕੁਨਬਾ ਪਰਵਰੀ ਵਰਗੇ ਕਲੰਕਾਂ ਦਾ ਜ਼ਿਕਰ ਕਰਦਿਆਂ ਹੋਇਆਂ ਵਿਦਿਆਰਥੀਆਂ ਨੂੰ, ਖ਼ਾਸ ਕਰ ਕੇ ਯੂਨੀਵਰਸਟੀਆਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ, ਵੰਗਾਰਿਆ ਕਿ ਓਹ ਦੇਸ਼ ਦੀ ਰਾਜਨੀਤੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਤੇ ਦੇਸ਼ ਵਿੱਚੋਂ ਇਨਾਂ ਕਲੰਕਾਂ ਦਾ ਨਾਸ਼ ਕਰਨ।

ਅਚਾਰੀਆ ਜੀ ਨੇ ਪੁਰਜ਼ੋਰ ਸ਼ਬਦਾਂ ਵਿੱਚ ਕਿਹਾ, "ਕਿ ਜੱਬ ਚਿਲਮ ਮੇਂ ਤੰਮਾਕੂ ਜਲ ਜਾਤਾ ਹੈ, ਤੱਬ ਉਸ ਵੱਕਤ ਚਿਲਮ ਉਲਟ ਦੀ ਜਾਤੀ ਹੈ। ਇਸੀ ਤਰੇ ਭਾਰਤਵਰਸ਼ ਕੀ ਰਾਜਸੀ ਅਵਸਥਾ ਕੀ ਚਿਲਮ ਕਾ ਤਮਾਕੂ ਜਲ ਚੁਕਾ ਹੈ। ਅਬ ਸਮਾਂ ਆ ਗਿਆ ਹੈ ਕਿ ਜਲੀ ਹੋਈ ਚਿਲਮ ਕੋ ਉਲਟ ਦੀਆ ਜਾਏ। ਅਬ ਯੇ ਨੌਜੁਆਨੋ ਕਾ ਫਰਜ਼ ਹੈ ਕਿ ਮਿਲ ਕਰ ਇਸ ਜਲ ਚੁਕੀ ਚਿਲਮ ਕੋ ਉਲਟ ਦੇਂ ਫਿਰ ਨਏ ਤਮਾਕੂ ਸੇ ਫਿਰ ਇਸ ਚਿਲਮ ਕੋ ਜਲਤੀ ਕਰੇਂ।"

ਸਾਰਾ ਹਾਲ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਜ਼ਿੰਦਾਬਾਦ, ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠਿਆ। ਇਸ ਕਾਨਫਰੰਸ ਵਿੱਚ ਹੇਠ ਲਿਖੇ ਮਤੇ ਪਾਸ ਕੀਤੇ ਗਏ :

1. ਪੰਜਾਬ ਯੂਨੀਵਰਸਟੀ ਕੈਂਪਸ ਤੇ ਓਨਾਂ ਸਾਰੇ ਕਾਲਜਾਂ ਵਿੱਚ ਜਿਹੜੇ ਵੀ ਪੰਜਾਬ ਯੂਨੀਵਰਸਟੀ ਨਾਲ ਅਫਲਿਏਟ ਹਨ, ਚੁਣੀ ਹੋਈ ਸਟੂਡੈਂਟਸ ਯੂਨੀਅਨ ਨੂੰ ਮਾਨਤਾ ਦਿੱਤੀ ਜਾਵੇ।
2. ਯੂਨੀਵਰਸਟੀ ਤੇ ਕਾਲਜਾਂ ਵਿੱਚ ਫੀਸਾਂ ਘੱਟ ਕੀਤੀਆਂ ਜਾਣ। ਗ਼ਰੀਬ ਵਿਦਿਆਰਥੀਆਂ ਦੀਆਂ ਫੀਸਾਂ ਮਾਫ ਕੀਤੀਆਂ ਜਾਣ।
3. ਗ਼ਰੀਬ ਵਿਦਿਆਰਥੀਆਂ ਖ਼ਾਸ ਕਰਕੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਕੋਰਸ ਦੀਆਂ ਕਿਤਾਬਾਂ ਮੁਫ਼ਤ ਦਿੱਤੀਆਂ ਜਾਣ।
4. ਪੜਾਈ ਦੇ ਕੋਰਸ ਕੌਮੀ ਨਜ਼ਰੀਏ ਤੋਂ ਤਿਆਰ ਕਰਵਾਕੇ ਪੜਾਏ ਜਾਣ।
5. ਗ਼ਰੀਬ ਤੇ ਖ਼ਾਸ ਕਰ ਕੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਲਾਏ ਜਾਣ ਤਾਂਕਿ ਇਨਾਂ ਵਿੱਚ ਉੱਚ ਵਿਦਿਆ ਦਾ ਉਤਸ਼ਾਹ ਵਧ ਸਕੇ।

ਇਹ ਸਾਰੇ ਮਤੇ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਪਾਸ ਕੀਤੇ ਗਏ। ਕਾਨਫਰੰਸ ਦੀ ਸਮਾਪਤੀ ਮਗਰੋਂ, ਕਾਨਫਰੰਸ ਦੀ ਸਾਰੀ ਕਾਰਵਾਈ ਦਾ ਵਿਸਥਾਰ ਬਿਆਨ ਕਰ ਕੇ, ਇਹ ਸਾਰੀ ਰਿਪੋਰਟ ਛਾਪ ਕੇ ਯੂਨੀਵਰਸਟੀ ਕੈਂਪਸ ਤੇ ਚੰਡੀਗੜ ਦੇ ਸਾਰੇ ਕਾਲਜਾਂ ਵਿੱਚ ਵੰਡੀ ਗਈ।



## ਐਗਰੀਕਲਚਰ ਯੂਨੀਵਰਸਟੀ ਦੇ ਵਿਦਿਆਰਥੀਆਂ ਦੀ ਹੜਤਾਲ ਤੇ ਚੰਡੀਗੜ ਸਟੂਡੈਂਟਸ ਯੂਨੀਅਨ ਦਾ ਯੋਗਦਾਨ

ਪੰਜਾਬ ਐਗਰੀਕਲਚਰ ਯੂਨੀਵਰਸਟੀ (ਪੀ.ਏ.ਯੂ.) ਲੁਧਿਆਣਾ ਦੇ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਦੇ ਅਧਾਰ 'ਤੇ ਹੜਤਾਲ ਕੀਤੀ ਹੋਈ ਸੀ। ਸਾਰੀ ਯੂਨੀਵਰਸਟੀ ਬੰਦ ਪਈ ਸੀ ਪਰ ਅਧਿਕਾਰੀਆਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ।

ਇਸ ਮਸਲੇ ਤੇ ਚੰਡੀਗੜ ਸਟੂਡੈਂਟਸ ਯੂਨੀਅਨ ਦੀ ਐਗਜ਼ੇਕਟਿਵ ਦੀ ਮੀਟਿੰਗ ਕੀਤੀ ਤੇ ਵਿਚਾਰ ਕੀਤੀ ਤੇ ਫੈਸਲਾ ਹੋਇਆ ਕਿ ਚੰਡੀਗੜ ਸਟੂਡੈਂਟਸ ਯੂਨੀਅਨ ਦਾ ਇਕ ਯੂਨਿਟ ਲੁਧਿਆਣੇ ਜਾਵੇ ਅਤੇ ਹੜਤਾਲੀ ਵਿਦਿਆਰਥੀਆਂ ਦੀ ਮਦਦ ਕਰੇ। ਇਸ ਫੈਸਲੇ ਦੇ ਅਨੁਸਾਰ ਚੰਡੀਗੜ੍ਹ ਤੋਂ 6-7 ਵਿਦਿਆਰਥੀ ਜਿਨਾਂ ਵਿੱਚ ਕ੍ਰਿਸ਼ਨ ਮੁਰਾਰੀ, ਦਰਸ਼ਨ ਬਾਗ਼ੀ, ਆਰਟਸ ਕਾਲਜ ਤੋਂ ਸੁਖਚੈਨ ਸਿੰਘ, ਬਚਨ ਲਾਲ, ਬਿਕਰਮ ਸਿੰਘ ਗਿੱਲ ਆਦਿ ਸਨ, ਲੁਧਿਆਣੇ ਪਹੁੰਚ ਗਏ। ਚੰਡੀਗੜ ਸਟੂਡੈਂਟਸ ਯੂਨੀਅਨ ਦੇ ਯੂਨਿਟ ਨੇ ਪੰਜਾਬ ਐਗਰੀਕਲਚਰ ਯੂਨੀਵਰਸਟੀ (ਪੀ.ਏ.ਯੂ.) ਦੇ ਨੇੜੇ ਇਕ ਕੋਠੀ ਕਿਰਾਏ 'ਤੇ ਲੈ ਲਈ ਰਹਿਣ ਵਾਸਤੇ। ਹੜਤਾਲੀ ਆਗੂਆਂ ਨਾਲ ਸੰਪਰਕ ਪੈਦਾ ਕਰ ਕੇ ਹੋਸਟਲਾਂ ਵਿੱਚ ਵਿਦਿਆਰਥੀਆਂ ਦੀਆਂ ਮੀਟਿੰਗਾਂ ਕਰਨੀਆਂ ਸ਼ੁਰੂ ਕੀਤੀਆਂ। ਹੋਸਟਲਾਂ ਦੇ ਇਕੱਲੇ ਇਕੱਲੇ ਕਮਰਿਆਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਇੱਕ ਮੁੱਠ ਰਹਿ ਕੇ ਹੜਤਾਲ ਦੀ ਤਾਕਤ ਬਣੇ ਰਹਿਣ ਦੀ ਪਰੇਰਨਾ ਦਿੱਤੀ। ਪੋਸਟਰਾਂ ਤੇ ਪੈਂਫਲਿਟਾਂ ਰਾਹੀਂ ਵਿਦਿਆਰਥੀਆਂ ਦੀਆਂ ਮੰਗਾਂ ਦਾ ਪ੍ਰਚਾਰ ਕੀਤਾ।

ਯੂਨੀਵਰਸਟੀ ਦੇ ਮੁੱਖ ਗੇਟ ਤੇ ਸੜਕ ਦੇ ਦੂਜੇ ਪਾਸੇ, ਪੰਜਾਬ ਐਗਰੀਕਲਚਰ ਯੂਨੀਵਰਸਟੀ ਸਟੂਡੈਂਟਸ ਯੂਨੀਅਨ ਨੇ ਪਹਿਲਾਂ ਹੀ ਵਡਾ ਤੰਬੂ ਗੱਡ ਰੱਖਿਆ ਸੀ। ਚੰਡੀਗੜ੍ਹ ਦੇ ਯੂਨਿਟ ਦੇ ਆਉਣ ਤੋਂ ਮਗਰੋਂ ਪੰਜਾਬ ਐਗਰੀਕਲਚਰ ਯੂਨਵਿਰਸਟੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਰਮਜੀਤ ਸਿੰਘ ਤੇ ਚੰਡੀਗੜ ਸਟੂਡੈਂਟਸ ਯੂਨੀਅਨ ਦੇ ਮੀਤ ਪ੍ਰਧਾਨ ਸੁਖਚੈਨ ਸਿੰਘ ਭੁੱਖ ਹੜਤਾਲ 'ਤੇ ਬੈਠ ਗਏ। ਇਹ ਭੁੱਖ ਹੜਤਾਲ ਪੂਰੇ 7 ਦਿਨ ਚਲਦੀ ਰਹੀ। ਯੂਨੀਵਰਸਟੀ ਅਧਿਕਾਰੀਆਂ ਨੇ ਸਾਰੇ ਹੋਸਟਲ ਜਬਰੀ ਖ਼ਾਲੀ ਕਰਵਾ ਦਿੱਤੇ ਤੇ ਯੂਨੀਵਰਸਟੀ ਬੰਦ ਕਰ ਦਿਤੀ ਗਈ। ਪੂਰੀ ਕੋਸ਼ਿਸ਼ ਤੇ

ਐਜੀਟੇਸ਼ਨ ਦੇ ਉਪਰੰਤ ਵਿਦਿਆਰਥੀਆਂ ਵਿੱਚ ਹੜਤਾਲ ਖਿੰਡਣ ਲਗ ਪਈ। ਵਿਦਿਆਰਥੀ ਆਪਣੇ ਕਮਰੇ ਖ਼ਾਲੀ ਕਰ ਕੇ ਆਪਣੇ ਪਿੰਡਾਂ ਨੂੰ ਜਾਣ ਲਗ ਪਏ ਸਨ। ਅਧਿਕਾਰੀਆਂ ਨੇ ਹੋਸਟਲ ਤੇ ਕਿਚਨ ਸਭ ਬੰਦ ਕਰ ਦਿਤੇ ਸਨ ਤੇ ਵਿਦਿਆਰਥੀਆਂ ਨੂੰ ਆਮ ਖਾਣ ਪੀਣ ਦੀ ਬਹੁਤ ਤੰਗੀ ਆ ਰਹੀ ਸੀ। ਯੂਨੀਵਰਸਟੀ ਅਧਿਕਾਰੀਆਂ ਤੇ ਪੁਲਸ ਨੂੰ ਇਹ ਸਪਸ਼ਟ ਹੋ ਗਿਆ ਸੀ ਕਿ ਯੂਨੀਵਰਸਟੀ ਵਿੱਚ ਬਹੁਤ ਹੀ ਥੋੜੇ ਵਿਦਿਆਰਥੀ ਰਹਿ ਗਏ ਸਨ ਤੇ ਅਸਲ ਵਿੱਚ ਹੜਤਾਲ ਇਕ ਕਿਸਮ ਦੀ ਫੇਲ੍ਹ ਹੋ ਚੁਕੀ ਸੀ। ਯੂਨੀਵਰਸਟੀ ਅਧਿਕਾਰੀਆਂ ਨੇ ਸਟੂਡੈਂਟਸ ਯੂਨੀਅਨ ਨੂੰ ਮਿਲਣ ਤੋਂ ਤੇ ਮੰਗਾਂ ਮੰਨਣ ਤੋਂ ਵੀ ਨਾਂਹ ਕਰ ਦਿੱਤੀ।

ਇਸ ਸਾਰੀ ਸਥਿਤੀ ਵਿੱਚ ਲੁਧਿਆਣੇ ਆਉਣ ਤੋਂ 10 ਦਿਨਾਂ ਮਗਰੋਂ, ਕਿਰਾਏ ਤੇ ਲਈ ਕੋਠੀ ਤੋਂ ਦਰਸ਼ਨ ਬਾਗ਼ੀ ਸੜਕੇ ਸੜਕ, ਪੈਦਲ ਹੜਤਾਲੀ ਕੈਂਪ ਵੱਲ ਜਾ ਰਿਹਾ ਸੀ। ਪੰਜਾਬ ਪੁਲਸ ਦੀ ਬਸ ਦਰਸ਼ਨ ਬਾਗ਼ੀ ਦੇ ਬਰਾਬਰ ਆ ਕੇ ਰੁਕੀ ਤੇ ਬੱਸ ਵਿੱਚੋਂ ਥਾਣੇਦਾਰ ਉਤਰ ਕੇ ਦਰਸ਼ਨ ਬਾਗ਼ੀ ਦੇ ਅਗੇ ਆਣ ਖਲੋਤਾ ਤੇ ਕਿਹਾ, "ਬਾਗ਼ੀ ਸਾਹਿਬ ਤੁਹਾਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ" ਤੇ ਦਰਸ਼ਨ ਬਾਗ਼ੀ ਨੂੰ ਬੱਸ ਵਿੱਚ ਚੜਣ ਦਾ ਹੁਕਮ ਦਿਤਾ ਤੇ ਦਰਸ਼ਨ ਬਾਗ਼ੀ ਪੁਲਸ ਦੀ ਬੱਸ ਵਿੱਚ ਬੈਠ ਗਿਆ ਤੇ ਨਾਲ ਹੀ ਨਾਹਰਾ ਮਾਰਿਆ "ਸਟੂਡੈਂਟਸ ਯੂਨੀਅਨ ਜ਼ਿੰਦਾਬਾਦ"। ਪੁਲਸ ਦੀ ਬੱਸ ਦੇ ਹੜਤਾਲੀ ਕੈਂਪ ਤੇ ਪਹੁੰਚਣ ਤੋਂ ਪਹਿਲਾਂ ਹੀ ਪੁਲਸ ਦੀ ਦੂਜੀ ਪਾਰਟੀ ਨੇ ਤੰਬੂ ਪੁੱਟ ਦਿੱਤਾ ਹੋਇਆ ਸੀ ਤੇ ਦੋ ਭੁੱਖ ਹੜਤਾਲੀਆਂ ਤੋਂ ਬਿਨਾਂ 25 ਹੋਰ ਵਿਦਿਆਰਥੀ ਜਿਹੜੇ ਤੰਬੂ ਵਿੱਚ ਸਨ, ਉਨਾਂ ਸਾਰਿਆਂ ਨੂੰ ਸਮੇਤ ਕ੍ਰਿਸ਼ਨ ਮੁਰਾਰੀ ਦੇ, ਗ੍ਰਿਫਤਾਰ ਕੀਤਾ ਹੋਇਆ ਸੀ।

ਪੁਲਸ ਨੇ ਇਹ 25 ਵਿਦਿਆਰਥੀ, ਸਮੇਤ ਤੰਬੂ, ਭੁੱਖ ਹੜਤਾਲੀ, ਦਰਸ਼ਨ ਬਾਗ਼ੀ ਤੇ ਕ੍ਰਿਸ਼ਨ ਮੁਰਾਰੀ ਲੁਧਿਆਣੇ ਦੇ ਸਦਰ ਥਾਣੇ ਵਿੱਚ ਲਿਆ ਕੇ ਬੰਦ ਕਰ ਦਿਤੇ। ਠਾਣਾ, ਸਾਰਾ ਦਿਨ ਤੇ ਰਾਤ, ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜਦਾ ਰਿਹਾ। 2 ਦਿਨ ਠਾਣੇ ਵਿੱਚ ਰੱਖਣ ਮਗਰੋਂ ਪੁਲਸ ਨੇ ਇਹ 25 ਵਿਦਿਆਰਥੀ ਲੁਧਿਆਣੇ ਅਦਾਲਤ ਵਿੱਚ ਪੇਸ਼ ਕਰ ਕੇ ਸੈਂਟਰਲ ਜੇਲ੍ਹ ਲੁਧਿਆਣਾ ਵਿੱਚ ਭੇਜ ਦਿੱਤੇ।

ਸੁਖਚੈਨ ਸਿੰਘ ਮੀਤ ਪ੍ਰਧਾਨ ਚੰਡੀਗੜ ਸਟੂਡੈਂਟਸ ਯੂਨੀਅਨ ਵਾਲਾ ਤੇ ਕਰਮਜੀਤ ਸਿੰਘ ਪ੍ਰਧਾਨ ਪੰਜਾਬ ਐਗ੍ਰੀਕਲਚਰ ਯੂਨੀਵਰਸਟੀ ਦੇ ਸਮੇਤ ਭੁੱਖ ਹੜਤਾਲੀਆਂ ਨੂੰ ਅੱਡੋ ਅੱਡ ਚੱਕੀਆਂ ਵਿੱਚ ਬੰਦ ਕੀਤਾ ਗਿਆ ਤੇ ਇਨਾਂ ਆਪਣੀ ਭੁੱਖ ਹੜਤਾਲ ਜੇਲ੍ਹ ਵਿੱਚ ਹੀ ਖੋਹਲੀ ਸੀ।

ਕ੍ਰਿਸ਼ਨ ਮੁਰਾਰੀ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ ਤਾਂ ਕਿ ਉਹ ਚੰਡੀਗੜ



ਜਾ ਕੇ ਹਾਈਕੋਰਟ ਦੇ ਵਕੀਲ ਅਜੀਤ ਸਿੰਘ ਬਾਸੀ ਨਾਲ ਤਾਲਮੇਲ ਕਰੇ, ਇਨਾਂ ਜੇਲ੍ਹ ਵਿੱਚ ਬੰਦ ਵਿਦਿਆਰਥੀਆਂ ਦੇ ਕੇਸਾਂ ਦੀ ਪੈਰਵਾਈ ਕਰਨ ਵਾਸਤੇ। ਪਰ ਦਰਸ਼ਨ ਬਾਗ਼ੀ, ਬਾਕੀ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਜੇਲ੍ਹ ਵਿੱਚ ਹੀ ਰਿਹਾ।

ਇਨਾਂ ਸਾਰੇ ਵਿਦਿਆਰਥੀਆਂ ਨੂੰ ਜੇਲ੍ਹ ਵਿੱਚ ਬੀ ਕਲਾਸ ਮਿਲੀ ਹੋਈ ਸੀ ਤੇ ਹਰ ਰੋਜ਼ ਗਿਣੀਮਿਥੀ ਮਿਕਦਾਰ ਵਿੱਚ ਕੱਚਾ ਰਾਸ਼ਨ ਮਿਲਦਾ ਸੀ ਜਿਸ ਵਿੱਚ ਘਿਓ, ਦਾਲਾਂ, ਸਬਜ਼ੀਆਂ, ਆਟਾ, ਖੰਡ, ਚਾਹ, ਦੁਧ ਤੇ 2 ਰਸੋਈਏ ਮਿਲੇ ਹੋਏ ਸਨ ਜਿਹੜੇ ਸਵੇਰੇ ਨਾਸ਼ਤਾ, ਦੁਪਹਿਰ ਤੇ ਸ਼ਾਮ ਦਾ ਖਾਣਾ ਤੇ 2 ਵਕਤ ਚਾਹ ਬਣਾਉਂਦੇ ਸਨ। ਇਹ ਦੋਵੇਂ ਰਸੋਈਏ ਸਵੇਰੇ ਜੇਲ੍ਹ ਖੁਲਣ ਸਾਰ ਹੀ ਆ ਜਾਂਦੇ ਤੇ ਸ਼ਾਮ ਨੂੰ ਜੇਲ੍ਹ ਬੰਦ ਹੋਣ ਤੋਂ ਪਹਿਲਾਂ ਹੀ ਆਪਣੇ ਹਾਤੇ ਵਿੱਚ ਚਲੇ ਜਾਂਦੇ। ਵੱਡੇ ਸਾਰੇ ਖੁੱਲੇ ਹਾਤੇ ਵਿੱਚ ਇਹ 25 ਵਿਦਿਅਰਥੀ ਬੰਦ ਸਨ। ਰਾਤ ਨੂੰ ਇਸ ਹਾਤੇ ਦਾ ਬਾਹਰਲਾ ਦਰਵਾਜ਼ਾ ਬੰਦ ਕਰ ਦਿਤਾ ਜਾਂਦਾ ਸੀ ਤੇ ਇਕ ਨੰਬਰਦਾਰ ਤੇ ਇਕ ਜੇਲ੍ਹ ਦਾ ਅਧਿਕਾਰੀ ਅੱਠ-ਅੱਠ ਘੰਟੇ ਦੀ ਡਿਊਟੀ ਬਦਲਦੇ ਰਹਿੰਦੇ ਸਨ। ਦਿਨ ਵੇਲੇ, ਇਹ ਵਿਦਿਆਰਥੀ ਆਪਣੇ ਹਾਤੇ ਤੋਂ ਬਾਹਰ ਨਹੀਂ ਸਨ ਜਾ ਸਕਦੇ ਤੇ ਆਮ ਕੈਦੀਆਂ ਨਾਲ ਕੋਈ ਤਾਲਮੇਲ ਨਹੀਂ ਸੀ ਕਰ ਸਕਦੇ।

ਜੇਲ੍ਹ ਵਿੱਚ 2 ਕਿਸਮ ਦੇ ਗਾਰਡ ਹੁੰਦੇ ਹਨ। ਪਹਿਲ ਸਰਕਾਰੀ ਮੁਲਾਜ਼ਮ ਹੁੰਦੇ ਹਨ ਜਿਨਾਂ ਦੀ ਪਦਵੀ ਪੁਲਸ ਵਾਂਗ ਸਿਪਾਹੀ, ਹੌਲਦਾਰ, ਅਸਿਸਟੈਂਟ ਸੁਪਰਇਨਟੈਂਡੈਂਟ ਤੇ ਜੇਲ੍ਹ ਸੁਪਰਇਨਟੈਂਡੈਂਟ। ਆਮ ਕੈਦੀਆ ਦਾ ਵਾਹ ਵਾਸਤਾ ਸਿਰਫ ਜੇਲ੍ਹ ਦੇ ਪਹਿਲੇ ਦਰਜੇ ਦੇ ਮੁਲਾਜ਼ਮਾਂ ਭਾਵ ਜੇਲ੍ਹ ਸਿਪਾਹੀਆਂ ਤੱਕ ਹੀ ਸੀਮਤ ਹੁੰਦਾ ਹੈ।

ਦੂਜੀ ਕਿਸਮ ਜਾਂ ਦੂਜੇ ਦਰਜੇ ਦੇ ਗਾਰਡ ਕੈਦੀ ਹੀ ਹੁੰਦੇ ਹਨ ਜਿਨਾਂ ਨੂੰ ਗਾਰਡ ਦਾ ਦਰਜਾ ਦਿਤਾ ਜਾਂਦਾ ਹੈ। ਜਿਹੜੇ ਕੈਦੀ ਕਤਲਾਂ ਦੇ ਕੇਸਾਂ ਵਿੱਚ ਉਮਰ ਕੈਦ ਭੁਗਤ ਰਹੇ ਹੁੰਦੇ ਹਨ, ਉਨਾਂ ਨੂੰ ਚਾਰ ਪੰਜ ਸਾਲ ਕੈਦ ਭੁਗਤ ਲੈਣ ਮਗਰੋਂ ਚੰਗੇ ਚਾਲ ਚਲਣ ਦੇ ਅਧਾਰ ਤੇ ਭਾਵ ਉਹ ਜੇਲ੍ਹ ਅਧਿਕਾਰੀਆਂ ਨਾਲ ਵਫਾਦਾਰੀ ਨਿਭਾ ਰਹੇ ਹੋਣ ਤਾਂ ਜੇਲ੍ਹ ਅਧਿਕਾਰੀ ਉਸ ਉਮਰ ਕੈਦੀ ਨੂੰ ਕਾਲੀ ਪੱਗ ਤੇ ਪੇਟੀ ਦੇ ਕੇ ਗਾਰਡ ਦੀ ਪਦਵੀ ਦੇ ਦਿੰਦੇ ਸਨ ਜਿਸ ਨੂੰ ਆਮ ਤੌਰ ਤੇ ਨੰਬਰਦਾਰ ਦੇ ਅਹੁਦੇ ਨਾਲ ਸੰਬੋਧਨ ਕੀਤਾ ਜਾਂਦਾ ਹੈ। ਜੇਲ੍ਹ ਦੀ ਬਾਹਰਲੀ ਚਾਰਦੀਵਾਰੀ ਦੇ ਪਹਿਰੇ 'ਤੇ ਸਰਕਾਰੀ ਗਾਰਡ ਦੇ ਨਾਲ, ਨੰਬਰਦਾਰ ਨੂੰ ਪੂਰੀ ਜ਼ੁਮੇਵਾਰੀ ਦਿੱਤੀ ਜਾਂਦੀ ਹੈ। ਅੱਧੇ ਸਰਕਾਰੀ ਗਾਰਡ ਤੇ ਅੱਧੇ ਨੰਬਰਦਾਰ ਬਾਹਰਲੀ ਚਾਰਦੀਵਾਰੀ ਦੀ ਅੰਦਰਲੀ ਗਸ਼ਤ 'ਤੇ ਪਹਿਰਾ ਦਿੰਦੇ ਹਨ।

ਅੰਦਰੂਨੀ ਪਹਿਰੇ 'ਤੇ ਵੀ ਕਈ ਹਾਤਿਆਂ ਵਿੱਚ ਨੰਬਰਦਾਰ ਦੀ ਹੀ ਜ਼ੁੰਮੇਵਾਰੀ ਹੁੰਦੀ ਹੈ ਪਹਿਰਾ ਦੇਣ ਦੀ। ਕਈ ਹਾਤਿਆਂ ਵਿੱਚ ਸਰਕਾਰੀ ਗਾਰਡ ਤੇ ਨੰਬਰਦਾਰ ਮਿਲੇ ਜੁਲੇ ਹੁੰਦੇ ਹਨ ਪਹਿਰਾ ਦੇਣ ਲਈ। ਜਦੋਂ ਆਮ ਕੈਦੀ ਕੰਮ 'ਤੇ ਜਾਂਦੇ ਹਨ ਤਾਂ ਸਰਕਾਰੀ ਗਾਰਡਾਂ ਦੇ ਨਾਲ ਨੰਬਰਦਾਰ ਵੀ ਕੰਮ ਕਰ ਰਹੇ ਕੈਦੀਆਂ ਦੀ ਨਿਗਰਾਨੀ ਕਰਦੇ ਹਨ। ਜੇ ਕਿਸੇ ਜੁਰਮ ਵਿੱਚ ਕਿਸੇ ਕੈਦੀ ਦੀ ਕੁੱਟ-ਕੁਟਾਈ ਕਰਨੀ ਹੋਵੇ ਤਾਂ ਸਰਕਾਰੀ ਗਾਰਡਾਂ ਦੇ ਨਾਲ ਰਲ ਕੇ ਨੰਬਰਦਾਰ ਵੀ ਪੂਰੀ ਤਰਾਂ ਕੈਦੀ ਮੁਜ਼ਰਮ ਦੀ ਕੁੱਟ ਕੁਟਾਈ ਕਰਦੇ ਹਨ। ਰਾਤ ਨੂੰ ਨੀਯਤ ਸਮੇਂ ਅਨੁਸਾਰ, ਸਾਰੇ ਕੈਦੀ ਆਪਣੀ ਆਪਣੀ ਚੱਕੀ (ਸੈਲ) ਵਿੱਚ ਬੰਦ ਕਰ ਦਿਤੇ ਜਾਂਦੇ ਹਨ ਪਰ ਨੰਬਰਦਾਰ ਆਮ ਤੌਰ ਤੇ ਖੁੱਲੇ ਹੀ ਰਹਿੰਦੇ ਹਨ। ਇਨਾਂ ਨੂੰ ਸੈਲ ਵਿੱਚ ਬੰਦ ਨਹੀਂ ਕੀਤਾ ਜਾਂਦਾ। ਜੇ ਕਦੇ ਕਿਸੇ ਕਾਰਨ, ਜੇਲ੍ਹ ਅਧਿਕਾਰੀ, ਨੰਬਰਦਾਰ ਨੂੰ ਕਿਸੇ ਜੇਲ੍ਹ ਦੇ ਕਾਇਦੇ ਕਾਨੂੰਨ ਦੀ ਉਲੰਘਣਾ ਕਰਦਾ ਫੜ ਲੈਣ ਤਾਂ ਉਸ ਨੂੰ ਨੰਬਰਦਾਰੀ ਤੋਂ ਬਰਖ਼ਾਸਤ ਕਰ ਦਿਤਾ ਜਾਂਦਾ ਹੈ, ਉਸ ਦੀ ਆਮ ਕੈਦੀਆਂ ਵਾਂਗ ਕੁਟਾਈ ਵੀ ਹੁੰਦੀ ਹੈ ਤੇ ਪੂਰੀ ਸਜ਼ਾ ਵੀ ਦਿਤੀ ਜਾਂਦੀ ਹੈ। ਆਮ ਤੌਰ ਤੇ ਨੰਬਰਦਾਰ ਬਹੁਤ ਘੱਟ ਹੀ ਜੇਲ੍ਹ ਦੇ ਕਾਇਦੇ ਕਾਨੂੰਨ ਦੀ ਉਲੰਘਣਾ ਕਰਦੇ ਹਨ ਕਿਉਂਕਿ ਨੰਬਰਦਾਰੀ ਦੀ ਫੀਤੀ ਹੋਣ ਕਰਕੇ ਲੰਮੀ ਕੈਦ ਦਾ ਸਮਾਂ ਬੜੀ ਆਰਾਮ ਦੇਹੀ ਨਾਲ ਗੁਜ਼ਰ ਜਾਂਦਾ ਹੈ।

ਵਿਦਿਆਰਥੀਆਂ ਦੇ ਹਾਤੇ ਵਿੱਚ, ਸਾਰੇ ਵਿਦਿਆਰਥੀਆਂ ਨਾਲ ਨੰਬਰਦਾਰ ਤੇ ਸਰਕਾਰੀ ਗਾਰਡ ਬਹੁਤ ਆਦਰ ਮਾਣ ਨਾਲ ਪੇਸ਼ ਆਉਂਦੇ ਸਨ। ਦਿਨ ਚੜਣ ਸਾਰ ਨੰਬਰਦਾਰ ਰਸੋਈਆਂ ਨੂੰ ਲੈ ਕੇ ਆਉਂਦੇ ਤੇ ਰਸੋਈਏ ਤੁਰਤ ਹੀ ਚਾਹ ਦਾ ਪਤੀਲਾ ਰੱਖ ਦਿੰਦੇ ਤੇ ਨਾਲ ਦੀ ਨਾਲ ਪਰੌਂਠੇ ਬਨਾਉਣ ਲੱਗ ਜਾਂਦੇ। ਸਾਰੇ ਵਿਦਿਆਰਥੀ ਨਾਹ ਧੋ ਕੇ ਤਿਆਰ ਹੋ ਜਾਂਦੇ ਤੇ ਬੜੇ ਡਸਿਪਲਨ ਨਾਲ ਨਾਸ਼ਤਾ ਕਰਦੇ ਤੇ ਆਪਸ ਵਿੱਚ ਹਾਸਾ ਮਜ਼ਾਕ ਵੀ ਕਰਦੇ। ਸਾਰੇ ਵਿਦਿਆਰਥੀਆਂ ਨੂੰ ਆਦੇਸ਼ ਸੀ ਕਿ ਰਸੋਈਆਂ, ਨੰਬਰਦਾਰਾਂ ਤੇ ਜੇਲ੍ਹ ਦੇ ਸਰਕਾਰੀ ਗਾਰਡਾਂ ਨਾਲ ਬੜੇ ਆਦਰ ਮਾਣ ਨਾਲ ਪੇਸ਼ ਆਉਣਾ ਹੈ ਤੇ ਬੜੀ ਸਤਿਕਾਰੀ ਭਾਸ਼ਾ ਦੀ ਵਰਤੋਂ ਕਰਨੀ ਹੈ।

ਚਾਹ ਤੇ ਨਾਸ਼ਤਾ ਕਰਨ ਮਗਰੋਂ ਸਾਰੇ ਵਿਦਿਆਰਥੀ ਜੱਥੇਬੰਦਕ ਰੂਪ ਵਿੱਚ ਖੜੇ ਹੋ ਕੇ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰੇ ਮਾਰਦੇ। ਵਿਦਿਆਰਥੀ ਆਗੂ ਨਾਹਰਿਆਂ ਤੋਂ ਮਗਰੋਂ ਤਕਰੀਰਾਂ ਕਰਦੇ ਤੇ ਯੂਨੀਵਰਸਟੀ ਅਧਿਕਾਰੀਆਂ ਦੀ ਤਾਨਾਸ਼ਾਹੀ ਤੇ ਵਿਦਿਆਰਥੀਆਂ ਦੀਆਂ ਮੰਗਾਂ ਨਾ ਮੰਨਣ ਦਾ ਖੰਡਣ ਕਰਦੇ। ਧੁੱਪ ਵਿੱਚ ਕੰਬਲ ਵਿਛਾ ਕੇ ਸਾਰੇ ਵਿਦਿਆਰਥੀਆਂ ਦੀ ਮੀਟਿੰਗ ਹੁੰਦੀ ਤੇ ਦਰਸ਼ਨ ਬਾਗ਼ੀ ਹਰ ਰੋਜ਼ ਸੁਬਾਹ ਸ਼ਾਮ ਦਵੰਦਵਾਦੀ ਪਦਾਰਥਵਾਦ ਤੇ ਮਾਰਕਸਵਾਦ ਤੇ



ਸਟੱਡੀ ਸਰਕਲ ਲਾਉਂਦਾ। ਇਸ ਤੋਂ ਪਹਿਲਾਂ ਫਰੈਡਰਿਕ ਐਂਗਲਜ਼ ਦੀ ਕਿਤਾਬ, 'ਫੈਮਲੀ, ਪ੍ਰਾਈਵੇਟ ਪ੍ਰਾਪਰਟੀ ਅਤੇ ਸਟੇਟ' ਦੇ ਹਵਾਲੇ ਨਾਲ ਪੜ੍ਹਾਈ ਸ਼ੁਰੂ ਕੀਤੀ ਗਈ ਤੇ ਬਾਦ ਵਿੱਚ ਇਤਿਹਾਸਕ ਪਦਾਰਥਵਾਦ ਦੇ ਸਟੱਡੀ ਸਰਕਲ ਚਲਦੇ ਰਹੇ। ਦਰਸ਼ਨ ਬਾਗ਼ੀ ਇਨਾਂ ਸਟੱਡੀ ਸਰਕਲਾਂ ਵਿੱਚ ਭਾਰਤੀ ਰਾਜ ਦਾ ਮਾਰਕਸਵਾਦੀ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦਾ ਤੇ ਵਿਦਿਆਰਥੀਆਂ ਦੀ ਰਾਜਸੀ ਚੇਤਨਤਾ ਵਿੱਚ ਵਾਧਾ ਕਰਨ ਦਾ ਯਤਨ ਕਰਦਾ ਤੇ ਆਮ ਸੁਆਲਾਂ ਦੇ ਜੁਆਬ ਦਿੰਦਾ। ਇਸ ਤੋਂ ਉਪਰੰਤ ਵਿਦਿਆਰਥੀਆਂ ਦੀ ਆਪਸ ਵਿੱਚ ਗੋਸ਼ਟੀ ਵੀ ਹੁੰਦੀ ਤੇ ਗੀਤ/ਕਵਿਤਾ ਦਾ ਪ੍ਰੋਗਰਾਮ ਵੀ ਹੁੰਦਾ।

ਦੁਪਹਿਰ ਤੇ ਰਾਤ ਦੇ ਖਾਣੇ ਮਗਰੋਂ, ਵਿਦਿਆਰਥੀਆਂ ਦਾ ਹਾਤਾ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜਦਾ। ਕਈ ਬਜ਼ੁਰਗ ਤੇ ਨੌਜੁਆਨ ਕੈਦੀ ਵੀ ਵਿਦਿਆਰਥੀਆਂ ਦੇ ਹਾਤੇ ਵਿੱਚ ਆ ਜਾਂਦੇ। ਇਨਾਂ 25 ਵਿਦਿਆਰਥੀਆਂ ਨੂੰ ਜਦੋਂ ਪੁਲਸ ਕੋਰਟ ਵਿੱਚ ਲੈ ਕੇ ਜਾਂਦੀ ਤਾਂ ਲੁਧਿਆਣੇ ਦੀਆਂ ਕਚਿਹਰੀਆਂ ਸਟੂਡੈਂਟਸ ਯੂਨੀਅਨ ਦੇ ਨਾਹਰਿਆਂ ਨਾਲ ਗੂੰਜ ਉਠਦੀਆਂ ਤੇ ਬਾਹਰੋਂ ਪਿੰਡਾਂ ਤੇ ਸ਼ਹਿਰ ਤੋਂ ਕਚਿਹਰੀ ਆਏ ਲੋਕ ਵਿਦਿਆਰਥੀਆਂ ਨੂੰ ਨਾਹਰੇ ਮਾਰਦਿਆਂ ਵੇਖਦੇ ਤੇ ਆਪਸ ਵਿੱਚ ਗੱਲਾਂ ਕਰਦੇ।

ਡਾ. ਵਿਕਟਰ ਡੀਸੂਜ਼ਾ ਪੰਜਾਬ ਯੂਨੀਵਰਸਟੀ ਵਿੱਚ ਸੋਸ਼ਲ ਡਿਪਾਰਟਮੈਂਟ ਦਾ ਹੈਡ ਸੀ। ਐਮ.ਏ. ਪਾਰਟ-1 ਦੀ ਯੂਨੀਵਰਸਟੀ ਦੀ ਪ੍ਰੀਖਿਆ ਦੀਆਂ ਫੀਸਾਂ ਜਾ ਰਹੀਆਂ ਸਨ। ਸੋਸ਼ਿਆਲੋਜੀ ਦੇ ਸਾਰੇ ਵਿਦਿਆਰਥੀਆਂ ਦੀਆਂ ਫੀਸਾਂ ਜਾ ਚੁਕੀਆਂ ਸਨ ਸਿਰਫ ਦਰਸ਼ਨ ਬਾਗ਼ੀ ਦੀ ਫੀਸ ਰਹਿੰਦੀ ਸੀ। ਡਾ. ਡੀਸੂਜ਼ਾ ਨੇ ਨੰਦ ਕੁਮਾਰ ਸ਼ਰਮਾ ਨੂੰ, ਜਿਹੜਾ ਦਰਸ਼ਨ ਬਾਗ਼ੀ ਦਾ ਜਮਾਤੀ ਸੀ, ਆਪਣੇ ਦਫਤਰ ਵਿੱਚ ਬੁਲਾਇਆ ਤੇ ਪ੍ਰੀਖਿਆ ਦੀ ਫੀਸ ਭਰਨ ਲਈ ਦਰਸ਼ਨ ਬਾਗ਼ੀ ਦੀ ਫੀਸ ਭਰਨ ਦਾ ਫਾਰਮ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ ਤੇ ਨੰਦ ਕੁਮਾਰ ਸ਼ਰਮਾ ਜਿਹੜਾ ਭੁੱਖ ਹੜਤਾਲ ਤੇ ਵੀ ਬੈਠਾ ਸੀ ਨੂੰ ਕਿਹਾ ਕਿ ਓਹ ਲੁਧਿਆਣੇ ਜੇਲ੍ਹ ਵਿੱਚ ਜਾ ਕੇ ਦਰਸ਼ਨ ਬਾਗ਼ੀ ਦੀ ਮੁਲਾਕਾਤ ਕਰੇ ਤੇ ਫੀਸ ਦੇ ਫਾਰਮਾਂ ਤੇ ਉਸ ਦੇ ਦਸਤਖ਼ਤ ਕਰਵਾ ਕੇ ਲਿਆਵੇ ਤਾਂ ਕਿ ਉਸ ਦੀ ਫੀਸ ਭਰੀ ਜਾ ਸਕੇ। ਡਾ. ਡੀਸੂਜ਼ਾ ਨੇ ਕਿਹਾ ਕਿ ਦਰਸ਼ਨ ਬਾਗ਼ੀ ਦੀ ਫੀਸ ਓਹ ਆਪਣੀ ਜੇਬ ਵਿੱਚੋਂ ਦੇਵੇਗਾ। ਨੰਦ ਕੁਮਾਰ ਸ਼ਰਮਾ ਅਗਲੇ ਦਿਨ ਲੁਧਿਆਣੇ ਸੈਂਟਰਲ ਜੇਲ੍ਹ ਪਹੁੰਚਿਆ ਤੇ ਦਰਸ਼ਨ ਬਾਗ਼ੀ ਨਾਲ ਮੁਲਾਕਾਤ ਕੀਤੀ ਤੇ ਨਿਘੀ ਗਲਵਕੜੀ ਪਾ ਕੇ ਮਿਲਿਆ ਤੇ ਕਿਹਾ 'ਕਾਮਰੇਡ ਡਟਿਆ ਰਹਿ' ; ਅਤੇ ਨਾਲ ਹੀ ਕਿਹਾ ਕਿ ਡਾ. ਡੀਸੂਜ਼ਾ ਨੇ ਭੇਜਿਆ ਹੈ ਦਸਤਖ਼ਤ ਕਰਵਾਉਣ ਲਈ ਤੇ ਫੀਸ ਡਾ. ਸਾਹਿਬ ਆਪਣੀ ਜੇਬ ਵਿੱਚੋਂ ਦੇ ਰਹੇ

ਹਨ। ਉਸ ਨੇ ਫਾਰਮਾਂ 'ਤੇ ਦਸਤਖ਼ਤ ਕਰਵਾ ਕੇ ਫਾਰਮ ਡਾ. ਡੀਸੂਜ਼ਾ ਦੇ ਦਫਤਰ ਲਿਆ ਦਿੱਤੇ। ਇਸ ਤਰਾਂ ਦਰਸ਼ਨ ਬਾਗ਼ੀ ਦੀ ਪ੍ਰੀਖਿਆ ਦੀ ਫੀਸ ਵਕਤ ਸਿਰ ਪਹੁੰਚੀ ਸੀ।

ਅਦਾਲਤ ਵਿੱਚ ਤਿੰਨ ਪੇਸ਼ੀਆਂ ਪੈਣ ਮਗਰੋਂ ਸਰਕਾਰ ਨੇ ਵਿਦਿਆਰਥੀਆਂ 'ਤੇ ਦਰਜ ਕੀਤੇ ਸਾਰੇ ਕੇਸ ਵਾਪਸ ਲੈ ਲਏ ਤੇ ਅਦਾਲਤ ਨੇ ਸਾਰੇ ਵਿਦਿਆਰਥੀਆਂ ਦੀ ਰਿਹਾਈ ਦੇ ਆਰਡਰ ਜਾਰੀ ਕਰ ਦਿੱਤੇ। ਜੇਲ੍ਹ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੀ ਰਿਹਾਈ ਦੇ ਆਰਡਰ ਪਹੁੰਚੇ ਤਾਂ ਜੇਲ੍ਹ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਰਿਹਾਅ ਕਰ ਦਿਤਾ ਤੇ ਸਾਰੇ ਵਿਦਿਆਰਥੀ ਆਪਣੇ ਹ੍ਹਾਤੇ ਵਿੱਚੋਂ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰੇ ਮਾਰਦੇ ਹੋਏ ਜੇਲ੍ਹ ਦੇ ਗੇਟ ਤੋਂ ਬਾਹਰ ਨਿਕਲੇ।



## ਚੰਡੀਗੜ੍ਹ ਸਟੂਡੈਂਟਸ ਯੂਨੀਅਨ ਤੇ ਸੀ.ਪੀ.ਆਈ. (ਐਮ)

ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦਾ ਰਾਜਨੀਤਕ ਸਬੰਧ ਕਮਿਊਨਿਸਟ ਪਾਰਟੀ ਆਫ ਇੰਡੀਆ ਨਾਲ ਸੀ। ਪੰਜਾਬ ਯੂਨੀਵਰਸਟੀ ਕੈਂਪਸ ਵਿਚਲੇ ਮਾਰਕਸਵਾਦੀ ਵਿਦਿਆਰਥੀ ਚੋਣਾਂ ਵਿੱਚ ਕਮਿਊਨਿਸਟ ਉਮੀਦਵਾਰਾਂ ਦੀਆਂ ਮੀਟਿੰਗਾਂ ਵਿਚ ਸਰਗਰਮੀ ਨਾਲ ਹਿੱਸਾ ਲਿਆ ਕਰਦੇ ਸਨ। ਚੋਣ ਫੰਡ ਵੀ ਇਕੱਠਾ ਕੀਤਾ ਜਾਂਦਾ ਸੀ ਤੇ ਪਾਰਟੀ ਮਾਰਕਸਵਾਦੀ ਗਰੁੱਪ ਦੀਆਂ ਮੀਟਿੰਗਾਂ ਵੀ ਕਰਾਇਆ ਕਰਦੀ ਸੀ।

1964 ਵਿਚ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਫੁਟ ਪੈ ਗਈ ਅਤੇ ਦੂਜੇ ਧੜੇ ਨੇ ਕਮਿਊਨਿਸਟ ਪਾਰਟੀ ਆਫ ਇੰਡੀਆ (ਐਮ) ਨਾਂ 'ਤੇ ਅੱਡ ਪਾਰਟੀ ਬਣਾ ਲਈ। ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦਾ ਸਾਰਾ ਮਾਰਕਸਵਾਦੀ ਗਰੁੱਪ ਵੀ ਸੀ.ਪੀ.ਆਈ. ਨੂੰ ਛੱਡ ਕੇ ਸੀ. ਪੀ. ਆਈ. (ਐਮ) ਨਾਲ ਮਿਲ ਗਿਆ। ਕਾਮਰੇਡ ਪ੍ਰੇਮ ਸਿੰਘ ਨੇ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਨੂੰ ਅਗਵਾ ਕਰਨ ਦਾ ਯਤਨ ਕੀਤਾ। ਇਸ ਕੰਮ ਨੂੰ ਸਿਰੇ ਚਾੜਨ ਲਈ ਕਾਮਰੇਡ ਪ੍ਰੇਮ ਸਿੰਘ ਨੇ ਮੋਹਨ ਸਿੰਘ ਬੈਂਸ ਜਿਹੜਾ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦਾ ਜਨਰਲ ਸੈਕਟਰੀ ਸੀ, ਨੂੰ ਕਿਹਾ ਕਿ ਓਹ ਜਨਰਲ ਸੈਕਟਰੀ ਦੀ ਹੈਸੀਅਤ ਵਿੱਚ ਬਾਕੀ ਗਰੁਪ ਨੂੰ ਕੱਢ ਦੇਵੇ ਤੇ ਸਟੂਡੈਂਟਸ ਯੂਨੀਅਨ ਤੇ ਕਬਜ਼ਾ ਕਰ ਲਵੇ। ਮੋਹਨ ਸਿੰਘ ਬੈਂਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਤੇ ਸੀ.ਪੀ.ਆਈ. ਦੀ ਸੀ.ਪੀ.ਆਈ. (ਐਮ) ਦੇ ਗਰੁੱਪ ਨੂੰ ਕੱਢ ਕੇ ਚੰਡੀਗੜ੍ਹ ਸਟੂਡੈਂਟਸ ਯੂਨੀਅਨ 'ਤੇ ਕਬਜ਼ਾ ਕਰਨ ਦੀ ਸਕੀਮ ਫੇਲ੍ਹ ਹੋ ਗਈ। ਜਦੋਂ ਇਹ ਸਕੀਮ ਸਿਰੇ ਨਾ ਚੜੀ ਤਾਂ ਫਿਰ ਸੀ.ਪੀ.ਆਈ. ਨੇ ਸਟੂਡੈਂਟਸ ਫੈਡਰੇਸ਼ਨ ਜਥੇਬੰਦ ਕੀਤੀ ਜਿਸ ਦਾ ਕਰਤਾ-ਧਰਤਾ ਤਰਸੇਮ ਬਾਹੀਆ ਸੀ। ਪਰ ਉਸ ਵੇਲੇ ਸਟੂਡੈਂਟਸ ਫੈਡਰੇਸ਼ਨ ਦੀ ਵਿਦਿਆਰਥੀਆਂ ਵਿੱਚ ਕੋਈ ਥਾਂ ਨਹੀਂ ਸੀ।

# ਪੰਜਾਬ ਸਟੂਡੈਂਟਸ ਯੂਨੀਅਨ ਦਾ ਉਦਘਾਟਨ

ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ ਤੇ ਪੰਜਾਬ ਐਗਰੀਕਲਚਰ ਯੂਨੀਵਰਸਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਾਰ ਮਗਰੋਂ ਪੰਜਾਬ ਯੂਨੀਵਰਸਟੀ ਕੈਂਪਸ ਵਿਚਲੇ ਮਾਰਕਸਵਾਦੀ ਗਰੁਪ ਨੇ ਯੂਨੀਵਰਸਟੀ ਦੀਆਂ ਪ੍ਰੀਖਿਆਵਾਂ ਖ਼ਤਮ ਹੋਣ ਮਗਰੋਂ ਸਪੈਸ਼ਲ ਮੀਟਿੰਗ ਕੀਤੀ ਤੇ ਫੈਸਲਾ ਕੀਤਾ ਕਿ ਪੰਜਾਬ ਪੱਧਰ ਤੇ ਵਿਦਿਆਰਥੀਆਂ ਨੂੰ ਜਥੇਬੰਦ ਕੀਤਾ ਜਾਵੇ ਤੇ ਸੂਬਾ ਪੱਧਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਜਥੇਬੰਦ ਕੀਤੀ ਜਾਵੇ। ਇਸ ਵਿਸ਼ੇ 'ਤੇ ਸਾਰੇ ਸਾਥੀਆਂ ਨੇ ਆਪਣੇ-2 ਵਿਚਾਰ ਦਿੱਤੇ ਕਿ ਇਸ ਵਕਤ ਇਸ ਕੰਮ ਦੀ ਬਹੁਤ ਅਹਿਮ ਲੋੜ ਹੈ ਕਿ ਯੂਨੀਵਰਸਟੀਆਂ ਤੇ ਕਾਲਜਾਂ ਵਿੱਚ ਸਟੂਡੈਂਟਸ ਯੂਨੀਅਨਾਂ ਬਣਾਈਆਂ ਜਾਣ ਜਿਨਾਂ ਦਾ ਸਬੰਧ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਹੋਵੇ। ਪਾਰਟੀ ਦਾ ਵੀ ਇਹੀ ਆਦੇਸ਼ ਸੀ। ਸਰਬਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਸੂਬਾ ਪੱਧਰ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੀ ਜੁਲਾਈ ਵਿਚ ਕਾਨਫਰੰਸ ਕੀਤੀ ਜਾਵੇ ਤੇ ਤੁਰਤ ਹੀ ਤਿਆਰੀ ਕੀਤੀ ਜਾਵੇ। ਇਸ ਦੇ ਨਾਲ ਹੀ ਦੂਜਾ ਅਹਿਮ ਫੈਸਲਾ ਸੀ ਕਿ ਚੰਡੀਗੜ੍ਹ ਦਾ ਮਾਰਕਸਵਾਦੀ ਗਰੁੱਪ ਸੀ.ਪੀ.ਆਈ. (ਐਮ) ਦੇ ਨਾਲ ਹੀ ਰਹੇ।

ਇਸ ਦੂਜੇ ਵਿਸ਼ੇ 'ਤੇ ਵਿਚਾਰ ਕਰਦਿਆਂ ਮੁੱਖ ਤੌਰ 'ਤੇ ਚੰਡੀਗੜ੍ਹ ਮਾਰਕਸਵਾਦੀ ਗਰੁੱਪ ਦੇ ਸਾਰੇ ਸਾਥੀ ਕਮਿਊਸਿਟ ਪਾਰਟੀ (ਐਮ) ਦੇ ਨਿਰਣੇ ਨਾਲ ਸਹਿਮਤ ਸਨ ਕਿ ਭਾਰਤੀ ਕਮਿਊਨਿਸਟ ਪਾਰਟੀ ਸੋਧਵਾਦੀ ਹੋ ਗਈ ਹੈ ਤੇ ਇਨਕਲਾਬ ਦੇ ਰਾਹ ਤੋਂ ਖਿੜਕ ਗਈ ਹੈ। ਇਸ ਨਿਰਣੇ ਨਾਲ ਸਹਿਮਤ ਹੁੰਦਿਆਂ ਦਰਸ਼ਨ ਬਾਗ਼ੀ ਨੇ ਮਤਾ ਪੇਸ਼ ਕੀਤਾ ਕਿ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਕਿ ਚੰਡੀਗੜ੍ਹ ਮਾਰਕਸਵਾਦੀ ਗਰੁੱਪ ਆਪਣਾ ਸਬੰਧ ਕਮਿਊਨਿਸਟ ਪਾਰਟੀ (ਐਮ) ਨਾਲ ਜੋੜਦਾ ਹੈ। ਇਸ ਮਤੇ ਦੀ ਪ੍ਰੋੜਤਾ ਸਾਥੀ ਕਸ਼ਮੀਰਾ ਸਿੰਘ ਨੇ ਕੀਤੀ ਤੇ ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ ਤੇ ਚੰਡੀਗੜ੍ਹ ਮਾਰਕਸਵਾਦੀ ਗਰੁੱਪ ਕਮਿਊਨਿਸਟ ਪਾਰਟੀ (ਐਮ) ਦਾ ਅੰਗ ਬਣ ਗਿਆ।

ਇੱਕ ਗੱਲ ਖ਼ਾਸ ਤੌਰ ਤੇ ਸਪਸ਼ਟ ਰੂਪ ਵਿੱਚ ਕਹਿਣ ਦੀ ਲੋੜ ਹੈ ਕਿ ਪੰਜਾਬ ਪੱਧਰ ਤੇ ਜਥੇਬੰਦ ਕਰਨ ਲਈ, ਪੰਜਾਬ ਪੱਧਰ 'ਤੇ ਕਨਵੈਨਸ਼ਨ ਕਰਨ ਦਾ ਸਾਰਾ



ਸਿਹਰਾ ਕ੍ਰਿਸ਼ਨ ਮੁਰਾਰੀ ਦੇ ਸਿਰ ਹੈ। ਕ੍ਰਿਸ਼ਨ ਮੁਰਾਰੀ ਇਸ ਸਾਰੀ ਜੱਥੇਬੰਦਕ ਕਾਰਵਾਈ ਦੀ ਜਿੰਦ ਜਾਨ ਸੀ। ਮੁਰਾਰੀ ਕਈ ਵਾਰ ਵਿੱਤ ਤੋਂ ਬਾਹਰ ਹੋ ਜਾਇਆ ਕਰਦਾ ਸੀ, ਭਾਵੁਕ ਹੋ ਜਾਇਆ ਕਰਦਾ ਸੀ ਜਦੋਂਕਿ ਕੰਮ ਉਸ ਦੀ ਵਿਉਂਤ ਕੀਤੀ ਪਲੈਨ ਦੇ ਅਨੁਸਾਰ ਪੂਰਾ ਨਾ ਉਤਰਦਾ ਜਾਂ ਕਿਤੇ ਉਲੀਕੀ ਵਿਉਂਤ ਤੋਂ ਤਿਲਕ ਜਾਂਦਾ।

ਕ੍ਰਿਸ਼ਨ ਮੁਰਾਰੀ ਇਸ ਕਨਵੈਨਸ਼ਨ ਦੀ ਜਿੰਦ ਜਾਨ ਸੀ। ਸੰਖੇਪ ਵਿੱਚ ਮੈਨੂੰ ਇਹ ਕਹਿਣ ਵਿੱਚ ਬੜਾ ਮਾਣ ਹੈ ਕਿ ਮੁਰਾਰੀ ਨੇ ਜਥੇਬੰਦੀ ਦਾ ਇਕ ਯੋਗ, ਸਥਿਰ, ਪਾਏਦਾਰ ਅੰਗ ਹੋਣ ਦਾ ਸਬੂਤ ਦਿੱਤਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਕ੍ਰਿਸ਼ਨ ਮੁਰਾਰੀ ਨੇ ਕੀਤੀ ਤੇ 3-4 ਘੰਟੇ ਦੀ ਲੰਮੀ ਗਰਮਜੋਸ਼ ਮੀਟੰਗ ਵਿੱਚ ਹੇਠ ਲਿਖੇ ਵਿਸ਼ੇ 'ਤੇ ਵਿਚਾਰ ਕੀਤਾ ਗਿਆ।

ਕਨਵੈਨਸ਼ਨ ਦੀ ਪ੍ਰਧਾਨਗੀ ਲਈ ਕੌਮੀ ਪੱਧਰ ਦਾ ਕੋਈ ਕਮਿਊਨਿਸਟ ਲੀਡਰ ਜਾਂ ਸੋਸ਼ਲਿਸਟ ਲੀਡਰ ਬੁਲਾਇਆ ਜਾਵੇ। ਇਸ ਵਿਸ਼ੇ 'ਤੇ ਬਹੁਤ ਵਿਚਾਰ ਹੋਈ, ਬਹੁਤ ਸਾਰੇ ਸਾਥੀ ਇਸ ਵਿਚਾਰ ਦੇ ਸਨ ਕਿ ਜੇ ਗਰੁੱਪ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹੈ ਤੇ ਮਾਰਕਸਵਾਦ ਦਾ ਪਰਚਾਰ ਵੀ ਕਰਦਾ ਹੈ ਤਾਂ ਕਨਵੈਨਸ਼ਨ ਦੀ ਪ੍ਰਧਾਨਗੀ ਕਮਿਊਨਿਸਟ ਲੀਡਰ ਤੋਂ ਕਰਵਾਉਣੀ ਚਾਹੀਦੀ ਹੈ। ਦੂਜੀ ਧਿਰ ਦਾ ਵਿਚਾਰ ਸੀ ਕਿ ਅਜੇ ਸਮਾਂ ਨਹੀਂ ਆਇਆ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਖੁਲੇ ਤੌਰ ਤੇ ਕਮਿਊਨਿਸਟ ਝੰਡੇ ਲੈ ਕੇ ਫਿਰਿਆ ਜਾਵੇ। ਬਹੁਤ ਸਾਰੇ ਨੌਜੁਆਨ ਹਨ ਜਿਹੜੇ ਸਿਧੀ ਨਾਹਰੇਬਾਜ਼ੀ ਕਰਕੇ ਆਪਣੇ ਨਾਲ ਨਹੀਂ ਜੁੜਣਗੇ, ਇਸ ਲਈ ਸੋਸ਼ਲਿਸਟ ਲੀਡਰ ਦੀ ਚੋਣ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਢੁਕਵੀਂ ਚੋਣ ਹੋਵੇਗੀ। ਅਖੀਰ ਵਿੱਚ ਵੋਟਾਂ ਪਈਆਂ ਤੇ ਬਹੁ ਗਿਣਤੀ ਦਾ ਫੈਸਲਾ ਸੀ ਸੋਸ਼ਲਿਸਟ ਲੀਡਰ ਡਾ. ਰਾਮ ਮਨੋਹਰ ਲੋਹੀਆ ਠੀਕ ਚੋਣ ਹੈ। ਇਸ ਫੈਸਲੇ ਤੋਂ ਮਗਰੋਂ ਡਾ. ਰਾਮ ਮਨੋਹਰ ਲੋਹੀਏ ਨੂੰ ਬੇਨਤੀ ਕੀਤੀ ਗਈ ਤੇ ਓਨਾ ਨੇ ਬੜੀ ਖ਼ੁਸੀ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਦੀ ਪਹਿਲੀ ਉਦਘਾਟਨੀ ਕਨਵੈਨਸ਼ਨ ਦੀ ਪ੍ਰਧਾਨਗੀ ਕਰਨ ਦੀ ਪ੍ਰਵਾਨਗੀ ਦੇ ਦਿਤੀ।

ਦੂਜਾ ਮੁੱਖ ਵਿਸ਼ਾ ਸੀ ਕਿ ਪੈਪਸੂ ਰੋਡਵੇਜ਼ ਤੇ ਪੰਜਾਬ ਰੋਡਵੇਜ ਦੀਆਂ ਯੂਨੀਅਨਾਂ ਨੂੰ ਮਿਲਿਆ ਜਾਵੇ ਅਤੇ ਬੱਸਾਂ ਤੇ ਕਨਵੈਨਸ਼ਨ ਦੇ ਪੋਸਟਰ ਲਾਉਣ ਵਿੱਚ ਸਹਿਯੋਗ ਲਿਆ ਜਾਵੇ। ਇਸ ਕੰਮ ਲਈ 5 ਮੈਂਬਰੀ ਕਮੇਟੀ ਚੁਣੀ ਗਈ ਜਿਸ ਵਿੱਚ (1) ਕ੍ਰਿਸ਼ਨ ਮੁਰਾਰੀ (2) ਦਰਸ਼ਨ ਬਾਗ਼ੀ (3) ਬਿਕਰਮ ਸਿੰਘ ਗਿਲ (4) ਬਚਨ ਲਾਲ ਤੇ (5) ਕਸ਼ਮੀਰਾ ਸਿੰਘ ਸ਼ਾਮਲ ਸਨ। ਪੈਪਸੂ ਰੋਡਵੇਜ਼ ਤੇ ਪੰਜਾਬ ਰੋਡਵੇਜ਼ ਦੀਆਂ ਯੂਨੀਅਨਾਂ ਨੂੰ ਜਦੋਂ ਇਹ ਪੰਜ ਮੈਂਬਰੀ ਕਮੇਟੀ ਮਿਲੀ ਤਾਂ ਓਨਾਂ ਨੇ

ਬੜੀ ਪ੍ਰਸੰਨਤਾ ਨਾਲ ਪੂਰਾ ਸਹਿਯੋਗ ਦਿਤਾ। ਇੱਥੋਂ ਤੱਕ ਕਿ ਇਨਾਂ ਯੂਨੀਅਨਾਂ ਦੇ ਮੈਂਬਰਾਂ ਨੇ ਬੱਸਾਂ 'ਤੇ ਆਪ ਹੀ ਪੋਸਟਰ ਲਾਉਣ ਦੀ ਜ਼ੁੰਮੇਵਾਰੀ ਲੈ ਲਈ। ਇਹ ਦੋਵੇਂ ਰੋਡਵੇਜ਼ ਦੀਆਂ ਯੂਨੀਅਨਾਂ ਦਾ ਲਿੰਕ ਕਮਿਊਨਿਸਟ ਪਾਰਟੀ ਨਾਲ ਸੀ ਤੇ ਓਨਾਂ ਨੂੰ ਪਤਾ ਸੀ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਵੀ ਮਾਰਕਸਵਾਦੀ ਨੇ। ਪੰਜਾਬ ਭਰ ਵਿੱਚ ਬੱਸਾਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਨਵੈਨਸ਼ਨ ਦੇ ਪੋਸਟਰਾਂ ਨਾਲ ਸ਼ਿੰਗਾਰੀਆਂ ਗਈਆਂ ਤੇ ਸਾਰੇ ਪੰਜਾਬ ਵਿੱਚ ਕਨਵੈਨਸ਼ਨ ਦਾ ਢੋਲ ਵੱਜ ਗਿਆ, ਉਦੋਂ ਹਰਿਆਣਾ ਵੀ ਪੰਜਾਬ ਵਿੱਚ ਹੀ ਹੁੰਦਾ ਸੀ।

ਤੀਸਰਾ ਮਸਲਾ ਸੀ ਕਨਵੈਨਸ਼ਨ ਦਾ ਪੋਸਟਰ ਲਿਖਣ ਦਾ। ਇਸ ਦੀ ਜ਼ੁੰਮੇਵਾਰੀ ਕਲਮ ਦੇ ਮਾਹਿਰ ਰਾਜਿੰਦਰ ਢੀਂਡਸੇ ਦੀ ਲਾਈ ਗਈ। ਮੌਲਾ ਖ਼ੈਰ ਕਰੇ, ਰਾਜਿੰਦਰ ਢੀਂਡਸੇ ਨੇ ਆਪਣੀ ਕਲਮ ਦੇ ਐਸੇ ਜੌਹਰ ਕਨਵੈਨਸ਼ਨ ਦੇ ਪੋਸਟਰਾਂ ਵਿੱਚ ਵਿਖਾਏ ਕਿ ਬਹਿਜਾ ਬਹਿਜਾ ਹੋ ਗਈ। ਪੋਸਟਰਾਂ ਦੀ ਭਾਸ਼ਾ ਜੋਸ਼ੀਲੀ, ਭਾਵਕ ਤੇ ਬਾ-ਦਲੀਲ ਸੀ ਤੇ ਨੌਜੁਆਨਾਂ ਨੂੰ ਵੰਗਾਰਦੀ ਹੋਈ ਬੜੀ ਹੀ ਪ੍ਰਭਾਵਸ਼ਾਲੀ ਸੀ।

ਪੰਜਾਬ ਦੇ ਹਰ ਕੋਨੇ ਤੱਕ ਜਿਥੇ-2 ਵੀ ਰੋਡਵੇਜ਼ ਦੀਆਂ ਬੱਸਾਂ ਪਹੁੰਚੀਆਂ, ਇਸ ਕਨਵੈਨਸ਼ਨ ਦਾ ਸੁਨੇਹਾ ਲੈ ਕੇ ਗਈਆਂ। ਇਸਤੋਂ ਉਪਰੰਤ ਚੰਡੀਗੜ੍ਹ ਸਟਡੈਂਟਸ ਯੂਨੀਅਨ ਦੇ ਮੈਂਬਰਾਂ, ਪੰਜਾਬ ਯੂਨੀਵਰਸਟੀ ਕੈਂਪਸ ਤੇ ਚੰਡੀਗੜ੍ਹ ਦੇ ਬਾਕੀ ਕਾਲਜ ਪੋਸਟਰਾਂ ਨਾਲ ਭਰ ਦਿੱਤੇ। ਯੂਨੀਵਰਸਟੀ ਕੈਂਪਸ ਤੋਂ ਬਾਹਰ ਸੈਕਟਰ 15 ਦੀ ਮਾਰਕੀਟ ਦੇ ਅੱਗੇ ਖੁਲੇ ਮੈਦਾਨ ਵਿੱਚ ਬਾਂਸ ਗੱਡ ਕੇ ਤੰਬੂ ਲਾਇਆ ਗਿਆ ਤੇ ਤੰਬੂ ਰੰਗ ਬਰੰਗੀਆਂ ਝੰਡੀਆਂ ਨਾਲ ਸ਼ਿੰਗਾਰਿਆ ਗਿਆ ਤੇ ਲਗਭਗ 1000 ਕੁਰਸੀਆਂ ਸਜਾ ਦਿੱਤੀਆਂ ਗਈਆਂ। ਇਕ ਦਿਨ ਪਹਿਲਾਂ ਸਟੇਜ ਸਜਾ ਕੇ ਪੰਡਾਲ ਤਿਆਰ ਕਰ ਦਿੱਤਾ ਗਿਆ। ਉਸੇ ਰਾਤ 15 ਸੈਕਟਰ ਵਿੱਚ ਗਰੁਪ ਦੀ ਮੀਟਿੰਗ ਹੋਈ ਜਿਸ ਵਿੱਚ ਬੁਲਾਰਿਆਂ ਦੇ ਨਾਵਾਂ ਦੀ ਲਿਸਟ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੇ ਅਹੁਦੇਦਾਰਾਂ ਦੀ ਲਿਸਟ ਤਿਆਰ ਕੀਤੀ ਗਈ। ਇਸ ਦੇ ਨਾਲ ਹੀ ਸਟੇਜ ਨੂੰ ਚਲਾਉਣ ਦੀ ਜ਼ੁੰਮੇਵਾਰੀ ਰਾਜਿੰਦਰ ਢੀਂਡਸੇ ਨੂੰ ਸੌਂਪੀ ਗਈ। ਕਨਵੈਨਸ਼ਨ ਵਿੱਚ ਡਸਿਪਲਿਨ ਰਖਣ ਲਈ ਵਾਲੰਟੀਅਰਾਂ ਦੀਆਂ ਜ਼ੁਮੇਵਾਰੀਆਂ ਲਾਈਆਂ ਗਈਆਂ।

15 ਜੁਲਾਈ 1964 ਨੂੰ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੀ ਪਹਿਲੀ ਕਨਵੈਨਸ਼ਨ ਸੈਕਟਰ 15 ਦੀ ਮਾਰਕੀਟ, ਚੰਡੀਗੜ੍ਹ ਵਿੱਚ ਹੋਈ। ਪੰਜਾਬ ਭਰ ਵਿੱਚੋਂ ਵਿਦਿਆਰਥੀ ਚੰਡੀਗੜ੍ਹ ਪਹੁੰਚੇ।

ਓਨਾਂ ਦਿਨਾਂ ਵਿਚ ਰਘਬੀਰ ਸਿੰਘ ਸਿਰਜਣਾ ਵਾਲਾ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਵਿਦਿਆਰਥੀ ਸੀ। ਰਘਬੀਰ ਸਿੰਘ ਆਪਣੇ ਕਾਲਜ ਤੋਂ



ਵਿਦਿਆਰਥੀਆਂ ਦੀ ਇਕ ਬਸ ਭਰ ਕੇ ਚੰਡੀਗੜ੍ਹ ਕਨਵੈਨਸ਼ਨ ਤੇ ਲੈ ਕੇ ਆਇਆ ਸੀ। ਬੱਸ ਦੇ ਪਹੁੰਚਣ ਤੇ ਪੰਡਾਲ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠਿਆ। ਪੰਡਾਲ ਵਿਦਿਆਰਥੀਆਂ ਨਾਲ ਖਚਾਖਚ ਭਰਿਆ ਹੋਇਆ ਸੀ। ਕੁੜੀਆਂ ਦੀ ਗਿਣਤੀ ਘੱਟ ਤੋਂ ਘੱਟ 200 ਦੇ ਨੇੜੇ ਸੀ। ਸਾਰੇ ਵਿਦਿਆਥੀ ਪੂਰੇ ਡਸਿਪਲਿਨ ਵਿੱਚ ਸਨ।

ਡਾ. ਰਾਮ ਮਨੋਹਰ ਲੋਹੀਏ ਦੇ ਪਹੁੰਚਣ ਤੇ ਪੰਡਾਲ ਹੇਠ ਲਿਖੇ ਨਾਹਰਿਆਂ ਨਾਲ ਗੂੰਜ ਉਠਿਆ :

ਪੰਜਾਬ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ
ਡਾ. ਰਾਮ ਮਨੋਹਰ ਲੋਹੀਆ ਜ਼ਿੰਦਾਬਾਦ
ਕਾਲਜਾਂ ਵਿੱਚ ਪੜ੍ਹਾਈ ਸਸਤੀ ਕਰੋ
ਗ਼ਰੀਬ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ ਕਰੋ
ਸਟੂਡੈਂਟਸ ਯੂਨੀਅਨ ਬਹਾਲ ਕਰੋ

ਵਿਦਿਆਰਥੀ ਬੁਲਾਰਿਆਂ ਨੇ ਆਪਣੀ-2 ਵਾਰੀ ਸੰਖੇਪ ਵਿੱਚ ਪਰ ਜੋਸ਼ੀਲੇ ਸ਼ਬਦਾਂ ਵਿੱਚ ਵਿਦਿਆਰਥੀਆਂ ਤੇ ਨੌਜੁਆਨਾਂ ਨੂੰ ਦੇਸ਼ ਦਾ ਢਾਂਚਾ ਬਦਲਣ ਲਈ ਵੰਗਾਰਿਆ। ਕਸ਼ਮੀਰਾ ਸਿੰਘ ਲਾਅ ਦੇ ਵਿਦਿਆਰਥੀ ਨੇ ਸਿੱਧਮ ਸਿੱਧੀ ਮਾਰਕਸਵਾਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਤੇ ਮਜ਼ਦੂਰ ਜਮਾਤ ਦੀ ਲੁੱਟ ਖ਼ਸੁੱਟ ਦਾ ਜ਼ਿਕਰ ਕੀਤਾ ਤੇ ਮੌਜੂਦਾ ਸਰਕਾਰ ਦਾ ਤਖ਼ਤਾ ਉਲਟਾਣ ਲਈ ਨੌਜੁਆਨਾਂ ਨੂੰ ਵੰਗਾਰਿਆ। ਇਸੇ ਤਰਾਂ ਬਾਕੀ ਬੁਲਾਰਿਆਂ ਦੀਆਂ ਤਕਰੀਰਾਂ ਵਿੱਚ ਵੀ ਮਾਰਕਸਵਾਦ ਦੀ ਝਲਕ ਸੀ।

ਦਰਸ਼ਨ ਬਾਗ਼ੀ ਨੇ ਆਪਣੇ ਖ਼ਾਸ ਲਹਿਜੇ ਨਾਲ ਜਿਵੇਂ ਕਿ ਓਹ ਆਮ ਕਰਦਾ ਹੁੰਦਾ ਸੀ, ਵਿਦਿਆਰਥੀਆਂ ਨੂੰ ਸਦਾ ਹੀ ਇਨਾਂ ਖ਼ਾਸ ਸ਼ਬਦਾਂ ਨਾਲ ਸੰਬੋਧਨ ਕੀਤਾ, "ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੇ ਵਾਰਸੋ" ਜਿਸ ਅਜ਼ਾਦੀ ਦਾ ਸੁਪਨਾ, ਇਸ ਧਰਤੀ ਦੇ ਮਹਾਨ ਸ਼ਹੀਦਾਂ ਨੇ ਲਿਆ ਸੀ ਤੇ ਜਿਸ ਸੁਪਨੇ ਦੀ ਪੂਰਤੀ ਲਈ ਆਪਣੀ ਅੱਲੜ੍ਹ ਜੁਆਨੀ ਦਾ ਬਲੀਦਾਨ ਦਿੱਤਾ ਸੀ, ਓਹ ਅਜੇ ਨਹੀਂ ਆਈ। ਇਸ ਦੇਸ਼ ਦੀ ਕਿਰਤੀ ਜਨਤਾ ਅੱਧ ਭੁੱਖੀ ਤੇ ਅੱਧ ਨੰਗੀ ਸੌਂ ਰਹੀ ਹੈ। ਮਾਂ ਬਾਪ ਆਪਣਿਆਂ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ, ਦੇਸ਼ ਦਾ ਗ਼ਰੀਬ ਹੋਰ ਗ਼ਰੀਬ ਹੋ ਰਿਹਾ ਹੈ, ਅਮੀਰ ਹੋਰ ਅਮੀਰ ਹੋ ਰਿਹੈ, ਦੇਸ਼ ਵਿੱਚ ਲੋਕਾਂ ਦੀ ਲੁੱਟ ਦਿਨ ਰਾਤ ਵਧ ਰਹੀ ਹੈ। ਅਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਦੇ ਸਬਦਾਂ ਅਨਸਾਰ "ਜਬ ਚਿਲਮ ਮੇਂ ਤਮਾਕੂ ਜਲ ਜਾਤਾ ਹੈ, ਤਬ ਉਸ ਵਕਤ ਚਿਲਮ ਉਲਟ ਦੀ ਜਾਤੀ ਹੈ ਔਰ ਉਸ ਮੇ ਨਇਆ ਤਮਾਕੂ ਡਾਲਾ ਜਾਤਾ ਹੈ।" ਇਸ ਦੇਸ਼

ਕੀ ਚਿਲਮ ਕਾ ਤਮਾਕੂ ਜਲ ਚੁਕਾ ਹੈ, ਅਬ ਵੱਕਤ ਆ ਗਿਆ ਹੈ, ਨੌਜੁਆਨੋ ਇਸ ਦੇਸ਼ ਕੀ ਚਿਲਮ ਭਾਵ ਸਰਕਾਰ ਕੋ ਉਲਟ ਦੋ।" ਇਥੇ ਪਹੁੰਚ ਕੇ ਦਰਸ਼ਨ ਬਾਗੀ ਨੇ ਨਾਹਰਾ ਮਾਰਿਆ ਇਨਕਲਾਬ ਤੇ ਪੰਡਾਲ ਜ਼ਿੰਦਾਬਾਦ ਨਾਲ ਗੂੰਜ ਉੱਠਿਆ।

ਡਾ. ਰਾਮ ਮਨੋਹਰ ਲੋਹੀਆ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਦੇਸ਼ ਦੀ ਰਾਜਨੀਤਕ ਤੇ ਆਰਥਿਕ ਹਾਲਤ ਦਾ ਜ਼ਿਕਰ ਕਰਦਿਆਂ ਹੋਇਆਂ ਕਿਹਾ ਕਿ ਅਜ਼ਾਦੀ ਮਿਲਣ ਤੋਂ ਮਗਰੋਂ ਦੇਸ਼ ਵਿੱਚ ਗ਼ੁਰਬਤ ਵਧੀ ਹੈ। ਗਰੀਬ ਹੋਰ ਗ਼ਰੀਬ ਹੋਇਆ ਹੈ ਤੇ ਅਮੀਰ ਹੋਰ ਅਮੀਰ ਹੋਇਆ ਹੈ। ਦੇਸ਼ ਵਿੱਚ ਰਿਸ਼ਵਤਖੋਰੀ ਤੇ ਕੁਨਬਾ ਪਰੱਸਤੀ ਵਧ ਰਹੀ ਹੈ। ਵਿਦਿਆਰਥੀਆਂ ਵਿੱਚ ਰਾਜਸੀ ਚੇਤਨਤਾ ਦੀ ਅਣਹੋਂਦ ਹੈ। ਵਿਦਿਆਰਥੀ ਦੇਸ਼ ਦੀ ਰਾਜਨੀਤੀ ਵਿੱਚ ਕੋਈ ਦਿਲਚਸਪੀ ਨਹੀਂ ਲੈ ਰਹੇ ਤੇ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਵਾਗਡੋਰ ਕੌਣ ਸੰਭਾਲੇਗਾ।

ਡਾ. ਰਾਮ ਮਨੋਹਰ ਲੋਹੀਆ ਨੇ ਪੁਰ ਜ਼ੋਰ ਸ਼ਬਦਾਂ ਵਿੱਚ ਇਸ ਗੱਲ 'ਤੇ ਜ਼ੋਰ ਦਿਤਾ ਕਿ ਕਾਲਜਾਂ ਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਨੂੰ ਦੇਸ਼ ਦੀ ਰਾਜਨੀਤੀ ਵਿੱਚ ਗਰਮਜੋਸ਼ੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀਆਂ ਦੀਆਂ ਚੁਣੀਆਂ ਹੋਈਆਂ ਯੂਨੀਅਨਾਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਵਿਦਿਆਰਥੀਆਂ ਦੀਆਂ ਜੱਥੇਬੰਦੀਆਂ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਦਿੱਤੀ ਜਾਂਦੀ ਵਿਦਿਆ ਨੂੰ ਦੇਸ਼ ਲਈ ਲੋੜਵੰਦੀ ਵਿਦਿਆ ਪੜ੍ਹਾਉਣ ਤੇ ਕੋਰਸਾਂ ਦੀ ਚੋਣ ਵਿੱਚ, ਪੂਰਾ ਹਿੱਸਾ ਪਾ ਸਕਣ। ਆਪਣੇ ਭਾਸ਼ਨ ਵਿੱਚ ਉਨਾਂ ਨੇ ਜ਼ੋਰ ਦਿਤਾ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਪੜ੍ਹਾਈ ਸਸਤੀ ਹੋਣੀ ਚਾਹੀਦੀ ਹੈ ਤੇ ਇਸ ਵਿਸ਼ੇ ਤੇ ਵਿਦਿਆਰਥੀਆਂ ਨੂੰ ਸੰਘਰਸ਼ ਕਰਨ ਦੀ ਲੋੜ ਹੈ ਕਿਉਂਕਿ ਅੱਜ ਦੇ ਹਾਲਾਤ ਵਿੱਚ ਆਮ ਸਧਾਰਨ ਪਰਿਵਾਰ ਦੇ ਬੱਚੇ ਕਾਲਜਾਂ ਤੇ ਯੂਨੀਵਰਸਟੀਆਂ ਦੀ ਪੜ੍ਹਾਈ ਦੇ ਖ਼ਰਚੇ ਨਹੀਂ ਦੇ ਸਕਦੇ।

ਡਾ. ਲੋਹੀਆ ਨੇ ਇਸ ਗਲ 'ਤੇ ਵੀ ਜ਼ੋਰ ਦਿਤਾ ਕਿ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਪੜ੍ਹਾਈ ਕਿੱਤਾ ਪ੍ਰਧਾਨ ਹੋਣੀ ਚਾਹੀਦੀ ਹੈ। ਅੱਜ ਦੀ ਪੜ੍ਹਾਈ ਬਰਤਾਨਵੀ ਸਾਮਰਾਜ ਦੀ ਵਿਦਿਅਕ ਪ੍ਰਣਾਲੀ ਨੂੰ ਹੀ ਚਾਲੂ ਰੱਖ ਕੇ ਸਿਰਫ ਕਲਰਕ ਹੀ ਪੈਦਾ ਕਰ ਰਹੀ ਹੈ। ਕਾਲਜ ਤੇ ਯੂਨੀਵਰਸਟੀ ਦੀ ਡਿਗਰੀ ਹਾਸਲ ਕਰਨ ਮਗਰੋਂ ਵਿਦਿਆਰਥੀ ਬੇਰੁਜ਼ਗਾਰੀ ਕਾਰਨ ਸੜਕਾਂ ਤੇ ਭਟਕਦੇ ਫਿਰਦੇ ਹਨ।

ਅਖ਼ੀਰ ਵਿੱਚ ਉਨਾਂ ਨੇ ਵਿਦਿਆਰਥੀਆਂ ਦੀ ਸਮਾਜਿਕ ਤੇ ਰਾਜਨੀਤਕ ਜ਼ੁੰਮੇਵਾਰੀ ਤੇ ਜ਼ੋਰ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਦੇਸ਼ ਦੇ ਲੋਕਾਂ ਦੇ



ਹੱਕਾਂ ਲਈ ਸੰਘਰਸ਼ ਕਰਨ ਲਈ ਜੱਥੇਬੰਦ ਤੇ ਲਾਮਬੰਦ ਹੋਣਾ ਚਾਹੀਦਾ ਹੈ ਤਾਂ ਕਿ ਆਪਣੀ ਇਤਿਹਾਸਕ ਜ਼ੁੰਮੇਵਾਰੀ ਨੂੰ ਇਮਾਨਦਾਰੀ ਤੇ ਵਫਾਦਾਰੀ ਨਾਲ ਨਿਭਾ ਕੇ ਦੇਸ਼ ਦਾ ਕਲਿਆਣ ਕਰ ਸਕਣ। ਇਨਾਂ ਸ਼ਬਦਾਂ ਨਾਲ ਆਪਣੇ ਭਾਸ਼ਨ ਦੀ ਸਮਾਪਤੀ ਕੀਤੀ। ਤੇ ਇਸ ਤੋਂ ਮਗਰੋਂ ਪੰਡਾਲ ਇਨਾਂ ਨਾਹਰਿਆਂ ਨਾਲ ਗੂੰਜ ਉਠਿਆ :

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ

ਡਾ. ਰਾਮ ਮਨੋਹਰ ਲੋਹੀਆ - ਜ਼ਿੰਦਾਬਾਦ

ਇਸ ਕਨਵੈਨਸ਼ਨ ਵਿੱਚ ਸਰਬਸੰਮਤੀ ਨਾਲ ਤੇ ਨਾਹਰਿਆਂ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਦੇ ਹੇਠ ਲਿਖੇ ਨੁਮਾਇੰਦੇ ਚੁਣੇ ਗਏ :

1. ਕ੍ਰਿਸ਼ਨ ਮੁਰਾਰੀ, ਪ੍ਰਧਾਨ
(ਕੈਮਿਸਟਰੀ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ)
2. ਗੰਗਾ ਰਾਮ, ਮੀਤ ਪ੍ਰਧਾਨ
(ਕਾਲਜ, ਪੰਜਾਬ ਯੂਨੀਵਰਸਟੀ ਚੰਡੀਗੜ੍ਹ)
3. ਬਾਬਾ ਸੁਖਚੈਨ ਸਿੰਘ, ਮੀਤ ਪ੍ਰਧਾਨ
(ਆਰਟਸ ਕਾਲਜ ਚੰਡੀਗੜ੍ਹ)
4. ਦਰਸ਼ਨ ਬਾਗੀ, ਜਨਰਲ ਸੈਕਟਰੀ
(ਸੋਸ਼ਿਆਲੋਜੀ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ)
5. ਰਾਜਿੰਦਰ ਢੀਂਡਸਾ, ਜੁਆਇੰਟ ਸੈਕਟਰੀ
(ਬਾਟਨੀ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ)
6. ਪਿਆਰੇ ਮੋਹਨ ਸ਼ਰਮਾ, ਕੈਸ਼ੀਅਰ
(ਫਿਜਿਕਸ਼ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ,ਚੰਡੀਗੜ੍ਹ)

**ਐਗਜ਼ੈਕਟਿਵ ਦੇ ਮੈਂਬਰ**

ਨੰਦ ਕੁਮਾਰ ਸ਼ਰਮਾ, ਸੋਸ਼ਿਆਲੋਜੀ ਡਿਪਾਰਟਮੈਂਟ ਪੰਜਾਬ ਯੂਨਵਿਰਸਟੀ ਚੰਡੀਗੜ੍ਹ
ਮਨਜੀਤ ਕੌਰ ਬੱਗਾ, ਪੰਜਾਬੀ ਡਿਪਾਰਟਮੈਂਟ ਪੰਜਾਬ ਯੂਨੀਵਰਸਟੀ ਚੰਡੀਗੜ੍ਹ
ਬਚਨ ਲਾਲ, ਲਾਅ ਕਾਲਜ, ਪੰਜਾਬ ਯੂਨੀਵਰਸਟੀ ਚੰਡੀਗੜ੍ਹ
ਕਸ਼ਮੀਰਾ ਸਿੰਘ, ਲਾਅ ਕਾਲਜ, ਪੰਜਾਬ ਯੂਨੀਵਰਸਟੀ ਚੰਡੀਗੜ੍ਹ
ਰਘਬੀਰ ਸਿੰਘ, ਪੰਜਾਬੀ ਡਿਪਾਰਟਮੈਂਟ ਖ਼ਾਲਸਾ ਕਾਲਜ ਜਲੰਧਰ
ਸੂਬੇ ਸਿੰਘ, ਲਾਅ ਕਾਲਜ, ਪੰਜਾਬ ਯੂਨੀਵਰਸਟੀ ਚੰਡੀਗੜ੍ਹ
ਅਜੀਤ ਸਿੰਘ ਬਾਸੀ, ਜਰਨਲਿਜਮ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ
ਪ੍ਰੇਮ ਰਾਜਪੂਤ ਜਰਨਲਿਜਮ ਡਿਪਾਰਟਮੈਂਟ ਪੰਜਾਬ ਯੂਨੀਵਰਸਟੀ ਚੰਡੀਗੜ੍ਹ

ਇਸ ਚੋਣ ਤੋਂ ਮਗਰੋਂ ਪੰਜਾਬ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ, ਡਾ.

ਰਾਮ ਮਨੋਹਰ ਲੋਹੀਆ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਕਾਨਫਰੰਸ ਦੀ ਸਮਾਪਤੀ ਕੀਤੀ ਗਈ।



## ਗੁੰਡਾਗਰਦੀ ਵਿਰੁੱਧ ਪੀ. ਐਸ. ਯੂ. ਦੀ ਪਾਲਸੀ ਮੀਟਿੰਗ

ਕਨਵੈਨਸ਼ਨ ਦੀ ਸਮਾਪਤੀ ਤੋਂ ਇਕ ਹਫਤਾ ਬਾਦ ਪੀ.ਐਸ ਯੂ. ਦੀ ਐਗਜ਼ੈਕਟਿਵ ਦੀ ਇਕ ਸਪੇਸ਼ਲ ਮੀਟਿੰਗ ਰੱਖੀ ਗਈ. ਜਿਸ ਵਿੱਚ ਪੀ. ਐਸ. ਯੂ. ਦੀ ਇਕ ਮਹੱਤਵਪੂਰਨ ਪਾਲਸੀ ਤਹਿ ਕੀਤੀ ਗਈ। ਇਸ ਮੀਟਿੰਗ ਵਿੱਚ ਪੀ.ਐਸ.ਯੂ. ਵੱਲੋਂ ਆਪਣੇ ਮੁੱਖ ਤੌਰ 'ਤੇ ਮਾਰਕਸਵਾਦੀ ਯੂਨਿਟਾਂ ਨੂੰ ਸਪੱਸ਼ਟ ਆਰਡਰ ਸੀ ਕਿ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਧੱਕੜਸ਼ਾਹੀ ਕਦੇ ਵੀ ਨਹੀਂ ਕਰਨੀ ਪਰ ਕਿਸੇ ਹੋਰ ਪੱਖ ਤੋਂ ਧੱਕੜਸ਼ਾਹੀ ਬਰਦਾਸ਼ਤ ਵੀ ਨਹੀਂ ਕਰਨੀ। ਜੇ ਕਦੇ ਕੋਈ ਗੁੰਡਾ ਅਨਸਰ ਜਾਂ ਇੱਕਾ ਦੁੱਕਾ ਬੰਦਾ ਕਿਸੇ ਮਾਰਕਸਵਾਦੀ ਤੇ ਹੱਥ ਚੁਕੇ ਤਾਂ ਓਹ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਪਹਿਲਾ ਯਤਨ ਕਿ ਸ਼ਕਤੀ ਦਾ ਪ੍ਰਦਰਸ਼ਨ ਕਰ ਕੇ ਗੁੰਡਾ ਅਨਸਰ ਨੂੰ ਸਿਰਫ ਡਰਾਇਆ ਹੀ ਜਾਵੇ ਤੇ ਮਸਲਾ ਲੜਾਈ ਝਗੜੇ ਤੋਂ ਬਿਨਾਂ ਹੀ ਨਜਿੱਠਿਆ ਜਾਵੇ। ਇਸ ਪਾਲਿਸੀ ਅਧੀਨ ਦੋ ਘਟਨਾਵਾਂ ਦਾ ਬੜੀ ਸਫ਼ਲਤਾ ਨਾਲ ਨਬੇੜਾ ਹੋਇਆ ਸੀ। ਪਹਿਲੀ ਘਟਨਾ ਪੰਜਾਬ ਯੂਨੀਵਰਸਟੀ ਕੈਂਪਸ ਚੰਡੀਗੜ੍ਹ ਦੇ ਹੋਸਟਲ ਵਿੱਚ ਵਾਪਰੀ ਸੀ। ਸਾਥੀ ਪਿਆਰੇ ਮੋਹਨ ਵਿੱਚ ਇਕ ਖ਼ੂਬੀ ਹੈ ਕਿ ਜਿਥੇ ਓਹ ਅੜ ਜਾਵੇ ਪਿਛੇ ਕਦੇ ਨਹੀਂ ਹਟਦਾ, ਗੱਲਬਾਤ ਦਾ ਧਨੀ ਹੈ, ਸ਼ਬਦਾਂ ਤੇ ਦਲੀਲਾਂ ਦਾ ਹੜ੍ਹ ਲਿਆ ਦੇਵੇਗਾ, ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ। ਇਸੇ ਤਰਾਂ, ਇਕ ਦਿਨ ਹੋਸਟਲ ਵਿੱਚ, ਇਕ ਧੱਕੜਬਾਜ ਨਾਲ ਦਲੀਲਬਾਜ਼ੀ ਹੋ ਗਈ ਤੇ ਜਦੋਂ ਇਹ ਧੱਕੜਬਾਜ ਸਾਥੀ ਪਿਆਰੇ ਮੋਹਨ ਦੀ ਦਲੀਲ ਦੀ ਤਾਬ ਨਾ ਸਹਿ ਸਕਿਆ ਤਾਂ ਉਸ ਧੱਕੜਬਾਜ ਨੇ ਸਾਥੀ ਪਿਆਰੇ ਮੋਹਨ ਦੇ ਥੱਪੜ ਜੜ ਦਿੱਤਾ। ਇਹ ਖ਼ਬਰ ਮਾਰਕਸਵਾਦੀ ਗਰੁਪ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸਾਥੀਆਂ ਦਾ ਪੂਰਾ 8-10 ਦਾ ਗਰੁਪ ਪੂਰੀ ਤਰਾਂ ਕਮਰਕੱਸੇ ਕਰ ਕੇ ਲਾਅ ਕਾਲਜ ਦੇ ਹੋਸਟਲ ਵਿੱਚ ਜਾ ਵੜਿਆ। ਧੱਕੜਬਾਜ ਦੇ ਚੌਧਰੀਆਂ ਨੂੰ ਪਤਾ ਸੀ ਕਿ ਇਸ ਥੱਪੜ ਦੀ ਕੀਮਤ ਤਾਰਨੀ ਪਵੇਗੀ। ਸਾਥੀਆਂ ਦਾ ਰੌਲਾ ਸੁਣ ਕੇ ਧੱਕੜਬਾਜ ਦੇ ਚੌਧਰੀਆਂ ਨੇ ਉਸ ਨੂੰ ਦੂਜੀ ਮੰਜ਼ਲ ਤੋਂ ਛਾਲ ਮਰਵਾ ਕੇ ਭਜਾ ਦਿਤਾ ਤੇ ਜਦੋਂ ਸਾਰੇ ਸਾਥੀ ਧੱਕੜਬਾਜ ਤੇ ਉਸ ਦੇ ਚੌਧਰੀਆਂ ਦੇ ਕਮਰੇ ਵਿੱਚ ਪੁੱਜੇ ਤਾਂ ਚੌਧਰੀਆਂ ਨੇ ਧੱਕੜਬਾਜ ਦੇ ਨਾਂ ਤੇ ਸਾਥੀਆਂ ਤੋਂ ਖਿਮਾਂ ਮੰਗੀ ਤੇ ਅਗੇ ਤੋਂ ਅਜਿਹੀ ਹਰਕਤ ਨਾ ਕਰਨ ਦਾ ਵਚਨ ਦਿੱਤਾ।

ਦੂਜੀ ਘਟਨਾ ਵਾਪਰੀ ਸੀ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿੱਚ। ਇਥੇ ਹਰਭਜਨ ਹਲਵਾਰਵੀ ਦਾ ਛੋਟਾ ਭਰਾ ਡਾ. ਸੰਤੋਖ ਸਿੰਘ ਡਾਕਟਰੀ ਕਰਦਾ ਸੀ। ਇਕ ਦਿਨ ਇਥੇ ਵੀ ਇਕ ਧੱਕੜਬਾਜ ਨੇ ਸੰਤੋਖ ਸਿੰਘ ਨੂੰ ਵੰਗਾਰਿਆ ਕਿ ਤੁਹਾਨੂੰ ਕਾਮਰੇਡਾਂ ਨੂੰ ਸਿੱਧਾ ਕਰਨਾ ਪਵੇਗਾ ਤੇ ਪੈਂਦਿਆਂ ਹੀ ਸੰਤੋਖ 'ਤੇ ਹਮਲਾ ਕਰ ਦਿਤਾ। ਇਸ ਘਟਨਾ ਵਿੱਚ, ਸਾਥੀਆਂ ਨੇ ਚੰਡੀਗੜ੍ਹ ਵਾਲੀ ਘਟਨਾ ਤੋਂ ਉਲਟ, ਧੱਕੜਬਾਜ ਨੂੰ ਜਿਹੜਾ ਕਿ ਰਾਜਿੰਦਰਾ ਮੈਡੀਕਲ ਕਾਲਜ ਵਿੱਚ ਮੈਡੀਕਲ ਦੀ ਡਿਗਰੀ ਕਰ ਰਿਹਾ ਸੀ, ਫੜ ਲਿਆ ਤੇ ਉਸ ਦੀ ਚੰਗੀ ਤਰਾਂ ਤਰਪਾਈ ਕੀਤੀ। ਜਦੋਂ ਦਰਸ਼ਨ ਬਾਗ਼ੀ ਰਿਹਾ ਹੋਣ ਮਗਰੋਂ ਇਕ ਦਿਨ ਪਟਿਆਲੇ ਮੈਡੀਕਲ ਕਾਲਜ ਗਿਆ ਤਾਂ ਉਹ ਧੱਕੜਬਾਜ ਖ਼ਾਸ ਕਰ ਕੇ ਦਰਸ਼ਨ ਬਾਗ਼ੀ ਨੂੰ ਚਾਹ ਪੀਣ ਲਈ ਲੈ ਗਿਆ ਤੇ ਬੜੇ ਪਛਤਾਵੇ ਭਰੇ ਲਹਿਜੇ ਵਿੱਚ ਕਹਿਣ ਲੱਗਾ, "ਬਾਗ਼ੀ ਸਾਹਿਬ, ਇਨਾਂ ਕਾਮਰੇਡਾਂ ਨੇ ਬੜੀ ਬੇਰਹਿਮੀ ਨਾਲ ਮੇਰੀ ਸੇਵਾ ਕੀਤੀ, ਮੈਂ ਬਹੁਤ ਮਿੰਨਤਾਂ ਕੀਤੀਆਂ ਕਿ ਮੇਰੇ ਤੋਂ ਭੁੱਲ ਹੋ ਗਈ। ਮੈਨੂੰ ਇਹ ਆਸ ਨਹੀਂ ਸੀ ਕਿ ਇਸ ਘਟਨਾ ਨੂੰ ਕਾਮਰੇਡ ਇਨਾਂ ਸੀਰੀਅਸ ਲੈਣਗੇ। ਮੇਰੀ ਬੇਨਤੀ ਹੈ ਕਿ ਤੁਸੀਂ ਕਾਮਰੇਡਾਂ ਨੂੰ ਸਮਝਾਓ ਕਿ ਮਸਲੇ ਗੱਲਬਾਤ ਨਾਲ ਸੁਲਝਾਉਣ।" ਮੀਟਿੰਗ ਬੜੇ ਚੰਗੇ ਮਾਹੌਲ ਨਾਲ ਸਮਾਪਤ ਹੋਈ ਤੇ ਧੱਕੜਬਾਜ ਨੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਭਰੋਸਾ ਦਿੱਤਾ।



## ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਨਾਲ ਮੀਟਿੰਗ

ਕਾਮਰੇਡ ਰਾਮ ਕ੍ਰਿਸ਼ਨ ਮੁਖ਼ਤਸਰ ਸਮੇਂ ਲਈ ਪੰਜਾਬ ਦਾ ਮੁੱਖ ਮੰਤਰੀ ਰਿਹਾ ਤੇ ਉਸ ਤੋਂ ਮਗਰੋਂ ਗਿਅਨੀ ਗੁਰਮੁਖ ਸਿੰਘ ਮੁਸਾਫਰ ਨੂੰ ਪੰਜਾਬ ਦਾ ਮੁੱਖ ਮੰਤਰੀ ਨਾਮਜ਼ਦ ਕੀਤਾ ਗਿਆ। ਇਨਾਂ ਦਿਨਾਂ ਵਿੱਚ ਖ਼ਾਸ ਕਰ ਕੇ ਪੰਜਾਬ ਯੂਨੀਵਰਸਟੀ ਕੈਂਪਸ ਤੇ ਬਾਕੀ ਕਾਲਜਾਂ ਵਿੱਚ, ਵਿਦਿਆਰਥੀ, ਚੰਡੀਗੜ੍ਹ ਸਟੂਡੈਂਟਸ ਯੂਨੀਅਨ ਤੇ 15 ਜੁਲਾਈ 1964 ਤੋਂ ਮਗਰੋਂ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੇ ਝੰਡੇ ਹੇਠ ਆਪਣੇ ਹੱਕਾਂ ਲਈ ਬਹੁਤ ਸਰਗਰਮ ਹੋ ਰਹੇ ਸਨ। ਵਿਦਿਆਰਥੀਆਂ ਦੇ ਸਰਗਰਮ ਰੋਲ ਨੂੰ ਵੇਖਦਿਆਂ, ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਨੇ ਵਿਦਿਆਰਥੀ ਆਗੂਆਂ ਨੂੰ ਮਿਲਣ ਦਾ ਸੱਦਾ ਦਿੱਤਾ। ਇਸ ਸੱਦੇ 'ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ 15 ਵਿਦਿਆਰਥੀਆਂ ਦਾ ਗਰੁੱਪ, ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਨੂੰ ਮਿਲਿਆ। ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਨੇ ਜਾਣ ਤੋਂ ਪਹਿਲਾਂ ਆਪਣਾ ਮੁੱਖ ਬੁਲਾਰਾ ਕ੍ਰਿਸ਼ਨ ਮੁਰਾਰੀ ਨੂੰ ਚੁਣਿਆ ਸੀ। ਗੱਲਬਾਤ ਨੂੰ ਅਗੇ ਚਾਲੂ ਰੱਖਣ ਲਈ ਤੇ ਦਲੀਲਬਾਜ਼ੀ ਲਈ ਕ੍ਰਿਸ਼ਨ ਮੁਰਾਰੀ ਦੀ ਸਹਾਇਤਾ ਲਈ ਦੂਜੇ ਨੰਬਰ ਤੇ ਦਰਸ਼ਨ ਬਾਗ਼ੀ ਨੂੰ ਚੁਣਿਆ ਗਿਆ। ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਤੋਂ ਬਿਨਾਂ 5 ਵਿਦਿਆਰਥੀ ਸਟੂਡੈਂਟਸ ਕਾਂਗਰਸ ਵੱਲੋਂ ਆਏ। 2 ਜੱਥੇਬੰਦੀਆਂ ਵੱਲੋਂ ਕੁੱਲ 20 ਵਿਦਿਆਰਥੀ ਮੁੱਖ ਮੰਤਰੀ ਦੇ ਸੱਦੇ 'ਤੇ ਮਿਲਣ ਲਈ ਆਏ ਸਨ। ਸਾਰੇ ਵਿਦਿਆਰਥੀ ਤੇ ਮੁੱਖ ਮੰਤਰੀ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ, ਇਕ ਗੋਲ ਦਾਇਰੇ ਵਿੱਚ ਚੌਕੜੀਆਂ ਮਾਰ ਕੇ ਬੈਠ ਗਏ। ਗਿਆਨੀ ਜੀ ਨੇ ਆਪਣੀ ਜਾਣ-ਪਛਾਣ ਕਰਵਾਈ ਤੇ ਫਿਰ ਦੋਹਾਂ ਜੱਥੇਬੰਦੀਆਂ ਨੇ ਆਪਣੀ-2 ਜਾਣ-ਪਛਾਣ ਕਰਵਾਈ ਤੇ ਗਿਆਨੀ ਜੀ ਨੇ ਦੋਹਾਂ ਜੱਥੇਬੰਦੀਆਂ ਨੂੰ ਜੀ ਆਇਆਂ ਕਿਹਾ।

ਮੀਟਿੰਗ ਦੇ ਆਰੰਭ ਵਿੱਚ ਹੀ ਕਾਂਗਰਸ ਪਾਰਟੀ ਦੇ ਸਰਗਰਮ ਸਮਰਥਕ ਤੇ ਸਟੂਡੈਂਟਸ ਕਾਂਗਰਸ ਦੇ ਮੁੱਖ ਲੀਡਰ ਅਤੇ ਨੁਮਾਇੰਦੇ ਨੇ ਇਲਜ਼ਾਮ ਲਗਾਇਆ ਤੇ ਕਿਹਾ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਰੇ ਵਿਦਿਆਰਥੀ ਜਿਹੜੇ ਇੱਥੇ ਆਏ ਹਨ, ਇਹ ਸਾਰੇ ਕਮਿਊਨਿਸਟ ਹਨ ਤੇ ਇਹ ਰਾਜਨੀਤੀ ਵਿੱਚ ਦਿਲਚਸਪੀ ਰੱਖਦੇ ਹਨ। ਇਸਦੇ ਉੱਤਰ ਵਿੱਚ ਕ੍ਰਿਸ਼ਨ ਮੁਰਾਰੀ ਨੇ ਕਿਹਾ ਕਿ ਜੇ ਸਟੂਡੈਂਟਸ

ਕਾਂਗਰਸ ਦੇ ਸਮਰਥਕ ਵਿਦਿਆਰਥੀ ਕਾਂਗਰਸ ਪਾਰਟੀ ਵਿੱਚ ਹਿੱਸਾ ਲੈ ਸਕਦੇ ਹਨ ਤਾਂ ਇਸ ਵਿੱਚ ਵੀ ਕੀ ਹਰਜ ਹੈ ਜੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਮਰਥਕ ਵਿਦਿਆਰਥੀ ਮਾਰਕਸਵਾਦੀ ਜਾਂ ਕਮਿਊਨਿਸਟ ਵਿਚਾਰਧਾਰਾ ਦੇ ਸਮਰਥਕ ਹਨ। ਸਾਰਿਆਂ ਤੋਂ ਅਹਿਮ ਗੱਲ ਇਹ ਹੈ ਕਿ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀ ਜੇ ਰਾਜਸੀ ਚੇਤਨਤਾ ਗ੍ਰਹਿਣ ਕਰਦੇ ਹਨ ਤਾਂ ਦੇਸ਼ ਦੇ ਡੈਮੋਕਰੇਟਿਕ ਢਾਂਚੇ ਵਿੱਚ ਰਾਜਨੀਤਿਕ ਵਿਚਾਰਧਾਰਾ ਰੱਖਣੀ ਕੋਈ ਜੁਰਮ ਨਹੀਂ। ਇਹ ਹਰ ਇੱਕ ਦਾ ਹੱਕ ਹੈ, ਜਿਵੇਂ ਕਾਂਗਰਸੀ ਵਿਦਿਆਰਥੀ ਕਾਂਗਰਸੀ ਹੋਣ ਦਾ ਹੱਕ ਸਮਝਦੇ ਹਨ, ਇਸੇ ਤਰ੍ਹਾਂ ਦੂਜੇ ਵਿਦਿਆਰਥੀਆਂ ਨੂੰ ਵੀ ਹੱਕ ਹੈ ਕਿ ਉਹ ਕਿਸੇ ਵੀ ਰਾਜਨੀਤਿਕ ਵਿਚਾਰਧਾਰਾ ਨੂੰ ਅਪਨਾਉਣ। ਪਰ ਇਲਜ਼ਾਮ ਤਰਾਸ਼ੀ ਤੋਂ ਉੱਪਰ ਉੱਠ ਕੇ ਜਿਹੜੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਮਸਲੇ ਹਨ, ਉਨ੍ਹਾਂ 'ਤੇ ਵਿਚਾਰ ਕਰੋ।

ਮੁੱਖ ਮੰਤਰੀ ਨੇ ਕ੍ਰਿਸ਼ਨ ਮੁਰਾਰੀ ਦੀ ਇਸ ਦਲੀਲ ਨਾਲ ਪੂਰੀ ਸਹਿਮਤੀ ਪ੍ਰਗਟ ਕੀਤੀ ਤੇ ਵਿਦਿਆਰਥੀਆਂ ਦੇ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਕਿਹਾ ਤੇ ਉਨ੍ਹਾਂ ਨੇ ਇਲਜ਼ਾਮ ਤਰਾਸ਼ੀ ਨਾ ਕਰਨ 'ਤੇ ਜ਼ੋਰ ਦਿੱਤਾ।

ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਸਰਕਾਰ ਦੀ ਦਖ਼ਲ ਅੰਦਾਜੀ ਬੰਦ ਹੋਣੀ ਚਾਹੀਦੀ ਹੈ। ਵਿਦਿਆਰਥੀਆਂ 'ਤੇ ਸਿਆਸੀ ਵਿਚਾਰਧਾਰਾ ਰੱਖਣ ਕਰਕੇ ਦਾਖ਼ਲਿਆਂ 'ਤੇ ਪਾਬੰਦੀ ਨਹੀਂ ਹੋਣੀ ਚਾਹੀਦੀ। ਮੁੱਖ ਮੰਤਰੀ ਨਾਲ ਇਹ ਮੀਟਿੰਗ 2 ਘੰਟੇ ਚੱਲੀ ਤੇ ਅਖੀਰ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਨੇ ਆਪਣੀਆਂ ਮੰਗਾਂ ਦਾ ਪੱਤਰ ਮੁੱਖ ਮੰਤਰੀ ਨੂੰ ਪੇਸ਼ ਕੀਤਾ ਤੇ ਉਸ ਵਿੱਚ ਹੇਠ ਲਿਖੀਆਂ ਮੰਗਾਂ ਦਰਜ ਸਨ :

1. ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀਆਂ ਚੁਣੀਆਂ ਹੋਈਆਂ ਯੂਨੀਅਨਾਂ ਬਹਾਲ ਕੀਤੀਆਂ ਜਾਣ।
2. ਰਾਜਸੀ ਵਿਚਾਰਧਾਰਾ ਰੱਖਣ ਕਰਕੇ ਵਿਦਿਆਰਥੀਆਂ ਦੇ ਦਾਖਲਿਆਂ 'ਤੇ ਪਾਬੰਦੀ ਬੰਦ ਹੋਵੇ।
3. ਰਾਜਸੀ ਵਿਚਾਰਧਾਰਾ ਰੱਖਣ ਕਰਕੇ ਕਿਸੇ ਵੀ ਵਿਦਿਆਰਥੀ ਨੂੰ ਕਾਲਜ ਜਾਂ ਯੂਨੀਵਰਸਟੀ ਵਿੱਚੋਂ ਕੱਢਿਆ ਨਾ ਜਾਵੇ।
4. ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਮੁਫ਼ਤ ਕੀਤੀ ਜਾਵੇ।
5. ਕਾਲਜਾਂ ਤੇ ਯੂਨੀਵਰਸਟੀਆਂ ਦੇ ਕੋਰਸ ਕੌਮੀ ਅਧਾਰ ਦੇ ਹੋਣ।



6 ਕਾਲਜਾ ਤੇ ਯੂਨੀਵਰਸਟੀ ਦੇ ਕੋਰਸਾਂ ਦੀਆਂ ਕਿਤਾਬਾਂ, ਵਿਦਿਆਰਥੀਆਂ ਨੂੰ ਅੱਧੀ ਕੀਮਤ ਤੇ ਦਿਤੀਆਂ ਜਾਣ ਤੇ ਬਾਕੀ ਦੀ ਕੀਮਤ ਪੰਜਾਬ ਸਰਕਾਰ ਦੇਵੇ।
7. ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਗੁੰਡਾ ਅਨਸਰ ਨੂੰ ਨੱਥ ਪਾਈ ਜਾਵੇ।
8. ਬੱਸਾਂ 'ਤੇ ਕਾਲਜਾਂ ਅਤੇ ਯੂਨੀਵਰਸਟੀ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਬੱਸ ਪਾਸ ਦਿੱਤੇ ਜਾਣ।
9. ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਅੱਡੋ-ਅੱਡ ਰਾਜਸੀ ਵਿਚਾਰਧਾਰਾ ਦੀਆਂ ਸਟੂਡੈਂਟਸ ਯੂਨੀਅਨਾਂ ਬਨਾਉਣ ਦੀ ਖੁੱਲ ਹੋਵੇ।
10. ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਫਿਰਕਾਪ੍ਰਸਤੀ ਦੇ ਪਰਚਾਰ ਤੇ ਪੂਰੀ ਪਾਬੰਦੀ ਲਾਈ ਜਾਵੇ।
11. ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਅੱਡੋ-ਅੱਡ ਫਿਰਕਿਆਂ ਦੀ ਏਕਤਾ ਲਈ ਸੈਮੀਨਾਰ ਕਰਾਉਣ ਲਈ ਮਹਿਕਮਾ ਸਥਾਪਤ ਕੀਤਾ ਜਾਵੇ।

ਅਖ਼ੀਰ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੇ ਵਫਦ ਨੇ ਮੁਖ ਮੰਤਰੀ ਨੂੰ ਬੇਨਤੀ ਕੀਤੀ ਕਿ ਇਨਾਂ ਮੰਗਾਂ ਦਾ ਉੱਤਰ ਪੰਜਾਬ ਸਰਕਾਰ ਨੂੰ ਯੋਗ ਸਮੇਂ ਦੇ ਅੰਦਰ ਘੱਟੋ-ਘੱਟ 6 ਮਹੀਨਿਆਂ ਦੇ ਅੰਦਰ ਦੇਣਾ ਚਾਹੀਦਾ ਹੈ ਕਿ ਪੰਜਾਬ ਦੀ ਸਰਕਾਰ ਵਿਦਿਆਰਥੀਆਂ ਦੇ ਇਨਾਂ ਮਸਲਿਆਂ 'ਤੇ ਗੌਰ ਕਰ ਕੇ ਕੋਈ ਅਮਲੀ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਨੇ ਭਰੋਸਾ ਦੁਆਇਆ ਕਿ ਸਰਕਾਰ ਜ਼ਰੂਰ ਇਨਾਂ ਮਸਲਿਆਂ 'ਤੇ ਕਦਮ ਚੁੱਕੇਗੀ। ਪਰ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੀਆਂ ਉਪਰਲੀਆਂ ਮੰਗਾਂ 'ਤੇ ਕਦੇ ਵੀ ਕੋਈ ਕਦਮ ਨਹੀਂ ਸੀ ਚੁਕਿਆ ਗਿਆ।

## 1966 ਵਿੱਚ ਕਾਨੂੰਨ ਦੇ ਵਿਦਿਆਰਥੀਆਂ ਦੀ ਹੜਤਾਲ

1966 ਵਿੱਚ ਆਪਣੀਆਂ ਮੰਗਾਂ ਦੇ ਹੱਕ ਵਿੱਚ ਲਾਅ ਦੇ ਵਿਦਿਆਰਥੀਆਂ ਨੇ ਹੜਤਾਲ ਕਰ ਦਿਤੀ। ਇਸੇ ਸਾਲ ਪੰਜਾਬ ਯੂਨੀਵਰਸਟੀ ਦੇ ਡਿਪਾਰਟਮੈਂਟ ਆਫ ਲਾਅ ਨੇ ਦਰਸ਼ਨ ਬਾਗ਼ੀ ਨੂੰ ਸਟੂਡੈਂਟਸ ਯੂਨੀਅਨ ਦੀਆਂ ਸਰਗਰਮੀਆਂ ਕਾਰਨ ਐਲ. ਐਲ. ਬੀ. ਦੇ ਆਖ਼ਰੀ ਸਾਲ ਵਿੱਚ ਦਾਖ਼ਲ ਕਰਨ ਤੋਂ ਇਨਕਾਰ ਕਰ ਦਿੱਤਾ। 1967 ਵਿੱਚ ਪੰਜਾਬ ਵਿੱਚ ਯੂਨਾਈਟਡ ਫਰੰਟ ਦੀ ਸਰਕਾਰ ਸੀ। ਅਕਾਲੀ ਦਲ ਤੇ ਜਨਸੰਘ ਪਾਰਟੀ ਦੀ ਸਰਕਾਰ ਸੀ। ਕਾਂਗਰਸ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਯੂਨਾਈਟਡ ਫਰੰਟ ਦੀ ਸਰਕਾਰ ਦੀ ਸਹਾਇਤਾ ਕਰਦੀਆਂ ਸਨ। ਇਸ ਸਰਕਾਰ ਦੀ ਸਰਪ੍ਰਸਤੀ ਲਈ, ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਰਾਜਸੀ ਪਾਰਟੀਆਂ ਦੀ ਕੁਆਰਡੀਨੇਸ਼ਨ ਕਮੇਟੀ ਬਣੀ ਹੋਈ ਸੀ ਤੇ ਇਸ ਕਮੇਟੀ ਦਾ ਕਨਵੀਨਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸੀ ਜਿਹੜਾ ਕਮਿਊਨਿਸਟ ਪਾਰਟੀ (ਐਮ) ਦਾ ਜਨਰਲ ਸੈਕਟਰੀ ਸੀ। ਦੂਜੇ ਸ਼ਬਦਾਂ ਵਿੱਚ ਇਸ ਯੂਨਾਈਟਡ ਫਰੰਟ ਦੀ ਸਰਕਾਰ ਦਾ ਕਰਤਾ ਧਰਤਾ ਜਾਂ ਸਰਬਰਾਹ ਕਾਮਰੇਡ ਸੁਰਜੀਤ ਨੂੰ ਕਿਹਾ ਜਾ ਸਕਦਾ ਹੈ।

ਐਲ. ਐਲ. ਬੀ. ਦੇ ਆਖ਼ਰੀ ਸਾਲ ਵਿੱਚ ਜਦੋਂ ਪੰਜਾਬ ਯੂਨੀਵਰਸਟੀ ਨੇ ਦਰਸ਼ਨ ਬਾਗ਼ੀ ਨੂੰ ਦਾਖ਼ਲ ਕਰਨ ਤੋਂ ਨਾਂਹ ਕਰ ਦਿਤੀ ਤਾਂ ਦਰਸ਼ਨ ਬਾਗ਼ੀ ਨੇ ਚੁਪ ਚੁਪੀਤੇ ਰਸ਼ੀਅਨ ਭਾਸ਼ਾ ਵਿੱਚ ਦਾਖ਼ਲਾ ਲੈ ਲਿਆ। ਇਨਾਂ ਦਿਨਾਂ ਵਿੱਚ ਦਰਸ਼ਨ ਬਾਗ਼ੀ ਵਿਦਿਆਰਥੀਆਂ ਵਿੱਚ ਕੁਲਵਕਤੀ ਰੂਪ ਵਿੱਚ ਕੰਮ ਕਰ ਰਿਹਾ ਸੀ। ਜਦੋਂ ਯੂਨੀਵਰਸਟੀ ਨੂੰ ਪਤਾ ਲਗਾ ਕਿ ਦਰਸ਼ਨ ਬਾਗ਼ੀ ਰਸ਼ੀਅਨ ਭਾਸ਼ਾ ਦਾ ਵਿਦਿਆਰਥੀ ਹੈ ਤਾਂ ਵਾਈਸ ਚਾਂਸਲਰ ਨੇ ਦਰਸ਼ਨ ਬਾਗ਼ੀ ਨੂੰ ਰਸ਼ੀਅਨ ਭਾਸ਼ਾ ਵਿਭਾਗ ਵਿੱਚੋਂ ਕੱਢ ਦਿਤਾ ਤਾਂ ਕਿ ਇਸ ਦਾ ਵਿਦਿਆਰਥੀ ਦਰਜਾ ਖ਼ਾਰਜ ਹੋ ਜਾਵੇ।

ਪੀ. ਐਸ. ਯੂ. ਦੇ ਚੰਡੀਗੜ੍ਹ ਦੇ ਮਾਰਕਸਵਦੀ ਗਰੁਪ ਦੀ ਮੀਟੰਗ ਕੀਤੀ ਗਈ ਤੇ ਫੈਸਲਾ ਕੀਤਾ ਗਿਆ ਕਿ ਕਾਮਰੇਡ ਸੁਰਜੀਤ ਨੂੰ ਮਿਲ ਕੇ ਬੇਨਤੀ ਕੀਤੀ ਜਾਵੇ ਕਿ ਕਾਮਰੇਡ ਸੁਰਜੀਤ ਪੰਜਾਬ ਐਜੂਕੇਸ਼ਨ ਮੰਤਰੀ ਬਲਦੇਵ ਪ੍ਰਕਾਸ਼ ਨੂੰ ਮਿਲ ਕੇ ਦਰਸ਼ਨ ਬਾਗ਼ੀ ਨੂੰ ਐਲ. ਐਲ. ਬੀ. ਦੇ ਆਖ਼ਰੀ ਸਾਲ ਵਿੱਚ ਦਾਖ਼ਲਾ ਦੁਆਏ। ਇਸ ਮੰਤਵ ਲਈ ਚੰਡੀਗੜ ਦੇ ਮਾਰਕਸਵਾਦੀ ਵਿਦਿਆਰਥੀਆਂ ਦਾ 4 ਜਣਿਆਂ



ਦਾ ਡੈਪੂਟੇਸ਼ਨ ਕਾਮਰੇਡ ਸੁਰਜੀਤ ਨੂੰ ਮਿਲਿਆ। ਕਾਮਰੇਡ ਸੁਰਜੀਤ ਐਜੂਕੇਸ਼ਨ ਮਨਿਸਟਰ ਬਲਦੇਵ ਪ੍ਰਕਾਸ਼ ਜਿਹੜਾ ਜਨਸੰਘ ਦਾ ਐਮ.ਐਲ.ਏ. ਸੀ, ਨੂੰ ਮਿਲਿਆ, ਪਰ ਕਾਮਰੇਡ ਸੁਰਜੀਤ ਕੁਆਰਡੀਨੇਸ਼ਨ ਕਮੇਟੀ ਦਾ ਕਨਵੀਨਰ ਹੁੰਦਾ ਹੋਇਆ ਵੀ ਆਪਣੇ ਯੂਥ ਫਰੰਟ ਦੇ ਕੁਲ ਵਕਤੀ ਨੂੰ ਦਾਖ਼ਲਾ ਨਾ ਦੁਆ ਸਕਿਆ।

ਇਸ ਵਕਤ ਪੀ.ਐਸ.ਯੂ. ਦੋ ਗੰਭੀਰ ਮਸਲਿਆਂ 'ਤੇ ਸੰਘਰਸ਼ ਕਰ ਰਹੀ ਸੀ। ਦਰਸ਼ਨ ਬਾਗ਼ੀ ਦੇ ਦਾਖ਼ਲੇ ਲਈ ਪੰਜਾਬ ਯੂਨੀਵਰਸਟੀ ਅਤੇ ਲਾਅ ਡਿਪਾਰਟਮੈਂਟ ਦੇ ਫੈਸਲੇ ਵਿਰੁਧ ਸੰਘਰਸ਼। ਦੂਜਾ ਵਿਦਿਆਰਥੀਆਂ ਦੀ ਹੜਤਾਲ ਦੇ ਹੱਕ ਵਿੱਚ ਸੰਘਰਸ਼। ਇਨਾਂ ਦੋਹਾਂ ਮੁੱਦਿਆਂ 'ਤੇ ਸੰਘਰਸ਼ ਕਰਨ ਲਈ ਪੀ.ਐਸ.ਯੂ. ਲਾਅ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਯੂਨੀਵਰਸਟੀ ਕੈਂਪਸ ਵਿੱਚ ਰੈਲੀਆਂ ਕਰਦੀ ਤੇ ਜਲੂਸ ਕੱਢੇ ਜਾਂਦੇ। ਇਨਾਂ ਰੈਲੀਆਂ ਤੇ ਜਲੂਸਾਂ ਵਿੱਚ ਲਾਅ ਦੇ ਵਿਦਿਆਰਥੀਆਂ ਦੀਆਂ ਮੰਗਾਂ ਦੇ ਹੱਕ ਵਿੱਚ ਤੇ ਦਰਸ਼ਨ ਬਾਗ਼ੀ ਨੂੰ ਦਾਖ਼ਲਾ ਨਾ ਦੇਣ ਦੇ ਫੈਸਲੇ ਦੀ ਨਿੰਦਿਆ ਕੀਤੀ ਜਾਂਦੀ ਤੇ ਪੁਰਜ਼ੋਰ ਮੰਗ ਕੀਤੀ ਜਾਂਦੀ ਕਿ ਦਰਸ਼ਨ ਬਾਗ਼ੀ ਨੂੰ ਦਾਖ਼ਲਾ ਦਿੱਤਾ ਜਾਵੇ।

## ਪੋਸਟਰ ਛਾਪਣ ਲਈ ਕ੍ਰਿਸ਼ਨ ਮੁਰਾਰੀ ਪਰੈਸ ਮੈਨ

ਰੈਲੀਆਂ ਤੇ ਜਲੂਸਾਂ ਤੋਂ ਬਿਨਾਂ ਪੰਜਾਬ ਯੂਨੀਵਰਸਟੀ ਕੈਂਪਸ ਪੋਸਟਰਾਂ ਤੇ ਇਸ਼ਤਿਹਾਰਾਂ ਨਾਲ ਭਰਿਆ ਰਹਿੰਦਾ। ਕਈ ਵਾਰ ਤੁਰਤ ਹੀ ਫਲਾਇਰ ਤਿਆਰ ਕਰ ਕੇ ਰਾਤੋ ਰਾਤ ਹੀ ਛਾਪ ਕੇ ਵੰਡਣਾ ਹੁੰਦਾ ਸੀ, ਉਸ ਹਾਲਤ ਵਿੱਚ ਪੀ.ਐਸ.ਯੂ. ਦਾ ਗਰੁਪ ਜਿਸ ਵਿੱਚ ਕ੍ਰਿਸ਼ਨ ਮੁਰਾਰੀ, ਦਰਸ਼ਨ ਬਾਗ਼ੀ, ਬਿਕਰਮ ਗਿਲ, ਪਿਆਰੇ ਮੋਹਨ ਆਦਿ ਹੁੰਦੇ, ਰਾਤ ਨੂੰ 10-11 ਵਜੇ ਜਾ ਕੇ ਪਰੈਸ ਮਾਲਕ ਪ੍ਰੇਮ ਚੰਦ ਨੂੰ ਜਗਾ ਲੈਂਦੇ। ਪਰੈਸ ਮਾਲਕ ਵਿਚਾਰਾ ਦਿਨ ਦੀ ਸਖ਼ਤ ਮੁਸ਼ਕਤ ਕਰ ਕੇ ਥੱਕਿਆ ਟੁੱਟਾ ਸੁੱਤਾ ਹੁੰਦਾ, ਪਰ ਕ੍ਰਿਸ਼ਨ ਮੁਰਾਰੀ ਉਸ ਦੇ ਮੰਜੇ ਤੇ ਬੈਠ ਕੇ ਉਸ ਦਾ ਸਿਰ ਆਪਣੀ ਗੋਦੀ ਵਿਚ ਲੈਕੇ ਜਿਵੇਂ ਬੱਚਿਆਂ ਨੂੰ ਲਾਡ ਲਡਾ ਕੇ ਜਗਾਈਦਾ ਹੈ, ਇਸੇ ਤਰਾਂ ਹੀ ਜਗਾਉਣ ਦੀ ਕੋਸ਼ਿਸ਼ ਕਰਦਾ ਤੇ ਪਰੈਸ ਮਾਲਕ ਬੱਚਿਆਂ ਵਾਂਗ ਹੀ ਰਿਆੜ ਕਰਦਾ :

"ਮੁਰਾਰੀ ਨਾ ਕਰ ਯਾਰ, ਊਹੂੰ ਊ ਮੈਨੂੰ ਸਾਂਉਣ ਦੇਹ, ਮੈਂ ਥੱਕਿਆ ਹੋਇਆ ਹਾਂ"

"ਤੇਰੇ ਬੱਚੇ ਮੁਸ਼ਕਲ ਵਿੱਚ ਹਨ ਉਠ ਕੇ ਓਨਾਂ ਦਾ ਦੁੱਖ ਛਾਪ ਤੇ ਦੁਨੀਆਂ ਨੂੰ ਦੱਸ, ਵੇਖ ਤੇਰੇ ਲਈ ਚਾਹ ਤਿਆਰ ਹੈ"।

"ਤੁਸੀਂ ਸਵੇਰੇ-2 ਆ ਜਾਣਾ ਤੇ ਕੰਮ ਤੁਹਾਡਾ ਪਹਿਲਾਂ"।

"ਸਾਨੂੰ ਐਮਰਜੈਂਸੀ ਹੈ ਬਾਬਾ ਜੀ ਤਾਂ ਹੀ ਤਾਂ ਰਾਤ ਨੂੰ ਆਏ ਹਾਂ, ਇਹ ਪੋਸਟਰ ਰਾਤੋ ਰਾਤ ਵੰਡਣੇ ਹਨ, ਉਠ ਮੇਰਾ ਵੀਰ ਉਠ ਵਕਤ ਬੀਤ ਰਿਹੇ"।

"ਬਾਗ਼ੀ, ਤੂੰ ਹੀ ਮੁਰਾਰੀ ਨੂੰ ਰੋਕ, ਮੇਰੇ ਥਕਾਵਟ ਨਾਲ ਹੱਡ ਟੁੱਟੀ ਜਾਂਦੇ ਨੇ ਮੈਨੂੰ ਸੌਂ ਲੈਣ ਦਿਓ, ਮੈਂ ਤੜਕ ਸਾਰ ਤੁਹਾਡਾ ਕੰਮ ਕਰ ਦਿਆਂਗਾ। ਨਾਲੇ ਮੇਰੇ ਕੋਲ ਕੰਪੋਜ਼ਰ ਵੀ ਹੈ ਨਹੀਂ, ਕੰਪੋਜ਼ ਕੌਣ ਕਰੂ ਤੇ ਪ੍ਰੈਸ ਕੌਣ ਚਲਾਊ ਮੁਰਾਰੀ?"

"ਆਹ ਵੇਖ, ਅਸੀਂ ਜਗਤਾਰ ਨੂੰ ਪਹਿਲਾਂ ਹੀ ਘਰੋਂ ਜਾ ਕੇ ਲੈ ਆਂਦਾ, ਹੁਣ ਤਾਂ ਕੋਈ ਬਹਾਨਾ ਨਹੀਂ ਨਾ ਭਾਊ ਪ੍ਰੇਮ ਚੰਦ" ਅੱਗੋਂ ਦਰਸ਼ਨ ਬਾਗ਼ੀ ਆਖਦਾ।

ਅਖ਼ੀਰ ਲੰਮੀ ਆਕੜ ਭੰਨ ਕੇ ਪ੍ਰੇਮ ਚੰਦ ਪ੍ਰੈਸ ਮਾਲਕ ਉਠਦਾ ਤੇ ਗਰਮ-2 ਚਾਹ ਦੀ ਲੰਮੀ ਸੁਰਕੀ ਮਾਰ ਕੇ ਆਖਦਾ, "ਤੁਸੀਂ ਬਈ ਬੜੇ ਜ਼ਿੱਦੀ ਹੋ, ਚਲ ਜਗਤਾਰ ਛੇਤੀ ਛੇਤੀ ਪੋਸਟਰ ਕੰਪੋਜ਼ ਕਰ ਦੇਹ ਤੇ ਵੇਖਦੇ ਹਾਂ ਕਿ ਮੁਰਾਰੀ ਪ੍ਰੈਸ



ਕਿਵੇਂ ਚਲਾਂਦੇ। ਦਰਸ਼ਨ ਬਾਗ਼ੀ ਪਰੂਫ ਰੀਡਿੰਗ ਕਰਦਾ ਤੇ ਜਦੋਂ ਪੋਸਟਰ ਦਾ ਫਰਮਾ ਤਿਆਰ ਕਰ ਕੇ ਪ੍ਰੈਸ ਤੇ ਚਾੜ੍ਹ ਦਿਤਾ ਜਾਂਦਾ ਤਾਂ ਕ੍ਰਿਸ਼ਨ ਮੁਰਾਰੀ ਪ੍ਰੈਸ ਤੇ ਪੋਸਟਰ ਛਾਪਣ ਲੱਗ ਜਾਂਦਾ ਤਾਂ ਖ਼ੁਸ਼ੀ ਤੇ ਪ੍ਰਸੰਨਤਾ ਪ੍ਰੇਮ ਚੰਦ ਦੀਆਂ ਅੱਖਾਂ ਵਿੱਚੋਂ ਡੁੱਲ-2 ਪੈਂਦੀ ਤੇ ਕਿਸੇ ਜਿੱਤ ਦੇ ਅਹਿਸਾਸ ਨਾਲ ਓਹ ਗਰਮ ਚਾਹ ਦਾ ਅਨੰਦ ਮਾਣਦਾ ਤੇ ਮੁਰਾਰੀ ਨੂੰ ਪ੍ਰੈਸ ਤੇ ਜੁਟਿਆ ਵੇਖ ਕੇ ਓਹ ਮਾਣ ਵੀ ਮਹਿਸੂਸ ਕਰਦਾ ਤੇ ਉਸ ਦਾ ਸਾਰਾ ਥਕੇਵਾਂ ਕਿਤੇ ਉੱਡ ਪੁਡ ਜਾਂਦਾ।

ਜਦੋਂ ਪੋਸਟਰਾਂ ਦੀ ਗਿਣਤੀ 1000 ਦੇ ਕਰੀਬ ਪਹੁੰਚ ਜਾਂਦੀ ਤਾਂ ਦਰਸ਼ਨ ਬਾਗ਼ੀ ਤੇ ਬਿਕਰਮ ਸਿੰਘ ਗਿੱਲ ਪੋਸਟਰ ਲੈ ਕੇ ਸੈਕਟਰ 15 ਵਿੱਚ ਮਨਜੀਤ ਬੱਗਾ ਤੇ ਉਸ ਦੀ ਛੋਟੀ ਭੈਣ ਜਗਜੀਤ ਬੱਗਾ ਦੇ ਦਰਵਾਜ਼ੇ 'ਤੇ ਜਾ ਕੇ ਦਸਤਕ ਦਿੰਦੇ ਤੇ ਸੁੱਤੀਆਂ ਪਈਆਂ ਦੋਹਾਂ ਭੈਣਾਂ ਨੂੰ ਸੁਪਨਿਆਂ ਦੇ ਦੇਸ਼ ਤੋਂ ਵਾਪਸ ਬੁਲਾ ਕੇ ਪੋਸਟਰ ਫੜਾਉਂਦੇ ਤੇ ਦੋਹਾਂ ਭੈਣਾਂ ਨੂੰ ਨਾਲ ਲੈ ਕੇ ਯੂਨੀਵਰਸਟੀ ਵਿੱਚ ਕੁੜੀਆਂ ਦੇ ਹੋਸਟਲਾਂ ਤੱਕ ਜਾਂਦੇ ਤੇ ਬਾਹਰ ਉਡੀਕਦੇ। ਜਦੋਂ ਦੋਵੇਂ ਭੈਣਾਂ ਕੱਲੇ-2 ਕਮਰੇ ਦੇ ਦਰਵਾਜ਼ੇ ਹੇਠੋਂ ਪੋਸਟਰ ਨੂੰ ਕਮਰੇ ਵਿੱਚ ਸੁੱਟ ਕੇ ਵਾਪਸ ਮੁੜਦੀਆਂ ਤਾਂ ਦੋਹਾਂ ਭੈਣਾਂ ਨੂੰ ਵਾਪਸ ਘਰ ਛੱਡ ਕੇ ਬਾਕੀ ਦੇ ਪੋਸਟਰ ਲਿਆ ਕੇ ਯੂਨੀਵਰਸਟੀ ਕੈਂਪਸ ਮੁੰਡਿਆਂ ਦੇ ਹੋਸਟਲਾਂ ਦੇ ਕਮਰਿਆਂ ਵਿੱਚ, ਮਾਰਕਸਵਾਦੀ ਗਰੁੱਪ ਦੇ ਦੂਜੇ ਮੈਂਬਰ ਵੰਡਦੇ। ਦਿਨ ਵੇਲੇ ਪੀ.ਐਸ.ਯੂ. ਦੇ ਬਾਕੀ ਯੋਧੇ ਚੰਡੀਗੜ੍ਹ ਦੇ ਸਾਰੇ ਕਾਲਜਾਂ ਵਿੱਚ ਲਾਅ ਦੇ ਵਿਦਿਆਰਥੀਆਂ ਦੀ ਹੜਤਾਲ ਦੇ ਹੱਕ ਵਿੱਚ ਰਾਤੋ-ਰਾਤ ਛਾਪਿਆ ਪੋਸਟਰ ਵੰਡ ਦਿੰਦੇ।

ਅਗਲੀ ਸਵੇਰ ਪਹਿਲੀ ਘੰਟੀ ਤੋਂ ਮਗਰੋਂ ਦਰਸ਼ਨ ਬਾਗ਼ੀ ਦੀ ਜਮਾਤਣ ਬਲਜੀਤ ਸੰਧੂ ਘਬਰਾਹਟ ਵਿੱਚ ਦਰਸ਼ਨ ਬਾਗ਼ੀ ਨੂੰ ਬਾਹੋਂ ਫੜ ਕੇ ਇਕ ਪਾਸੇ ਖਿੱਚ ਕੇ ਲੈ ਗਈ ਤੇ ਬੜੇ ਅਚੰਭੇ ਵਿੱਚ ਕਹਿੰਦੀ ਕਿ "ਕੱਲ ਰਾਤ ਮੈਂ ਪੜ ਕੇ 12 ਵਜੇ ਸੁਤੀ ਤੇ ਜਦੋਂ ਮੈਂ ਸਵੇਰੇ 7 ਵਜੇ ਉਠੀ ਤੇ ਆਪਣੇ ਦਰਵਾਜ਼ੇ ਵਲ ਵੇਖਿਆ ਤਾਂ ਪੀ.ਐਸ.ਯੂ. ਦਾ ਪੋਸਟਰ ਮੇਰੇ ਵਲ ਅੱਖਾਂ ਪਾੜ-2 ਕੇ ਵੇਖੇ ਤੇ ਮੇਰਾ ਇਕ ਸਾਹ ਉਪਰ ਤੇ ਦੂਜਾ ਸਾਹ ਹੇਠਾਂ। ਮੈਨੂੰ ਤਾਂ ਦਿਲ ਦਾ ਦੌਰਾ ਪੈਣ ਵਾਲਾ ਹੋ ਗਿਆ ਕਿ ਰਾਤੋ ਰਾਤ ਇਹ ਪੋਸਟਰ ਕਿੱਥੋਂ ਆ ਗਿਆ ਮੇਰੇ ਕਮਰੇ ਵਿੱਚ। ਤੁਹਾਡੇ ਕਾਮਰੇਡਾਂ ਕੋਲ ਕੀ ਜਾਦੂ ਹੈ ਜਿਸ ਨਾਲ ਰਾਤੋ-ਰਾਤ ਪੋਸਟਰ ਕੁੜੀਆਂ ਦੇ ਕਮਰਿਆਂ ਵਿੱਚ ਆ ਜਾਂਦੇ ਜਦੋਂਕਿ ਕੋਈ ਵੀ ਮੁੰਡਾ ਕੁੜੀਆਂ ਦੇ ਹੋਸਟਲ ਵਿੱਚ ਨਹੀਂ ਆ ਜਾ ਸਕਦਾ।"

ਬੜੇ ਠਰੰਮੇ ਤੇ ਆਦਰ ਨਾਲ ਦਰਸ਼ਨ ਬਾਗ਼ੀ ਨੇ ਆਪਣੀ ਜਮਾਤਣ ਬਲਜੀਤ ਸੰਧੂ ਨੂੰ ਦੱਸਿਆ ਕਿ ਪੀ.ਐਸ.ਯੂ. ਵਿੱਚ ਕੁੜੀਆਂ ਵੀ ਸਰਗਰਮ ਹਨ ਤੇ ਓਹ ਲੋੜ

ਪੈਣ ਵੇਲੇ ਪੋਸਟਰ ਰਾਤ ਬਰਾਤੇ ਕੁੜੀਆਂ ਦੇ ਕਮਰਿਆਂ ਵਿੱਚ ਵੰਡ ਆਉਂਦੀਆਂ ਹਨ। ਹੱਸਦਿਆਂ ਹੋਇਆਂ ਦਰਸ਼ਨ ਬਾਗ਼ੀ ਨੇ ਬਲਜੀਤ ਨੂੰ ਪੁੱਛਿਆ,

"ਪੀ.ਐਸ.ਯੂ. ਦਾ ਸਰਗਰਮ ਮੈਂਬਰ ਬਣਨਾ ਈ ?"

"ਮੈਂ ਫੰਡ ਦੇਣ ਨੂੰ ਤਾਂ ਤਿਆਰ ਹਾਂ ਜਦੋਂ ਮਰਜ਼ੀ ਤੇ ਓਹ ਵੀ ਤੇਰੇ ਮੂੰਹ ਨੂੰ, ਪਰ ਕਾਮਰੇਡੀ ਨਹੀਂ ਹੁੰਦੀ ਸਾਡੇ ਵਰਗਿਆਂ ਤੋਂ" ਬਲਜੀਤ ਨੇ ਕਿਹਾ। "ਹੁਣ ਮੈਨੂੰ ਪਤਾ ਲੱਗ ਗਿਆ ਕਿ ਰਾਤ ਬਰਾਤੇ ਕੁੜੀਆਂ ਦੇ ਕਮਰਿਆਂ ਵਿੱਚ ਪੋਸਟਰ ਕਿਵੇਂ ਆਉਂਦੇ ਹਨ।"

ਇਸ ਤਰਾਂ ਜਦੋਂ ਵੀ ਐਮਰਜੈਂਸੀ ਵਿੱਚ ਪੋਸਟਰ ਕੱਢਣਾ ਹੁੰਦਾ ਤਾਂ ਰਾਤੋ-ਰਾਤ ਪ੍ਰੈਸ ਮਾਲਕ ਪ੍ਰੇਮ ਚੰਦ ਨੂੰ ਜਗਾ ਕੇ ਕਦੇ ਜਗਤਾਰ ਨੂੰ ਰਾਤ ਨੂੰ ਘਰੋਂ ਲਿਆਇਆ ਜਾਂਦਾ ਕੰਪੋਜ਼ ਕਰਨ ਵਾਸਤੇ, ਜੇ ਜਗਤਾਰ ਨਾ ਮਿਲਦਾ ਤਾਂ ਪ੍ਰੈਸ ਮਾਲਕ ਪ੍ਰੇਮ ਚੰਦ ਨੂੰ ਜਗਾ ਕੇ ਮਿੰਨਤ ਤਰਲਾ ਤੇ ਖ਼ੁਸ਼ਾਮਦ ਕਰ ਕੇ ਕੰਪੋਜ਼ ਕਰਵਾਇਆ ਜਾਂਦਾ ਤੇ ਬਹੁਤੀ ਵਾਰੀ ਕ੍ਰਿਸ਼ਨ ਮੁਰਾਰੀ ਹੀ ਪ੍ਰੈਸ ਚਲਾ ਕੇ ਪੋਸਟਰ ਛਾਪਦਾ ਤੇ ਉਹ ਪੋਸਟਰ ਰਾਤੋ-ਰਾਤ ਵੰਡਿਆ ਜਾਂਦਾ।



## ਪੀ.ਐਸ.ਯੂ. ਦੇ ਜਨਰਲ ਸੈਕਟਰੀ ਦਰਸ਼ਨ ਬਾਗ਼ੀ ਤੇ ਮੀਤ ਪ੍ਰਧਾਨ ਗੰਗਾ ਰਾਮ ਦੀ ਗ੍ਰਿਫਤਾਰੀ

LAW ਦੇ ਵਿਦਿਆਰਥੀਆਂ ਦੀ ਹੜਤਾਲ ਵਾਸਤੇ ਪੀ.ਐਸ.ਯੂ. ਨੂੰ ਫੰਡ ਦੀ ਬੜੀ ਸਖ਼ਤ ਲੋੜ ਸੀ। ਇਸ ਮੰਤਵ ਲਈ ਪੀ.ਐਸ.ਯੂ. ਦੀ ਐਗਜ਼ੈਕਟਿਵ ਕਮੇਟੀ ਦੇ ਫੈਸਲੇ ਅਨੁਸਾਰ ਪੀ.ਐਸ.ਯੂ. ਦਾ ਜਨਰਲ ਸੈਕਟਰੀ ਦਰਸ਼ਨ ਬਾਗ਼ੀ ਤੇ ਮੀਤ ਪ੍ਰਧਾਨ ਗੰਗਾ ਰਾਮ ਸੈਕਟਰ 22 ਵਿੱਚ ਆਮ ਦੁਕਾਨਦਾਰਾਂ ਤੋਂ ਫੰਡ ਇਕੱਠਾ ਕਰ ਰਹੇ ਸਨ ਕਿ ਚੰਡੀਗੜ੍ਹ ਦੇ ਪੁਲਸ ਇੰਸਪੈਕਟਰ ਤੇ ਪੰਜ ਸਿਪਾਹੀਆਂ ਨੇ ਦਰਸ਼ਨ ਬਾਗ਼ੀ ਤੇ ਗੰਗਾ ਰਾਮ ਨੂੰ ਗ੍ਰਿਫਤਾਰ ਕਰ ਕੇ ਚੰਡੀਗੜ੍ਹ 17 ਸੈਕਟਰ ਦੇ ਥਾਣੇ ਵਿੱਚ ਬੰਦ ਕਰ ਦਿੱਤਾ। ਚੰਡੀਗੜ੍ਹ ਪੁਲਸ ਦੀ ਦੂਜੀ ਪਾਰਟੀ ਨੇ ਤਰਸੇਮ ਬਾਹੀਏ ਨੂੰ ਜਿਹੜਾ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਤੀਨਿਧ ਸੀ, ਉਸ ਦੇ ਕਮਰੇ ਵਿੱਚੋਂ ਗ੍ਰਿਫਤਾਰ ਕਰ ਕੇ ਦਰਸ਼ਨ ਬਾਗ਼ੀ ਤੇ ਗੰਗਾ ਰਾਮ ਦੇ ਨਾਲ ਬੰਦ ਕਰ ਦਿਤਾ। ਲਾਅ ਦੀ ਸਟੂਡੈਂਟਸ ਯੂਨੀਅਨ ਨੇ ਕੌਮੀ ਪੱਧਰ ਤੇ 18 ਨਵੰਬਰ 1966 ਨੂੰ ਦਿੱਲੀ ਵਿਦਿਆਰਥੀਆਂ ਦਾ ਮਾਰਚ ਰੱਖਿਆ ਹੋਇਆ ਸੀ ਤੇ ਲਾਅ ਦੇ ਵਿਦਿਆਰਥੀਆਂ ਨੇ ਆਪਣੇ-2 ਸ਼ਹਿਰ ਵਿੱਚ ਜਲੂਸ ਕੱਢ ਕੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਮਾਰਚ ਕਰਨਾ ਸੀ। ਪੁਲਸ ਨੂੰ ਸ਼ੱਕ ਸੀ ਕਿ ਵਿਦਿਆਰਥੀਆਂ ਦੇ ਮਾਰਚ ਵਿੱਚ ਗੜਬੜ ਹੋਵੇਗੀ ਤੇ ਇਸ ਕਰ ਕੇ ਪੀ.ਐਸ.ਯੂ. ਦੇ ਲੀਡਰਾਂ ਨੂੰ ਗ੍ਰਿਫਤਾਰ ਕਰ ਕੇ ਬੰਦ ਕਰ ਦਿੱਤਾ ਗਿਆ ਸੀ।

ਚੰਡੀਗੜ੍ਹ ਹਵਾਲਾਤ ਦੇ ਕਮਰੇ ਜਿਸ ਵਿੱਚ ਦਰਸ਼ਨ ਬਾਗ਼ੀ, ਗੰਗਾ ਰਾਮ ਤੇ ਤਰਸੇਮ ਬਾਹੀਏ ਨੂੰ ਬੰਦ ਕੀਤਾ ਸੀ, ਉਸ ਦੀ ਹਾਲਤ ਬਹੁਤ ਹੀ ਅਣਮਨੁੱਖੀ ਸੀ। ਸੜੀ ਹੋਈ ਪਿਸ਼ਾਬ ਬਦਬੂ ਮਾਰਦੀ ਸੀ, ਕਮਰਾ ਬਹੁਤ ਹੀ ਗੰਦਾ ਸੀ। ਇਸ ਬਾਰੇ ਤਿੰਨਾਂ ਹਵਾਲਾਤੀਆਂ ਨੇ ਥਾਣੇ ਦੇ ਮੁਖ ਅਧਿਕਾਰੀ ਨੂੰ ਬੜੇ ਆਦਰ ਨਾਲ ਬੇਨਤੀ ਕੀਤੀ ਕਿ ਅਸੀਂ ਕੋਈ ਅਪਰਾਧੀ ਨਹੀਂ ਯੂਨੀਵਰਸਟੀ ਦੇ ਵਿਦਿਆਰਥੀ ਹਾਂ ਤੇ ਸਾਨੂੰ ਸਾਫ ਸੁਥਰਾ ਕਮਰਾ ਦਿਤਾ ਜਾਵੇ, ਪਰ ਇਸ ਦਾ ਪੁਲਸ ਅਧਿਕਾਰੀਆਂ 'ਤੇ ਕੋਈ ਅਸਰ ਨਾ ਹੋਇਆ। ਜਦੋਂ ਪੁਲਸ ਦੇ ਕੰਨਾਂ 'ਤੇ ਜੂੰ ਵੀ ਨਾ ਸਰਕੀ ਤਾਂ ਤਿੰਨਾਂ ਹਵਾਲਾਤੀਆਂ ਨੇ ਪੁਲਸ ਨੂੰ ਹਵਾਲਾਤ ਵਿੱਚ ਭੁੱਖ ਹੜਤਾਲ ਦਾ ਨੋਟਿਸ ਦੇ ਦਿਤਾ ਪਰ ਪੁਲਸ 'ਤੇ ਕੋਈ ਅਸਰ ਨਾ ਹੋਇਆ ਤੇ ਤਿੰਨਾਂ ਨੇ ਰਾਤ ਬਦਬੂ ਮਾਰਦੀ ਸੈੱਲ

ਵਿੱਚ ਕੱਟੀ।

ਗ੍ਰਿਫਤਾਰੀ ਤੋਂ ਦੂਜੇ ਦਿਨ ਦਰਸ਼ਨ ਬਾਗ਼ੀ, ਗੰਗਾ ਰਾਮ ਤੇ ਤਰਸੇਮ ਬਾਹੀਏ ਤੇ ਝੂਠੇ ਸਤੰ-ਇਕਵੰਜਾ ਦੇ ਕੇਸ ਬਣਾ ਕੇ 17 ਸੈਕਟਰ, ਚੰਡੀਗੜ੍ਹ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕਰ ਕੇ ਤਿੰਨਾਂ ਨੂੰ ਸੈਂਟਰਲ ਜੇਲ੍ਹ ਅੰਬਾਲਾ ਵਿੱਚ ਭੇਜ ਦਿਤਾ ਗਿਆ। ਅੰਬਾਲਾ ਜੇਲ੍ਹ ਵਿੱਚ ਤਿੰਨਾਂ ਨੂੰ ਬੀ ਕਲਾਸ ਦੇ ਹਾਤੇ ਵਿੱਚ ਭੇਜਿਆ ਗਿਆ ਜਿਥੇ ਪਹਿਲਾਂ ਹੀ 2 ਕੈਦੀ ਬੰਦ ਸਨ ਜਿਹੜੇ ਆਮ ਕਰ ਕੇ ਕਤਲਾਂ ਦੇ ਕੇਸਾਂ ਵਿੱਚ ਲੰਮੀਆਂ ਸਜ਼ਾਵਾਂ ਕੱਟ ਰਹੇ ਸਨ। ਜਦੋਂ ਉਨਾਂ ਕੈਦੀਆਂ ਨੂੰ ਪਤਾ ਲਗਾ ਕਿ ਇਹ ਤਿੰਨੋਂ ਬੰਦੀ ਵਿਦਿਆਰਥੀ ਸੰਘਰਸ਼ ਕਰ ਕੇ ਬੰਦ ਕੀਤੇ ਸਨ ਤਾਂ ਉਨਾਂ ਉਮਰ ਕੈਦੀਆਂ ਨੇ ਇਨਾਂ ਤਿੰਨਾਂ ਵਿਦਿਆਰਥੀ ਆਗੂਆਂ ਦਾ ਬੜਾ ਮਾਣ ਤੇ ਇਜ਼ਤ ਕੀਤੀ। ਗ੍ਰਿਫਤਾਰੀ ਤੋਂ ਮਗਰੋਂ ਅਖ਼ਬਾਰਾਂ ਵਿੱਚ ਤਿੰਨਾਂ ਦੀਆਂ ਗ੍ਰਿਫਤਾਰੀਆਂ ਦਾ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਸੀ, ਜਿਸ ਕਰ ਕੇ ਅੰਬਾਲਾ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਖ਼ਬਰ ਸੀ ਕਿ ਜੇਲ੍ਹ ਵਿੱਚ ਤਿੰਨ ਵਿਦਿਆਰਥੀ ਆਗੂ ਬੰਦ ਕੀਤੇ ਗਏ ਸਨ। ਇਨਾਂ ਤਿੰਨਾਂ ਵਿਦਿਆਰਥੀ ਆਗੂਆਂ ਨੂੰ ਉਮਰ ਕੈਦੀਆਂ ਨੇ ਵਿਦਿਆਰਥੀ ਸੰਘਰਸ਼ ਬਾਰੇ ਸੁਆਲ ਪੁੱਛਣੇ ਅਰੰਭ ਕੀਤੇ ਤੇ ਦਰਸਨ ਬਾਗ਼ੀ ਨੇ ਮੁਖ ਬੁਲਾਰੇ ਦੇ ਰੂਪ ਵਿੱਚ ਵਿਦਿਆਰਥੀਆਂ ਦੀ ਹੜਤਾਲ ਤੇ ਮੰਗਾਂ ਦਾ ਪਿਛੋਕੜ ਤੇ ਮੰਗਾਂ ਦਾ ਵੇਰਵਾ ਦੇ ਕੇ ਦੱਸਿਆ ਕਿ ਸਰਕਾਰ ਵਿਦਿਆਰਥੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਦੀ ਬਜਾਏ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਕੇ ਉਨਾਂ ਦੇ ਮੂੰਹ ਬੰਦ ਕਰਨ ਦੀ ਨੀਤੀ ਤੇ ਤੁਲੀ ਹੋਈ ਹੈ। ਇਸ ਸਾਰ੍ਹੇ ਪਿਛੋਕੜ ਨੂੰ ਜਾਣ ਕੇ ਕੈਦੀਆਂ ਦੀ ਹਮਦਰਦੀ ਵਿਦਿਆਰਥੀਆਂ ਨਾਲ ਹੋ ਗਈ।

ਜੇਲ੍ਹ ਵਿੱਚ ਆਮ ਰੋਜ਼ਾਨਾ ਜ਼ਿੰਦਗੀ ਇਸ ਤਰਾਂ ਸੀ ਕਿ ਸਵੇਰੇ ਉਠ ਕੇ ਤਿੰਨੋ ਵਿਦਿਆਰਥੀ ਆਗੂ ਥੋੜੀ ਸਰੀਰਕ ਕਸਰਤ ਆਦਿ ਕਰਨ ਮਗਰੋਂ ਨਹਾ ਧੋ ਕੇ ਸਵੇਰ ਦੀ ਚਾਹ ਤੇ ਨਾਸ਼ਤਾ ਕਰਦੇ ਜਿਹੜਾ ਕਿ ਕੈਦੀ ਰਸੋਈਏ ਵੱਲੋਂ ਤਿਆਰ ਕੀਤਾ ਜਾਂਦਾ ਸੀ, ਸਾਰੇ ਬੀ ਕਲਾਸੀਆਂ ਵਾਸਤੇ। ਜੇਲ੍ਹ ਆਧਿਕਾਰੀਆਂ ਨੇ ਕੈਦੀ ਰਸੋਈਆ ਦਿੱਤਾ ਹੋਇਆ ਸੀ, ਬੀ ਕਲਾਸੀਆਂ ਦਾ ਖਾਣਾ ਤਿਆਰ ਕਰਨ ਵਾਸਤੇ। ਇਹ ਰਸੋਈਆ ਸਵੇਰੇ 6-7 ਵਜੇ ਬੀ ਕਲਾਸ ਦੇ ਹਾਤੇ ਵਿੱਚ ਆ ਜਾਂਦਾ ਤੇ ਸ਼ਾਮ ਨੂੰ ਬੰਦੀ ਵੇਲੇ ਆਪਣੇ ਹਾਤੇ ਵਿੱਚ ਚਲਾ ਜਾਂਦਾ ਸੀ। ਇਹ ਰਸੋਈਆ ਸਵੇਰੇ ਨਾਸ਼ਤਾ, ਫਿਰ ਦੁਪਹਿਰ ਦਾ ਖਾਣਾ ਤੇ ਫਿਰ ਸ਼ਾਮ ਦਾ ਖਾਣਾ ਤਿਆਰ ਕਰਦਾ ਸੀ। ਬੀ ਕਲਾਸ ਦੇ ਕੈਦੀਆਂ ਨੂੰ ਹਰ ਰੋਜ਼ ਜੇਲ੍ਹ ਦੇ ਸਟੋਰ ਵਿੱਚੋਂ ਗਿਣੀ-ਮਿਥੀ ਕੱਚੀ ਰਸਦ ਦਿੱਤੀ ਜਾਂਦੀ ਸੀ।

ਅੰਬਾਲਾ ਜੇਲ੍ਹ ਵਿੱਚ ਤਿੰਨੋਂ ਵਿਦਿਆਰਥੀ ਆਗੂ 3 ਕੁ ਹਫਤੇ ਬੰਦ ਰਹੇ।



ਪੁਲਸ 18 ਨਵੰਬਰ 1966 ਦੇ ਕੌਮੀ ਮਾਰਚ ਦੇ ਕੋਈ 2-3 ਦਿਨਾਂ ਮਗਰੋਂ ਦਰਸ਼ਨ ਬਾਗ਼ੀ, ਗੰਗਾ ਰਾਮ ਤੇ ਤਰਸੇਮ ਬਾਹੀਏ ਨੂੰ ਅੰਬਾਲਾ ਜੇਲ੍ਹ ਤੋਂ ਚੰਡੀਗੜ੍ਹ ਪੇਸ਼ੀ 'ਤੇ ਲਿਜਾ ਰਹੀ ਸੀ ਤਾ ਦਰਸ਼ਨ ਬਾਗ਼ੀ ਨੇ ਜੇਲ੍ਹ ਵਿੱਚੋਂ ਚੱਲਣ ਤੋਂ ਪਹਿਲਾਂ ਇਹ ਸਕੀਮ ਬਣਾਈ ਕਿ ਤਰਸੇਮ ਬਾਹੀਆ ਕਹੇਗਾ ਸਟੂਡੈਂਟਸ ਫੈਡਰੇਸ਼ਨ ਤੇ ਗੰਗਾ ਰਾਮ ਤੇ ਦਰਸ਼ਨ ਬਾਗ਼ੀ ਕਹਿਣਗੇ ਜ਼ਿੰਦਾਬਾਦ। ਇਸੇ ਤਰਾਂ ਜਦੋਂ ਗੰਗਾ ਰਾਮ ਨਾਹਰਾ ਮਾਰੇਗਾ ਪੰਜਾਬ ਸਟੂਡੈਂਟਸ ਯੂਨੀਅਨ ਤਾਂ ਉਸ ਨਾਹਰੇ ਦਾ ਤਰਸੇਮ ਬਾਹੀਆ ਤੇ ਦਰਸ਼ਨ ਬਾਗ਼ੀ ਉਤਰ ਦੇਣਗੇ ਜ਼ਿੰਦਾਬਾਦ। ਇਹ ਵਿਉਂਤ ਤਰਸੇਮ ਬਾਹੀਏ ਨੂੰ ਅਕਾਮੋਡੇਟ ਕਰਨ ਵਾਸਤੇ ਸੀ। ਜੇਲ੍ਹ ਤੋਂ ਚੰਡੀਗੜ੍ਹ ਨੂੰ ਜਾਣ ਵਾਲੀ ਬੱਸ ਲੈਣ ਲਈ, ਬੱਸ ਅੱਡੇ ਤੱਕ ਪੈਦਲ ਟੁਰ ਕੇ ਜਾਣਾ ਸੀ ਤੇ ਇਸ ਸਕੀਮ ਅਨੁਸਾਰ ਤਿੰਨੋ ਵਿਦਿਆਰਥੀ ਆਗੂ ਨਾਹਰੇ ਮਾਰਦੇ ਗਏ। ਚੰਡੀਗੜ੍ਹ ਪਹੁੰਚ ਕੇ ਪੁਲਸ ਨੇ ਤਿੰਨਾਂ ਵਿਦਿਆਰਥੀ ਆਗੂਆਂ ਨੂੰ 17 ਸੈਕਟਰ ਵਿੱਚ ਮੈਜਿਸਟਰੇਟ ਦੀ ਕਚਹਿਰੀ ਵਿੱਚ 7/51 ਦੇ ਝੂਠੇ ਕੇਸ ਦੀ ਤਰੀਕ ਤੇ ਪੇਸ਼ ਕੀਤਾ ਤੇ ਪੁਲਸ ਨੇ ਤਿੰਨਾਂ ਆਗੂਆਂ ਦੇ ਵਿਰੁੱਧ ਕੇਸ ਵਾਪਸ ਲੈ ਲਏ ਤੇ ਮੈਜਿਸਟਰੇਟ ਨੇ ਤਿੰਨਾਂ ਵਿਦਿਆਰਥੀ ਆਗੂਆਂ ਨੂੰ ਰਿਹਾ ਕਰ ਦਿਤਾ।

ਦਰਸ਼ਨ ਬਾਗੀ, ਗੰਗਾ ਰਾਮ ਤੇ ਤਰਸੇਮ ਬਾਹੀਏ ਦੀ ਰਿਹਾਈ ਤੱਕ ਲਾਅ ਦੇ ਵਿਦਿਆਰਥੀਆਂ ਦੀ ਹੜਤਾਲ ਸਮਾਪਤ ਹੋ ਚੁੱਕੀ ਸੀ। ਇਹ 1967 ਦੀਆਂ ਗਰਮੀਆਂ ਦੇ ਦਿਨ ਸਨ। ਦਰਸ਼ਨ ਬਾਗੀ ਦੇ ਅੰਬਾਲਾ ਜੇਲ੍ਹ ਤੋਂ ਵਾਪਸ ਚੰਡੀਗੜ੍ਹ ਮੁੜਨ ਤੱਕ, ਚੰਡੀਗੜ੍ਹ ਦੇ ਮਾਰਕਸਵਾਦੀ ਗਰੁੱਪ ਦੇ ਸਾਰੇ ਸਰਕਰਦਾ ਮੈਂਬਰ ਆਪਣੀਆਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਮੁਕੰਮਲ ਕਰ ਕੇ ਆਪੋ-ਆਪਣੇ ਸ਼ਹਿਰਾਂ ਵਿੱਚ ਆਪੋ-ਆਪਣੇ ਕੰਮਾਂ 'ਤੇ ਜਾ ਲੱਗੇ ਸਨ। ਕ੍ਰਿਸ਼ਨ ਮੁਰਾਰੀ ਆਪਣੀ ਪੀ.ਐਚ.ਡੀ. ਵਿੱਚ ਹੀ ਛੱਡ ਕੇ ਘੰਨੇ ਆਪਣੇ ਬੱਚਿਆਂ ਸਮੇਤ ਚਲਾ ਗਿਆ ਸੀ। ਇਸ ਮੂਹਰਲੇ ਗਰੁੱਪ ਵਿੱਚੋਂ ਪੰਜਾਬ ਯੂਨੀਵਰਸਿਟੀ ਵਿੱਚ ਸਿਰਫ ਪਿਆਰੇ ਮੋਹਨ ਹੀ ਫਿਜ਼ਿਕਸ ਡਿਪਾਰਟਮੈਂਟ ਵਿੱਚ ਰਹਿ ਗਿਆ ਸੀ। ਰਿਹਾ ਹੋਣ ਮਗਰੋਂ ਦਰਸ਼ਨ ਬਾਗੀ 15 ਸੈਕਟਰ ਵਿੱਚ ਆਪਣੇ ਪੁਰਾਣੇ ਕਮਰੇ ਵਿੱਚ ਆ ਟਿਕਿਆ।

ਤਰਸੇਮ ਬਾਹੀਆ, ਆਪਣੀ ਸਵੈਜੀਵਨੀ (ਸੀਨੇ ਖਿੱਚ ਜਿਨਾਂ ਨੇ ਖਾਧੀ) ਸਫ਼ਾ 34 ਤੋਂ 40 ਵਿੱਚ ਡੀ.ਐਸ.ਪੀ. ਸੰਪੂਰਨ ਸਿੰਘ ਨਾਲ ਮੀਟਿੰਗ ਦਾ ਜ਼ਿਕਰ ਕਰਦਾ ਹੈ ਪਰ ਅਸਲ ਵਿੱਚ ਅਜਿਹੀ ਮੀਟਿੰਗ 17 ਸੈਕਟਰ ਦੀ ਹਵਾਲਾਤ ਵਿੱਚ ਕੋਈ ਨਹੀਂ ਹੋਈ। ਅਗਲੀ ਗੱਲ ਬਾਹੀਆ ਸਾਹਿਬ ਲਿਖਦੇ ਹਨ ਕਿ ਮੈਜਿਸਟਰੇਟ ਨੇ ਥਾਣੇ ਵਿੱਚ ਹੀ ਕਚਿਹਰੀ ਲਾਈ ਸੀ। ਇਹ ਵੀ ਨਹੀਂ ਹੋਇਆ। ਗ੍ਰਿਫਤਾਰੀ ਤੋਂ ਅਗਲੇ ਦਿਨ ਪੁਲਸ ਨੇ ਦਰਸ਼ਨ ਬਾਗ਼ੀ, ਗੰਗਾ ਰਾਮ ਤੇ ਤਰਸੇਮ ਬਾਹੀਆ ਨੂੰ 17

ਸੈਕਟਰ ਵਿੱਚ ਮੈਜਿਸਟਰੇਟ ਦੀ ਕਚਿਹਰੀ ਵਿੱਚ ਪੇਸ਼ ਕੀਤਾ ਸੀ। ਕੋਈ ਵੀ ਜੱਜ, ਪੁਲਸ ਦੇ ਕਹੇ ਤੇ ਥਾਣੇ ਵਿੱਚ ਕਚਿਹਰੀ ਨਹੀਂ ਲਾਉਂਦਾ ਕਿਉਂਕਿ ਜੱਜ ਇਸ ਵਿੱਚ ਜੁਡੀਸ਼ਰੀ ਦੀ ਤੌਹੀਨ ਸਮਝਦੇ ਹਨ। ਅਗਲੀ ਗੱਲ ਬਾਹੀਆ ਸਾਹਿਬ ਬੜੀ ਹਾਸੋ-ਹੀਣੀ ਲਿਖਦੇ ਹਨ ਕਿ ਐਡਵੋਕੇਟ ਬਲਬੀਰ ਸਿੰਘ ਬਿੰਦਰਾ ਸੀ। ਜੇ.ਸੀ. ਵਰਮਾ ਨੇ ਹੈਬੀਅਸ ਕਾਰਪਸ ਦੀ ਅਰਜ਼ੀ ਦਿੱਤੀ ਸੀ ਤੇ ਐਡਵੋਕੇਟ ਜੇ.ਸੀ. ਵਰਮਾ ਕਿਸੇ ਅਦਾਲਤ ਵਿੱਚ ਉਡੀਕਦਾ ਰਿਹਾ ਪਰ ਪੁਲਸ ਵਿਦਿਆਰਥੀ ਆਗੂਆਂ ਨੂੰ ਅੰਬਾਲਾ ਜੇਲ੍ਹ ਲੈ ਗਈ। ਬਾਹੀਆ ਸਾਹਿਬ ਨੂੰ ਏਨਾ ਗਿਆਨ੍ਹ ਹੋਣਾ ਚਾਹੀਦਾ ਹੈ ਕਿ ਹੈਬੀਅਸ ਕਾਰਪਸ ਦੀ ਅਰਜ਼ੀ ਦੇ ਸਿਲਸਲੇ ਵਿੱਚ ਪੁਲਸ ਨੂੰ ਹਰ ਹਾਲਤ ਵਿੱਚ ਬੰਦੇ ਨੂੰ ਹਾਈਕੋਰਟ ਵਿੱਚ ਪੇਸ਼ ਕਰਨਾ ਪੈਂਦਾ ਹੈ। ਅਸਲ ਵਿੱਚ ਕਿਸੇ ਵੀ ਐਡਵੋਕੇਟ ਨੇ ਹੈਬੀਅਸ ਕਾਰਪਸ ਦੀ ਅਰਜ਼ੀ ਦਿੱਤੀ ਹੀ ਨਹੀਂ ਸੀ। ਦਰਸ਼ਨ ਬਾਗ਼ੀ ਤੇ ਗੰਗਾ ਰਾਮ ਦੀ 100% ਨਹੀਂ ਸੀ ਅਰਜ਼ੀ ਦਿੱਤੀ। ਪਰ ਜੇ ਬਾਹੀਆ ਸਾਹਿਬ ਦੀ ਅਰਜ਼ੀ ਹੁੰਦੀ ਤਾਂ ਉਸ ਨੂੰ ਅੰਬਾਲਾ ਜੇਲ੍ਹ ਤੋਂ ਲਿਜਾ ਕੇ ਪੁਲਸ ਨੇ ਚੰਡੀਗੜ ਹਾਈਕੋਰਟ ਵਿੱਚ ਪੇਸ਼ ਕਰਨਾ ਸੀ। ਜਦੋਂ ਤਿੰਨੇ ਵਿਦਿਆਰਥੀ ਆਗੂ ਅੰਬਾਲਾ ਜੇਲ੍ਹ ਪਹੁੰਚੇ ਤਾਂ ਜੇਲ੍ਹ ਅਧਿਕਾਰੀਆਂ ਨੇ ਤੁਰਤ ਹੀ ਤਿੰਨਾਂ ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਬੀ ਕਲਾਸ ਦੇ ਹਾਤੇ ਵਿੱਚ ਭੇਜ ਦਿਤਾ। ਅਗੇ ਜਾ ਕੇ ਬਾਹੀਆ ਸਾਹਿਬ ਲਿਖਦੇ ਹਨ ਕਿ ਮੁਲਾਕਾਤਾਂ ਆ ਜਾਂਦੀਆਂ ਤੇ ਮੁਲਾਕਾਤੀਆਂ ਤੋਂ ਪੜਨ ਲਈ ਕਿਤਾਬਾਂ ਮੰਗਵਾ ਕੇ ਆਪ ਵੀ ਪੜਦੇ ਤੇ ਬੀ ਕਲਾਸੀ ਕੈਦੀਆਂ ਨੂੰ ਵੀ ਪੜਨ ਲਈ ਦਿੰਦੇ। ਇਹ ਤਿੰਨੋਂ ਵਿਦਿਆਰਥੀ ਆਗੂ ਕੁੱਲ 3 ਹਫਤੇ ਅੰਬਾਲਾ ਜੇਲ੍ਹ ਵਿੱਚ ਰਹੇ ਤੇ ਇਨਾਂ ਤਿੰਨਾਂ ਹਫਤਿਆਂ ਵਿੱਚ ਦਰਸ਼ਨ ਬਾਗ਼ੀ ਤੇ ਗੰਗਾ ਰਾਮ ਦੀ ਤਾਂ ਕੋਈ ਮੁਲਾਕਾਤ ਆਈ ਨਹੀਂ ਸੀ ਤੇ ਬਾਹੀਆ ਸਾਹਿਬ ਨੇ ਆਪਣੀ ਕਿਸੇ ਮੁਲਾਕਾਤ ਦਾ ਜ਼ਿਕਰ ਜੇਲ੍ਹ ਵਿੱਚ ਦਰਸ਼ਨ ਬਾਗ਼ੀ ਨਾਲ ਕਦੇ ਨਹੀਂ ਸੀ ਕੀਤਾ। ਸਭ ਤੋਂ ਅਚੰਭੇ ਦੀ ਗੱਲ ਹੈ ਕਿ ਇਨਾਂ ਸਫ਼ਿਆਂ ਵਿੱਚ ਬਾਹੀਆ ਸਾਹਿਬ ਸਿਰਫ 2 ਵਿਦਿਅਰਥੀ ਆਗੂਆਂ ਦਾ ਜ਼ਿਕਰ ਕਰਦੇ ਹਨ, ਦਰਸਨ ਬਾਗ਼ੀ ਤੇ ਤਰਸੇਮ ਬਾਹੀਆ ਦਾ, ਗੰਗਾ ਰਾਮ ਦਾ ਜ਼ਿਕਰ ਹੀ ਨਹੀਂ ਕਰਦੇ। ਦਰਸ਼ਨ ਬਾਗ਼ੀ ਨੇ ਬਾਹੀਆ ਸਾਹਿਬ ਨੂੰ ਪੁੱਛਿਆ ਕਿ ਕਿੰਨੇ ਵਿਦਿਆਰਥੀ ਆਗੂ ਅੰਬਾਲਾ ਜੇਲ੍ਹ ਵਿੱਚ ਸਨ ਤਾਂ ਬਾਹੀਆ ਸਾਹਿਬ ਦਾ ਉਤਰ ਸੀ ਦੋ, ਦਰਸ਼ਨ ਬਾਗ਼ੀ ਤੇ ਤਰਸੇਮ ਬਾਹੀਆ। ਹੈਰਾਨ ਕਰਨ ਵਾਲੀ ਗਲ ਇਹ ਹੈ ਕਿ ਜਿਸ ਬੰਦੇ ਨਾਲ ਪਿਸ਼ਾਬ ਦੀ ਬਦਬੂ ਮਾਰਦੀ ਹਵਾਲਾਤ ਵਿੱਚ ਰਾਤ ਕੱਟੀ ਹੋਵੇ ਤੇ ਅੰਬਾਲਾ ਜੇਲ੍ਹ ਵਿੱਚ ਇਕੋ ਬੈਰਕ ਵਿੱਚ 3 ਹਫਤੇ ਕੱਟੇ ਹੋਣ ਤੇ ਇਕੱਠਿਆਂ ਨਾਹਰੇ ਮਾਰੇ ਹੋਣ, ਓਹ ਬੰਦਾ, ਬਾਹੀਆ ਸਾਹਿਬ ਦੀ ਯਾਦਾਸ਼ਤ ਵਿੱਚੋਂ ਕਿਵੇਂ ਗ਼ਾਇਬ ਹੋ ਗਿਆ। ਇਥੇ ਬੰਦੇ ਦੀ ਇਮਾਨਦਾਰੀ ਤੇ ਉਂਗਲ ਕੀਤੀ ਜਾ



ਸਕਦੀ ਹੈ। ਜਦੋਂ ਪੁਲਸ ਨੇ ਅੰਬਾਲਾ ਜੇਲ੍ਹ ਤੋਂ ਤਿੰਨਾਂ ਆਗੂਆਂ ਨੂੰ ਮਿਥੀ ਤਾਰੀਖ਼ 'ਤੇ ਪੇਸ਼ ਕੀਤਾ ਤੇ ਉਹ ਕਚਹਿਰੀ 17 ਸੈਕਟਰ ਚੰਡੀਗੜ ਵਿੱਚ ਸੀ, ਪਰ ਬਾਹੀਆ ਸਾਹਿਬ ਪੰਜਾਬ/ਹਰਿਆਣਾ ਹਾਈਕੋਰਟ ਵਿੱਚ ਕਿਸ ਕਰ ਕੇ ਪਹੁੰਚ ਗਏ ? ਬਾਹੀਆ ਸਾਹਿਬ ਇਹ ਵੀ ਲਿਖਦੇ ਹਨ ਕਿ ਜਦੋਂ ਤਰੀਕਾਂ ਤੇ ਹਾਈਕੋਰਟ ਵਿੱਚ ਆਉਂਦੇ ਸਨ ਤਾਂ ਹਾਈਕੋਰਟ ਵਿੱਚ ਪਾਰਟੀ ਦੇ ਵਕੀਲ ਚਾਹ, ਪਾਣੀ ਤੇ ਮਠਿਆਈ ਆਦਿ ਨਾਲ ਸੇਵਾ ਕਰਦੇ ਤੇ ਫਿਰ ਤਾਰੀਕ ਤੇ ਜਾਂਦੇ ਤੇ ਇਸ ਆਦਰ ਮਾਣ ਦਾ ਅਸਰ ਪੁਲਸ ਤੇ ਬਹੁਤ ਹੋਇਆ। ਬਾਹੀਆ ਸਾਹਿਬ ਨੂੰ ਯਾਦ ਹੋਵੇਗਾ ਕਿ ਸਿਰਫ ਦੋ ਹੀ ਤਾਰੀਕਾਂ ਸਨ ਪਹਿਲੀ ਤਾਰੀਕ ਤੇ ਮੈਜਿਸਟਰੇਟ ਨੇ ਤਿੰਨਾਂ ਵਿਦਿਆਰਥੀ ਆਗੂਆਂ ਨੂੰ ਅੰਬਾਲਾ ਜੇਲ੍ਹ ਵਿੱਚ ਭੇਜਿਆ ਤੇ ਦੂਜੀ ਪੇਸ਼ੀ ਤੇ ਰਿਹਾ ਕਰ ਦਿਤਾ। ਪਤਾ ਨਹੀਂ ਇੱਕ ਵਿਦਵਾਨ ਨੂੰ ਇਤਿਹਾਸਕ ਤੱਥ ਨੂੰ ਲੁਕਾ ਕੇ ਵਧਾ ਚੜਾ ਕੇ ਹਾਲਾਤ ਨੂੰ ਪੇਸ਼ ਕਰਨ ਦੀ ਕੀ ਲੋੜ ਸੀ।

## ਦਰਸ਼ਨ ਬਾਗ਼ੀ ਦਾ ਸੂਹੇ ਰਾਹ ਦੀ ਚੋਣ ਦਾ ਫੈਸਲਾ

ਅੰਬਾਲਾ ਜੇਲ੍ਹ ਤੋਂ ਰਿਹਾ ਹੋਣ ਤੋਂ 2 ਕੁ ਹਫਤੇ ਮਗਰੋਂ ਦਰਸ਼ਨ ਬਾਗ਼ੀ ਨੂੰ, ਜਲੰਧਰ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਵਿੱਚ ਟਰੇਨਿੰਗ ਅਧਿਆਪਕ ਦੀ ਪਦਵੀ ਦੀ ਚਿੱਠੀ ਆ ਗਈ ਤੇ ਅਗਲੀ ਸਵੇਰ ਆਪਣਾ ਬਿਸਤੈਰਾ ਬੰਨ੍ਹ ਕੇ, ਦਰਸ਼ਨ ਬਾਗ਼ੀ ਜਲੰਧਰ ਆ ਪੁੱਜਾ। ਆਪਣਾ ਸਾਮਾਨ, ਦਲਬੀਰ ਸਿੰਘ ਜਰਨਲਿਸਟ ਦੇ ਘਰ ਛੱਡ ਕੇ, ਪੰਚਾਇਤੀ ਰਾਜ ਟਰੇਨਿੰਗ ਸੈਂਟਰ ਵਿੱਚ ਨੌਕਰੀ ਤੇ ਹਾਜ਼ਰ ਹੋ ਗਿਆ ਪਰ ਮਨ ਇਸ ਦੁਬਦਾ ਵਿੱਚ ਸੀ ਕਿ ਉਸ ਦਾ ਕਿਹੜਾ ਰਾਹ ਹੈ ਜਿਸ ਦੀ ਚੋਣ ਉਸ ਲਈ, ਉਸ ਦੀ ਸਿਧਾਂਤਕ ਤੇ ਰਾਜਨੀਤਕ ਸੋਚ ਦੇ ਅਨੁਕੂਲ ਸੀ। ਨੌਕਰੀ ਲੈਣ ਮਗਰੋਂ ਦਰਸ਼ਨ ਬਾਗ਼ੀ ਉਸ ਰਾਤ ਦਲਬੀਰ ਸਿੰਘ ਕੋਲ ਰਿਹਾ ਤੇ ਸਾਰੀ ਰਾਤ ਨਿੱਜੀ ਪਰਿਵਾਰਕ ਜ਼ੁੰਮੇਵਾਰੀ ਤੇ ਸਮਾਜਕ ਜ਼ੁੰਮੇਵਾਰੀ ਦੇ ਸੰਘਰਸ਼ ਵਿੱਚ ਸਾਰੀ ਰਾਤ ਉਸਲਵੱਟੇ ਖਾਂਦਾ ਰਿਹਾ। ਕਮਿਊਨਿਸਟ ਪਾਰਟੀ (ਐਮ) ਨੇ ਦਰਸ਼ਨ ਬਾਗ਼ੀ ਨੂੰ ਪੰਜਾਬ ਪੱਧਰ 'ਤੇ ਵਿਦਿਆਰਥੀ ਫਰੰਟ 'ਤੇ ਕੁੱਲਵਕਤੀ ਆਰਗੇਨਾਈਜ਼ਰ ਦੇ ਰੂਪ ਵਿੱਚ ਕੰਮ ਕਰਨ ਲਈ ਪ੍ਰੇਰਿਆ ਸੀ। ਉਸ ਰਾਤ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਵਿੱਚ ਆਪਣੀ ਪਦਵੀ ਤੇ ਹਾਜ਼ਰ ਹੋਣ ਮਗਰੋਂ ਸਾਰੀ ਰਾਤ ਸੋਚਦਾ ਰਿਹਾ ਕਿ ਆਪਣੀਆਂ ਨਿੱਜੀ, ਪਰਿਵਾਰਕ ਤੇ ਸਮਾਜੀ ਜ਼ੁੰਮੇਵਾਰੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਕਿਹੜੇ ਪਾਸੇ ਦੀ ਚੋਣ ਕਰੇ।

ਦਰਸ਼ਨ ਬਾਗ਼ੀ ਦੀ ਨਿੱਜੀ ਤੇ ਪਰਿਵਾਰਕ ਜ਼ੁੰਮੇਵਾਰੀ ਸੀ, ਮਾਂ ਤੋਂ ਬਿਨਾਂ ਪੁੱਤਰ ਤੇ ਧੀ, ਜਿਨਾਂ ਦੀ ਸਾਰੀ ਪਾਲਣ ਪੋਸ਼ਣ ਤੇ ਪੜ੍ਹਾਈ ਦੀ ਜ਼ੁੰਮੇਵਾਰੀ ਇਕ ਬਾਪ ਦੀ ਹੈਸੀਅਤ ਵਿੱਚ ਉਸ ਦੀ ਸੀ। ਹੁਣ ਤੱਕ ਬਚਪਨ ਤੋਂ ਲੈ ਕੇ 1966 ਤਕ ਉਹ ਆਪਣੇ ਦਾਦੇ ਦਾਦੀ ਦੀ ਦੇਖ ਰੇਖ ਵਿੱਚ ਸਨ। ਦੂਜੇ ਪਾਸੇ ਉਸ ਦੀ ਸੋਚ ਦਾ ਧੁਰਾ, ਉਸ ਦੀ ਸਮਾਜਿਕ ਜ਼ੁੰਮੇਵਾਰੀ ਸੀ। ਉਸ ਦੀ ਸੋਚ ਤੇ ਆਦਰਸ਼ ਉਸ ਨੂੰ ਵੰਗਾਰਦੇ ਸਨ ਅਜਿਹੇ ਸਮਾਜਵਾਦੀ ਸਮਾਜ ਦੀ ਸਿਰਜਣਾ ਲਈ ਜਿਸ ਵਿੱਚ ਮਨੁਖ ਪੂਰਨ ਤੌਰ ਤੇ ਮਨੁੱਖਤਾ ਦਾ ਦਰਜਾ ਪ੍ਰਾਪਤ ਕਰ ਸਕੇ। ਹਰ ਮਨੁੱਖ ਆਰਥਕ ਰੂਪ ਵਿੱਚ, ਮਾਨਸਿਕ ਰੂਪ ਵਿੱਚ ਹਰ ਕਿਸਮ ਦੀ ਗੁਲਾਮੀ ਤੇ ਲੁਟ-ਖਸੁੱਟ ਤੋਂ ਮੁਕਤ ਹੋਵੇ ਤੇ ਹਰ ਮਨੁੱਖ ਆਪਣੀ ਹੋਣੀ ਦਾ ਆਪ ਮਾਲਕ ਹੋਵੇ। ਉਸ ਦੀਆਂ ਅੱਖਾਂ ਅੱਗੇ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਮਹਾਨ ਇਨਕਲਾਬੀ



ਕਾਰਲ ਮਾਰਕਸ, ਐਂਗਲਜ਼, ਲੈਨਿਨ ਤੇ ਮਾਓ ਆਣ ਖਲੋਤੇ ਸਨ ਤੇ ਉਸ ਦੀ ਸਮਾਜਿਕ, ਰਾਜਸੀ ਚੇਤਨਤਾ ਤੇ ਜ਼ੁੰਮੇਵਾਰੀ ਨੂੰ ਵੰਗਾਰ ਰਹੇ ਸਨ। ਰਾਤ ਬੀਤੀ, ਸੁਬਾਹ ਦਾ ਪਹੁ-ਫੁਟਾਲਾ ਹੋਇਆ, ਦਰਸ਼ਨ ਬਾਗ਼ੀ ਦੀ ਜ਼ਮੀਰ ਸਮਾਜਿਕ ਤੇ ਰਾਜਨੀਤਿਕ ਜ਼ੁੰਮੇਵਾਰੀ ਦੀ ਲੋਅ ਨਾਲ ਚੜ੍ਹਦੇ ਸੂਰਜ ਦੀ ਪਹਿਲੀ ਕਿਰਨ ਨਾਲ ਰੁਸ਼ਨਾਈ ਗਈ ਤੇ ਪੁੱਤਰ ਤੇ ਧੀ ਦੀ ਬਲੀ ਦੇ ਕੇ ਦਰਸ਼ਨ ਬਾਗ਼ੀ ਨੇ ਸਵੇਰੇ ਦਲਬੀਰ ਸਿੰਘ ਨੂੰ ਅਲਵਿਦਾ ਆਖੀ ਤੇ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਜਾ ਕੇ ਨੌਕਰੀ ਤੋਂ ਜੁਆਬ ਦੇ ਕੇ ਕਮਿਊਨਿਸਟ ਪਾਰਟੀ (ਐਮ) ਦੇ ਦਫ਼ਤਰ ਜਾ ਕੇ ਪੰਜਾਬ ਪੱਧਰ ਦੀ ਕੁਲਵਕਤੀ ਵਿਦਿਆਰਥੀ ਫਰੰਟ ਦੀ ਵਾਗਡੋਰ ਸੰਭਾਲ ਕੇ, ਦਲਬੀਰ ਸਿੰਘ ਜਰਨਲਿਸਟ ਦੇ ਘਰੋਂ ਗੋਲ ਕੀਤਾ ਹੋਇਆ ਬਿਸਤਰਾ ਲੈ ਕੇ ਵਾਪਸ ਸੈਕਟਰ 15, ਚੰਡੀਗੜ੍ਹ ਆਪਣੇ ਪੁਰਾਣੇ ਕਮਰੇ ਵਿੱਚ ਆ ਗਿਆ। ਇਹ ਦਰਸ਼ਨ ਬਾਗ਼ੀ ਦਾ 1967 ਦੀਆਂ ਗਰਮੀਆਂ ਦਾ ਫੈਸਲਾ ਤੇ ਇਸ ਫੈਸਲੇ ਨਾਲ ਨਵੇਂ ਦੌਰ ਦਾ ਆਗ਼ਾਜ਼ ਹੋਇਆ।

# ਨਵਾਂ ਦੌਰ

ਕੁੱਲਵਕਤੀ ਵਿਦਿਆਰਥੀ ਫਰੰਟ ਦੀ ਜ਼ੁੰਮੇਵਾਰੀ ਸੰਭਾਲਣ ਮਗਰੋਂ ਪੰਜਾਬ ਪੱਧਰ ਤੇ ਵਿਦਿਆਰਥੀਆਂ ਨੂੰ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੇ ਝੰਡੇ ਹੇਠ ਜਥੇਬੰਦ ਕਰਨ ਦਾ ਇਹ ਨਵਾਂ ਦੌਰ ਸੀ। ਚੰਡੀਗੜ੍ਹ ਯੂਨਿਟ ਦੇ ਸਾਰੇ ਸਾਥੀ ਆਪਣੀਆਂ ਡਿਗਰੀਆਂ ਮੁਕੰਮਲ ਕਰਕੇ ਆਪਣੇ ਰੋਜ਼ਗਾਰਾਂ 'ਤੇ ਲੱਗ ਗਏ ਸਨ ਤੇ ਦਰਸ਼ਨ ਬਾਗ਼ੀ ਇਕੱਲਾ ਰਹਿ ਗਿਆ ਸੀ। ਇਸ ਨਵੇਂ ਦੌਰ ਵਿੱਚ ਜਥੇਬੰਦੀ ਵਾਸਤੇ ਮਾਰਕਸਵਾਦੀ ਵਿਚਾਰਾਂ ਵਾਲੇ ਨੌਜੁਆਨ ਵਿਦਿਆਰਥੀਆਂ ਦੀ ਲੋੜ ਸੀ ਤੇ ਦਰਸ਼ਨ ਬਾਗ਼ੀ ਦਾ ਪਹਿਲਾ ਮਿਸ਼ਨ ਸੀ ਕਾਲਜਾਂ ਤੇ ਯੂਨੀਵਰਸਟੀਆਂ ਵਿੱਚੋਂ ਮਾਰਕਸਵਾਦੀ ਵਿਚਾਰਾਂ ਵਾਲੇ ਨੌਜੁਆਨ ਵਿਦਿਆਰਥੀਆਂ ਦੀ ਢੂੰਡ।

ਇਸ ਮਿਸ਼ਨ ਦਾ ਆਰੰਭ 1967 ਦੀਆਂ ਗਰਮੀਆਂ ਵਿੱਚ ਲੁਧਿਆਣੇ ਤੋਂ ਹੋਇਆ ਜਦੋਂ ਦਰਸ਼ਨ ਬਾਗ਼ੀ ਨਵਤੇਜ ਭਾਰਤੀ ਨੂੰ ਖ਼ਾਲਸਾ ਕਾਲਜ ਵਿੱਚ ਕਾਫ਼ੀ ਲੰਮੇ ਅਰਸੇ ਬਾਦ ਮਿਲਿਆ ਸੀ। ਨਵਤੇਜ ਭਾਰਤੀ ਤੇ ਦਰਸ਼ਨ ਬਾਗ਼ੀ ਇਕ ਦੂਜੇ ਨੂੰ ਬਹੁਤ ਚੰਗੀ ਤਰਾਂ ਜਾਣਦੇ ਸਨ। ਭਾਰਤੀ ਦੇ ਨਾਲ ਹੀ ਜੋਗਿੰਦਰ ਸਿੰਘ ਪੰਨੂੰ ਨਾਲ ਮੁਲਾਕਾਤ ਹੋਈ ਜਿਹੜਾ ਕਿ ਖ਼ਾਲਸਾ ਕਾਲਜ ਵਿੱਚ ਲਾਇਬਰੇਰੀਅਨ ਸੀ। ਕਾਲਜ ਦੇ ਬੰਦ ਹੋਣ ਮਗਰੋਂ ਮਾਡਲ ਟਾਊਨ ਵਿੱਚ ਨਵਤੇਜ ਭਾਰਤੀ ਦੇ ਕਮਰੇ ਵਿੱਚ ਜਦੋਂ ਪਹੁੰਚੇ ਤਾਂ ਓਥੇ ਤਿੰਨ ਨੌਜੁਆਨ ਪਹਿਲਾਂ ਹੀ ਹਾਜ਼ਰ ਸਨ। ਨਵਤੇਜ ਭਾਰਤੀ ਰਾਹੀਂ ਉਸ ਦਿਨ ਹਰਭਜਨ ਹਲਵਾਰਵੀ, ਇੰਦਰਜੀਤ ਸਿੰਘ ਬਿੱਟੂ, ਜਿਹੜੇ ਕਿ ਸਰਕਾਰੀ ਕਾਲਜ ਲੁਧਿਆਣਾ ਵਿੱਚ ਹਿਸਾਬ ਦੀ ਐਮ.ਏ. ਕਰਦੇ ਸਨ ਤੇ ਮਲਕੀਅਤ ਸਿੰਘ ਜਿਹੜਾ ਕਿ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦਾ ਵਿਦਿਆਰਥੀ ਸੀ, ਨਾਲ ਮੁਲਾਕਾਤ ਹੋ ਗਈ। ਓਨਾਂ ਤਿੰਨਾਂ ਨੇ ਦਰਸ਼ਨ ਬਾਗ਼ੀ ਦੀ ਜ਼ਿੰਦਗੀ ਵਿੱਚ ਪ੍ਰਵੇਸ਼ ਕੀਤਾ। ਹਰਭਜਨ ਹਲਵਾਰਵੀ ਤੇ ਇੰਦਰਜੀਤ ਬਿੱਟੂ ਉਮਰ ਭਰ ਲਈ ਦਰਸ਼ਨ ਬਾਗ਼ੀ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਏ।



# ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ

ਪੀ.ਐਸ.ਯੂ. ਦੇ ਮਾਰਕਸਵਾਦੀ ਸਰਕਲ ਵਿੱਚ, ਇਸ ਕਾਲਜ ਨੂੰ ਲੈਨਿਨਗਰਾਡ ਕਿਹਾ ਜਾਂਦਾ ਸੀ। ਇਸ ਕਾਲਜ ਦੇ ਵਿਦਿਆਰਥੀ ਮਲਕੀਅਤ ਸਿੰਘ ਦੇ ਯਤਨਾਂ ਦਾ ਕ੍ਰਿਸ਼ਮਾ ਸੀ ਕਿ ਇਸ ਕਾਲਜ ਦੇ ਅਗਾਂਹਵਧੂ ਮਾਰਕਸਵਾਦੀ ਵਿਦਿਆਰਥੀਆਂ ਦੀ ਲਗਨ, ਮਾਰਕਸਵਾਦੀ ਰਾਜਸੀ ਚੇਤਨਤਾ ਤੇ ਬੇਮਿਸਾਲ ਵਫ਼ਾ ਨੇ ਇਸ ਕਾਲਜ ਨੂੰ ਲੈਨਿਨਗਰਾਡ ਦਾ ਰੁਤਬਾ ਬਖ਼ਸ਼ਿਆ ਸੀ। ਮਲਕੀਅਤ ਸਿੰਘ ਦੀ ਹਿੰਮਤ ਤੇ ਲਗਨ ਨਾਲ ਇਸ ਕਾਲਜ ਦੇ 9-10 ਵਿਦਿਆਰਥੀ ਸਮੇਤ, ਹਰਭਜਨ ਹਲਵਾਰਵੀ, ਇੰਦਰਜੀਤ ਬਿੱਟੂ ਦੇ, ਨਵਤੇਜ ਭਾਰਤੀ ਦੇ ਘਰ ਇਕੱਠੇ ਹੋਏ ਤੇ ਦਰਸ਼ਨ ਬਾਗ਼ੀ ਨੇ ਮਾਰਕਸਵਾਦ, ਇਤਿਹਾਸਕ ਪਦਾਰਥਵਾਦ ਤੇ ਸਟਡੀ ਸਰਕਲ ਲਾਏ। ਦੋ ਦਿਨਾਂ ਵਾਸਤੇ ਸ਼ਨਿਚਰਵਾਰ ਤੇ ਐਤਵਾਰ ਪ੍ਰੋਫੈਸਰ ਤੇਜਵੰਤ ਸਿੰਘ ਗਿੱਲ ਨੇ ਦਵੰਦਵਾਦੀ ਪਦਾਰਥਵਾਦ 'ਤੇ ਸਟੱਡੀ ਸਰਕਲ ਲਾਇਆ ਸੀ।

ਇਨਾਂ ਸਟੱਡੀ ਸਰਕਲਾਂ ਤੋਂ ਮਗਰੋਂ ਲਗਾਤਾਰ ਸਟੱਡੀ ਸਰਕਲਾਂ ਦਾ ਟਿਕਾਣਾ ਪੱਕੇ ਤੌਰ ਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਹੋਸਟਲ ਬਣ ਗਏ ਜਿਥੇ ਲਗਪਗ ਹਰ ਸ਼ਨਿਚਰਵਾਰ ਤੇ ਐਤਵਾਰ ਮਹੀਨੇ ਵਿੱਚ ਦੋ ਤਿੰਨ ਵਾਰੀ ਸਕੂਲ ਲਗਦਾ ਹੁੰਦਾ ਸੀ। ਇਸ ਸਮੇਂ ਦਰਸ਼ਨ ਬਾਗ਼ੀ ਦੇ ਨਾਲ ਭੂਪਿੰਦਰ ਸਿੰਘ ਆਣ ਰਲਿਆ ਸੀ ਤੇ ਫਿਰ ਇਨਾਂ ਦੋਹਾਂ ਦੀ ਚੰਗੀ ਜੋਟੀ ਬਣ ਗਈ ਸੀ। ਇਨਾਂ ਸਟੱਡੀ ਸਰਕਲਾਂ ਨੂੰ ਹਰਭਜਨ ਹਲਵਾਰੀ ਨੇ ਕਦੇ ਮਿਸ ਨਹੀਂ ਸੀ ਕੀਤਾ। ਇਸ ਕਾਲਜ ਨੇ ਨਾਮਵਰ ਮਾਰਕਸਵਾਦੀ, ਬੁੱਧੀਜੀਵੀ ਤੇ ਭਾਰਤੀ ਇਨਕਲਾਬ ਲਈ ਸਿਰਲੱਥ ਸੂਰਮੇ ਪੈਦਾ ਕੀਤੇ।

ਇਹ ਕਾਲਜ, 1968 ਦੇ ਇਤਿਹਾਸਕ ਵਿਦਿਆਰਥੀ ਸੰਘਰਸ਼, ਸਰਕਾਰੀ ਕਾਲਜ ਲੁਧਿਆਣਾ ਵੇਲੇ, ਸੰਘਰਸ਼ ਦਾ ਹੈਡਕੁਆਟਰ ਸੀ, ਜਿਸ ਦਾ ਵਿਸਥਾਰ ਸਹਿਤ ਜ਼ਿਕਰ 1968 ਦੇ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੀ ਬੇਮਿਸਾਲ ਜਦੋਜਹਿਦ ਨਾਲ ਅੱਗੇ ਕੀਤਾ ਗਿਆ ਹੈ। ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਵਿੱਚ ਮਾਰਕਸਵਾਦੀ ਜਮਾਤੀ ਚੇਤਨਤਾ, ਦਵੰਦਵਾਦੀ ਪਦਾਰਥਵਾਦ ਤੇ ਇਤਿਹਾਸਕ ਪਦਾਰਥਵਾਦ ਨੂੰ ਪੜ੍ਹਣ ਤੇ ਜਾਨਣ ਦੀ ਲਗਨ ਬੇਮਿਸਾਲ ਸੀ। ਇਸ ਕਾਲਜ ਵਿੱਚ ਸਟਡੀ ਸਰਕਲਾਂ 'ਤੇ ਕੋਈ ਬੰਦਸ਼ ਨਹੀਂ ਸੀ।

ਰਾਤ ਦੇ ਇਕ ਦੋ ਵਜੇ ਤੱਕ ਵਿਦਿਆਰਥੀ ਪੰਗਤੀਆਂ ਮਾਰੀ ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨਾਲ ਬੜੇ ਉਤਸ਼ਾਹ ਤੇ ਲਗਨ ਨਾਲ ਮਾਰਕਸਵਾਦ ਦਾ ਅਧਿਐਨ ਕਰਦੇ ਹੁੰਦੇ ਸਨ।

ਇਸ ਕਾਲਜ ਨੇ ਅੱਗੇ ਜਾ ਕੇ ਨਕਸਲਾਈਟ ਲਹਿਰ ਵਿੱਚ ਕੁਲਵਕਤੀ ਇਨਕਲਾਬੀਆਂ ਦੇ ਰੂਪ ਵਿੱਚ ਆਪਣੀ ਪੜ੍ਹਾਈ ਨੂੰ ਅਲਵਿਦਾ ਆਖ ਕੇ ਭਾਰਤੀ ਇਨਕਲਾਬ ਲਈ ਜੂਝਣ ਲਈ ਤਿਆਰ ਹੋ ਕੇ ਕਈ ਵਿਦਿਆਰਥੀ ਅੱਗੇ ਆਏ। ਇਨਾਂ ਵਿੱਚ ਸਿਰਲੱਥ ਸੂਰਮੇ ਸਨ ਗੋਬਿੰਦਰ ਸਿੰਘ (ਅਜਮੇਰ ਸਿੰਘ), ਮੇਜਰ ਸਿੰਘ, ਬਖ਼ਸੀਸ਼ ਸਿੰਘ, ਸਰਬਣ ਸੈਣੀ, ਸ਼ਿਵ ਲਾਲ ਤੋਂ ਕੁਲਦੀਪ ਸਿੰਘ ਹਾਂਸਰਾ ਤੇ ਸੁਰਿੰਦਰ ਧੰਜਲ ਵਰਗੇ ਬੁਧੀਜੀਵੀ ਸਨ, ਇਹ 1966 ਦੇ ਅਖ਼ੀਰ ਤੋਂ 1968 ਦਾ ਦੌਰ ਸੀ।

ਇਸ ਕਾਲਜ ਦੇ ਆਮ ਵਿਦਿਆਰਥੀ, ਦਰਸ਼ਨ ਬਾਗ਼ੀ ਨੂੰ ਬੜੇ ਆਦਰ ਤੇ ਸਤਿਕਾਰ ਦੀ ਨਿਗਾਹ ਨਾਲ ਨਿਹਾਰਦੇ ਸਨ ਅਤੇ ਇਹ ਮਾਰਕਸਵਾਦੀ ਵਿਦਿਆਰਥੀ ਦਰਸ਼ਨ ਬਾਗ਼ੀ ਦੀ ਜਿੰਦਜਾਨ ਸਨ। ਦਰਸ਼ਨ ਬਾਗ਼ੀ ਦਾ ਜਥੇਬੰਦੀ ਉਸਾਰਨ ਦਾ ਸੰਕਲਪ ਡੈਮੋਕਰੇਟਕ ਲੀਡਰਸ਼ਿਪ ਉਸਾਰਨਾ ਸੀ। ਇਸੇ ਕਰ ਕੇ ਇਨਾਂ ਸਟਡੀ ਸਰਕਲਾਂ ਵਿੱਚ ਹਿਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਖੁਲ ਕੇ ਬੋਲਣ ਤੇ ਦਲੀਲਬਾਜ਼ੀ ਲਈ ਪਰੇਰਿਆ ਜਾਂਦਾ ਸੀ।



## ਹਰਭਜਨ ਹਲਵਾਰਵੀ ਤੇ ਇੰਦਰਜੀਤ ਬਿੱਟੂ ਨਾਲ ਮਿਲਣੀ

1967 ਦੀਆਂ ਗਰਮੀਆਂ ਵਿੱਚ ਇਹ ਨਵਤੇਜ ਭਾਰਤੀ ਦੀ ਸਖ਼ਾਵਤ ਸੀ ਕਿ ਦਰਸ਼ਨ ਬਾਗ਼ੀ ਦੀ ਮਿਲਣੀ ਹਰਭਜਨ ਹਲਵਾਰਵੀ ਤੇ ਬਿੱਟੂ, ਜਿਸ ਦਾ ਅਸਲੀ ਨਾਂ ਇੰਦਰਜੀਤ ਸਿੰਘ ਹੈ, ਪਰ ਇਹ ਬਿੱਟੂ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ, ਨਾਲ ਨਵਤੇਜ ਭਾਰਤੀ ਦੇ ਮੁਕਾਮ 'ਤੇ ਹੋਈ। ਇਹ ਮਿਲਣੀ ਉਮਰ ਭਰ ਦੇ ਜੀਣ ਮਰਨ ਦੇ ਸਦੀਵੀ ਰਿਸ਼ਤੇ ਵਿੱਚ ਬਦਲ ਗਈ। ਇਹ ਦੋਵੇਂ ਸਰਕਾਰੀ ਕਾਲਜ ਲੁਧਿਆਣੇ ਹਿਸਾਬ ਦੀ ਐਮ. ਏ. ਕਰਦੇ ਹੁੰਦੇ ਸਨ ਤੇ ਹਲਵਾਰਵੀ ਉਨਾਂ ਦਿਨਾਂ ਵਿੱਚ ਆਪਣੀ ਭੂਆ ਦੇ ਘਰ ਕਿਆਮ ਕਰਦਾ ਹੁੰਦਾ ਸੀ। ਘਰ ਦੇ ਨਾਲ ਹੀ ਕੋਨੇ ਤੇ ਬੈਠਕ ਸੀ, ਜਿਥੇ ਹਲਵਾਰਵੀ ਬਿਰਾਜਦਾ ਹੁੰਦਾ ਸੀ। ਉਨਾਂ ਦਿਨਾਂ ਵਿੱਚ ਦਰਸ਼ਨ ਬਾਗ਼ੀ ਦਾ ਦਰਜਾ ਇਕ ਰਮਤੇ ਵਾਲਾ ਸੀ ਤੇ ਕਈ ਵਾਰ ਸਫ਼ਰ ਕਰਦਿਆਂ, ਓਹ ਹਲਵਾਰਵੀ ਦੇ ਦਰਵਾਜ਼ੇ ਤੇ ਅੱਧੀ ਰਾਤ ਬੀਤੀ ਤੇ ਜਾ ਦਸਤਕ ਦਿੰਦਾ ਤਾਂ ਹਲਵਾਰਵੀ ਦੀਆਂ ਅੱਖਾਂ ਰੁਸ਼ਨਾ ਜਾਂਦੀਆਂ ਤੇ ਓਹ ਕਲਾਵੇ ਵਿੱਚ ਲੈ ਕੇ ਦਰਸ਼ਨ ਬਾਗ਼ੀ ਨੂੰ ਇਸ ਤਰਾਂ ਨਿੱਘ ਨਾਲ ਘੁੱਟਦਾ ਕਿ ਸਾਰੇ ਸਫ਼ਰ ਦਾ ਦਰਸ਼ਨ ਬਾਗ਼ੀ ਦਾ ਥਕੇਵਾਂ ਆਪਣੀਆਂ ਬਾਂਹਾਂ ਵਿੱਚ ਨਚੋੜ ਲੈਂਦਾ।

ਹਲਵਾਰਵੀ ਤੇ ਇੰਦਰਜੀਤ ਸਿੰਘ ਬਿੱਟੂ ਇਕ ਦੂਜੇ ਦੇ ਜਿਗਰੀ ਯਾਰ ਤੇ ਸਾਥੀ ਸਨ। ਦੋਹਾਂ ਦਾ ਆਪਸੀ ਰਿਸ਼ਤਾ ਨਹੁੰ ਤੇ ਮਾਸ ਵਾਲਾ ਸੀ। ਇਹ ਦੋਵੇਂ ਦਰਸ਼ਨ ਬਾਗ਼ੀ ਦੇ ਅਨਿੱਖੜਵੇਂ ਅੰਗ ਬਣ ਗਏ। ਹਰ ਮੀਟਿੰਗ ਤੇ ਹਰ ਸਟੱਡੀ ਸਰਕਲ ਵਿੱਚ ਵਧ ਚੜ ਕੇ ਹਿੱਸਾ ਲੈਂਦੇ ਸਨ। ਇਹ ਦੋਵੇਂ ਸਾਥੀ ਪੰਜਾਬ ਪੱਧਰ ਤੇ ਮਾਰਕਸਵਾਦੀ ਗਰੁੱਪ ਦੇ ਮੈਂਬਰ ਸਨ, ਜਿਹੜਾ ਗਰੁੱਪ ਆਮ ਤੌਰ ਤੇ ਪੰਜਾਬ ਪੱਧਰ ਤੇ (ਪੀ.ਐਸ.ਯੂ.) ਦੀਆਂ ਨੀਤੀਆਂ ਤਹਿ ਕਰਦਾ ਸੀ।

## ਮਾਹਿਲ ਗਹਿਲਾਂ ਖੂਹ 'ਤੇ ਇਕ ਹਫਤਾ ਸਟੱਡੀ ਸਰਕਲ

ਕਾਮਰੇਡ ਜਗਜੀਤ ਸਿੰਘ ਪਿੰਡ ਮਾਹਿਲ ਗਹਿਲਾਂ (ਉਦੋਂ ਜ਼ਿਲ੍ਹਾ ਜਲੰਧਰ, ਹੁਣ ਨਵਾਂਸ਼ਹਿਰ) ਵਾਲਾ ਇੰਗਲੈਂਡ ਤੋਂ ਮੁੜਿਆ ਸੀ ਤੇ ਉਸ ਦਾ ਸਬੰਧ ਸੀ.ਪੀ.ਆਈ. (ਐਮ) ਨਾਲ ਸੀ। ਇਕ ਦਿਨ ਜੂਨ-ਜੁਲਾਈ 1968 ਵਿੱਚ ਕਾਮਰੇਡ ਜਗਜੀਤ ਸਿੰਘ ਮਾਹਿਲ ਨਾਲ ਮੁਲਾਕਾਤ ਜਲੰਧਰ ਪਾਰਟੀ ਦੇ ਦਫਤਰ ਵਿੱਚ ਹੋ ਗਈ ਤੇ ਇਸ ਮੁਲਾਕਤ ਵਿੱਚ ਦਰਸ਼ਨ ਬਾਗ਼ੀ ਨੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਦਾ ਮਾਰਕਸਵਾਦ 'ਤੇ ਸਟੱਡੀ ਸਰਕਲ ਲਾਉਣ ਦਾ ਸੁਝਾ ਦਿੱਤਾ। ਕਾਮਰੇਡ ਜਗਜੀਤ ਸਿੰਘ ਮਾਹਿਲ ਨੇ ਤੁਰਤ ਹੀ ਦਰਸ਼ਨ ਬਾਗ਼ੀ ਦਾ ਸੁਝਾਅ ਕਬੂਲ ਕਰ ਲਿਆ ਤੇ ਆਪਣੇ ਖੂਹ ਤੇ ਪਿੰਡ ਮਹਿਲ ਗਹਿਲਾਂ, ਬੰਗਾ ਕਾਲਜ ਦੇ ਵਿਦਿਆਰਥੀਆਂ ਨੂੰ ਇਕੱਠੇ ਕਰਨ ਦੀ ਜ਼ੁੰਮੇਵਾਰੀ ਲੈ ਲਈ। ਦਰਸ਼ਨ ਖਟਕੜ ਅਨੁਸਾਰ, ਉਸ ਸਮੇਤ ਹੋਰ ਵਿਦਿਆਰਥੀਆਂ ਤੋਂ ਇਲਾਵਾ ਹੇਠ ਲਿਖੇ ਵਿਦਿਆਰਥੀ ਵੀ ਹਾਜ਼ਰ ਸਨ। ਸਾਥੀ ਸੁਰਿੰਦਰ ਸਿੰਘ ਮਾਹਿਲ, ਸਾਥੀ ਮੰਗਤ ਰਾਮ ਮਾਹਿਲ ਗਹਿਲਾਂ, ਸਾਥੀ ਗੁਰਮੇਲ ਸਿੰਘ ਥਾਂਦੀ, ਸਾਥੀ ਇਕਬਾਲ ਸਿੰਘ ਖ਼ਾਨਖਾਨਾ, ਇਕਬਾਲ ਸਿੰਘ ਕੋਮਲ ਤੇ 3 ਵਿਦਿਆਰਥੀ ਪਿੰਡ ਬੀਸਲੇ ਤੋਂ ਵੀ ਹਾਜ਼ਰ ਸਨ। ਇਹ ਸਟੱਡੀ ਸਰਕਲ ਕਾਮਰੇਡ ਜਗਜੀਤ ਸਿੰਘ ਮਾਹਿਲ ਦੇ ਖੂਹ ਤੇ ਇਕ ਹਫਤਾ ਲਾਇਆ ਸੀ ਤੇ ਖਾਣ ਪੀਣ ਦਾ ਸਾਰਾ ਪ੍ਰਬੰਧ ਕਾਮਰੇਡ ਜਗਜੀਤ ਸਿੰਘ ਮਾਹਿਲ ਨੇ ਕੀਤਾ ਸੀ। ਸਟੱਡੀ ਸਰਕਲ ਦੇ ਅਰੰਭ ਵਿੱਚ ਵਿਦਿਆਰਥੀਆਂ ਨਾਲ ਜਾਣ ਪਛਾਣ ਦੇ ਦੌਰਾਨ ਦਰਸ਼ਨ ਬਾਗ਼ੀ ਨੇ ਸਾਰੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ, "ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਵਾਰਸੋ, ਤੁਹਾਨੂੰ ਸੱਦਾ ਦਿੰਦਾ ਹਾਂ ਕਿ ਪੰਜਾਬ ਸਟੂਡੈਂਟਸ ਯੂਨੀਅਨ (ਪੀ ਐਸ.ਯੂ.) ਦੇ ਝੰਡੇ ਹੇਠ ਇਕੱਠੇ ਹੋ ਕੇ ਆਪਣੇ ਕਾਲਜ ਵਿੱਚ ਪੀ.ਐਸ.ਯੂ. ਨੂੰ ਜੱਥੇਬੰਦ ਕਰੋ ਤੇ ਇਨਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰੋ।" ਦਰਸ਼ਨ ਬਾਗ਼ੀ ਦੀ ਆਵਾਜ਼ ਤੇ ਦਰਸ਼ਨ ਖਟਕੜ, ਇਕਬਾਲ ਸਿੰਘ ਕੋਮਲ ਤੇ ਇਕਬਾਲ ਖ਼ਾਨ ਹੁਰਾਂ ਨੇ ਪ੍ਰਣ ਕੀਤਾ ਕਿ ਓਹ ਆਪਣੇ ਕਾਲਜ ਵਿੱਚ ਪੀ.ਐਸ.ਯੂ. ਦਾ ਬਹੁਤ ਸ਼ਕਤੀਸ਼ਾਲੀ ਯੂਨਿਟ ਜੱਥੇਬੰਦ ਕਰਨਗੇ।

ਇਸ ਸਕੂਲ ਵਿੱਚ, ਫਰੈਡਰਿਕ ਐਂਗਲਜ਼ ਦੀ ਪਰਿਵਾਰ, ਨਿਜੀ ਜਾਇਦਾਦ ਤੇ ਸਟੇਟ, ਕਮਿਊਨਿਸਟ ਮੈਨੀਫੈਸਟੋ, ਦਵੰਦਵਾਦੀ ਪਦਾਰਥਵਾਦ ਤੇ ਇਤਿਹਾਸਕ



ਪਦਾਰਥਵਾਦ ਤੇ ਵਿਚਾਰ ਕੀਤਾ ਗਿਆ। ਗਰਮੀਆਂ ਦੇ ਦਿਨ ਸਨ ਤੇ ਸਾਰੇ ਵਿਦਿਅਰਥੀ ਰਾਤ ਨੂੰ ਖੂਹ ਤੇ ਹੀ ਸੌਂਦੇ ਸਨ। ਦਰਸ਼ਨ ਬਾਗ਼ੀ ਜਿਥੇ ਨੌਜੁਆਨ ਵਿਦਿਆਰਥੀਆਂ ਨਾਲ ਰਾਜਨੀਤਕ ਪੱਧਰ ਤੇ ਸਿਧਾਂਤਕ ਸਮਝ ਜੋੜਨ ਦਾ ਯਤਨ ਕਰਦਾ ਉਥੇ ਜਜ਼ਬਾਤੀ ਤੇ ਭਾਵੁਕ ਰੌਂਅ ਵਿੱਚ ਨੌਜੁਆਨਾਂ ਦੀਆਂ ਰੂਹਾਂ ਤੇ ਜਜ਼ਬਾਤਾਂ ਦਾ ਹਿੱਸਾ ਬਣਨ ਦਾ ਯਤਨ ਕਰਦਾ ਹੁੰਦਾ ਸੀ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਪੜਾਈ ਵਿੱਚ ਚੰਗੀ ਮਿਹਨਤ ਤੇ ਚੰਗੇ ਨੰਬਰ ਲੈ ਕੇ ਪਾਸ ਹੋਣ ਦੀ ਪ੍ਰੇਰਨਾ ਦੇਣ ਦੇ ਨਾਲ ਇਕ ਚੰਗੇ ਮਨੁੱਖ ਬਣਨ ਦਾ ਸੁਨੇਹਾ ਦਿੰਦਾ ਸੀ। ਹਰ ਸਟਡੀ ਸਰਕਲ ਵਿੱਚ ਦਰਸ਼ਨ ਬਾਗ਼ੀ ਵਿਦਿਆਰਥੀਆਂ ਨੂੰ ਸੰਬੋਧਨ ਕਰ ਕੇ ਕਿਹਾ ਕਰਦਾ ਸੀ ਕਿ ਇਕ ਚੰਗਾ ਮਨੁੱਖ ਹੀ ਇਕ ਚੰਗਾ ਮਾਰਕਸਵਾਦੀ ਬਣ ਸਕਦਾ ਹੈ। ਜਿਸ ਮਨੁੱਖ ਵਿੱਚ ਚੰਗੀਆਂ ਭਾਵਨਾਵਾਂ ਨਹੀਂ, ਕਿਸੇ ਲੋੜਵੰਦ ਦੇ ਕੰਮ ਆਉਣ ਦੀ ਭਾਵਨਾ ਨਹੀਂ, ਦੂਜੇ ਦੀ ਪੀੜ ਦਾ ਅਹਿਸਾਸ ਨਹੀਂ, ਓਹ ਇਕ ਚੰਗਾ ਮਾਰਕਸਵਾਦੀ ਤੇ ਚੰਗਾ ਕਮਿਊਨਿਸਟ ਨਹੀਂ ਬਣ ਸਕਦਾ। ਦਰਸ਼ਨ ਬਾਗ਼ੀ ਆਖਦਾ ਕਿ ਹਰ ਨੌਜੁਆਨ ਦਾ, ਓਦੇ ਸ਼ਬਦਾਂ ਵਿੱਚ, ਵਿਦਿਆਰਥੀ ਦਾ ਸਭ ਤੋਂ ਪਹਿਲਾ ਮਿਸ਼ਨ ਹੈ : ਇਕ ਚੰਗਾ ਮਨੁੱਖ ਬਣਨਾ, ਆਪਣੀ ਆਤਮਾ ਦੇ ਅੰਦਰ ਇਕ ਚੰਗੇ ਮਨੁੱਖ ਦੀ ਉਸਾਰੀ ਕਰਨੀ।

ਆਮ ਤੌਰ ਤੇ ਹਰ ਸਟਡੀ ਸਰਕਲ ਵਿੱਚ ਵਿਦਿਆਰਥੀ ਕੁਝ ਸਮੇਂ ਮਗਰੋਂ ਖੁੱਲ ਜਾਂਦੇ ਤੇ ਦਰਸ਼ਨ ਬਾਗ਼ੀ ਨਾਲ ਆਪਣੀਆਂ ਨਿਜੀ ਗੱਲਾਂ ਸਾਂਝੀਆਂ ਕਰਦੇ ਤੇ ਕਈ ਨਿਜੀ ਤੇ ਘਰੇਲੂ ਮਸਲਿਆਂ ਤੇ ਉਸ ਦੀ ਰਾਏ ਮੰਗਦੇ ਕਿ ਨਿਜੀ ਤੇ ਘਰੇਲੂ ਮਸਲੇ ਨੂੰ ਕਿਵੇਂ ਹੱਲ ਕੀਤਾ ਜਾਵੇ। ਓਦੇ ਸ਼ਬਦਾਂ ਵਿੱਚ ਵਿਦਿਆਰਥੀਆਂ ਨੂੰ ਉਚਾ ਆਚਰਣ ਤੇ ਜੀਵਨ ਵਿੱਚ ਇਕ ਆਦਰਸ਼ ਦਾ ਸੁਪਨਾ ਉਸਾਰਨ ਦੀ ਪ੍ਰੇਰਣਾ ਹੁੰਦੀ ਸੀ, ਜਿਸ ਦੇ ਸਿੱਟੇ ਵਜੋਂ ਨੌਜੁਆਨ ਵਿਦਿਆਰਥੀਆਂ ਤੇ ਦਰਸ਼ਨ ਬਾਗ਼ੀ ਵਿੱਚ ਇਕ ਸਦੀਵੀ ਸਬੰਧ ਜੁੜ ਜਾਂਦੇ ਤੇ ਇਹ ਸਬੰਧ ਆਪਸੀ ਵਿਸ਼ਵਾਸ ਦੀ ਨੀਂਹ ਬਣਦੇ। ਇਸ ਇੱਕ ਹਫਤੇ ਦੇ ਸਕੂਲ ਵਿੱਚ ਤੇ ਦਰਸ਼ਨ ਬਾਗ਼ੀ ਦੇ ਸੰਪਰਕ ਨੇ ਇਕਬਾਲ ਖਾਨ ਦੀ ਜ਼ਿੰਦਗੀ ਦਾ ਮੁਹਾਣ ਹੀ ਬਦਲ ਦਿਤਾ। ਜਿਥੇ ਇਕਬਾਲ ਪੜਾਈ ਨੂੰ ਅਲਵਿਦਾ ਆਖ ਕੇ ਕਿਧਰੇ ਪਰਦੇਸ ਨੂੰ ਉਡਾਰੀ ਮਾਰਨ ਦੀਆਂ ਤਿਆਰੀਆਂ ਵਿੱਚ ਸੀ, ਪਰ ਦਰਸ਼ਨ ਬਾਗ਼ੀ ਦੀ ਮਿਲਣੀ ਨੇ ਉਸ ਨੂੰ ਪੜਾਈ ਜਾਰੀ ਰੱਖਣ ਦੀ ਪ੍ਰੇਰਨਾ ਦਿੱਤੀ ਤੇ ਉਸ ਬੰਗਾ ਕਾਲਜ ਵਿੱਚ ਪੀ.ਐਸ.ਯੂ. ਲਈ ਜੂਝਣ ਦਾ ਸੰਕਲਪ ਲਿਆ। ਇਸ ਸਕੂਲ਼ ਨੇ ਦਰਸ਼ਨ ਬਾਗ਼ੀ ਤੇ ਦਰਸ਼ਨ ਖਟਕੜ ਦਾ ਆਪਸੀ ਰਿਸ਼ਤਾ ਜੀਣ ਤੇ ਮਰਨ ਦਾ ਰਿਸ਼ਤਾ ਸਥਾਪਤ ਕੀਤਾ। ਦਰਸ਼ਨ ਖਟਕੜ ਪੀ.ਐਸ.ਯੂ. ਦੇ ਪੰਜਾਬ ਪੱਧਰ ਦੇ ਮਾਰਕਸਵਾਦੀ ਗਰੁੱਪ ਦਾ ਅਨਿੱਖੜਵਾਂ

ਅੰਗ ਬਣ ਗਿਆ ਤੇ ਇਸ ਨੇ ਭਾਰਤ ਵਿੱਚ ਜਮਹੂਰੀ ਇਨਕਲਾਬ ਲਈ ਜੀਣ ਤੇ ਮਰਨ ਦਾ ਹਲਫ ਲਿਆ ਸੀ। ਥੋੜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਖਟਕੜ, ਦਰਸ਼ਨ ਬਾਗ਼ੀ ਦਾ ਦੂਜਾ ਰੂਪ ਸੀ।

1968 ਦੀ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੇ ਇਤਿਹਾਸਕ ਸੰਘਰਸ਼ ਦੀ ਹਮਾਇਤ ਵਿੱਚ, ਦਰਸ਼ਨ ਖਟਕੜ, ਇਕਬਾਲ ਖਾਨ ਤੇ ਇਕਬਾਲ ਸਿੰਘ ਕੋਮਲ ਦੀ ਅਗਵਾਈ ਹੇਠ ਬੰਗਾ ਕਾਲਜ ਦੇ ਵਿਦਿਆਰਥੀਆਂ ਨੇ ਬੜੀ ਬਹਾਦਰੀ ਤੇ ਏਕਤਾ ਦੀ ਪ੍ਰਦਰਸ਼ਨੀ ਕੀਤੀ। ਵਿਦਿਆਰਥੀਆਂ ਦਾ ਰੋਹ ਬੰਗਾ ਪੁਲਸ ਦੇ ਕਾਬੂ ਤੋਂ ਬਾਹਰ ਸੀ। ਇੱਥੋਂ ਤੱਕ ਕਿ ਵਿਦਿਆਰਥੀਆਂ ਦਾ ਰੋਸ ਤੇ ਗੁੱਸਾ ਪੁਲਸ ਨਾਲ ਜਾ ਟਕਰਾਇਆ। ਕਾਲਜ ਕਈ ਦਿਨ ਬੰਦ ਰਿਹਾ। ਇਸ ਰੋਹ ਭਰੇ ਟਕਰਾ ਵਿੱਚ ਪੰਜਾਬ ਰੋਡਵੇਜ਼ ਦੀ ਬੱਸ ਵੀ ਅਗਨ ਭੇਟ ਹੋਈ ਤੇ ਇਸ ਦੋਸ਼ ਵਿੱਚ ਇਕਬਾਲ ਖਾਨ ਤੇ ਕਈ ਹੋਰ ਵਿਦਿਆਰਥੀਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਤੇ ਇਕਬਾਲ ਖਾਨ ਮਗਰੋਂ ਤਿੰਨ ਸਾਲ ਬਾਦ ਜੇਲ੍ਹ ਤੋਂ ਰਿਹਾ ਹੋਇਆ। ਦਰਸ਼ਨ ਖਟਕੜ ਦੀ ਅਗਵਾਈ ਹੇਠ, ਬੰਗਾ ਕਾਲਜ ਦਾ ਮਾਰਕਸਵਾਦੀ ਯੂਨਿਟ ਤੇ ਪੀ.ਐਸ.ਯੂ. ਦੀ ਤਾਕਤ ਬੰਗਾ ਕਾਲਜ ਵਿੱਚ ਬੇਮਿਸਾਲ ਸੀ।



## ਹੋਰ ਕਾਲਜਾਂ ਦਾ ਵਿਸਥਾਰੀ ਵੇਰਵਾ

### ਰਾਮਗੜ੍ਹੀਆ ਕਾਲਜ ਫਗਵਾੜਾ

ਇਸ ਕਾਲਜ ਵਿੱਚ 10 ਵਿਦਿਆਰਥੀਆਂ ਦਾ ਬਹੁਤ ਤਕੜਾ ਸਿਧਾਂਤਕ ਪਕਿਆਈ ਵਾਲਾ ਮਾਰਕਸਵਾਦੀ ਯੂਨਿਟ ਸੀ। ਇਸ ਯੂਨਿਟ ਦੀ ਅਗਵਾਈ ਨਿਰਮਲ ਢੀਂਡਸਾ, ਲਹਿੰਬਰ ਸਿੰਘ ਤੱਗੜ ਕਰਦੇ ਸਨ। ਮਾਹਿਲ ਗਹਿਲਾਂ ਵਾਲੇ ਸਕੂਲ ਤੋਂ ਇਕ ਹਫਤਾ ਮਗਰੋਂ ਦਰਸ਼ਨ ਬਾਗ਼ੀ ਨੇ ਰਾਮਗੜ੍ਹੀਆ ਕਾਲਜ ਫਗਵਾੜਾ ਦੇ ਹੋਸਟਲ ਵਿੱਚ 5 ਦਿਨਾਂ ਵਾਸਤੇ ਮਾਰਕਸਵਾਦ, ਦਵੰਦਵਾਦੀ ਪਦਾਰਥਵਾਦ ਤੇ ਇਤਿਹਾਸਕ ਪਦਾਰਥਵਾਦ ਤੇ ਸਕੂਲ਼ ਲਾਇਆ ਤੇ ਇਸ ਸਕੂਲ ਵਿੱਚ 10 ਵਿਦਿਅਰਥੀਆਂ ਨੇ ਹਿੱਸਾ ਲਿਆ ਸੀ।

ਇਸ ਮਾਰਕਸਵਾਦੀ ਯੂਨਿਟ ਦਾ ਮੁੱਖ ਸਰਗਰਮ ਵਿਦਿਆਰਥੀ ਨਿਰਮਲ ਢੀਂਡਸਾ ਸੀ ਤੇ ਇਹ ਯੂਨਿਟ ਪੀ.ਐਸ.ਯੂ. ਦਾ ਬੜਾ ਸਰਗਰਮ ਅੰਗ ਸੀ। ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਵਿੱਚ ਰਾਮਗੜ੍ਹੀਆ ਕਾਲਜ ਨੇ ਸਾਰੇ ਕਾਲਜ ਵਿੱਚ ਹੜਤਾਲ ਕਰਵਾ ਕੇ ਜਲੂਸ ਕਢਿਆ ਸੀ। ਇਸ ਯੂਨਿਟ ਨਾਲ ਦਰਸ਼ਨ ਬਾਗ਼ੀ ਦਾ ਬਹੁਤ ਨੇੜਤਾ ਦਾ ਰਿਸ਼ਤਾ ਰਿਹਾ ਤੇ ਲਗਪਗ ਹਰ ਮਹੀਨੇ ਮਗਰੋਂ ਇਸ ਯੂਨਿਟ ਦੀ ਮੀਟਿੰਗ ਹੁੰਦੀ ਰਹਿੰਦੀ ਸੀ।

### ਰਣਬੀਰ ਕਾਲਜ ਸੰਗਰੂਰ

ਇਸ ਕਾਲਜ ਵਿੱਚ 7 ਵਿਦਿਆਰਥੀਆਂ ਦਾ ਯੂਨਿਟ ਸੀ ਤੇ ਬਹੁਤ ਲਗਨ ਵਾਲੇ ਵਿਦਿਆਰਥੀ ਸਨ ਜਿਨਾਂ ਦੀ ਅਗਵਾਈ ਕਰਨ ਵਾਲਾ ਵਿਦਿਆਰਥੀ ਪਿੰਡ ਬੇਨੜੇ ਤੋਂ ਸੀ ਜਿਸ ਦਾ ਨਾਂ ਦਰਸ਼ਨ ਬਾਗ਼ੀ ਦੀ ਯਾਦਾਸ਼ਤ ਤੋਂ ਅੰਡਰਗਰਾਉਂਡ ਹੋ ਗਿਆ ਹੈ। ਇਹ ਵਿਦਿਆਰਥੀ ਮਾਰਕਸਵਾਦੀ ਵਿਚਾਰਧਾਰਾ ਨਾਲ ਪੂਰੇ ਤੌਰ ਤੇ ਜੁੜਿਆ ਹੋਇਆ ਸੀ। ਇਸ ਨੇ ਰਣਬੀਰ ਕਾਲਜ ਵਿੱਚ ਮਾਰਕਸਵਾਦੀ ਵਿਦਿਆਰਥੀਆਂ ਦਾ ਯੂਨਿਟ ਸਥਾਪਤ ਕਰ ਕੇ ਦਰਸ਼ਨ ਬਾਗ਼ੀ ਨਾਲ ਸੰਪਰਕ ਕੀਤਾ, ਸਟਡੀ ਸਰਕਲ ਲਾਉਣ ਵਾਸਤੇ। 1966 ਦੇ ਅਖ਼ੀਰ ਵਿੱਚ 3 ਦਿਨ ਦਾ ਸਕੂਲ਼ ਇਸ ਦੇ ਪਿੰਡ ਬੇਨੜਾ ਵਿੱਚ ਲਾਇਆ ਸੀ। ਇਸ ਨੇ ਪੰਜਾਬ ਦੇ ਨਕਸਲੀ ਆਗੂਆਂ ਦੀ ਬਾਬਾ ਬੂਝਾ ਸਿੰਘ ਨਾਲ ਗੁਪਤ ਮੀਟਿੰਗ ਦਾ ਪ੍ਰਬੰਧ ਕੀਤਾ ਸੀ, ਇਹ

ਮਾਰਕਸਵਾਦੀ ਵਿਦਿਆਰਥੀ ਮਗਰੋਂ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਇਆ ਪਰ ਇਸ ਨੇ ਬੜੀ ਬਹਾਦਰੀ ਨਾਲ ਪੁਲਸ ਦੇ ਤਸ਼ੱਦਦ ਦਾ ਸਾਹਮਣਾ ਕੀਤਾ ਤੇ ਇਸ ਦੀ ਵਫਾ ਨੂੰ ਪੁਲਸ ਦਾ ਰੋਹ ਝੁਕਾ ਨਾ ਸਕਿਆ।

### ਐਸ. ਡੀ. ਕਾਲਜ ਬਰਨਾਲਾ

ਇਸ ਕਾਲਜ ਦੇ ਮਾਰਕਸਵਾਦੀ ਵਿਦਿਆਰਥੀ ਜਗਜੀਤ ਸਿੰਘ ਢਿੱਲੋਂ ਨੇ ਮਾਰਕਸਵਾਦੀ ਵਿੰਗ ਇਸ ਕਾਲਜ ਵਿੱਚ ਕਾਇਮ ਕੀਤਾ ਸੀ। ਜਗਜੀਤ ਸਿੰਘ ਢਿੱਲੋਂ ਉਸ ਵੇਲੇ ਬਰਨਾਲਾ ਯੂਨਿਟ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ। ਬਰਨਾਲਾ ਕਾਲਜ ਦੇ ਪੀ.ਐਸ.ਯੂ. ਦੇ ਮਾਰਕਸਵਾਦੀ ਯੂਨਿਟ ਦਾ ਸਕੂਲ ਇਕ ਹਫਤੇ ਵਾਸਤੇ ਜਗਜੀਤ ਸਿੰਘ ਢਿੱਲੋਂ ਦੇ ਪਿੰਡ ਠੀਕਰੀਵਾਲਾ, ਉਸ ਦੇ ਘਰ ਦਰਸ਼ਨ ਬਾਗੀ ਨੇ ਲਾਇਆ ਤੇ ਇਸ ਸਕੂਲ ਵਿੱਚ ਫਰੈਡਰਿਕ ਐਂਗਲਜ਼ ਦੀ ਪਰਿਵਾਰ, ਨਿੱਜੀ ਜਾਏਦਾਦ ਤੇ ਸਟੇਟ, ਦਵੰਦਵਾਦੀ ਪਦਾਰਥਵਾਦ, ਇਤਿਹਾਸਕ ਪਦਾਰਥਵਾਦ ਤੇ ਕਮਿਊਨਿਸਟ ਮੈਨੀਫੈਸਟੋ ਤੇ ਵਿਚਾਰ ਕੀਤੀ ਗਈ ਸੀ।

ਇਸ ਕਾਲਜ ਦੇ ਵਿਦਿਆਰਥੀਆਂ ਨੇ ਪੀ.ਐਸ.ਯੂ. ਦੇ ਝੰਡੇ ਹੇਠ, ਜਗਜੀਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦੇ 1967 ਅਤੇ 1968 ਦੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਇਤਿਹਾਸਕ ਸੰਘਰਸ਼ਾਂ ਦਾ ਸਮਰਥਨ ਕਰਦਿਆਂ ਹੋਇਆਂ ਕਾਲਜ ਵਿੱਚ ਹੜਤਾਲਾਂ ਤੇ ਮੁਜ਼ਾਹਰੇ ਕਰਕੇ ਏਕਤਾ ਦਾ ਸਬੂਤ ਦਿੱਤਾ। ਇੱਥੋਂ ਤੱਕ ਕਿ ਜਗਜੀਤ ਸਿੰਘ ਢਿੱਲੋਂ ਬਠਿੰਡਾ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਵਿੱਚ ਵੀ ਬਰਨਾਲੇ ਕਾਲਜ ਤੋਂ ਜੱਥਾ ਲੈ ਕੇ ਸ਼ਾਮਲ ਹੋਇਆ ਸੀ। ਲੁਧਿਆਣੇ ਪੀ.ਐਸ.ਯੂ. ਦੀ ਕਾਨਫਰੰਸ ਵੇਲੇ ਐਗਜੈਕਟਿਵ ਦਾ ਮੈਂਬਰ ਚੁਣਿਆ ਗਿਆ ਸੀ।

### ਰਿਪੁਦਮਨ ਕਾਲਜ ਨਾਭਾ

ਇਸ ਕਾਲਜ ਵਿੱਚ ਪੀ.ਐਸ.ਯੂ. ਤੇ ਮਾਰਕਰਵਾਦੀ ਗਰੁਪ ਦਾ ਆਗੂ ਸੁਰਜੀਤ ਸਿੰਘ ਪਿੰਡ ਬਾਗੜੀਆਂ ਜ਼ਿਲ੍ਹਾ ਸੰਗਰੂਰ ਤੋਂ ਸੀ। 1968 ਦੇ ਅਰੰਭ ਵਿੱਚ ਇਸ ਕਾਲਜ ਦੇ ਹੋਸਟਲ ਵਿੱਚ 8 ਮਾਰਕਸਵਾਦੀ ਸੋਚ ਰਖਣ ਵਾਲੇ ਵਿਦਿਆਰਥੀਆਂ ਨੇ ਲਗਾਤਾਰ 5 ਦਿਨਾਂ ਵਾਸਤੇ ਮਾਰਕਸਵਾਦ ਦੇ ਸਟਡੀ ਸਰਕਲ ਵਿੱਚ ਹਿੱਸਾ ਲਿਆ। 1969 ਵਿੱਚ ਸੁਰਜੀਤ ਸਿੰਘ ਬਾਗੜੀਆਂ ਆਪਣੀ ਪੜਾਈ ਛੱਡ ਕੇ ਨਕਸਲੀ ਲਹਿਰ ਵਿੱਚ ਸਰਗਰਮ ਹੋ ਗਿਆ ਤੇ ਫਿਰ ਪੁਲਸ ਦੇ ਝੂਠੇ ਮੁਕਾਬਲੇ ਵਿੱਚ ਸ਼ਹੀਦ ਹੋਇਆ।



ਆਪਣੇ ਵਿਦਿਆਰਥੀ ਜੀਵਨ ਵਿੱਚ ਸੁਰਜੀਤ ਬਾਗੜੀਆਂ ਨੇ ਰਿਪੁਦਮਨ ਕਾਲਜ ਵਿੱਚ ਪੀ.ਐਸ.ਯੂ. ਨੂੰ ਤੇ ਮਾਰਕਸਵਾਦੀ ਗਰੁਪ ਨੂੰ ਬਹੁਤ ਮਜ਼ਬੂਤ ਤੇ ਸਰਗਰਮ ਰੱਖਿਆ ਸੀ। ਸੁਰਜੀਤ ਬਾਗੜੀਆਂ ਦੀ ਅਗਵਾਈ ਹੇਠ 1967 ਦੀ ਪੰਜਾਬੀ ਯੂਨੀਵਰਸਟੀ ਤੇ 1968 ਦੇ ਸਰਕਾਰੀ ਕਾਲਜ ਲੁਧਿਆਣਾ ਤੇ ਰਜਿੰਦਰਾ ਕਾਲਜ ਬਠਿੰਡਾ ਦੇ ਵਿਦਿਆਰਥੀਆਂ ਦੇ ਸੰਘਰਸ਼ਾਂ ਦੀ ਹਮਾਇਤ ਵਿੱਚ ਰਿਪੁਦਮਨ ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਵਿੱਚ ਹੜਤਾਲਾਂ ਕਰ ਕੇ ਏਕਤਾ ਦਾ ਸਬੂਤ ਦਿਤਾ।

### ਰਜਿੰਦਰਾ ਮੈਡੀਕਲ ਕਾਲਜ ਪਟਿਆਲਾ

ਇਸ ਕਾਲਜ ਵਿੱਚ ਡਾ. ਸੰਤੋਖ ਸਿੰਘ, ਹਰਭਜਨ ਹਲਵਾਰਵੀ ਦਾ ਛੋਟਾ ਭਰਾ, ਡਾ. ਨਿਰਮਲ ਸਿੰਘ ਜਿਸ ਨੇ ਮਗਰੋਂ ਲਾਂਬੜਾ ਸੱਥ ਨਾਂ ਦੀ ਸਾਹਿਤਕ ਜਥੇਬੰਦੀ ਕਾਇਮ ਕੀਤੀ, ਡਾ. ਜਗਨੰਦਨ ਸਿੰਘ ਤੇ ਡਾ. ਕੁਲਦੀਪ ਸਿੰਘ ਮਾਰਕਸਵਾਦੀ ਗਰੁਪ ਦੇ ਆਗੂ ਸਨ। ਇਨਾਂ ਨੇ 1967 ਦੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਵਿੱਚ ਬਹੁਤ ਅਹਿਮ ਹਿੱਸਾ ਪਾਇਆ ਸੀ। ਖ਼ਾਸ ਕਰ ਕੇ ਇਸ ਸੰਘਰਸ਼ ਵੇਲੇ ਮਹਿੰਦਰਾ ਕਾਲਜ ਦੇ ਮੁੱਖ ਗੇਟ ਤੇ ਕਾਲਜ ਨੂੰ ਬੰਦ ਕਰਨ ਲਈ ਮੈਡੀਕਲ ਕਾਲਜ ਦੇ ਇਹ ਮਾਰਕਸਵਾਦੀ ਵਿਦਿਆਰਥੀਆਂ ਤੇ ਹੋਰ ਹਮਦਰਦਾਂ ਦਾ ਗਰੁਪ ਦਰਸ਼ਨ ਬਾਗ਼ੀ ਸਮੇਤ ਮਹਿੰਦਰਾ ਕਾਲਜ ਦੇ ਵਿਦਿਆਰਥੀਆਂ ਨੂੰ ਕਾਲਜ ਜਾਣ ਤੋਂ ਰੋਕ ਰਹੇ ਸਨ। ਕਾਲਜ ਦੇ ਵਿਦਿਆਰਥੀ ਹਮਦਰਦੀ ਵਿੱਚ ਕਾਲਜ ਜਾਣ ਤੋਂ ਰੁਕ ਰਹੇ ਸਨ।

ਇਸ ਦੌਰਾਨ ਕਾਲਜ ਪ੍ਰਿੰਸੀਪਲ ਡਾ. ਗੁਰਬਗਤ ਸਿੰਘ ਆ ਗਿਆ ਤੇ ਉਸ ਬੜੀ ਨਿਮਰਤਾ ਨਾਲ ਦਰਸ਼ਨ ਬਾਗ਼ੀ ਨੂੰ ਪਹਿਚਾਣ ਲਿਆ ਤੇ ਕਿਹਾ "ਤੂੰ ਤਾਂ ਮੇਰਾ ਵਿਦਿਆਰਥੀ ਏਂ ਦਰਸ਼ਨ, ਆਪਣੇ ਸਾਥੀਆਂ ਨਾਲ ਤੁਸੀਂ ਆਪਣੀ ਦੁਕਾਨ ਜ਼ਰਾ ਪੰਜ-ਛੇ ਫੁਟ ਹਟਵੀਂ ਲਾ ਲਵੋ"। ਮੈਡੀਕਲ ਕਾਲਜ ਦੇ ਵਿਦਿਆਰਥੀਆਂ ਦੇ ਯਤਨ ਨਾਲ ਮਹਿੰਦਰਾ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮੈਤ ਵਿੱਚ ਹੜਤਾਲ ਕਰ ਦਿੱਤੀ।

ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਪੰਜਾਬ ਦੇ ਵਿਦਿਆਰਥੀ ਫਰੰਟ ਨੂੰ ਜਥੇਬੰਦ ਕਰਨ ਤੇ ਅਗਵਾਈ ਦੇਣ ਵਾਸਤੇ ਦਰਸ਼ਨ ਬਾਗ਼ੀ ਦਾ ਵਿਦਿਆਰਥੀ ਹੋਣਾ ਜ਼ਰੂਰੀ ਸੀ। ਇਸ ਵਾਸਤੇ ਉਸ ਨੇ ਮਹਿੰਦਰਾ ਕਾਲਜ ਵਿੱਚ ਐਮ.ਏ. ਇਕਨਾਮਿਕਸ ਵਿੱਚ ਸ਼ਾਮ ਦੀਆਂ ਕਲਾਸਾਂ ਵਿੱਚ ਦਾਖ਼ਲਾ ਲਿਆ ਹੋਇਆ ਸੀ ਤੇ ਇਸੇ ਕਰਕੇ ਪ੍ਰਿੰਸੀਪਲ ਨੇ ਦਰਸ਼ਨ ਬਾਗ਼ੀ ਨੂੰ ਪਛਾਣ ਲਿਆ ਸੀ।

## ਖ਼ਾਲਸਾ ਕਾਲਜ ਪਟਿਆਲਾ

ਇਸ ਕਾਲਜ ਵਿੱਚ ਪੀ.ਐਸ.ਯੂ. ਦਾ ਬਾਨੀ ਇਸ ਕਾਲਜ ਦਾ ਵਿਦਿਆਰਥੀ ਅਜਮੇਰ ਸਿੰਘ ਰੰਗੀਲਾ ਸੀ। ਇਹ ਛੀਂਟਕਾ ਜਿਹਾ ਛੋਟੇ ਜਿਹੇ ਕੱਦ ਦਾ ਵਿਦਿਆਰਥੀ ਬਹੁਤ ਹੀ ਸਰਗਰਮ ਸੀ। ਇਸ ਦੀ ਲਗਨ ਤੇ ਵਫ਼ਾ ਬੇ-ਬਿਆਨ ਸੀ। ਇਹ ਪਟਿਅਲੇ ਹਰ ਕਾਲਜ ਵਿੱਚ ਇਸ ਸੰਗਰਾਮ ਨੂੰ ਜਿੱਤਣ ਵਾਸਤੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਟੀ ਦੇ ਸੰਘਰਸ਼ ਦਾ ਅੰਗ ਬਣਨ ਲਈ ਪਰੇਰਦਾ ਫਿਰਦਾ ਸੀ। ਇਹ ਕਿਤੇ ਸਟਰਾਈਕ ਦੇ ਪੋਸਟਰ ਛਪਾਉਂਦਾ ਪਰੈਸ ਤੇ ਨਜ਼ਰ ਆਉਂਦਾ ਤੇ ਦੂਜੇ ਪਲ ਵਿਦਿਆਰਥੀਆਂ ਦੇ ਗਰੁਪ ਨਾਲ ਕਾਲਜਾਂ ਵਿੱਚ ਪੋਸਟਰ ਵੰਡਦਾ ਨਜ਼ਰ ਆਉਂਦਾ। ਅਜਮੇਰ ਸਿੰਘ ਰੰਗੀਲਾ ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਸ਼ਕਤੀ ਦੀ ਜਿਉਂਦੀ ਜਾਗਦੀ ਮਿਸਾਲ ਸੀ। ਇਸ ਦੀ ਅਗਵਾਈ ਤੇ ਕਾਲਜ ਦੇ ਵਿਦਿਆਰਥੀਆਂ ਵਿੱਚ ਚੰਗਾ ਰਸੂਖ਼ ਹੋਣ ਕਰ ਕੇ ਇਸ ਨੇ ਖ਼ਾਲਸਾ ਕਾਲਜ ਦਾ ਪਹੀਆ ਜਾਮ ਕਰ ਦਿਤਾ ਸੀ। ਹਰ ਰੋਜ਼ ਕਾਲਜ ਦੇ ਵਿਦਿਆਰਥੀ ਨਾਹਰੇ ਮਾਰਦੇ ਜਲੂਸ ਦੀ ਸ਼ਕਲ ਵਿੱਚ ਕਾਲਜ ਤੋਂ ਬਾਹਰ ਨਿਕਲਦੇ ਸਨ। ਅਜਮੇਰ ਸਿੰਘ ਰੰਗੀਲਾ ਦੇ ਯਤਨ ਤੇ ਯੂਨੀਵਰਸਟੀ ਕੈਂਪਸ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸ਼ੇਰਾਂ ਵਾਲੇ ਦਰਵਾਜ਼ੇ ਵਿਦਿਆਰਥੀ ਭੁੱਖ ਹੜਤਾਲ ਤੇ ਬੈਠੇ ਸਨ। ਇਸ ਸੰਘਰਸ਼ ਦੀ ਜਿੱਤ ਹੋਈ। ਵਿਦਿਆਰਥੀਆਂ ਦੀਆਂ ਮੰਗਾਂ ਵਿੱਚੋਂ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਹੁਕਮ ਨਾਲ ਪੰਜਾਬੀ ਯੂਨਵਿਰਸਿਟੀ ਵਿੱਚ ਸਟੂਡੈਂਟਸ ਯੂਨੀਅਨ ਦੀ ਮੰਗ ਮੰਨੀ ਗਈ।

ਖਾਲਸਾ ਕਾਲਜ ਦਾ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸੀ ਤੇ ਅਗਲੇ ਸਾਲ ਉਸ ਨੇ ਅਜਮੇਰ ਸਿੰਘ ਰੰਗੀਲੇ ਨੂੰ ਕਾਲਜ ਵਿੱਚ ਦਾਖ਼ਲ ਨਾ ਕੀਤਾ ਤੇ ਫਿਰ ਅਜਮੇਰ ਸਿੰਘ ਰੰਗੀਲੇ ਨੇ ਫਰੀਦਕੋਟ ਕਾਲਜ ਵਿੱਚ ਦਾਖ਼ਲਾ ਲੈ ਕੇ ਆਪਣੀ ਡਿਗਰੀ ਮੁਕੰਮਲ ਕੀਤੀ। ਆਪਣੀ ਡਿਗਰੀ ਮੁਕੰਮਲ ਕਰਨ ਦੇ ਕੁਝ ਸਾਲਾਂ ਮਗਰੋਂ ਇਸ ਨੇ ਬਾਕੀ ਪੰਜਾਬੀਆਂ ਵਾਂਗ ਚੰਗੇ ਜੀਵਨ ਦੀ ਭਾਲ ਵਿੱਚ ਕਨੇਡਾ ਨੂੰ ਉਡਾਰੀ ਮਾਰੀ ਤੇ ਆਪਣੀ ਉਡਾਣ ਦੇ ਦੌਰਾਨ ਆਪਣੇ ਨਾਂ ਨਾਲੋਂ ਰੰਗੀਲਾ ਕੱਟ ਕੇ ਅੰਧ ਮਹਾਂਸਾਗਰ ਦੀ ਭੇਟ ਕੀਤਾ ਤੇ ਇਹ ਸਿਰਫ ਅਜਮੇਰ ਸਿੰਘ ਹੀ ਰਹਿ ਗਿਆ ਤੇ ਅੱਜਕਲ ਆਪਣੀ ਜੀਵਨ ਸਾਥਣ ਤੇ ਦੋ ਪੁੱਤਰਾਂ ਨਾਲ ਵੈਨਕੂਵਰ, ਬੀ ਸੀ ਕਨੇਡਾ ਵਿੱਚ ਰਹਿ ਰਿਹਾ ਹੈ। ਕਦੀ ਕਦੀ ਜਦੋਂ 1967 ਦੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਇਤਿਹਾਸਕ ਸੰਘਰਸ਼ ਬਾਰੇ ਜਿਕਰ ਕਰਦਾ ਹੈ ਤਾਂ ਇਹ ਬੜਾ ਭਾਵਕ ਹੋ ਜਾਂਦਾ ਹੈ।



## ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ

ਪ੍ਰੋਫੈਸਰ ਹਰਭਜਨ ਸੋਹੀ ਦੇ ਨਿਜੀ ਸੰਪਰਕ ਵਾਲਾ ਬਲਦੇਵ ਕ੍ਰਿਸ਼ਨ ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ ਵਿੱਚ ਕੈਮਿਸਟਰੀ ਦੀ ਐਮ.ਐਸ.ਸੀ. ਕਰਦਾ ਸੀ। ਇਸ ਵਿਦਿਆਰਥੀ ਨੇ ਪੰਜਾਬੀ ਯੂਨਵਿਰਸਟੀ ਕੈਂਪਸ ਦੇ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਤੇ ਪੀ.ਐਸ.ਯੂ. ਦੀ ਅਗਵਾਈ ਹੇਠ ਜੱਥੇਬੰਦ ਕਰ ਕੇ ਵਿਦਿਆਰਥੀ ਸੰਘਰਸ਼ ਨੂੰ ਸਫ਼ਲਤਾ ਦਾ ਰੂਪ ਦੇਣ ਲਈ ਸਿਰ ਤੋੜ ਕੰਮ ਕੀਤਾ ਸੀ। ਬਲਦੇਵ ਕ੍ਰਿਸ਼ਨ ਦੇ ਯਤਨਾਂ ਨਾਲ 10 ਵਿਦਿਆਰਥੀਆਂ ਦਾ ਮਾਰਕਸਵਾਦੀ ਵਿਚਾਰਧਾਰਾ ਵਾਲਾ ਗਰੁੱਪ ਸਰਗਰਮ ਸੀ। ਇਸ ਗਰੁਪ ਦੀਆਂ ਮੀਟਿੰਗਾਂ ਪੰਜਾਬੀ ਯੂਨੀਵਰਸਟੀ ਦੀ ਸੰਘਰਸ਼ ਕਮੇਟੀ ਤੋਂ ਅਲੱਗ ਹੁੰਦੀਆਂ ਸਨ ਜਿਨਾਂ ਦੀ ਅਗਵਾਈ ਅਤੇ ਮਾਰਕਸਵਾਦ ਤੇ ਵਿਚਾਰ-ਵਟਾਂਦਰੇ ਦਾ ਸਰੋਤ ਦਰਸ਼ਨ ਬਾਗ਼ੀ ਹੁੰਦਾ ਸੀ। ਪੰਜਾਬੀ ਯੂਨੀਵਰਸਟੀ ਦੇ ਸੰਘਰਸ਼ ਦੀ ਜਿੱਤ ਮਗਰੋਂ ਜਦੋਂ ਸ਼ੇਰਾਂ ਵਾਲੇ ਗੇਟ 'ਤੇ ਵਿਦਿਆਰਥੀਆਂ ਦੀ ਕਾਨਫਰੰਸ ਹੋਈ ਤਾਂ ਬਲਦੇਵ ਕ੍ਰਿਸ਼ਨ ਪੰਜਾਬੀ ਯੂਨੀਵਰਸਿਟੀ ਕੈਂਪਸ ਦਾ ਪ੍ਰਧਾਨ ਚੁਣਿਆ ਗਿਆ ਸੀ।

## ਲਾਲਾ ਲਾਜਪਤ ਰਾਏ ਕਾਲਜ ਢੁੱਡੀਕੇ

ਇਹ ਕਾਲਜ ਲਾਲਾ ਲਾਜਪਤ ਰਾਏ ਦੇ ਜੱਦੀ ਪਿੰਡ ਢੁੱਡੀਕੇ ਵਿੱਚ ਹੈ ਤੇ ਇਸ ਕਾਲਜ ਵਿੱਚ ਅਗਾਂਹਵਧੂ ਤੇ ਮਾਰਕਸਵਾਦੀ ਵਿਚਾਰਾਂ ਵਾਲੇ ਵਿਦਿਆਰਥੀਆਂ ਦਾ ਬੜਾ ਚੰਗਾ ਤੇ ਉਸਾਰੂ ਪ੍ਰਭਾਵ ਸੀ। ਇਸ ਕਾਲਜ ਵਿੱਚ ਮਾਰਕਸਵਾਦੀ ਯੂਨਿਟ ਤੇ ਪੀ.ਐਸ.ਯੂ. ਦੀ ਅਗਵਾਈ ਮੁਖਤਿਆਰ ਸਿੰਘ ਕਰਦਾ ਸੀ। ਇਸ ਕਾਲਜ ਦੇ ਮਾਰਕਸਵਾਦੀ ਵਿਚਾਰਧਾਰਾ ਰੱਖਣ ਵਾਲੇ ਵਿਦਿਆਰਥੀਆਂ ਦੀਆਂ ਮੀਟਿੰਗਾਂ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਨੇ ਕਰਵਾਈਆਂ ਸਨ। ਮੁਖਤਿਆਰ ਸਿੰਘ ਦੀ ਸਰਗਰਮ ਅਗਵਾਈ ਦਾ ਸਿੱਟਾ ਸੀ ਕਿ ਇਸ ਕਾਲਜ ਵਿੱਚ ਪੀ.ਐਸ.ਯੂ. ਤੇ ਮਾਰਕਸਵਾਦੀ ਯੂਨਿਟ ਬੜੇ ਸਰਗਰਮ ਰਹੇ ਸਨ। ਭੁਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਨੇ ਇਸ ਕਾਲਜ ਵਿੱਚ ਦਵੰਦਵਾਦੀ ਪਦਾਰਥਵਾਦ ਤੇ ਇਤਿਹਾਸਕ ਪਦਾਰਥਵਾਦ ਤੇ 2 ਸਕੂਲ ਲਾਏ ਸਨ।

## ਰਜਿੰਦਰਾ ਕਾਲਜ ਬਠਿੰਡਾ

ਇਸ ਕਾਲਜ ਦੇ ਵਿਦਿਆਰਥੀਆਂ ਵਿੱਚ ਪ੍ਰੋਫੈਸਰ ਹਰਭਜਨ ਸੋਹੀ ਦਾ ਬੜਾ ਚੰਗਾ ਪ੍ਰਭਾਵ ਸੀ ਤੇ ਇਸ ਦੇ ਪ੍ਰਭਾਵ ਹੇਠਲੇ ਵਿਦਿਆਰਥੀ ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਪੀ.ਐਸ.ਯੂ. ਤੇ ਮਾਰਕਸਵਾਦੀ ਗਰੁਪ ਦੀ ਅਗਵਾਈ ਕਰਦੇ

ਸਨ। ਇਹ ਦੋਵੇਂ ਵਿਦਿਆਰਥੀ ਬੜੀ ਲਗਨ ਤੇ ਵਫ਼ਾ ਦਾ ਚਿੰਨ੍ਹ ਸਨ। ਇਨਾਂ ਦੇ ਨਾਲ ਸ਼ਕਤੀਸ਼ਾਲੀ ਕੁੜੀਆਂ ਦੀ ਲੀਡਰ ਪ੍ਰੋਫੈਸਰ ਹਰਭਜਨ ਸੋਹੀ ਦੀ ਭੈਣ ਹਰਿੰਦਰ ਸੀ ਜਿਸ ਦਾ ਕੁੜੀਆਂ ਵਿੱਚ ਬੇ-ਮਿਸਾਲ ਅਸਰ ਰਸੂਖ਼ ਸੀ। ਹਰਿੰਦਰ, ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਦੇ ਮੋਢੇ ਨਾਲ ਮੋਢਾ ਜੋੜ ਕੇ ਟੁਰਦੀ ਸੀ। ਇਸ ਏਕਤਾ ਦੀ ਮਿਸਾਲ ਇਸ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਦੌਰਾਨ ਪ੍ਰਤੱਖ ਹੋ ਕੇ ਸਾਹਮਣੇ ਆਈ ਤੇ ਇਸ ਕਾਲਜ ਦਾ ਸੰਘਰਸ਼ ਖਾੜਕੂ ਰੂਪ ਧਾਰਨ ਕਰ ਗਿਆ ਸੀ।

### ਲਾਇਲਪੁਰ ਖ਼ਾਲਸਾ ਕਾਲਜ ਜਲੰਧਰ

ਇਸ ਕਾਲਜ ਵਿੱਚ ਪੀ.ਐਸ.ਯੂ. ਦਾ ਯੂਨਿਟ ਬਹੁਤ ਤਕੜਾ ਸੀ ਜਿਸ ਦੀ ਅਗਵਾਈ ਪੰਜਾਬੀ ਦਾ ਨਾਮਵਰ ਕਵੀ ਸੁਰਿੰਦਰ ਗਿੱਲ ਤੇ ਨਿਰੰਜਨ ਸਿੰਘ ਢੇਸੀ ਕਰਦੇ ਸਨ। ਦਰਸ਼ਨ ਬਾਗ਼ੀ ਦੇ ਸੁਰਿੰਦਰ ਗਿੱਲ ਨਾਲ ਬਹੁਤ ਨੇੜਤਾ ਦੇ ਸਬੰਧ ਸਨ। ਜਦੋਂ ਵੀ ਜਲੰਧਰ ਦਾ ਗੇੜਾ ਲਗਦਾ ਤੇ ਰਾਤ ਠਹਿਰਨਾ ਹੁੰਦਾ ਤਾਂ ਕਿਆਮ ਸੁਰਿੰਦਰ ਗਿੱਲ ਕੋਲ ਹੀ ਹੁੰਦਾ ਸੀ। ਇਸ ਦੇ ਨਾਲ ਮਾਰਕਸਵਾਦੀ ਵਿਚਾਰਧਾਰਾ ਦੇ ਸਮਰਥਕ ਸਨ ਕੁਲਬੀਰ ਸਿੰਘ ਹੁੰਦਲ ਜਿਹੜਾ ਉਦੋਂ ਕਾਲਜ ਦਾ ਵਿਦਿਆਰਥੀ ਸੀ ਤੇ ਇਨਾਂ ਤੋਂ ਇਲਾਵਾ ਪੀ.ਐਸ.ਯੂ. ਦੀ ਜਿੰਦਜਾਨ ਸਨ ਦਲਜੀਤ ਸਿੰਘ ਸੇਖੋਂ, ਕੁਲਤਾਰ ਸਿੰਘ ਮਾਨ ਤੇ ਨਿਰੰਜਨ ਸਿੰਘ ਢੇਸੀ। ਇਸ ਕਾਲਜ ਦੇ ਮੋਢੀਆਂ ਵਿੱਚੋਂ ਸੀ ਰਘਬੀਰ ਸਿੰਘ ਸਿਰਜਣਾ, ਜਿਹੜਾ ਪੀ.ਐਸ.ਯੂ. ਦੀ ਪਹਿਲੀ ਕਨਵੈਨਸ਼ਨ ਵੇਲੇ 15 ਜੁਲਾਈ 1964 ਨੂੰ ਵਿਦਿਆਰਥੀਆਂ ਦੀ ਬੱਸ ਭਰ ਕੇ ਇਸ ਕਾਲਜ ਤੋਂ ਚੰਡੀਗੜ੍ਹ ਲੈ ਕੇ ਆਇਆ ਸੀ। ਪੀ.ਐਸ.ਯੂ. ਦੇ ਹਰ ਸੰਘਰਸ਼ ਵਿੱਚ ਇਸ ਕਾਲਜ ਦੇ ਵਿਦਿਆਰਥੀਆਂ ਨੇ ਸੁਰਿੰਦਰ ਗਿੱਲ ਦੀ ਅਗਵਾਈ ਵਿੱਚ ਵਧ-ਚੜ੍ਹ ਕੇ ਵਿਦਿਆਰਥੀ ਸੰਘਰਸ਼ ਵਿੱਚ ਹਿੱਸਾ ਪਾਇਆ ਸੀ। ਪੀ.ਐਸ.ਯੂ. ਦੀ ਹਰ ਆਵਾਜ਼ ਤੇ ਇਸ ਕਾਲਜ ਦੇ ਵਿਦਿਆਰਥੀ ਹੜਤਾਲ ਤੇ ਜਲੂਸ ਦੇ ਰੂਪ ਵਿੱਚ ਏਕਤਾ ਦਾ ਸਬੂਤ ਪੇਸ਼ ਕਰਦੇ ਹੁੰਦੇ ਸਨ।

### ਖ਼ਾਲਸਾ ਕਾਲਜ ਅੰਮ੍ਰਿਤਸਰ

ਖ਼ਾਲਸਾ ਕਾਲਜ ਅੰਮ੍ਰਿਤਸਰ ਖ਼ਾਲੀ ਸੀ ਤੇ ਇਸ ਵਿਸ਼ੇ ਤੇ ਸ਼ੇਰੀ ਨਾਲ ਵਿਚਾਰ ਕੀਤਾ ਗਿਆ ਕਿ ਸ਼ੇਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਐਮ. ਏ. ਇਕਨਾਮਿਕਸ ਵਿੱਚ ਦਾਖ਼ਲਾ ਲਵੇ ਤੇ ਉਸ ਦੀ ਇਹ ਜ਼ੁੰਮੇਵਾਰੀ ਲਾਈ ਗਈ ਕਿ ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਸਾਰੇ ਕਾਲਜਾਂ ਵਿੱਚ ਮਾਰਕਸਵਾਦੀ ਵਿਚਾਰਾਂ ਵਾਲੇ



ਵਿਦਿਆਰਥੀਆਂ ਦੇ ਯੂਨਿਟ ਕਾਇਮ ਕਰੇ ਤਾਂ ਕਿ ਮਾਰਕਸਵਾਦ ਦੇ ਸਟਡੀ ਸਰਕਲ ਲਾਏ ਜਾ ਸਕਣ। ਦਰਸ਼ਨ ਬਾਗ਼ੀ ਦੇ ਸੁਝਾਅ ਅਨਸਾਰ ਸ਼ੇਰੀ ਨੇ ਤੁਰਤ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅਰਥ ਸ਼ਾਸਤਰ ਦੀ ਐਮ ਏ ਵਿੱਚ ਦਾਖ਼ਲਾ ਲੈ ਲਿਆ। ਖ਼ਾਲਸਾ ਕਾਲਜ ਵਿੱਚ ਸ਼ੇਰੀ ਦਾ ਟਾਕਰਾ ਇਕ ਸਿਰਲੱਥ ਮਾਰਕਸਵਾਦੀ-ਲੈਨਿਨਵਾਦੀ ਤੇ ਮਾਓ ਵਿਚਾਰਧਾਰਾ ਦੇ ਆਸ਼ਕ ਸੁਰਿੰਦਰ ਸਿੰਘ ਚਾਹਲ ਨਾਲ ਹੋ ਗਿਆ ਜਿਹੜਾ ਕਿ ਅੰਮ੍ਰਿਤਸਰ ਹਿੰਦੂ ਕਾਲਜ ਵਿੱਚ ਅਰਥ ਸ਼ਾਸਤਰ ਦੀ ਐਮ.ਏ. ਦਾ ਵਿਦਿਆਰਥੀ ਸੀ। ਸੁਰਿੰਦਰ ਚਾਹਲ, ਅੰਮ੍ਰਿਤਸਰ ਤੋਂ ਕੋਈ 30 ਕੁ ਕਿਲੋਮੀਟਰ ਜੀ.ਟੀ. ਰੋਡ 'ਤੇ ਪਿੰਡ ਟਾਂਗਰੇ ਆਪਣੀ ਪਤਨੀ ਪਰਗਟ ਤੇ ਧੀ ਨਾਲ ਰਹਿੰਦਾ ਸੀ ਤੇ ਹਰ ਰੋਜ਼ ਟਾਂਗਰੇ ਤੋਂ ਕਾਲਜ ਜਾਂਦਾ ਸੀ। ਸ਼ੇਰੀ ਦਾ ਕਿਆਮ ਵੀ ਆਮ ਤੌਰ 'ਤੇ ਟਾਂਗਰਾ ਹੀ ਹੋ ਗਿਆ ਸੀ ਤੇ ਇੰਝ ਲਗਦਾ ਸੀ ਕਿ ਸ਼ੇਰੀ ਤੇ ਸੁਰਿੰਦਰ ਚਾਹਲ ਕਿਸੇ ਯੁੱਗ ਵਿੱਚ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੇ ਪੱਗ ਵੱਟ ਭਰਾ ਹੋਣਗੇ। ਦੋਹਾਂ ਵਿੱਚ ਵਿਚਾਰਧਾਰਕ ਵਫ਼ਾ ਦੀ ਸਿਖ਼ਰ ਬੇ-ਬਿਆਨ ਸੀ। ਇਸ ਅਣਥੱਕ ਜੋੜੀ ਨੇ ਵਿਦਿਆਰਥੀਆਂ ਨੂੰ ਜੱਥੇਬੰਦ ਕਰਨ ਵਿੱਚ ਬੇਮਿਸਾਲ ਕੰਮ ਕੀਤਾ। ਨੈਸ਼ਨਲ ਕਾਲਜ ਸਠਿਆਲੇ ਦਾ ਮਾਰਕਸਵਾਦੀ ਯੂਨਿਟ ਜੱਥੇਬੰਦੀ ਦੀ ਸਿਖਰ ਸੀ। ਜਿਸ ਨੇ ਪੀ.ਐਸ.ਯੂ. ਦੇ ਧੜੱਲੇਦਾਰ ਤੇ ਵਫ਼ਾਦਾਰ ਆਗੂ ਪੈਦਾ ਕੀਤੇ ਜਿਨਾਂ ਨੇ 1968 ਵੇਲੇ ਦੇ ਇਤਿਹਾਸਕ ਵਿਦਿਆਰਥੀ ਸੰਘਰਸ਼ ਦੀ ਅਗਵਾਈ ਕੀਤੀ ਜਿਸ ਦਾ ਜ਼ਿਕਰ ਅੱਗੇ ਕੀਤਾ ਗਿਆ ਹੈ। 1967 ਖ਼ਾਲਸਾ ਕਾਲਜ ਵਿਚਲੇ ਸੰਘਰਸ਼ ਤੇ ਸਠਿਆਲਾ ਯੂਨਿਟ ਕਾਇਮ ਕਰਨ ਤੋਂ ਮਗਰੋਂ ਸੁਰਿੰਦਰ ਚਾਹਲ ਤੇ ਸ਼ੇਰੀ ਨੇ 1967 ਵਿੱਚ ਵਿਦਿਆਰਥੀਆਂ ਦੀਆਂ ਮੰਗਾਂ ਦੇ ਅਧਾਰ 'ਤੇ ਖ਼ਾਲਸਾ ਕਾਲਜ ਵਿੱਚ ਬੜਾ ਲਾਸਾਨੀ ਸੰਘਰਸ਼ ਲੜਿਆ ਸੀ ਤੇ ਇਸ ਸੰਘਰਸ਼ ਨੇ ਸੁੱਚਾ ਸਿੰਘ ਰੰਧਾਵਾ ਤੇ ਕਮਲ ਜਿਹੇ ਆਗੂ ਪੈਦਾ ਕੀਤੇ ਜਿਨਾਂ ਨੇ 1968 ਵਾਲੇ ਇਤਿਹਾਸਕ ਵਿਦਿਆਰਥੀ ਸੰਘਰਸ਼ ਦੁਰਾਨ ਅੰਮ੍ਰਿਤਸਰ ਵਿੱਚ ਖਾਲਸਾ ਕਾਲਜ ਵਿੱਚ ਇਕ ਮਿਸਾਲ ਕਾਇਮ ਕੀਤੀ ਜਿਸ ਦਾ ਜ਼ਿਕਰ ਅਗੇ ਕੀਤਾ ਗਿਆ ਹੈ। 1967 ਦੇ ਅੰਮ੍ਰਿਤਸਰ ਦੇ ਸੰਘਰਸ਼ ਦੀ ਸਫ਼ਲਤਾ ਤੇ ਸਠਿਆਲੇ ਕਾਲਜ ਵਿੱਚ ਮਾਰਕਸਵਾਦੀ ਯੂਨਿਟ ਕਾਇਮ ਕਰਨ ਤੋਂ ਮਗਰੋਂ ਸੁਰਿੰਦਰ ਚਾਹਲ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਧਾਨ ਤੇ ਸ਼ੇਰੀ ਜਨਰਲ ਸੈਕਟਰੀ ਚੁਣੇ ਗਏ ਤੇ 5 ਮੈਂਬਰੀ ਕਮੇਟੀ ਜਿਸ ਵਿੱਚ ਸੁੱਚਾ ਸਿੰਘ ਰੰਧਾਵਾ ਤੇ ਕਮਲ ਅੰਮ੍ਰਿਤਸਰ ਤੋਂ, ਸਠਿਆਲੇ ਤੋਂ ਮੰਗਲ ਸਿੰਘ, ਗੁਰਦਿਅਲ ਬਲ ਤੇ ਕੁਲਬੀਰ ਸਿੰਘ ਹੁੰਦਲ ਸਨ।

ਗਰਮੀਆਂ ਦੀਆਂ ਛੁਟੀਆਂ ਵਿੱਚ ਪਿੰਡ ਟਾਂਗਰੇ ਵਿੱਚ ਸੁਰਿੰਦਰ ਚਾਹਲ ਦਾ ਘਰ ਅੰਮ੍ਰਿਤਸਰ ਜ਼ਿਲ੍ਹੇ ਦੇ ਮਾਰਕਸਵਾਦੀ ਯੂਨਿਟ ਦਾ ਟਰੇਨਿੰਗ ਸੈਂਟਰ ਹੁੰਦਾ ਸੀ।

ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਲਗਾਤਾਰ ਹਫਤਾ ਭਰ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਟਡੀ ਸਰਕਲ ਲਾਉਂਦੇ ਸਨ। ਅੰਮ੍ਰਿਤਸਰ ਦੇ ਇਸ ਯੂਨਿਟ ਵਿੱਚ 8-10 ਵਿਦਿਆਰਥੀਆਂ ਦੀ ਗਿਣਤੀ ਹੋਇਆ ਕਰਦੀ ਸੀ। ਸੁਰਿੰਦਰ ਚਾਹਲ ਦੀ ਪਤਨੀ ਪ੍ਰਗਟ ਟਾਂਗਰੇ ਪੰਜਾਬ ਦੇ ਹੈਲਥ ਦੇ ਮਹਿਕਮੇ ਵਿੱਚ ਕੰਮ ਕਰਦੀ ਸੀ, ਬੜੇ ਨਿੱਘੇ ਤੇ ਪਿਆਰੇ ਸੁਭਾਅ ਦੀ ਮਾਲਕ ਸੀ। ਆਪਣੇ ਕੰਮ ਨੂੰ ਭੁਗਤਾ ਕੇ ਸਾਰੇ ਸਾਥੀਆਂ ਦੇ ਖਾਣੇ ਦੀ ਸਾਰੀ ਜ਼ੁੰਮੇਵਾਰੀ ਨੂੰ ਵੀ ਸੰਭਾਲਦੀ ਸੀ ਪਰ ਆਮ ਕਰ ਕੇ ਸਾਰੇ ਸਾਥੀ ਖਾਣਾ ਬਣਾਉਣ ਵਿੱਚ ਪ੍ਰਗਟ ਦਾ ਹੱਥ ਵਟਾਇਆ ਕਰਦੇ ਸਨ ਤੇ ਖ਼ਾਸ ਕਰ ਕੇ ਖਾਣ ਮਗਰੋਂ ਭਾਂਡਿਆਂ ਦੀ ਸਫ਼ਾਈ ਸਟਡੀ ਸਰਕਲ ਵਾਲੇ ਸਾਥੀਆਂ ਦੇ ਜ਼ੁੰਮੇ ਹੋਇਆ ਕਰਦੀ ਸੀ।

### ਨੈਸ਼ਨਲ ਕਾਲਜ ਸਠਿਆਲਾ

ਸੁਰਿੰਦਰ ਚਾਹਲ ਤੇ ਸ਼ੇਰੀ ਦੇ ਯਤਨ ਨਾਲ ਸਠਿਆਲਾ ਕਾਲਜ ਵਿੱਚ ਮਾਰਕਸਵਾਦੀ ਯੂਨਿਟ ਤੇ ਪੀ.ਐਸ.ਯੂ. ਦੀ ਬੜੀ ਸ਼ਕਤੀਸ਼ਾਲੀ ਇਕਾਈ ਸਥਾਪਤ ਕੀਤੀ ਗਈ, ਜਿਸ ਵਿੱਚ ਇਸ ਕਾਲਜ ਤੋਂ ਗੁਰਦਿਆਲ ਬਲ, ਮੰਗਲ ਸਿੰਘ, ਕੁਲਬੀਰ ਸਿੰਘ ਹੁੰਦਲ, ਕਰਨੈਲ ਸਿੰਘ ਰੰਧਾਵਾ, ਕਮਲਜੀਤ ਸਿੰਘ ਸੰਧੂ ਤੇ ਪ੍ਰਿਥੀਪਾਲ ਸਿੰਘ ਪੰਨੂੰ ਸਨ। ਇਹ ਗਰੁਪ ਲਗਾਤਾਰ ਮਾਰਕਸਵਾਦ ਦੇ ਸਟਡੀ ਸਰਕਲਾਂ ਵਿਚ ਹਾਜ਼ਰ ਹੁੰਦਾ ਸੀ। ਇਨਾਂ ਵਿਦਿਆਰਥੀਆਂ ਨੇ 1968 ਦੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਵਿਚ ਬੇਮਿਸਾਲ ਹਿੱਸਾ ਪਾਇਆ ਸੀ।



## ਚੰਡੀਗੜ੍ਹ ਸੂਬਾ ਪੱਧਰ ਦਾ ਸਟੱਡੀ ਸਰਕਲ

ਜੁਲਾਈ 1966 ਤੋਂ ਮਾਰਚ ਅਪ੍ਰੈਲ 1967 ਤੱਕ ਦਰਸ਼ਨ ਬਾਗ਼ੀ ਵਿਦਿਆਰਥੀ ਫਰੰਟ ਦਾ ਪੰਜਾਬ ਪੱਧਰ ਦਾ ਕੁਲਵਕਤੀ ਆਰਗੇਨਾਈਜ਼ਰ ਬਣ ਕੇ ਪੰਜਾਬ ਪੱਧਰ ਤੇ ਵਿਦਿਆਰਥੀਆਂ ਨੂੰ ਪੀ.ਐਸ.ਯੂ. ਦੇ ਝੰਡੇ ਹੇਠ ਜੱਥੇਬੰਦ ਕਰਨ ਲਈ ਟੁਰਿਆ ਸੀ। ਮਾਰਚ ਅਪ੍ਰੈਲ 1967 ਤੱਕ ਪੰਜਾਬ ਦੇ ਮੁੱਖ ਕਾਲਜਾਂ ਤੇ ਹਰਿਆਣੇ ਵਿੱਚ ਹਿਸਾਰ ਤੇ ਰੋਹਤਕ, ਕਰਨਾਲ ਤੇ ਕੁਰੂਕਸ਼ੇਤਰ ਯੂਨੀਵਰਸਟੀ ਤਕ ਮਾਰਕਸਵਾਦੀ ਵਿਦਿਆਰਥੀ ਯੂਨਿਟ ਕਾਇਮ ਹੋ ਚੁੱਕੇ ਸਨ। ਹਰਿਆਣੇ ਵਿਚ ਉੱਪਰ ਦੱਸੇ ਕਾਲਜਾਂ ਵਿਚ ਪੀ.ਐਸ.ਯੂ. ਦੇ ਯੂਨਿਟ ਬਣਾਉਣ ਵਿਚ ਗੰਗਾ ਰਾਮ ਤੇ ਸੂਬੇ ਸਿੰਘ ਨੇ ਜਿਹੜੇ ਪੰਜਾਬ ਯੂਨੀਵਰਸਟੀ ਵਿੱਚੋਂ LLB ਕਰ ਕੇ ਰੋਹਤਕ ਤੇ ਕਰਨਾਲ ਵਿਚ ਵਕਾਲਤ ਕਰਨ ਲੱਗ ਪਏ ਸਨ, ਬੜਾ ਵਧ ਚੜ੍ਹ ਕੇ ਯੋਗਦਾਨ ਪਾਇਆ ਸੀ। ਇਨਾਂ ਕਾਲਜਾਂ ਵਿੱਚ ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਮਾਰਕਸਵਾਦ ਤੇ ਸਟਡੀ ਸਰਕਲ ਲਗਾਤਾਰ ਲਾਇਆ ਕਰਦੇ ਸਨ। ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ 1967 ਦੇ ਅਰੰਭ ਤੋਂ ਲੈ ਕੇ ਜੁਲਾਈ 1968 ਤੱਕ ਅਣਥੱਕ ਤੌਰ ਤੇ, ਮਾਰਕਸਵਾਦੀ-ਲੈਨਿਨਵਾਦੀ ਤੇ ਮਾਓਵਾਦੀ ਵਿਚਾਰਧਾਰਾ ਨਾਲ ਵਿਦਿਆਰਥੀਆਂ ਨੂੰ ਲੈਸ ਕਰ ਦੇ ਰਹੇ ਸਨ।

1967 ਦੀਆਂ ਗਰਮੀਆਂ ਵਿੱਚ ਕਮਿਊਨਿਸਟ ਪਾਰਟੀ (ਐਮ) ਦੇ ਸਹਿਯੋਗ ਨਾਲ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਦੇ ਯਤਨਾਂ ਨਾਲ ਚੰਡੀਗੜ੍ਹ, ਜਸਟਿਸ ਅਜੀਤ ਸਿੰਘ ਬੈਂਸ ਦੀ ਕੋਠੀ ਵਿੱਚ ਮਾਰਕਸਵਾਦੀ ਵਿਦਿਆਰਥੀਆਂ ਲਈ ਪੀ.ਐਸ.ਯੂ. ਵੱਲੋਂ ਇਕ ਹਫਤੇ, 15 ਜੁਲਾਈ ਤੋਂ 22 ਜੁਲਾਈ 1967 ਤਕ, ਸੂਬਾ ਪੱਧਰ ਦਾ ਸਟਡੀ ਸਰਕਲ ਜੱਥੇਬੰਦ ਕੀਤਾ। ਇਹ ਸਟਡੀ ਸਰਕਲ ਕਮਿਊਨਿਸਟ ਪਾਰਟੀ (ਐਮ) ਦੇ ਪੋਲਿਟ ਬਿਊਰੋ ਦੇ ਮੈਂਬਰ ਪੀ. ਰਾਮਾ ਮੂਰਤੀ ਨੇ ਇਕ ਹਫਤੇ ਲਈ ਲਾਇਆ ਸੀ। ਇਸ ਸਕੂਲ ਵਿੱਚ ਲਗਪਗ 20 ਕੁ ਵਿਦਿਆਰਥੀਆਂ ਨੇ ਅੱਡੋ-ਅੱਡ ਕਾਲਜਾਂ ਤੋਂ ਹਿੱਸਾ ਲਿਆ ਸੀ। ਇਸ ਸਕੂਲ ਦਾ ਸਾਰਾ ਬੰਦੋਬਸਤ, ਖਾਣ-ਪੀਣ ਦਾ ਸਾਰਾ ਖ਼ਰਚ ਜਸਟਿਸ ਅਜੀਤ ਸਿੰਘ ਬੈਂਸ ਨੇ ਕੀਤਾ ਸੀ ਤੇ ਰਾਤ ਨੂੰ ਸੌਣ ਲਈ ਵੀ ਉਸ ਦੀ ਕੋਠੀ ਦਾ ਉਪਰਲਾ ਹਿੱਸਾ ਵਿਦਿਆਰਥੀਆਂ ਵਾਸਤੇ ਹੀ ਸੀ। ਇਸ ਸਕੂਲ ਦੀ ਰਹਿਨੁਮਾਈ ਕਰਦੇ ਹੋਏ ਪੀ.ਐਸ.ਯੂ. ਦੇ ਝੰਡੇ ਹੇਠ

ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨੇ ਗੰਭੀਰ ਸੁਆਲ ਭਾਰਤੀ ਇਨਕਲਾਬ ਬਾਰੇ ਕਾਮਰੇਡ ਪੀ. ਰਾਮਾ ਮੂਰਤੀ ਨੂੰ ਪੁਛੇ। ਕਈ ਸੁਆਲ ਸਿੱਧੇ ਨਕਸਲਬਾੜੀ ਲਹਿਰ ਨਾਲ ਸਬੰਧਿਤ ਸਨ ਜਿਨਾਂ ਦੇ ਉਤਰ ਕਾਮਰੇਡ ਪੀ. ਰਾਮਾ ਮੂਰਤੀ ਵੱਲੋਂ ਤਸੱਲੀਬਖ਼ਸ਼ ਨਹੀਂ ਸਨ। ਕਮਿਊਨਿਸਟ ਪਾਰਟੀ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਕਿ ਸੂਬਾ ਪੱਧਰ ਤੇ ਮਾਰਕਸਵਾਦੀ ਵਿਦਿਆਰਥੀਆਂ ਦਾ ਸਟਡੀ ਸਰਕਲ ਲੱਗਿਆ ਸੀ। ਇਸ ਸੂਬਾ ਪੱਧਰ ਦੇ ਸਟਡੀ ਸਰਕਲ ਵਿੱਚ ਮੁੱਖ ਤੌਰ ਤੇ ਸ਼ੇਰੀ, ਗੁਰਦਿਆਲ ਸਿੰਘ, ਹਰਭਜਨ ਹਲਵਾਰਵੀ, ਇੰਦਜੀਤ ਸਿੰਘ ਬਿੱਟੂ, ਬਰਜਿੰਦਰ ਸਿੰਘ, ਕਰਨੈਲ ਸਿੰਘ ਸਿੱਧੂ, ਸੁਰਿੰਦਰ ਚਾਹਿਲ, ਕਰਨੈਲ ਸਿੰਘ ਰੰਧਾਵਾ, ਗੁਰਦਿਆਲ ਬਲ, ਨਵਤੇਜ ਭਾਰਤੀ, ਪਿਆਰੇ ਮੋਹਨ, ਬਿਕਰਮ ਸਿੰਘ ਗਿਲ, ਸੂਬੇ ਸਿੰਘ, ਗੰਗਾ ਰਾਮ, ਅਮਰਜੀਤ ਸਿੰਘ ਪਰਾਗ, ਮੇਘ ਰਾਜ, ਸੁਰਜੀਤ ਸਿੰਘ ਬਾਗੜੀਆਂ, ਗੁਰਬਖ਼ਸ਼ ਸੋਚ, ਜਗਜੀਤ ਸਿੰਘ ਢਿੱਲੋਂ ਤੋਂ ਇਲਾਵਾ ਕੁੱਲ ਵਿਦਿਆਰਥੀਆਂ ਦੀ ਗਿਣਤੀ ਕੋਈ 20 ਦੇ ਕਰੀਬ ਸੀ।

ਰਾਮਾ ਮੂਰਤੀ ਨੇ ਭਾਰਤੀ ਸਟੇਟ ਦਾ ਖ਼ਾਸਾ ਤੇ ਭਾਰਤੀ ਸਟੇਟ ਵਿੱਚ ਮੁੱਖ ਵਿਰੋਧਤਾਈਆਂ ਨੂੰ ਬਿਆਨ ਕਰਦਿਆਂ ਹੋਇਆਂ ਭਾਰਤੀ ਇਨਕਲਾਬ ਬਾਰੇ ਚਾਨਣਾ ਪਾਇਆ ਕਿ ਭਾਰਤੀ ਇਨਕਲਾਬ ਲੋਕ ਜਮਹੂਰੀਅਤ ਸਥਾਪਤ ਕਰੇਗਾ। ਲੋਕ ਜਮਹੂਰੀ ਇਨਕਲਾਬ ਦੀ ਸਫ਼ਲਤਾ ਮਗਰੋਂ ਲੋਕ ਜਮਹੂਰੀ ਸਟੇਟ ਸਮਾਜਵਾਦ ਵਿੱਚ ਤਬਦੀਲ ਹੋ ਜਾਵੇਗੀ।



## ਪੰਜਾਬ ਸਟੂਡੈਂਟਸ ਯੂਨੀਅਨ ਅਤੇ ਪੰਜਾਬ ਦੀ ਨਕਸਲਬਾੜੀ ਲਹਿਰ ਦਾ ਪਿਛੋਕੜ

ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲ੍ਹੇ ਵਿੱਚ ਸੀ.ਪੀ.ਆਈ. (ਐਮ) ਦਾ ਬੜਾ ਜ਼ੋਰ ਸੀ ਤੇ ਸਿਲੀਗੁੜੀ ਤਹਿਸੀਲ ਤੇ ਨਾਲ ਲਗਦੇ ਇਲਾਕੇ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆਦਿਵਾਸੀ ਲੋਕਾਂ ਨੂੰ, ਚਾਰੂ ਮਜ਼ੂਮਦਾਰ ਤੇ ਕਾਨੂੰ ਸਾਨਿਆਲ ਦੀ ਅਗਵਾਈ ਹੇਠ ਕਾਮਰੇਡ ਲੋਕਾਂ ਨੂੰ ਖਾੜਕੂ ਲੀਹਾਂ ਤੇ ਜੱਥੇਬੰਦ ਕਰ ਰਹੇ ਸਨ ਤੇ ਆਪਣੇ ਜਲਸਿਆਂ ਵਿੱਚ ਖੁੱਲਾ ਐਲਾਨ ਕਰਦੇ ਸਨ ਕਿ :

1. ਜਾਗੀਰਦਾਰਾਂ ਦੀ ਵਾਧੂ ਜ਼ਮੀਨ ਗ਼ਰੀਬ ਕਿਸਾਨਾਂ ਨੂੰ ਦਿੱਤੀ ਜਾਵੇਗੀ।
2. ਸ਼ਾਹੂਕਾਰਾਂ ਦੇ ਕਰਜ਼ੇ ਨਹੀਂ ਮੋੜੇ ਜਾਣਗੇ।
3. ਮੁਜ਼ਾਰੇ ਜ਼ਮੀਨ ਦੇ ਮਾਲਕ ਹੋਣਗੇ।

ਚਾਰੂ ਮਜ਼ਮਦਾਰ ਨੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆਦਿਵਾਸੀ ਲੋਕਾਂ ਦੀਆਂ ਮੰਗਾਂ ਦੇ ਅਧਾਰ ਤੇ 1965 ਵਿੱਚ ਸਿਲੀਗੁੜੀ ਤਹਿਸੀਲ ਵਿੱਚ 6 ਦਸਤਾਵੇਜ ਜਾਰੀ ਕੀਤੇ ਤੇ ਇਸ ਤੋਂ ਮਗਰੋਂ 1966 ਵਿੱਚ 2 ਹੋਰ ਦਸਤਾਵੇਜ਼ ਜਾਰੀ ਕੀਤੇ। ਇਸ ਤਰਾਂ ਕੁਲ 8 ਦਸਤਾਵੇਜ਼ ਜਾਰੀ ਕੀਤੇ ਜਿਹੜੇ ਗ਼ਰੀਬ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆਦਿਵਾਸੀ ਲੋਕਾਂ ਦੀਆਂ ਮੰਗਾਂ ਨੂੰ ਲੈ ਕੇ, ਦਾਰਜਲਿੰਗ ਜ਼ਿਲ੍ਹਾ ਕਮੇਟੀ ਵਿੱਚ ਚਾਰੂ ਮਜ਼ੂਮਦਾਰ ਦੀ ਅਗਵਾਈ 'ਚ ਵੰਡੇ ਤੇ ਪ੍ਰਚਾਰੇ ਗਏ ਤੇ ਇਹ ਦਸਤਾਵੇਜ਼ ਸੀ.ਪੀ.ਆਈ. (ਐਮ) ਦੀ ਨੀਤੀ ਤੋਂ ਕੋਈ ਬਹੁਤੇ ਵੱਖਰੇ ਨਹੀਂ ਸਨ।

ਫਰਵਰੀ 1967 ਵਿੱਚ ਪੱਛਮੀ ਬੰਗਾਲ ਦੀਆਂ ਚੋਣਾਂ ਹੋਈਆਂ ਤੇ ਖੱਬੇ ਧੜੇ ਦੀ ਸਰਕਾਰ ਬਣੀ, ਜਿਸ ਵਿੱਚ ਸੀ.ਪੀ.ਆਈ. (ਐਮ) ਵੱਡੀ ਭਾਈਵਾਲ ਸੀ। ਜਿਉਂ ਹੀ ਖੱਬੇ ਫਰੰਟ ਦੀ ਸਰਕਾਰ ਹੋਂਦ ਵਿੱਚ ਆਈ, ਸੀ.ਪੀ.ਆਈ. (ਐਮ) ਦੇ ਕਾਡਰ, ਗ਼ਰੀਬ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆਦਿਵਾਸੀ ਲੋਕਾਂ ਨੂੰ ਜ਼ਿੰਦਗੀ ਦੇ ਬਦਲਣ ਦੀ ਆਸ ਮਹਿਸੂਸ ਹੋਈ ਪਰ ਸੀ.ਪੀ.ਆਈ. (ਐਮ) ਨੇ ਹੇਠਲੇ ਕਾਡਰ ਨੂੰ ਵਧੇਰੇ ਜ਼ੁੰਮੇਵਾਰੀ ਨਾਲ ਕੰਮ ਕਰਨ ਦੀ ਨੀਤੀ ਅਪਨਾਉਣ 'ਤੇ ਜ਼ੋਰ ਦਿੱਤਾ। ਸੀ.ਪੀ.ਆਈ. (ਐਮ) ਦੀ ਇਸ ਨੀਤੀ ਦਾ ਅਰਥ ਸੀ ਪਹਿਲੀ ਨੀਤੀ ਤੋਂ ਪਿੱਛੇ ਹਟਣਾ। ਚਾਰੂ ਮਜ਼ਮਦਾਰ ਦੇ ਧੜੇ ਦੀ ਸੋਚ ਅਨੁਸਾਰ ਹਥਿਆਰਬੰਦ ਇਨਕਲਾਬ ਦਾ ਸਮਾਂ ਆ ਗਿਆ ਹੈ, ਪਰ ਸੀ.ਪੀ.ਆਈ. (ਐਮ) ਦੀ ਲੀਡਰਸ਼ਿਪ ਅਨੁਸਾਰ,

ਹਥਿਆਰਬੰਦ ਇਨਕਲਾਬ ਦਾ ਸਮਾਂ ਅਜੇ ਨਹੀਂ ਸੀ ਆਇਆ।

ਪਰ ਚਾਰੂ ਮਜ਼ੂਮਦਾਰ ਦੇ ਧੜੇ ਨੇ 8 ਦਸਤਾਵੇਜ਼ਾਂ ਨੂੰ ਅਧਾਰ ਬਣਾ ਕੇ ਜਾਗੀਰਦਾਰਾਂ, ਤੇ ਸ਼ਾਹੂਕਾਰਾਂ ਵਿਰੁੱਧ ਖਾੜਕੂ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਬੰਗਾਲ ਦੀ ਸੀ.ਪੀ.ਆਈ. (ਐਮ) ਨੇ ਮਾਰਚ 1967 ਵਿੱਚ ਦਾਰਜਲਿੰਗ ਜ਼ਿਲ੍ਹਾ ਕਮੇਟੀ ਤੋੜ ਦਿਤੀ ਤੇ ਚਾਰੂ ਮਜ਼ੂਮਦਾਰ, ਕਾਨੂੰ ਸਾਨਿਆਲ ਸਮੇਤ ਸਰਕਰਦਾ ਆਗੂਆਂ ਨੂੰ ਸੀ.ਪੀ.ਆਈ. (ਐਮ) ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਇਨਾਂ ਕੱਢੇ ਹੋਏ ਆਗੂਆਂ ਨੇ ਚਾਰੂ ਮਜ਼ੂਮਦਾਰ ਦੀ ਅਗਵਾਈ ਹੇਠ ਨਕਸਲਬਾੜੀ ਸੰਗਰਾਮ ਸੰਮਤੀ ਬਣਾ ਕੇ ਸੰਘਰਸ਼ ਸ਼ੁਰੂ ਕਰ ਦਿੱਤਾ ਤੇ ਇਸ ਸੰਘਰਸ਼ ਦੇ ਮੁੱਖ ਆਗੂ ਚਾਰੂ ਮਜ਼ੂਮਦਾਰ, ਕਾਨੂੰ ਸਾਨਿਆਲ, ਸੁਸ਼ੀਤਲ ਰਾਏ ਚੌਧਰੀ ਆਦਿ ਸਨ। ਸੁਸ਼ੀਤਲ ਰਾਇ ਚੌਧਰੀ ਸੀ.ਪੀ.ਆਈ. (ਐਮ) ਦੇ ਪਰਚੇ ਦੇਸ਼ ਹਿਤੈਸ਼ੀ ਦਾ ਮੁੱਖ ਸੰਪਾਦਕ ਹੁੰਦਾ ਸੀ। ਨਕਸਲਬਾੜੀ ਦੇ ਸੰਘਰਸ਼ ਵਿੱਚ ਸ਼ਾਮਲ ਹੋਣ ਮਗਰੋਂ ਸੁਸ਼ੀਤਲ ਰਾਏ ਚੌਧਰੀ ਨੇ ਦੇਸ਼ ਬ੍ਰਤੀ ਪਰਚਾ ਕੱਢਣਾ ਅਰੰਭ ਦਿੱਤਾ। ਉਹ ਮਾਓ ਵਿਚਾਰਧਾਰਾ ਦੇ ਹਾਮੀ ਸਨ ਤੇ ਲੋਕ ਯੁਧ ਦੀ ਨੀਤੀ ਤੇ ਭਾਰਤ ਵਿੱਚ ਇਨਕਲਾਬ ਕਰਨਾ ਚਾਹੁੰਦੇ ਸਨ।

ਖੱਬੇ ਪੱਖੀ ਸਰਕਾਰ ਦੀ ਸੋਚ ਅਨੁਸਾਰ, ਨਕਸਲਬਾੜੀ ਇਲਾਕੇ ਵਿੱਚ, ਚਾਰੂ ਮਜ਼ੂਮਦਾਰ ਦੇ ਗਰੁੱਪ ਦੀਆਂ ਖਾੜਕੂ ਸਰਗਰਮੀਆਂ ਕਰ ਕੇ ਸਾਰੇ ਇਲਾਕੇ ਵਿਚ ਅਰਾਜਕਤਾ ਫੈਲ ਰਹੀ ਸੀ। ਸੀ.ਪੀ.ਆਈ. (ਐਮ) ਨੇ 1967 ਨੂੰ ਮੀਟਿੰਗ ਕੀਤੀ ਪਰ ਚਾਰੂ ਮਜ਼ੂਮਦਾਰ ਮੀਟਿੰਗ ਵਿੱਚ ਸ਼ਾਮਲ ਨਾ ਹੋਇਆ ਤੇ ਕੋਈ ਸਮਝੌਤਾ ਨਾ ਹੋ ਸਕਿਆ। ਚਾਰੂ ਮਜ਼ੂਮਦਾਰ ਧੜੇ ਨੇ ਸੀ.ਪੀ.ਆਈ. (ਐਮ) 'ਤੇ ਦੋਸ਼ ਲਾਇਆ ਕਿ ਪਾਰਟੀ ਆਪਣੀ ਤਹਿ ਕੀਤੀ ਨੀਤੀ ਤੋਂ ਪਿੱਛੇ ਹਟ ਕੇ ਇਨਕਲਾਬ ਨਾਲ ਗ਼ਦਾਰੀ ਕਰ ਰਹੀ ਹੈ।

ਨਕਸਲਬਾੜੀ ਸੰਘਰਸ਼ ਦੇ ਆਗੂਆਂ ਦੀਆਂ ਖਾੜਕੂ ਸਰਗਰਮੀਆਂ ਕਾਰਨ, ਇਲਾਕੇ ਵਿੱਚ ਤਸ਼ੱਦਦ ਦੀਆਂ ਘਟਨਾਵਾਂ ਵਧੀਆਂ ਤੇ ਖੱਬੇ ਪੱਖੀ ਸਰਕਾਰ ਨੇ ਕੁਝ ਮੰਤਰੀਆਂ ਦੀ ਕਮੇਟੀ ਸਥਾਪਤ ਕੀਤੀ, ਇਸ ਮਸਲੇ ਨੂੰ ਸੁਲਝਾਉਣ ਲਈ। ਇਸ ਮੰਤਰੀਆਂ ਦੀ ਕਮੇਟੀ ਨੇ ਇਨਕਲਾਬੀਆਂ ਨੂੰ ਅਪੀਲ ਕੀਤੀ ਕਿ ਤਸ਼ੱਦਦ ਦਾ ਰਾਹ ਛੱਡ ਕੇ ਇਸ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ ਪਰ ਇਨਕਲਾਬੀਆਂ ਨੇ ਕੋਈ ਹੁੰਗਾਰਾ ਨਾ ਦਿਤਾ। ਆਪਣੇ ਖਾੜਕੂ ਲੀਡਰ ਚਾਰੂ ਮਜ਼ੂਮਦਾਰ ਦੀ ਅਗਵਾਈ ਹੇਠ ਸੰਘਰਸ਼ਕਾਰੀਆਂ ਨੇ ਕੋਈ ਸਹਿਯੋਗ ਨਾ ਦਿੱਤਾ ਤਾਂ ਮੰਤਰੀ ਕਮੇਟੀ ਨੇ ਇਨਕਲਾਬੀਆਂ ਨੂੰ 2 ਹੋਰ ਅਪੀਲਾਂ ਕੀਤੀਆਂ ਕਿ ਖਾੜਕੂ ਰਾਹ ਦੀ ਬਜਾਏ ਗੱਲਬਾਤ ਰਾਹੀਂ ਮਸਲਾ ਹੱਲ ਕੀਤਾ ਜਾਵੇ, ਪਰ ਇਨਕਲਾਬੀਆਂ ਨੇ ਕੋਈ



ਸਹਿਯੋਗ ਨਾ ਦਿੱਤਾ।

ਜਦੋਂ ਚਾਰੂ ਮਜ਼ੂਮਦਾਰ ਦੇ ਗਰੁੱਪ ਨੇ ਮੰਤਰੀ ਕਮੇਟੀ ਨੂੰ ਕੋਈ ਸਹਿਯੋਗ ਨਾ ਦਿੱਤਾ ਤਾਂ ਨਕਸਲਬਾੜੀ ਇਲਾਕੇ ਵਿੱਚ ਪੁਲਸ ਤਸ਼ੱਦਦ ਵਧਿਆ ਤੇ ਉਸੇ ਗਿਣਤੀ ਵਿੱਚ ਇਨਕਲਾਬੀ ਕਾਰਵਾਈਆਂ ਵਿੱਚ ਵਾਧਾ ਹੋਇਆ। ਇਕ ਦਿਨ ਨਕਸਲਬਾੜੀ ਸ਼ਹਿਰ ਵਿੱਚ ਦਿਨ ਦਿਹਾੜੇ ਜਾਗੀਰਦਾਰਾਂ ਤੇ ਕਾਂਗਰਸੀਆਂ ਨੇ ਇਕ ਗ਼ਰੀਬ ਸੰਥਾਲ ਨੂੰ ਕੁੱਟ-ਕੁੱਟ ਕੇ ਕਤਲ ਕਰ ਦਿਤਾ। ਇਸ ਘਟਨਾ ਨੇ ਇਨਕਲਾਬੀਆਂ ਵਿੱਚ ਰੋਹ ਭਰ ਦਿਤਾ ਤੇ ਤਸ਼ੱਦਦ ਵਿੱਚ ਹੋਰ ਵਾਧਾ ਹੋਇਆ। 1967 ਅਗਸਤ ਵਿਚ ਇਨਕਲਾਬੀਆਂ ਨੇ ਬੁਰਾਗੰਜ ਦਾ ਇਲਾਕਾ ਮੁਕਤ ਇਲਾਕਾ ਕਰਾਰ ਦੇ ਦਿੱਤਾ ਤੇ ਇਸ ਇਲਾਕੇ ਵਿੱਚ ਇਨਕਲਾਬੀਆਂ ਦੀ ਸਰਕਾਰ ਬਣ ਗਈ। ਜਗੀਰਦਾਰਾਂ ਦੀਆਂ ਜ਼ਮੀਨਾਂ ਗ਼ਰੀਬ ਕਿਸਾਨਾਂ ਵਿੱਚ ਵੰਡੀਆਂ, ਸ਼ਾਹੂਕਾਰਾਂ ਦੇ ਵਹੀਆਂ ਖਾਤੇ ਜਲਾਏ ਗਏ ਤੇ ਲੋਕ ਅਦਾਲਤਾਂ ਕਾਇਮ ਕੀਤੀਆਂ ਗਈਆਂ। ਨਕਸਲਬਾੜੀ ਦਾ ਇਲਾਕਾ, ਇਸ ਸੰਘਰਸ਼ ਦਾ ਜਨਮ ਦਾਤਾ ਹੈ ਤੇ ਇਸ ਸਿਧਾਂਤ ਦੇ ਸਮਰਥਕ, ਨਕਸਲਬਾੜੀਏ ਜਾਂ ਨਕਸਲਾਈਟ ਦੇ ਨਾਂ ਨਾਲ ਜਾਣੇ ਜਾਂਦੇ ਹਨ।

ਅਗਸਤ 1967 ਵਿੱਚ ਨਕਸਲਬਾੜੀ ਬਗ਼ਾਵਤ ਦੇ ਸਿਧਾਂਤ ਨੂੰ ਦੇਸ਼ ਪੱਧਰ ਤੇ ਲਾਗੂ ਕਰਨ ਲਈ ਚਾਰੂ ਮਜ਼ਮਦਾਰ ਗਰੁਪ ਨੇ ਕੁਆਰਡੀਨੇਸ਼ਨ ਕਮੇਟੀ ਆਫ ਰੈਵੋਲੂਸ਼ਨਰੀਜ਼ ਜੱਥੇਬੰਦ ਕੀਤੀ ਤੇ ਲਿਬਰੇਸ਼ਨ ਪਰਚੇ ਰਾਹੀਂ ਨਕਲਸਬਾੜੀ ਲਾਈਨ ਦਾ ਪ੍ਰਚਾਰ ਕੀਤਾ। 8 ਅਗਸਤ 1968 ਨੂੰ ਕਲਕੱਤੇ ਵਿੱਚ ਹਿੰਦ ਪੱਧਰ ਤੇ ਹੋਈ ਮੀਟਿੰਗ ਵਿੱਚ ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ ਕਮਿਊਨਿਸਟ ਰੈਵੋਲੂਸ਼ਨਰੀਜ਼ (AICCCR) ਸਥਾਪਤ ਕੀਤੀ ਤੇ ਇਸ ਮੀਟਿੰਗ ਵਿੱਚ ਬੰਗਾਲ, ਬਿਹਾਰ, ਯੂਪੀ, ਪੰਜਾਬ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਦੇ ਪ੍ਰਤੀਨਿਧ ਹਾਜ਼ਰ ਸਨ।

## ਹਰਭਜਨ ਸੋਹੀ, ਹਾਕਮ ਸਮਾਉਂ ਤੇ ਦਇਆ ਸਿੰਘ ਨਾਲ ਮੀਟਿੰਗ

ਸੂਬਾ ਪੱਧਰ 'ਤੇ ਮਾਰਕਸਵਾਦੀ ਵਿਦਿਆਰਥੀਆਂ ਦੇ ਚੰਡੀਗੜ੍ਹ ਸਕੂਲ ਤੋਂ ਪਹਿਲਾਂ ਬੰਗਾਲ ਵਿੱਚ ਚਾਰੂ ਮਜ਼ਮਦਾਰ, ਕਾਨੂੰ ਸਾਨਿਆਲ ਤੇ ਜੰਗਲ ਸੰਥਾਲ ਦੀ ਅਗਵਾਈ ਹੇਠ ਨਕਸਲਬਾੜੀ ਦਾ ਵਿਦਰੋਹ ਹੋ ਚੁਕਾ ਸੀ। ਦੇਸ਼ ਭਰ 'ਚ ਨਕਸਲਬਾੜੀ ਦੀਆਂ ਲੀਹਾਂ 'ਤੇ ਅੱਡੋ-ਅੱਡ ਸੂਬਿਆਂ ਵਿੱਚ ਕਮਿਊਨਿਸਟ ਮਾਰਕਸਵਾਦੀ ਅਨਸਰ ਖ਼ਾਸ ਕਰ ਕੇ ਕਮਿਊਨਿਸਟ ਪਾਰਟੀ (ਐਮ) ਦੇ ਮੈਂਬਰ ਤੇ ਸਮਰਥਕ, ਲੁਕਵੇਂ ਰੂਪ ਵਿੱਚ ਲਾਮਬੰਦ ਹੋ ਰਹੇ ਸਨ ਤੇ ਚਾਰੂ ਮਜ਼ਮਦਾਰ ਦੇ ਸੱਦੇ ਤੇ ਕੁਆਰਡੀਨੇਸ਼ਨ ਕਮੇਟੀਆਂ ਜੱਥੇਬੰਦ ਕਰ ਰਹੇ ਸਨ। ਸੂਬਾ ਪੱਧਰ ਦੇ ਚੰਡੀਗੜ੍ਹ ਸਕੂਲ ਦੇ ਦੌਰਾਨ ਹਰਭਜਨ ਸੋਹੀ, ਹਾਕਮ ਸਮਾਉਂ ਤੇ ਦਇਆ ਸਿੰਘ, ਜਸਟਿਸ ਅਜੀਤ ਸਿੰਘ ਬੈਂਸ ਦੀ ਕੋਠੀ ਵਿੱਚ ਆਏ ਕਿ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਆਗੂਆਂ ਨੂੰ ਮਿਲ ਕੇ ਵਿਚਾਰ ਕੀਤੀ ਜਾਵੇ ਤੇ ਪੀ.ਐਸ.ਯੂ. ਦੀ ਸਮੁੱਚੀ ਲੀਡਰਸ਼ਿਪ ਨੂੰ ਨਕਸਲਬਾੜੀ ਲਹਿਰ ਵਿੱਚ ਸ਼ਾਮਲ ਹੋਣ ਲਈ ਰਜ਼ਾਮੰਦ ਕੀਤਾ ਜਾਵੇ। ਇਨਾਂ ਤਿੰਨਾਂ ਆਗੂਆਂ ਦਾ ਨਿਸ਼ਾਨਾ ਸੀ ਕਿ ਪਹਿਲਾਂ ਦਰਸ਼ਨ ਬਾਗ਼ੀ ਨੂੰ ਰਜ਼ਾਮੰਦ ਕਰ ਕੇ ਫਿਰ ਇਸ ਰਾਹੀਂ ਪੀ.ਐਸ.ਯੂ. ਦੀ ਸੂਬਾ ਪੱਧਰ ਦੀ ਮਾਰਕਸਵਾਦੀ ਯੂਨਿਟ ਨੂੰ ਨਕਸਲਬਾੜੀ ਲਹਿਰ ਨਾਲ ਜੋੜਿਆ ਜਾਵੇ।

ਇਸ ਵਿਸ਼ੇ ਤੇ ਦਰਸ਼ਨ ਬਾਗ਼ੀ ਤੇ ਬਾਕੀ ਸੂਬਾ ਪੱਧਰ ਦੇ ਯੂਨਿਟ ਦੇ ਸਾਥੀਆਂ ਨਾਲ ਦੋ ਤਿੰਨ ਰਾਤਾਂ ਨੂੰ ਵਿਚਾਰ-ਵਟਾਂਦਰਾ ਹੁੰਦਾ ਰਿਹਾ, ਨਕਸਲਬਾੜੀ ਤੇ ਮਾਓ ਵਿਚਾਰਧਾਰਾ ਦੇ ਸੰਦਰਭ ਵਿੱਚ। ਅਖ਼ੀਰ ਫੈਸਲਾ ਇਹ ਹੋਇਆ ਕਿ ਪੀ.ਐਸ.ਯੂ. ਦਾ ਸੂਬਾ ਪੱਧਰ ਦਾ ਮਾਰਕਸਵਾਦੀ ਯੂਨਿਟ ਆਪਣੀ ਮੀਟਿੰਗ ਕਰ ਕੇ ਫੈਸਲਾ ਕਰੇਗਾ ਕਿ ਨਕਸਲਬਾੜੀ ਲਹਿਰ ਤੇ ਜਥੇਬੰਦੀ ਨਾਲ ਜੁੜਿਆ ਜਾਵੇ ਕਿ ਨਾ। ਪੀ.ਐਸ.ਯੂ. ਦੇ ਮਾਰਕਸਵਾਦੀ ਸੂਬਾ ਯੂਨਿਟ ਨੇ ਫੈਸਲਾ ਕੀਤਾ ਕਿ ਸਾਰਾ ਮਾਰਕਸਵਾਦੀ ਯੂਨਿਟ ਇਨਾਂ ਆਗੂਆਂ ਨੂੰ ਮਿਲੇ ਤੇ ਵਿਚਾਰ ਵਿਟਾਂਦਰਾ ਕਰੇ ਤੇ ਫਿਰ ਉਸ ਗੱਲਬਾਤ ਤੋਂ ਮਗਰੋਂ ਫੈਸਲਾ ਕੀਤਾ ਜਾਵੇ ਕਿ ਨਕਸਲਬਾੜੀ ਲਹਿਰ ਨਾਲ ਜੁੜਿਆ ਜਾਵੇ ਕਿ ਨਾ ਜੁੜਿਆ ਜਾਵੇ।

ਇਸ ਫੈਸਲੇ ਅਨੁਸਾਰ, ਚੰਡੀਗੜ੍ਹ ਸਕੂਲ ਦੀ ਸਮਾਪਤੀ ਤੋਂ ਅਗਲੇ ਦਿਨ, ਜਸਟਿਸ ਅਜੀਤ ਸਿੰਘ ਬੈਂਸ ਦੀ ਕੋਠੀ ਵਿੱਚ ਹੀ ਸੂਬਾ ਪੱਧਰ ਦੇ ਮਾਰਕਸਵਾਦੀ



ਵਿਦਿਆਰਥੀਆਂ ਦੀ ਪ੍ਰੋਫੈਸਰ ਹਰਭਜਨ ਸੋਹੀ, ਹਾਕਮ ਸਿੰਘ ਸਮਾਉਂ ਤੇ ਦਇਆ ਸਿੰਘ ਨਾਲ ਸਾਂਝੀ ਮੀਟਿੰਗ ਕੀਤੀ ਗਈ। ਦਰਸ਼ਨ ਬਾਗ਼ੀ ਨੇ ਸਾਰੇ ਮਾਰਕਸਵਾਦੀ ਵਿਦਿਆਰਥੀਆਂ ਦੀ ਜਾਣ ਪਛਾਣ ਕਰਵਾ ਕੇ ਪ੍ਰੋਫੈਸਰ ਹਰਭਜਨ ਸੋਹੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਵਿਚਾਰ ਸਾਂਝੇ ਕਰੇ। ਹਰਭਜਨ ਸੋਹੀ, ਬਠਿੰਡੇ ਜ਼ਿਲ੍ਹੇ ਵਿੱਚ ਸੀ.ਪੀ.ਆਈ. (ਐਮ) ਦਾ ਕੁਲਵਕਤੀ ਸੀ ਤੇ ਉਸ ਨੇ ਕਿਹਾ ਕਿ ਸੀ.ਪੀ.ਆਈ. (ਐਮ) ਬੰਗਾਲ ਦੀਆਂ ਚੋਣਾਂ ਜਿੱਤ ਕੇ ਤੇ ਖੱਬੇ ਪੱਖੀ ਸਰਕਾਰ ਬਣਾ ਕੇ ਆਪਣੀ ਹੀ ਨੀਤੀ ਤੋਂ ਪਿਛਾਂਹ ਹਟ ਗਈ ਹੈ ਤੇ ਇਸ ਤਰਾਂ ਇਨਕਲਾਬ ਨਾਲ ਗ਼ਦਾਰੀ ਕਰ ਰਹੀ ਹੈ। ਨਕਸਲਬਾੜੀ ਦੇ ਇਲਾਕੇ ਵਿੱਚ ਚਾਰੂ ਮਜ਼ਮਦਾਰ ਤੇ ਕਾਨੂੰ ਸਾਨਿਆਲ ਦੀ ਅਗਵਾਈ ਹੇਠ ਕਿਸਾਨ ਸਭਾਵਾਂ ਤੇ ਹੋਰ ਜੱਥੇਬੰਦੀਆਂ ਨੇ ਜਾਗੀਰਦਾਰਾਂ ਦੀਆਂ ਜ਼ਮੀਨਾਂ ਖੋਹ ਕੇ ਗ਼ਰੀਬ ਕਿਸਾਨਾਂ ਵਿੱਚ ਵੰਡੀਆਂ ਹਨ, ਸ਼ਾਹੂਕਾਰਾਂ ਦੀਆਂ ਵਹੀਆਂ ਖਾਤੇ ਪਾੜ ਦਿੱਤੇ ਹਨ ਤੇ ਬੰਗਾਲ ਦੀ ਖੱਬੇ ਪੱਖੀ ਸਰਕਾਰ, ਇਨਕਲਾਬੀਆਂ 'ਤੇ ਤਸ਼ੱਦਦ ਕਰ ਰਹੀ ਹੈ। ਭਾਰਤ, ਇਕ ਅਰਧ-ਜਗੀਰੂ, ਅਰਧ-ਬਸਤੀਵਾਦੀ ਦੇਸ਼ ਹੈ, ਜਿਸ ਦੀ ਵੱਡੀ ਸਰਮਾਏਦਾਰੀ ਸਾਮਰਾਜ ਦੀ ਪਿਛਲੱਗ ਹੈ, ਦਰਮਿਆਨੀ ਸਰਮਾਏਦਾਰੀ ਕੌਮਪ੍ਰਸਤ ਹੈ। ਨਕਸਲਬਾੜੀ ਦੇ ਸੰਘਰਸ਼ ਨੇ ਭਾਰਤ ਦੇ ਲੋਕ ਜਮਹੂਰੀ ਇਨਕਲਾਬ ਦਾ ਰਾਹ ਰੁਸ਼ਨਾਇਆ ਹੈ ਤੇ ਇਸ ਵੇਲੇ ਹਰ ਕਮਿਊਨਿਸਟ ਤੇ ਮਾਰਕਸਵਾਦੀ ਦਾ ਫਰਜ਼ ਬਣਦਾ ਹੈ ਕਿ ਓਹ ਆਪਣੇ ਇਤਿਹਾਸਕ ਫਰਜ਼ ਨੂੰ ਵਫਾਦਾਰੀ ਨਾਲ ਪੂਰਾ ਕਰਨ ਲਈ ਨਕਸਲਬਾੜੀ ਦੇ ਰਾਹ ਨੂੰ ਅਪਨਾਏ ਤੇ ਨਕਸਲਬਾੜੀ ਦੇ ਸੰਘਰਸ਼ ਵਿੱਚ ਸ਼ਾਮਲ ਹੋ ਕੇ ਭਾਰਤ ਦੇ ਇਨਕਲਾਬ ਨੂੰ ਸਫ਼ਲਤਾ ਤੀਕ ਲੈ ਕੇ ਜਾਵੇ। ਇਸ ਮੀਟਿੰਗ ਤੋਂ ਮਗਰੋਂ ਮਾਰਕਸਵਾਦੀ ਯੂਨਿਟ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੀ.ਐਸ.ਯੂ. ਦੀ ਜੱਥੇਬੰਦੀ ਨਕਸਲਬਾੜੀ ਲਹਿਰ ਵਿੱਚ ਸ਼ਾਮਲ ਹੋਵੇ ਤੇ ਦਰਸ਼ਨ ਬਾਗ਼ੀ ਨੂੰ ਸਰਬਸੰਮਤੀ ਨਾਲ ਪੀ.ਐਸ.ਯੂ. ਦਾ ਪ੍ਰਤੀਨਿਧ ਥਾਪਿਆ ਗਿਆ। ਪੰਜਾਬ ਪੱਧਰ ਤੇ ਨਕਸਲਬਾੜੀ ਗਰੁੱਪ ਦੀਆਂ ਮੀਟਿੰਗਾਂ ਆਦਿ ਤੋਂ ਮਗਰੋਂ ਯੂਨਿਟ ਨੂੰ ਰਿਪੋਰਟ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ। ਇਸ ਫੈਸਲੇ ਤੋਂ ਮਗਰੋਂ ਦਰਸ਼ਨ ਬਾਗ਼ੀ ਨੇ ਸੀ.ਪੀ.ਆਈ. (ਐਮ) ਨਾਲੋਂ ਸਾਰੇ ਜੱਥੇਬੰਦਕ ਸਬੰਧ ਤੋੜ ਲਏ ਤੇ ਸੀ.ਪੀ.ਆਈ. (ਐਮ) ਦੇ ਦਫ਼ਤਰ ਜਾਣਾ ਬੰਦ ਕਰ ਦਿੱਤਾ ਤੇ ਬਾਕੀ ਸਾਥੀਆਂ ਨਾਲ ਮਿਲ ਕੇ ਪੰਜਾਬ ਵਿੱਚ ਨਕਸਲਬਾੜੀ ਲਹਿਰ ਨੂੰ ਜੱਥੇਬੰਦ ਕਰਨ ਦੀਆਂ ਸਰਗਰਮੀਆਂ ਵਿੱਚ ਸ਼ਮੂਲੀਅਤ ਤੇਜ਼ ਕਰ ਦਿਤੀ।

## ਪੰਜਾਬ ਨਕਸਲੀ ਗਰੁੱਪ ਦੀਆਂ ਮੀਟਿੰਗਾਂ

**ਪਹਿਲੀ ਮੀਟਿੰਗ** : ਸੰਗਰੂਰ ਪੁਲਸ ਲਾਈਨ ਦੇ ਚੜਦੇ ਪਾਸੇ ਬਹੁਤ ਹੁਸੀਨ ਬਾਗ਼ ਹੈ ਜਿਸ ਦੀ ਖ਼ੂਬਸੂਰਤੀ, ਮਾਲਕ ਦੀਆਂ ਕਲਾਤਮਕ ਰੁਚੀਆਂ ਦਾ ਪ੍ਰਗਟਾਵਾ ਕਰਦੀ ਹੈ। ਬਾਗ਼ ਦੀ ਕੱਛ ਵਿੱਚ ਛੋਟਾ ਜਿਹਾ ਪਰ ਰੂਹ ਨੂੰ ਨਿੱਘ ਦੇਣ ਵਾਲਾ ਘਰ ਹੈ ਤੇ ਇਹ ਘਰ ਜਗਜੀਤ ਸੋਹਲ ਦਾ ਘਰ ਹੈ। ਪਰ ਹੁਣ ਪਤਾ ਨਹੀਂ ਇਸ ਘਰ ਦਾ ਮਾਲਕ ਕੌਣ ਹੋਵੇ ਪਰ ਉਦੋਂ ਖ਼ੂਬਸੂਰਤ ਤੇ ਰੂਹ ਨੂੰ ਨਿੱਘ ਦੇਣ ਵਾਲੇ ਘਰ ਨੇ ਕਮਿਊਨਿਸਟ ਇਨਕਲਾਬੀਆਂ ਦੀ ਪਹਿਲੀ ਮੀਟਿੰਗ ਕਰਾਉਣ ਦਾ ਮਾਣ ਹਾਸਲ ਕੀਤਾ। ਇਸ ਮੀਟਿੰਗ ਵਿੱਚ ਜਗਜੀਤ ਸੋਹਲ, ਹਰਭਜਨ ਸੋਹੀ, ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ, ਦਇਆ ਸਿੰਘ, ਦਰਸ਼ਨ ਬਾਗ਼ੀ ਤੇ ਮੰਗਲ ਸਿੰਘ ਹਾਜ਼ਰ ਸਨ। ਵਿਚਾਰ ਵਟਾਂਦਰਾ ਕਰਨ ਤੋਂ ਮਗਰੋ ਸਰਬਸੰਮਤੀ ਨਾਲ ਇਹ ਫੈਸਲੇ ਕੀਤੇ ਗਏ :

1. ਹਰ ਜੱਥੇਬੰਦੀ ਮੈਂਬਰ ਮਾਰਕਸ, ਲੈਨਿਨ ਤੇ ਮਾਓ ਵਿਚਾਰਧਾਰਾ ਦਾ ਅਧਿਐਨ ਕਰੇ।
2. ਦਇਆ ਸਿੰਘ ਦੀ ਡਿਊਟੀ ਲਾਈ ਗਈ ਕਿ ਚੀਨ ਦੀ ਅੰਬੈਸੀ ਤੋਂ ਮਾਓ ਦੀਆਂ ਲਿਖਤਾਂ ਦੇ ਵੱਧ ਤੋਂ ਵੱਧ ਸੈੱਟ ਲੈ ਕੇ ਆਵੇ।
3. ਪਾਰਟੀ ਮੈਂਬਰਾਂ ਤੇ ਵਿਦਿਆਰਥੀਆਂ ਦੇ ਮਾਓ ਵਿਚਾਰਧਾਰਾ ਦੇ ਸਟਡੀ ਸਰਕਲ ਲਾਏ ਜਾਣ।
4. ਇਹ ਫੈਸਲਾ ਕੀਤਾ ਗਿਆ ਕਿ ਵੱਧ ਤੋਂ ਵੱਧ ਨਕਸਲਬਾੜੀ ਸਮਰਥਕਾਂ ਤੇ ਹਮਦਰਦਾਂ ਨਾਲ ਸੰਪਰਕ ਕੀਤਾ ਜਾਵੇ ਤੇ ਛੇਤੀ ਤੋਂ ਛੇਤੀ ਸੂਬਾ ਪੱਧਰ ਤੇ ਤਾਲਮੇਲ ਕਮੇਟੀ ਬਣਾਈ ਜਾਵੇ।

**ਦੂਜੀ ਮੀਟਿੰਗ** : ਧੂਰੀ ਤੋਂ ਸੰਗਰੂਰ ਨੂੰ ਜਾਂਦੀ ਸੜਕ 'ਤੇ ਧੂਰੀ ਤੋਂ 2-3 ਕਿਲੋਮੀਟਰ ਦੀ ਦੂਰੀ 'ਤੇ ਬੇਨੜਾ ਪਿੰਡ 'ਚ ਇਹ ਮੀਟਿੰਗ ਖੇਤਾਂ ਵਿੱਚ ਇਕ ਮੋਟਰ 'ਤੇ ਰੱਖੀ ਗਈ ਸੀ। ਇਸ ਮੀਟਿੰਗ ਤੋਂ ਪਹਿਲਾਂ ਇੱਕ ਖ਼ਾਸ ਦਿਲਚਸਪ ਘਟਨਾ ਵਾਪਰੀ, ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਦਰਸ਼ਨ ਬਾਗ਼ੀ ਨੇ ਨਾਭੇ ਆਪਣੇ ਪੁਰਾਣੇ ਜਾਣਕਾਰ ਤੋਂ ਸਾਈਕਲ ਮੰਗਿਆ ਤੇ ਦਇਆ ਸਿੰਘ ਨੂੰ ਨਾਲ ਲੈ



ਕੇ ਨਾਭੇ ਤੋਂ ਧੂਰੀ ਨੂੰ ਸਾਈਕਲ 'ਤੇ ਚੱਲ ਪਏ। ਧੂਰੀ ਪਹੰਚਣ ਤੱਕ ਪੂਰਾ ਹਨੇਰਾ ਹੋ ਗਿਆ ਤੇ ਜਿਉਂ ਹੀ ਧੂਰੀ ਤੋਂ ਕੋਈ ਡੇਢ ਕਿਲੋਮੀਟਰ ਨਿਕਲੇ ਤੇ ਅੱਗੋਂ ਸ਼ਰਾਬ ਦੇ ਰੱਜੇ ਹੋਏ ਪੁਲਸੀਏ ਨੇ ਆਪਣਾ ਸਾਈਕਲ ਦਰਸ਼ਨ ਬਾਗ਼ੀ ਦੇ ਸਾਈਕਲ ਵਿੱਚ ਮਾਰਿਆ। ਦਰਸ਼ਨ ਬਾਗੀ ਨੇ ਚਾਦਰਾ ਬੰਨਿਆ ਹੋਇਆ ਸੀ ਤੇ ਜੱਟਕੀਲੀ ਜਿਹੀ ਪੱਗ ਬੰਨੀ ਹੋਈ ਸੀ। ਦਰਸ਼ਨ ਬਾਗ਼ੀ ਸਾਈਕਲ ਚਲਾ ਰਿਹਾ ਸੀ ਤੇ ਸਾਈਕਲ ਦਾ ਮੂਹਰਲਾ ਪਹੀਆ ਵਿੰਗਾ ਹੋ ਗਿਆ ਪਰ ਪੁਲਸੀਏ ਦੇ ਸਾਈਕਲ ਦਾ ਕੋਈ ਨੁਕਸਾਨ ਨਾ ਹੋਇਆ। ਜਿਉਂ ਹੀ ਪੁਲਸੀਏ ਨੇ ਦਰਸ਼ਨ ਬਾਗ਼ੀ ਦਾ ਪਹਿਰਾਵਾ ਵੇਖਿਆ, ਓਹ ਟੁੱਟ ਟੁੱਟ ਪਵੇ ਕਿ ਓਹ ਦੋਹਾਂ ਨੂੰ ਧੂਰੀ ਥਾਣੇ ਲੈ ਕੇ ਜਾਵੇਗਾ, ਖ਼ਾਸ ਕਰਕੇ ਦਰਸ਼ਨ ਬਾਗ਼ੀ ਨੂੰ ਕਿਉਂਕਿ ਇਸ ਨੇ ਜਾਣਬੁੱਝ ਕੇ ਪੁਲਸ ਅਫਸਰ ਦੇ ਸਾਈਕਲ ਵਿੱਚ ਆਪਣਾ ਸਾਈਕਲ ਮਾਰਿਐ। ਹਾਲਾਂਕਿ ਕਸੂਰ ਪੁਲਸੀਏ ਦਾ ਸੀ ਕਿਉਂਕਿ ਓਹ ਸੜਕ ਦੇ ਸੱਜੇ ਹੱਥ ਸਾਈਕਲ ਚਲਾ ਰਿਹਾ ਸੀ। ਦਇਆ ਸਿੰਘ ਨੇ ਪੁਲਸੀਏ ਨੂੰ ਠਰੰਮੇ ਨਾਲ ਗੱਲਬਾਤ ਰਾਹੀਂ ਨਰਮ ਕੀਤਾ ਤੇ ਦਰਸ਼ਨ ਬਾਗ਼ੀ ਨੇ ਕਿਹਾ ਅਸੀਂ ਦੁੱਖ ਦੇ ਮਾਰੇ ਹਾਂ ਸਖ਼ਤ ਬਿਮਾਰ ਰਿਸ਼ਤੇਦਾਰ ਦਾ ਪਤਾ ਲੈਣ ਜਾ ਰਹੇ ਹਾਂ, ਪਤਾ ਨਹੀਂ ਬਚੇ ਕਿ ਨਾ ਬਚੇ ਤੇ ਮੈਨੂੰ ਮਾਫ ਕਰਨਾ ਗ਼ਲਤੀ ਹੋ ਗਈ, ਫਿਕਰ ਵਿੱਚ ਮੇਰੀ ਸੋਚ ਕਿਤੇ ਹੋਰ ਲਗੀ ਹੋਈ ਸੀ। ਪੁਲਸੀਆ ਮੋਮ ਵਾਂਗੂ ਪੰਘਰ ਗਿਆ ਤੇ ਆਖਣ ਲਗਾ ਕਿ "ਓਹ ਸਾਈਕਲ ਦੀ ਮੁਰੰਮਤ ਕਰਵਾ ਦੇਵੇਗਾ, ਗ਼ਲਤੀ ਤਾਂ ਮੇਰੀ ਹੀ ਹੈ, ਮੈਂ ਗ਼ਲਤ ਸਾਈਡ ਤੇ ਸਾਈਕਲ ਚਲਾ ਰਿਹਾ ਸਾਂ।" ਇਨਾਂ ਸ਼ਬਦਾਂ ਨਾਲ ਦਇਆ ਸਿੰਘ ਤੇ ਦਰਸ਼ਨ ਬਾਗ਼ੀ ਨੇ ਪੁਲਸੀਏ ਤੋਂ ਜਾਨ ਛੁਡਾਈ ਤੇ ਅੱਧਾ ਕੁ ਕਿਲੋਮੀਟਰ ਅੱਗੇ ਜਾ ਕੇ ਖੱਬੇ ਪਾਸੇ ਜਦੋਂ ਝਾਤੀ ਮਾਰੀ ਤਾਂ ਬਿਜਲੀ ਦਾ ਬਲਬ ਜਗਦਾ ਤੇ ਬੁਝਦਾ ਨਜ਼ਰ ਆਇਆ ਤੇ ਦਇਆ ਸਿੰਘ ਨੇ ਦਰਸ਼ਨ ਬਾਗ਼ੀ ਨੂੰ ਕਿਹਾ ਔਹ ਵੇਖ ਸਾਡੀ ਮੰਜ਼ਲ ਸੱਦ ਰਹੀ ਹੈ। ਸਾਈਕਲ ਨੂੰ ਮੋਢੇ ਤੇ ਚੁਕ ਕੇ ਖੇਤਾਂ ਵਿੱਚ ਦੀ ਡਿਗਦੇ ਢਹਿੰਦੇ ਜਦੋਂ ਮੋਟਰ 'ਤੇ ਪਹੁੰਚੇ ਤੇ ਵੇਖਿਆ ਕਿ ਕਮਰਾ ਕਾਮਰੇਡਾਂ ਨਾਲ ਖਚਾਖ਼ਚ ਭਰਿਆ ਪਿਆ ਸੀ। ਇਸ 15 ਮਾਰਚ 1968 ਦੀ ਮੀਟਿੰਗ ਵਿੱਚ ਬਾਬਾ ਬੂਝਾ ਸਿੰਘ, ਹਰਭਜਨ ਸੋਹੀ, ਬੰਤ ਸਿੰਘ ਰਾਏਪੁਰੀ, ਹਾਕਮ ਸਿੰਘ ਸਮਾਉਂ, ਜਗਜੀਤ ਸਿੰਘ ਸੋਹਲ, ਮੰਗਲ ਸਿੰਘ ਧੂਰੀ, ਬਾਬੂ ਰਾਮ ਬੈਰਾਗੀ, ਅਮਰ ਸਿੰਘ ਅਚਰਵਾਲ, ਦਇਆ ਸਿੰਘ, ਦਰਸ਼ਨ ਬਾਗ਼ੀ, ਤਾਰਾ ਸਿੰਘ ਮੱਦੋਕੇ, ਗੁਰਮੀਤ ਸਿੰਘ ਦਿੱਤੂਪੁਰ ਹਾਜ਼ਰ ਸਨ। ਇਹ ਮੀਟਿੰਗ ਕਾਫੀ ਗਰਮਾ-ਗਰਮ ਮੀਟਿੰਗ ਸੀ ਤੇ ਸਿਧਾਂਤਕ ਤੇ ਜੱਥੇਬੰਦਕ ਮਸਲਿਆਂ ਤੇ ਮਤਭੇਦਾਂ ਕਰ ਕੇ ਕਾਫੀ ਬਹਿਸ ਹੋਈ। ਬਾਬਾ ਬੂਝਾ ਸਿੰਘ ਨੇ ਪ੍ਰਸਤਾਵ ਰੱਖਿਆ ਕਿ ਸਟੂਡੈਂਟਸ ਯੂਨੀਅਨ ਦੇ ਸਾਰੇ ਮਾਰਕਸਵਾਦੀ ਵਿਦਿਆਰਥੀ ਦਰਸ਼ਨ ਬਾਗ਼ੀ ਸਮੇਤ ਪਾਰਟੀ ਦੇ ਕੁਲਵਕਤੀ ਮੈਂਬਰ

ਬਣਨ ਤੇ ਜਨਤਕ ਜੱਥਬੰਦੀਆਂ ਨੂੰ ਤਿਲਾਂਜਲੀ ਦਿੱਤੀ ਜਾਵੇ। ਇਸ ਮਸਲੇ 'ਤੇ ਬਹੁਤ ਬਹਿਸ ਹੋਈ। ਕੁਝ ਮੈਂਬਰ ਜਿਨਾਂ ਵਿੱਚ ਹਰਭਜਨ ਸੋਹੀ ਤੇ ਦਰਸ਼ਨ ਬਾਗ਼ੀ ਮੁੱਖ ਸਨ, ਜਿਨਾਂ ਮਾਓ-ਜ਼ੇ-ਤੁੰਗ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਕਿਹਾ ਕਿ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਇਨਕਲਾਬ ਦੀ ਸਫ਼ਲਤਾ ਲਈ ਜ਼ਰੂਰੀ ਹਨ। ਆਮ ਰਾਏ ਇਹ ਬਣੀ ਕਿ ਜਨਤਕ ਜੱਥੇਬੰਦੀਆਂ ਕਾਇਮ ਰੱਖੀਆਂ ਜਾਣ ਤੇ ਇਨਾਂ ਵਿੱਚ ਕੰਮ ਕੀਤਾ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਕੇਂਦਰ ਨਾਲ ਤਾਲਮੇਲ ਕਰਨ ਦਾ ਯਤਨ ਕੀਤਾ ਜਾਵੇ ਤੇ ਨਕਸਲਬਾੜੀ ਦੇ ਪ੍ਰੋਗਰਾਮ ਅਨੁਸਾਰ ਪੰਜਾਬ ਦੀ ਜੱਥੇਬੰਦੀ ਕੋਈ ਪੋਸਟਰ ਕੱਢੇ। ਦਿਨ ਚੜ੍ਹਨ ਤੋਂ ਪਹਿਲਾਂ ਮੀਟਿੰਗ ਬਰਖ਼ਾਸਤ ਕੀਤੀ ਗਈ ਤੇ ਹਨੇਰੇ ਵਿੱਚ ਸਾਰੇ ਮੈਂਬਰ ਆਪਣੇ-ਆਪਣੇ ਰਾਹੇ ਪੈ ਗਏ।



## ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਦਾ ਇੱਕ ਹਫਤਾ ਦਿੱਲੀ ਵਿੱਚ ਸਕੂਲ

ਸੀ.ਪੀ.ਆਈ. (ਐਮ) ਦੀ ਲੀਡਰਸ਼ਿਪ ਨੇ ਮਹਿਸੂਸ ਕੀਤਾ ਕਿ ਮਾਰਕਸਵਾਦੀ ਨੌਜੁਆਨ ਵਿਦਿਆਰਥੀਆਂ ਵਿੱਚ ਨਕਸਲਬਾੜੀ ਵਿਚਾਰਧਾਰਾ ਦਾ ਪ੍ਰਭਾਵ ਵਧ ਰਿਹਾ ਹੈ ਤੇ ਇਸ ਪ੍ਰਭਾਵ ਨੂੰ ਘਟਾਉਣ ਲਈ ਤੇ ਮਾਰਕਸਵਾਦੀ ਵਿਦਿਆਰਥੀਆਂ ਨੂੰ ਸੀ.ਪੀ.ਆਈ. (ਐਮ) ਦੀ ਵਿਚਾਰਧਾਰਾ ਨਾਲ ਸਿੱਖਿਅਤ ਕਰਨ ਦੇ ਮੰਤਵ ਨਾਲ ਅਪਰੈਲ 1968 ਦੇ ਪਹਿਲੇ ਹਫਤੇ ਦਿੱਲੀ ਵਿੱਚ ਕਾਮਰੇਡ ਏ.ਕੇ. ਗੋਪਾਲਨ ਦੀ ਕੋਠੀ ਵਿੱਚ ਇਕ ਹਫਤੇ ਦਾ ਸਕੂਲ ਲਾਇਆ ਗਿਆ। ਇਸ ਸਕੂਲ ਵਿੱਚ ਦਰਸ਼ਨ ਬਾਗ਼ੀ, ਭੁਪਿੰਦਰ ਸਿੰਘ, ਹਰਭਜਨ ਹਲਵਾਰਵੀ, ਇੰਦਰਜੀਤ ਸਿੰਘ ਬਿੱਟੂ, ਸੁਰਿੰਦਰ ਸਿੰਘ ਚਾਹਲ, ਗੁਰਦਿਆਲ ਸਿੰਘ ਨੇ ਸ਼ਮੂਲੀਅਤ ਕੀਤੀ ਸੀ। ਸਕੂਲ ਤੋਂ ਦੂਜੇ ਦਿਨ ਹਰਭਜਨ ਸਿੰਘ ਸੋਹੀ ਤੇ ਹਾਕਮ ਸਿੰਘ ਸਮਾਉਂ ਵੀ ਸਕੂਲ ਵਿੱਚ ਸ਼ਮੂਲੀਅਤ ਲਈ ਦਿੱਲੀ ਪਹੁੰਚ ਗਏ ਪਰ ਓਨਾ ਨੂੰ ਸਕੂਲ ਵਿੱਚ ਬੈਠਣ ਦੀ ਆਗਿਆ ਨਹੀਂ ਸੀ ਦਿੱਤੀ ਗਈ ਤੇ ਓਹ ਵਾਪਸ ਪੰਜਾਬ ਚਲੇ ਗਏ।

ਸਕੂਲ ਵਿੱਚ ਸੀ.ਪੀ.ਆਈ. (ਐਮ) ਦੀ ਯੁੱਧਨੀਤੀ ਤੇ ਦਾਅਪੇਚ 'ਤੇ ਪੂਰਾ ਜ਼ੋਰ ਦਿੱਤਾ ਗਿਆ ਤੇ ਅਖ਼ੀਰ ਸਿੱਟੇ ਵਜੋਂ ਇਹ ਕਿਹਾ ਗਿਆ ਕਿ ਅਜੇ ਹਥਿਆਰਬੰਦ ਇਨਕਲਾਬ ਦਾ ਸਮਾਂ ਨਹੀਂ ਆਇਆ ਤੇ ਭਾਰਤ ਵਿੱਚ ਲੋਕਯੁਧ ਦੀ ਗੁਰੀਲਾ ਯੁਧਨੀਤੀ ਲਾਗੂ ਨਹੀਂ ਹੋ ਸਕਦੀ। ਸਕੂਲ ਵਿੱਚ ਵਿਦਿਆਰਥੀਆਂ ਨੇ ਬੜੇ ਸੁਆਲ ਪੁੱਛੇ ਪਰ ਪਾਰਟੀ ਆਗੂ ਜਿਨਾਂ ਨੇ ਸਕੂਲ ਲਾਇਆ, ਓਹ ਵਿਦਿਆਰਥੀਆਂ ਨੂੰ ਪ੍ਰਭਾਵਤ ਨਾ ਕਰ ਸਕੇ।

# ਕਲਕੱਤੇ ਦੀ ਫੇਰੀ

ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਦੀ ਜਿਵੇਂ ਰਵਾਇਤ ਜਿਹੀ ਬਣ ਗਈ ਸੀ ਕਿ 3-4 ਹਫਤੇ ਪੰਜਾਬ ਵਿੱਚ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਟਡੀ ਸਰਕਲ ਲਾ ਕੇ ਇਹ ਚੰਡੀਗੜ੍ਹ ਮੁੜਦੇ ਤਾਂ ਦਰਸ਼ਨ ਬਾਗ਼ੀ ਦੇ ਕਮਰੇ ਵਿੱਚ ਸੂਰ ਦਾ ਮੀਟ ਤੇ ਚੌਲ ਰਿੰਨਦੇ ਹੁੰਦੇ ਸਨ। ਮਈ 1968 ਦੇ ਅਖ਼ੀਰ ਜਾਂ ਜੂਨ 1968 ਦੇ ਪਹਿਲੇ ਹਫਤੇ ਦਾ ਜ਼ਿਕਰ ਹੈ ਕਿ ਇਕ ਦਿਨ 15 ਸੈਕਟਰ ਚੰਡੀਗੜ੍ਹ, ਦਰਸ਼ਨ ਬਾਗ਼ੀ ਦੇ ਕਮਰੇ ਵਿੱਚ ਭੂਪਿੰਦਰ ਤੇ ਦਰਸ਼ਨ ਬਾਗ਼ੀ ਅੱਜ ਫੇਰ ਸੂਰ ਦਾ ਮੀਟ ਤੇ ਚੌਲ ਰਿੰਨ੍ਹ ਰਹੇ ਸਨ ਤੇ ਲਾਚੜ ਕੇ ਆਪਸ ਵਿੱਚ ਗੱਲਾਂ ਕਰ ਰਹੇ ਸਨ।

ਭੂਪਿੰਦਰ : "ਆਜ ਹਮਾਰਾ ਜੌਮੇ-ਜਸ਼ਨ ਹੈ।"

ਦਰਸ਼ਨ ਬਾਗ਼ੀ : "ਸੂਅਰ ਕਾ ਬਾਚਾ ਔਰ ਚਾਵਲ ਪੱਕ ਰਹਾ ਹੈ।"

ਭੂਪਿੰਦਰ ਸਿੰਘ : "ਕਾਮਰੇਡ, ਚਲੋ, ਕੋਲਕਟਾ ਚਲੇਂ।"

ਦਰਸ਼ਨ ਬਾਗ਼ੀ : "ਚਾਰੂ ਔਰ ਕਾਨੂੰ ਕੋ ਬਗਲਗੀਰ ਕਰੇਂ।"

ਉਸੇ ਰਾਤ, ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਚੰਡੀਗੜ੍ਹ ਰੇਲਵੇ ਸਟੇਸ਼ਨ ਤੋਂ ਰੇਲਗਡੀ ਵਿੱਚ ਸੁਆਰ ਸਨ, ਕਲਕੱਤੇ ਜਾਣ ਵਾਸਤੇ। ਲੱਗਭਗ 2 ਦਿਨਾਂ ਦੇ ਲੰਮੇ ਸਫਰ ਮਗਰੋਂ ਕਲਕੱਤੇ ਦੇ ਸਟੇਸ਼ਨ 'ਤੇ ਗੱਡੀ ਲੱਗੀ ਤੇ ਦੋਹਾਂ ਨੇ ਟੈਕਸੀ ਫੜੀ ਤੇ ਲਿਬਰੇਸ਼ਨ ਦੇ ਦਫਤਰ ਜਾ ਉਤਰੇ। ਲਿਬਰੇਸ਼ਨ ਦੇ ਦਫ਼ਤਰ ਵਿੱਚ ਬਹੁਤ ਗਹਿਮਾ ਗਹਿਮੀ ਸੀ। ਬਹੁਤੇ ਨੌਜੁਆਨ ਹੀ ਕੰਮ ਕਰ ਰਹੇ ਸਨ, ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਨੂੰ ਵੇਖ ਕੇ ਸਾਰੇ ਕੰਮ ਕਰ ਰਹੇ ਨੌਜੁਆਨਾਂ ਨੇ ਹੈਰਾਨੀ ਨਾਲ, ਇਨਾਂ ਦੋ ਓਭੜ ਨੌਜੁਆਨਾਂ ਵਲ ਵੇਖਿਆ ਤੇ ਸਾਰਿਆਂ ਵਿੱਚੋਂ ਇਕ ਨੌਜੁਆਨ ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਕੋਲ ਆਇਆ ਤੇ ਉਸ ਨੇ ਕਿਹਾ, "ਮੇਰਾ ਨਾਂ ਸੇਨ ਗੁਪਤਾ ਹੈ, ਤੁਹਾਡੀ ਕੀ ਸੇਵਾ ਕਰੀਏ?"

ਭੂਪਿੰਦਰ ਸਿੰਘ ਨੇ ਜਾਣ-ਪਛਾਣ ਕਰਵਾਈ ਕਿ ਇਹ ਦਰਸ਼ਨ ਬਾਗ਼ੀ ਹੈ, ਇਹ ਪਹਿਲਾਂ ਸੀ.ਪੀ.ਆਈ. (ਐਮ) ਦਾ ਪੰਜਾਬ ਭਰ ਵਿੱਚ ਸਟੂਡੈਂਟਸ ਫਰੰਟ ਦਾ ਆਰਗੇਨਾਈਜ਼ਰ ਸੀ ਤੇ ਹੁਣ ਪੰਜਾਬ ਦਾ ਸਾਰਾ ਸਟੂਡੈਂਟਸ ਫਰੰਟ ਨਕਸਲਬਾੜੀ ਲਹਿਰ ਦੇ ਨਾਲ ਆ ਗਿਆ ਹੈ। ਇਹ ਭੂਪਿੰਦਰ ਸਿੰਘ ਹੈ ਤੇ ਇਹ P.hd ਦਾ ਵਿਦਿਆਰਥੀ ਹੈ ਪਰ ਪਿਛਲੇ 2 ਸਾਲ ਤੋਂ P.hd ਨੂੰ ਛੱਡ ਕੇ ਪੰਜਾਬ ਭਰ ਵਿੱਚ



ਵਿਦਿਆਰਥੀਆਂ ਨੂੰ ਦਰਸ਼ਨ ਬਾਗ਼ੀ ਨਾਲ ਮਿਲ ਕੇ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਟਡੀ ਸਰਕਲ ਲਾ ਰਿਹਾ ਹੈ ਅਤੇ ਓਹ ਦੋਵੇਂ ਕਲਕੱਤੇ ਵਿੱਚ ਨਕਸਲਬਾੜੀ ਕੇਂਦਰ ਨਾਲ ਸਬੰਧ ਪੈਦਾ ਕਰਨ ਦੇ ਮਕਸਦ ਨਾਲ ਆਏ ਹਨ। ਇਹ ਸੁਣ ਕੇ ਸੇਨ ਗੁਪਤਾ ਨੇ ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨੂੰ ਗਲਵਕੜੀ ਵਿੱਚ ਲਿਆ ਤੇ ਦੋਹਾਂ ਦੀ ਬਾਕੀ ਨੌਜੁਆਨਾਂ ਨਾਲ ਜਾਣ-ਪਛਾਣ ਕਰਵਾਈ ਕਿ ਇਹ ਦੋਵੇਂ ਕਾਮਰੇਡ ਪੰਜਾਬ ਤੋਂ ਆਏ ਹਨ। ਪੰਜਾਬ ਤੋਂ ਆਏ ਨੌਜੁਆਨਾਂ ਨੂੰ ਮਿਲਣ ਦੀ ਖ਼ੁਸ਼ੀ ਵਿੱਚ ਸੇਨ ਗੁਪਤਾ ਦੀ ਅੱਡੀ ਧਰਤੀ 'ਤੇ ਨਹੀਂ ਸੀ ਲਗਦੀ।

ਸੇਨ ਗੁਪਤਾ ਦਰਮਿਆਨੇ ਕੱਦ ਦਾ ਜਿਥੇ ਸਰੀਰਕ ਤੌਰ ਤੇ ਬਹੁਤ-ਚੁਸਤ ਤੇ ਫੁਰਤੀਲਾ ਸੀ ਓਥੇ ਮਾਨਸਿਕ ਤੌਰ 'ਤੇ ਬੜਾ ਹਾਜ਼ਰ ਜੁਆਬ ਤੇ ਤੀਖਣ ਬੁੱਧੀ ਤੇ ਸੋਚ ਦਾ ਮਾਲਕ ਸੀ। ਮਾਰਕਸਵਾਦ, ਲੈਨਿਨਵਾਦ ਤੇ ਮਾਓ ਵਿਚਾਰਧਾਰਾ ਨਾਲ ਪੂਰੀ ਤਰਾਂ ਲੈਸ ਸੀ। ਭਾਰਤੀ ਰਾਜਸੀ, ਆਰਥਿਕ ਤੇ ਇਨਕਲਾਬੀ ਯੁਧਨੀਤੀ ਤੇ ਬੜੇ ਧੀਰਜ ਤੇ ਸ਼ਾਂਤ ਸੁਭਾਅ ਨਾਲ ਦਲੀਲ ਪੇਸ਼ ਕਰਦਾ ਸੀ ਤੇ ਭਾਵੁਕ ਨਹੀਂ ਸੀ ਹੁੰਦਾ। ਉਸ ਨੇ ਬਾਕੀ ਸਾਥੀਆਂ ਤੋਂ ਛੁੱਟੀ ਲੈ ਕੇ ਤੁਰਤ ਹੀ ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਦੀ ਰਿਹਾਇਸ਼ ਇਕ ਚੰਗੇ ਪਰ ਮੁਨਾਸਬ ਹੋਟਲ ਵਿੱਚ ਕੀਤੀ ਤੇ ਅਗਲੇ ਦਿਨ ਸਵੇਰੇ ਹੀ ਹੋਟਲ ਵਿੱਚ ਆ ਗਿਆ ਤੇ ਦੋਹਾਂ ਨੂੰ ਨਾਸ਼ਤੇ ਲਈ ਲੈ ਗਿਆ।

## ਸੁਸ਼ੀਤਲ ਰਾਏ ਚੌਧਰੀ ਨਾਲ ਮੁਲਾਕਾਤ

ਬੰਗਾਲ ਵਿੱਚ ਦੇਸ਼ ਹਿਤੈਸ਼ੀ ਪਰਚਾ, ਸੀ.ਪੀ.ਆਈ. (ਐਮ) ਦੀ ਆਵਾਜ਼ ਸੀ ਤੇ ਸੁਸ਼ੀਤਲ ਰਾਏ ਚੌਧਰੀ ਇਸ ਪਰਚੇ ਦਾ ਸੰਪਾਦਕ ਸੀ। ਨਕਸਲਬਾੜੀ ਲਹਿਰ ਦੀ ਸ਼ੁਰੂਆਤ ਮਗਰੋਂ ਸੁਸ਼ੀਤਲ ਰਾਏ ਚੌਧਰੀ ਸੀ.ਪੀ.ਆਈ. (ਐਮ) ਛੱਡ ਕੇ ਨਕਸਲਬਾੜੀ ਲਹਿਰ ਦਾ ਅੰਗ ਬਣ ਗਿਆ ਤੇ ਬੰਗਾਲ ਵਿੱਚ ਨਕਸਲਬਾੜੀ ਦੀ ਅਵਾਜ਼ 'ਦੇਸ਼ ਬ੍ਰਤੀ' ਪਰਚੇ ਦਾ ਸੰਪਾਦਕ ਬਣ ਗਿਆ। ਕਲਕੱਤੇ ਦੇ ਆਮ ਸਧਾਰਨ ਇਲਾਕੇ ਵਿੱਚ ਇਕ ਸਧਾਰਨ ਘਰ ਵਿੱਚ ਸੁਸ਼ੀਤਲ ਰਾਏ ਚੌਧਰੀ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਨਾਸ਼ਤੇ ਮਗਰੋਂ ਸੇਨ ਗੁਪਤਾ, ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨੂੰ 12 ਕੁ ਵਜੇ ਸਿੱਧਾ ਸੁਸ਼ੀਤਲ ਰਾਏ ਚੌਧਰੀ ਦਾ, ਦਰਵਾਜ਼ਾ ਖੋਹਲ ਕੇ ਇਸ ਤਰਾਂ ਅੰਦਰ ਦਾਖ਼ਲ ਹੋਇਆ ਜਿਵੇਂ ਕਿ ਓਹ ਆਪਣੇ ਘਰ ਅੰਦਰ ਦਾਖ਼ਲ ਹੋ ਰਿਹਾ ਹੋਵੇ। ਸੁਸ਼ੀਤਲ ਰਾਏ ਚੌਧਰੀ ਦੇ ਹੱਥ ਵਿੱਚ ਇਕ ਮੋਟੀ ਕਿਤਾਬ ਸੀ ਤੇ ਸੱਜੇ ਹੱਥ ਵਿੱਚ ਪੈੱਨ ਤੇ ਨੋਟ ਬੁੱਕ ਸੀ, ਤੇ ਉਸ ਸ਼ਾਂਤ ਸੁਭਾਚਿਤ ਡੂੰਘੀ ਸੋਚ ਦੇ ਸਾਗਰ ਵਿੱਚ ਟੁੱਭੀ ਮਾਰੀ ਹੋਈ ਸੀ ਤੇ ਦਰਵਾਜ਼ਾ ਖੁਲਣ ਤੇ ਜਦੋਂ ਸੇਨ ਗੁਪਤਾ ਨੇ ਨਮਸਕਾਰ ਆਖੀ ਤਾਂ ਸੁਸ਼ੀਤਲ ਰਾਏ ਚੌਧਰੀ ਦੀ ਬਿਰਤੀ ਮੁੜੀ ਤੇ ਉਸ ਨੇ ਸੇਨ ਗੁਪਤਾ ਤੇ ਦੋ

ਓਪਰੇ ਨੌਜੁਆਨਾਂ ਨੂੰ ਜੀ ਆਇਆਂ ਆਖਿਆ, ਉਸ ਮੋਟੀ ਕਿਤਾਬ, ਪੈੱਨ ਤੇ ਨੋਟਬੁਕ ਮੇਜ਼ ਤੇ ਰੱਖੀਆਂ ਤੇ ਸੇਨ ਗੁਪਤਾ ਤੇ ਦੋਹਾਂ ਨਵੇਂ ਨੌਜੁਆਨਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ।

ਸੇਨ ਗੁਪਤਾ ਨੇ ਜਾਣ ਪਛਾਣ ਕਰਵਾਈ ਕਿ ਇਹ ਦਰਸ਼ਨ ਬਾਗ਼ੀ ਹੈ ਜਿਹੜਾ ਪਹਿਲਾਂ ਸੀ.ਪੀ.ਆਈ. (ਐਮ) ਦਾ ਕੁਲਵਕਤੀ ਪੰਜਾਬ ਪੱਧਰ 'ਤੇ ਸਟੂਡੈਂਟਸ ਫਰੰਟ ਦਾ ਆਰਗੇਨਾਈਜ਼ਰ ਸੀ ਤੇ ਹੁਣ ਨਕਸਲਬਾੜੀ ਲਹਿਰ ਨਾਲ ਮਿਲ ਗਿਆ ਹੈ ਅਤੇ ਇਹ ਦੂਜਾ ਨੌਜੁਆਨ ਭੁਪਿੰਦਰ ਸਿੰਘ ਪੀ.ਐਚ.ਡੀ. ਕਰ ਰਿਹਾ ਹੈ ਪਰ ਪਿਛਲੇ 2 ਸਾਲਾਂ ਤੋਂ ਦਰਸ਼ਨ ਬਾਗ਼ੀ ਨਾਲ ਮਿਲ ਕੇ, ਪੰਜਾਬ ਵਿੱਚ ਵਿਦਿਆਰਥੀਆਂ ਵਿੱਚ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਕੂਲ ਲਾ ਰਹੇ ਸਨ ਤੇ ਹਨ। ਹੁਣ ਇਹ ਦੋਵੇਂ ਜਣੇ ਨਕਸਲਬਾੜੀ ਕੇਂਦਰ ਨਾਲ ਸੰਪਰਕ ਪੈਦਾ ਕਰਨ ਦੇ ਮੰਤਵ ਲਈ ਕਲਕੱਤੇ ਆਏ ਹਨ। ਇਹ ਸੁਣ ਕੇ ਸੁਸ਼ੀਤਲ ਰਾਏ ਚੌਧਰੀ ਦੀਆਂ ਅੱਖਾਂ ਰੁਸ਼ਨਾ ਉਠੀਆਂ ਤੇ ਓਹ ਸਾਵਧਾਨ ਹੋ ਕੇ ਕੁਰਸੀ ਤੇ ਬੈਠ ਗਿਆ। ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਨੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀ ਸੰਘਰਸ਼ ਦੇ ਅਗਾਂਹਵਧੂ ਪੱਖ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ 1967 ਦੀਆਂ ਗਰਮੀਆਂ ਤੋਂ ਸੂਬਾ ਪੱਧਰ ਤੇ ਵਿਦਿਆਰਥੀਆਂ ਦਾ ਆਪਣਾ ਮਾਸਿਕ ਪਰਚਾ ਹੈ। ਇਸ ਪਰਚੇ ਵਿੱਚ ਵਿਦਿਆਰਥੀ ਸੰਘਰਸ਼ਾਂ ਤੋਂ ਇਲਾਵਾ ਅਗਾਂਹਵਧੂ ਲੇਖ ਛਾਪੇ ਜਾਂਦੇ ਹਨ। ਇਨਾਂ ਗਲਾਂ ਦੇ ਦੌਰਾਨ ਹੀ ਭੂਪਿੰਦਰ ਸਿੰਘ ਨੇ ਸੁਸ਼ੀਤਲ ਰਾਏ ਚੌਧਰੀ ਨੂੰ ਪੁੱਛਿਆ ਕਿ ਸੀ.ਪੀ.ਆਈ. (ਐਮ) ਦਾ ਰਵੱਈਆ ਨਕਸਲਬਾੜੀ ਲਹਿਰ ਤੇ ਇਸ ਲਹਿਰ ਦੇ ਲੀਡਰਾਂ ਵਲ ਦੁਸ਼ਮਨਾਂ ਵਾਲਾ ਕਿਉਂ ਹੈ?

ਸੁਸ਼ੀਤਲ ਰਾਏ ਚੌਧਰੀ ਨੇ ਕਿਹਾ ਕਿ ਨਕਸਲਬਾੜੀ ਦੀ ਲਹਿਰ ਸੀ.ਪੀ.ਆਈ. (ਐਮ) ਦੇ ਪ੍ਰੋਗਰਾਮ ਤੇ ਨਾਹਰਿਆਂ ਦੇ ਅਧਾਰ 'ਤੇ ਹੀ ਉਸਾਰੀ ਗਈ ਹੈ ਪਰ ਬੰਗਾਲ ਦੀਆਂ ਚੋਣਾਂ ਤੋਂ ਮਗਰੋਂ ਸੀ.ਪੀ.ਆਈ. (ਐਮ) ਨੇ ਜਦੋਂ ਖੱਬੇ ਫਰੰਟ ਦੀ ਸਰਕਾਰ ਬਣਾਈ ਤਾਂ ਤੁਰਤ ਹੀ ਇਸ ਦਾ ਰਵੱਈਆ ਲੋਕਾਂ ਨਾਲ ਗ਼ਦਾਰੀ ਦੇ ਬਰਾਬਰ ਵਾਲਾ ਹੋ ਗਿਆ ਹੈ। ਨਕਸਲਬਾੜੀ ਲਹਿਰ ਨੇ ਭਾਰਤ ਵਿੱਚ ਲੋਕ-ਜਮਹੂਰੀ ਇਨਕਲਾਬ ਦਾ ਰਾਹ ਰੁਸ਼ਨਾਇਆ ਹੈ ਪਰ ਸੀ.ਪੀ.ਆਈ. (ਐਮ) ਨੇ ਇਨਕਲਾਬ ਦੀ ਅਗਵਾਈ ਕਰਨ ਦੀ ਬਜਾਏ ਇਨਕਲਾਬ ਨੂੰ ਕੁਚਲਣ ਦਾ ਰਾਹ ਅਪਨਾਇਆ ਹੈ। ਆਪਣੀ ਗੱਲ ਚਾਲੂ ਰੱਖਦਿਆਂ, ਉਸ ਨੇ ਕਿਹਾ, ਕਿ ਭਾਰਤ ਵਿੱਚ ਅੱਜ ਹਰ ਕਮਿਊਨਿਸਟ ਤੇ ਕਮਿਊਨਿਸਟ ਹਮਦਰਦ ਦਾ ਫਰਜ਼ ਹੈ ਕਿ ਓਹ ਨਕਸਲਬਾੜੀ ਲਹਿਰ ਦੀ ਹਮਾਇਤ ਕਰੇ ਤਾਂ ਕਿ ਇਹ ਲਹਿਰ ਇਕ ਅਜਿਹੇ ਤੂਫ਼ਾਨ ਦਾ ਰੂਪ ਧਾਰਨ ਕਰੇ ਜਿਸ ਵਿੱਚ ਲੋਟੂ ਜਮਾਤ ਗਰਕ ਹੋ ਜਾਵੇ ਤੇ ਭਾਰਤ



ਦੇ ਦੱਬੇ-ਕੁਚਲੇ ਲੋਕਾਂ ਦੀ ਆਸ ਦਾ ਨਵਾਂ ਸੂਰਜ ਚੜ੍ਹੇ। ਸੁਸ਼ੀਤਲ ਰਾਏ ਚੌਧਰੀ ਆਪਣੀ ਕੁਰਸੀ ਤੇ ਬੈਠਾ ਸ਼ਾਂਤ ਸੁਭਾਅ ਇਸ ਤਰਾਂ ਬੋਲ ਰਿਹਾ ਸੀ ਕਿ ਉਸ ਦੇ ਸ਼ਬਦ ਅਹਿਰਨ ਤੇ ਇਕ ਵੱਦਾਣ ਵਾਂਗ ਠਾਹ-ਠਾਹ ਵੱਜ ਰਹੇ ਸਨ ਤੇ ਉਸ ਦੀਆਂ ਅੱਖਾਂ ਵਿੱਚੋਂ ਰੋਹ ਦੇ ਚੰਗਿਆੜੇ, ਉਸ ਦੀਆਂ ਐਨਕਾਂ ਦੇ ਵੱਡੇ-ਵੱਡੇ ਸ਼ੀਸ਼ਿਆਂ ਤੋਂ ਪਾਰ ਹੋ ਰਹੇ ਸਨ। ਉਸ ਦੀ ਸ਼ਖ਼ਸੀਅਤ ਇੰਨੀ ਪ੍ਰਭਾਵਸ਼ਾਲੀ ਸੀ ਕਿ ਮਨੁੱਖ ਤਾਂ ਇਕ ਪਾਸੇ ਰਹੇ, ਪੱਥਰ ਦੇ ਬੁੱਤ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ ਸਨ। ਇਹ ਮਿਲਣੀ ਤੇ ਉਮਰ ਭਰ ਦਾ ਇਹ ਨਿੱਘ, ਮਨੁੱਖੀ ਪੱਖ, ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਦੀ ਜ਼ਿੰਦਗੀ ਦੇ ਅਨਿੱਖੜਵੇਂ ਸਾਥੀ ਬਣ ਗਏ।

ਦੁਪਹਿਰ ਦੇ ਖਾਣੇ ਤੇ ਚਾਹ ਤੋਂ ਮਗਰੋਂ ਤਿੰਨਾਂ ਨੇ ਸੁਸ਼ੀਤਲ ਰਾਏ ਚੌਧਰੀ ਤੋਂ ਛੁੱਟੀ ਲਈ ਤੇ ਅਗਲੇ ਦੋ ਦਿਨ ਸੇਨ ਗੁਪਤਾ ਨੇ ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨੂੰ ਕਲਕੱਤੇ ਦੀਆਂ ਇਤਿਹਾਸਕ ਤੇ ਵੇਖਣ ਯੋਗ ਥਾਵਾਂ ਦੇ ਦਰਸ਼ਨ ਕਰਵਾਏ। ਪਰ ਇਨਾਂ ਥਾਵਾਂ ਦੇ ਦਰਸ਼ਨਾਂ ਤੋਂ ਵੱਧ ਮਹੱਤਵਪੂਰਨ ਸਨ ਕਲਕੱਤੇ ਦੇ ਨੌਜੁਆਨ ਸਰਗਰਮ ਕਮਿਊਨਿਸਟਾਂ ਨਾਲ ਮੀਟਿੰਗਾਂ ਤੇ ਵਾਰਤਾਲਾਪ, ਜਿਨਾਂ ਦਾ ਸਾਰਾ ਪ੍ਰਬੰਧ ਸੇਨ ਗੁਪਤਾ ਨੇ ਕੀਤਾ ਸੀ। ਚੌਥੀ ਰਾਤ ਸੇਨ ਗੁਪਤਾ ਨੇ ਕਲਕੱਤੇ ਦੇ ਮੁਸਲਮਾਨ ਇਲਾਕੇ ਵਿੱਚ ਇਕ ਮੀਟਿੰਗ ਤੇ ਖਾਣੇ ਦਾ ਪ੍ਰਬੰਧ ਕੀਤਾ। ਭੁਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਅਗਲੀ ਸਵੇਰ ਕਲਕੱਤੇ ਨੂੰ ਅਲਵਿਦਾ ਕਹਿ ਰਹੇ ਸਨ ਤੇ ਇਸੇ ਕਰ ਕੇ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਸਾਰੇ ਸਾਥੀਆਂ ਨੂੰ ਨਿੱਘ ਤੇ ਪਿਆਰ ਨਾਲ ਬਗਲਗੀਰ ਹੋਏ ਸਨ ਤੇ ਫਿਰ ਸੇਨ ਗੁਪਤਾ ਨੇ ਲਾਬੀ ਵਿੱਚ ਸੇਜਲ ਅੱਖਾਂ ਨਾਲ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਨੂੰ ਅਲਵਿਦਾ ਆਖੀ। ਉਸ ਵੇਲੇ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਦੀਆਂ ਅੱਖਾਂ ਵੀ ਨਮ ਸਨ।

ਅਗਲੀ ਸਵੇਰ ਕਾਲਕਾ ਮੇਲ ਲਈ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਫੁਰਤੀ ਨਾਲ ਤਿਆਰ ਹੋ ਗਏ, ਨਾਸ਼ਤਾ ਕਰ ਕੇ ਜਦੋਂ ਹੋਟਲ ਦੀ ਲਾਬੀ ਤੋਂ ਬਾਹਰ ਨਿਕਲੇ ਤਾਂ ਓਥੇ ਚਾਰ ਪੰਜ ਕੁਲੀ ਸਨ। ਓਨਾਂ ਨੇ 18-19 ਸਾਲ ਦੇ ਨੌਜੁਆਨ ਨੂੰ ਚੁਣਿਆ ਤੇ ਉਹ 10 ਰੁਪੇ ਵਿੱਚ ਦੋਵੇਂ ਸੂਟਕੇਸ ਰੇਲਵੇ ਸਟੇਸ਼ਨ ਤੇ ਲਿਜਾਣ ਲਈ ਰਜ਼ਾਮੰਦ ਹੋ ਗਿਆ ਤੇ ਉਸ ਨੌਜੁਆਨ ਨੇ ਦੋਵੇਂ ਸੂਟਕੇਸ ਆਪਣੇ ਸਿਰ 'ਤੇ ਚੁਕ ਲਏ ਤੇ ਉਹ ਕਾਹਲੀ ਕਾਹਲੀ ਦੋਹਾਂ ਦੇ ਅੱਗੇ ਅੱਗੇ ਚੱਲ ਪਿਆ। ਬਜ਼ਾਰ ਵਿੱਚ ਜਾਂਦਿਆਂ ਅਗੇ ਇਕ ਥਾਂ ਖ਼ਰਬੂਜ਼ਿਆਂ ਦਾ ਢੇਰ ਸੀ, ਬੜੇ ਦਿਲਕਸ਼ ਤੇ ਲਪਟਾਂ ਮਾਰਦੇ ਸਨ। ਉਸ ਖ਼ਰਬੂਜ਼ਿਆਂ ਦੇ ਢੇਰ ਨੇ ਜਿਵੇਂ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਦੇ ਪੈਰਾਂ ਨੂੰ ਜਕੜ ਲਿਆ ਤੇ ਓਹ ਅਗੇ ਕਦਮ ਨਾ ਪੁਟ ਸਕੇ ਤੇ ਓਹ ਖ਼ਰਬੂਜ਼ੇ ਵੇਖਣ ਵਿੱਚ ਰੁੱਝ ਗਏ ਤੇ ਓਨਾਂ ਤਿੰਨ ਖ਼ਰਬੂਜ਼ੇ ਖਰੀਦੇ ਤੇ ਜਦੋਂ ਧਿਆਨ ਮਾਰਿਆ

ਤਾਂ ਉਹ ਨੌਜੁਆਨ ਦੋਹਾਂ ਸੂਟਕੇਸਾਂ ਨਾਲ ਕਲਕੱਤੇ ਦੀ ਭੀੜ ਵਿੱਚ ਡੁੱਬ ਗਿਆ ਹੋਇਆ ਸੀ। ਦੋਹਾਂ ਨੇ ਇਧਰ ਓਧਰ ਬੜੀ ਭੱਜ-ਨੱਠ ਕੀਤੀ ਪਰ ਕਲਕੱਤੇ ਦੀ ਉਸ ਭੀੜ ਦੇ ਸਾਗਰ ਵਿੱਚ ਦੋ ਸੂਟਕੇਸਾਂ ਨਾਲ ਡੁੱਬਿਆ ਉਹ ਨੌਜੁਆਨ ਕਿਧਰੇ ਵੀ ਨਜ਼ਰ ਨਾ ਆਇਆ ਤੇ ਅਖ਼ੀਰ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਨੇ ਹਾਵੜਾ ਸਟੇਸ਼ਨ ਤੋਂ ਕਾਲਕਾ ਮੇਲ ਫੜੀ ਤੇ ਬਾਹਾਂ ਲਮਕਾਈ ਖ਼ਾਲਮ-ਖ਼ਾਲੀ ਚੰਡੀਗੜ੍ਹ ਪਹੁੰਚੇ।

### ਤੀਜੀ ਮੀਟਿੰਗ

5 ਜੁਲਾਈ 1968 ਨੂੰ ਪਿੰਡ ਭਗਤੂਆਣਾ, ਜ਼ਿਲ੍ਹਾ ਬਠਿੰਡਾ ਵਿੱਚ ਇਹ ਤੀਜੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਜਗਜੀਤ ਸੋਹਲ, ਦਇਆ ਸਿੰਘ, ਦਰਸ਼ਨ ਬਾਗ਼ੀ, ਹਰਭਜਨ ਸੋਹੀ, ਬਾਬੂ ਰਾਮ ਬੈਰਾਗੀ, ਹਾਕਮ ਸਿੰਘ ਸਮਾਉਂ, ਬੰਤ ਸਿੰਘ ਹਾਜ਼ਰ ਸਨ। ਮੀਟਿੰਗ ਰਾਤ ਨੂੰ ਸ਼ੁਰੂ ਹੋਈ ਤੇ ਅਗਲੇ ਦਿਨ ਦੁਪਹਿਰ ਨੂੰ ਸਮਾਪਤ ਹੋਈ। ਦਇਆ ਸਿੰਘ ਨੇ ਦੱਸਿਆ ਕਿ ਕਾਮਰੇਡ ਡਕੌਂਟਾ ਇਸ ਲਹਿਰ ਵਿੱਚ ਭਾਗ ਲੈਣ ਲਈ ਤਿਆਰ ਨਹੀਂ ਕਿਉਂਕਿ ਓਹ ਸੀ.ਪੀ.ਆਈ. (ਐਮ) ਦਾ ਇਨਾਂ ਤਿੱਖਾ ਵਿਰੋਧ ਨਹੀਂ ਚਾਹੁੰਦਾ। ਬੰਤ ਸਿੰਘ ਦੇ ਕੁਝ ਤਿੱਖੇ ਮਤਭੇਦਾਂ ਕਾਰਨ ਮੀਟਿੰਗ ਲਟਕਦੀ ਗਈ। ਅਗਲੇ ਦਿਨ ਕਾਫੀ ਸੋਚ ਵਿਚਾਰ ਮਗਰੋਂ ਬੰਤ ਸਿੰਘ, ਓਨਾਂ ਮੱਤਭੇਦਾਂ ਤੇ ਸਮਝੌਤਾ ਕਰਨ ਲਈ ਮੰਨ ਗਿਆ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਦਇਆ ਸਿੰਘ ਨੂੰ ਪੰਜਾਬ ਕੁਆਰਡੀਨੇਸ਼ਨ ਕਮੇਟੀ ਦਾ ਕਨਵੀਨਰ ਥਾਪਿਆ ਗਿਆ।

### ਚੌਥੀ ਮੀਟਿੰਗ

2 ਅਗਸਤ1968 ਨੂੰ ਹੰਗਾਮੀ ਮੀਟਿੰਗ ਨੂਰਮਹਿਲ, ਕਾਮਰੇਡ ਗੰਧਰਵ ਸੈਨ ਕੋਛੜ ਦੇ ਘਰ ਬੁਲਾਈ ਗਈ। ਇਸ ਮੀਟਿੰਗ ਵਿੱਚ ਗੰਧਰਵ ਸੈਨ ਕੋਛੜ, ਦਇਆ ਸਿੰਘ, ਜਗਜੀਤ ਸੋਹਲ, ਹਰਭਜਨ ਸੋਹੀ, ਬਾਬੂ ਰਾਮ ਬੈਰਾਗੀ, ਹਾਕਮ ਸਿੰਘ ਸਮਾਉਂ ਦਰਸ਼ਨ ਬਾਗ਼ੀ, ਬੰਤ ਸਿੰਘ ਹਾਜ਼ਰ ਸਨ। ਇਸ ਹੰਗਾਮੀ ਮੀਟਿੰਗ ਦਾ ਮੰਤਵ ਸੀ ਕਿ 8 ਅਗਸਤ 1968 ਨੂੰ ਕਲਕੱਤੇ ਆਲ ਇੰਡੀਆ ਕੁਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਤੇ ਜਾਣ ਲਈ ਦੋਂਹ ਪ੍ਰਤੀਨਿਧਾਂ ਦੀ ਚੋਣ ਕਰਨੀ। ਆਮ ਵਿਚਾਰ ਕਰਨ ਤੋਂ ਮਗਰੋਂ ਸਰਬਸੰਮਤੀ ਨਾਲ ਗੰਧਰਵ ਸੈਨ ਕੋਛੜ ਤੇ ਦਰਸ਼ਨ ਬਾਗ਼ੀ ਨੂੰ ਕਲਕੱਤੇ 8 ਅਗਸਤ 1968 ਨੂੰ ਮੀਟਿੰਗ 'ਤੇ ਜਾਣ ਲਈ ਚੁਣਿਆ ਗਿਆ, ਕਿਉਂਕਿ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਪਹਿਲਾਂ ਹੀ ਸੰਪਰਕ ਪੈਦਾ ਕਰ ਚੁਕੇ ਸਨ ਤੇ ਇਸ ਤਰਾਂ ਮੀਟਿੰਗ 'ਤੇ ਪਹੁੰਚਣਾ ਸੌਖਾ ਹੋਵੇਗਾ।



## ਕਲਕੱਤੇ ਵਿੱਚ AICCCR ਦੀ ਮੀਟਿੰਗ

ਇਹ ਮੀਟਿੰਗ 2 ਦਿਨਾਂ ਲਈ 8 ਅਗਸਤ 1968 ਵਿੱਚ, ਬਿਹਾਰ ਤੋਂ ਸਤਿਆ ਨਰਾਇਨ ਸਿਨਹਾ, ਯੂ.ਪੀ. ਤੋਂ ਮਿਸ਼ਰਾ, ਪੰਜਾਬ ਤੋਂ ਗੰਧਰਵ ਸੈਨ ਕੋਛੜ ਤੇ ਦਰਸ਼ਨ ਬਾਗ਼ੀ, ਆਂਧਰਾ ਪ੍ਰਦੇਸ਼ ਤੋਂ ਨਾਗੀ ਰੈਡੀ ਤੇ 2 ਹੋਰ ਸਾਥੀ, ਤਾਮਿਲਨਾਡੂ ਤੋਂ ਅਪੂ ਤੇ 2 ਹੋਰ ਸਾਥੀ, ਬੰਗਾਲ ਤੋਂ ਚਾਰੂ ਮਜ਼ੂਮਦਾਰ, ਕਾਨੂੰ ਸਾਨਿਆਲ ਤੇ ਸੁਸ਼ੀਤਲ ਰਾਏ ਚੌਧਰੀ ਹਾਜ਼ਰ ਸਨ। 2 ਦਿਨ ਮੀਟਿੰਗ ਦੀ ਸਾਰੀ ਕਾਰਵਾਈ ਚਾਰੂ ਮਜ਼ੂਮਦਾਰ ਨੇ ਚਲਾਈ। ਅੱਡੋ-ਅੱਡ ਮੈਂਬਰਾਂ ਦੀ ਰਾਏ ਲੈਣ ਲਈ ਮੀਟਿੰਗ ਦਾ ਕੋਈ ਨਿਸ਼ਚਿਤ ਏਜੰਡਾ ਨਹੀਂ ਸੀ। ਚਾਰੂ ਮਜ਼ੂਮਦਾਰ ਨਿਸ਼ਚਤ ਪਾਲਿਸੀ ਤੇ ਪ੍ਰੋਗਰਾਮ ਦੱਸੀ ਗਿਆ ਤੇ ਲਗਭਗ ਸਾਰੇ ਡੈਲੀਗੇਟ ਸੁਣੀ ਗਏ। ਮੁੱਖ ਤੌਰ 'ਤੇ ਹੇਠ ਲਿਖੇ ਵਿਸ਼ਿਆਂ ਦਾ ਵਿਸਥਾਰ ਚਾਰੂ ਮਜ਼ਮਦਾਰ ਨੇ ਦਿੱਤਾ :

1. ਭਾਰਤ ਵਰਗੇ ਅਰਧ-ਜਗੀਰੂ ਤੇ ਅਰਧ-ਬਸਤੀਵਾਦੀ ਦੇਸ਼ ਦੀ ਲੋਕ-ਯੁਧ ਨੀਤੀ ਵਿੱਚ ਗੁਰੀਲਾ ਯੁੱਧ ਹੀ ਇਕੋ ਇਕ ਯੁੱਧ ਦਾ ਤਰੀਕਾ ਹੋਵੇਗਾ।
2. ਜਮਾਤੀ ਦੁਸ਼ਮਨਾਂ ਦੇ ਸਫ਼ਾਏ ਦੀ ਮੁਹਿੰਮ। ਹਰ ਇਲਾਕੇ ਵਿੱਚ ਗੁਰੀਲਾ ਯੂਨਿਟ ਕਾਇਮ ਕੀਤੇ ਜਾਣ ਤੇ ਇਹ ਗੁਰੀਲਾ ਯੂਨਿਟ ਆਪਣੇ-ਆਪਣੇ ਇਲਾਕੇ ਵਿੱਚੋਂ ਚੁਣ-ਚੁਣ ਕੇ ਆਮ ਹਥਿਆਰਾਂ ਨਾਲ ਜਮਾਤੀ ਦੁਸ਼ਮਣ ਨੂੰ ਖਤਮ ਕਰਕੇ ਅਲੋਪ ਹੋ ਜਾਣ। ਇਸ ਤਰਾਂ ਦੀਆਂ ਗੁਰੀਲਾ ਕਾਰਵਾਈਆਂ ਨਾਲ ਲੋਕ ਉਭਾਰ ਵਧੇਗਾ।
3. ਲੋਕ-ਯੁੱਧ ਦੇ ਦੌਰਾਨ ਹਰ ਕਿਸਮ ਦੀ ਜਨਤਕ ਜੱਥੇਬੰਦੀ ਤੇ ਜਨਤਕ ਲਹਿਰਾਂ ਜਿਵੇਂ ਕਿ ਕਿਸਾਨ ਸਭਾ, ਟਰੇਡ ਯੂਨੀਅਨ ਤੇ ਹਰ ਪੱਧਰ ਦੀਆਂ ਚੋਣਾਂ ਦਾ ਬਾਈਕਾਟ। ਇਹ ਸਾਰੀਆਂ ਸਰਗਰਮੀਆਂ ਤੇ ਕਾਰਵਾਈਆਂ ਸੋਧਵਾਦ ਨੂੰ ਜਨਮ ਦਿੰਦੀਆਂ ਹਨ ਤੇ ਪਾਰਟੀ ਤੇ ਲੋਕਾਂ ਦੀ ਇਨਕਲਾਬੀ ਸਪਰਿਟ ਨੂੰ ਖੁੰਢਾ ਕਰਦੀਆਂ ਹਨ।
4. ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ ਕਮਿਊਨਿਸਟ ਰੈਵੋਲੂਸ਼ਨਰੀਜ਼ (AICCCR), ਦੇਸ਼ ਪੱਧਰ ਤੇ ਸਾਰੇ ਸੂਬਿਆਂ ਦੀਆਂ ਇਨਕਲਾਬੀ ਕਾਰਵਾਈਆਂ ਨਾਲ ਤਾਲਮੇਲ ਕਰੇਗੀ ਪਰ AICCCR ਦਾ ਰੁਤਬਾ ਪਾਰਟੀ ਪੱਧਰ ਦਾ ਨਹੀਂ ਹੋਵੇਗਾ।

5. ਚੀਨ ਦਾ ਚੇਅਰਮੈਨ ਸਾਡਾ ਚੇਅਰਮੈਨ।

ਉਪਰਲੇ ਵਿਸ਼ਿਆਂ 'ਤੇ ਵਿਸਥਾਰ ਦੇਣ ਮਗਰੋਂ ਚਾਰੂ ਮਜ਼ੂਮਦਾਰ ਨੇ ਕਿਹਾ ਕਿ ਕਿਸੇ ਨੇ ਕੋਈ ਸੁਆਲ ਪੁੱਛਣਾ ਹੋਵੇ ਤਾਂ ਦਰਸ਼ਨ ਬਾਗੀ ਨੇ ਹੇਠ ਲਿਖੇ ਸੁਆਲ ਕੀਤੇ :

1. ਚੇਅਰਮੈਨ ਮਾਓ ਨੇ ਕਿਤੇ ਵੀ ਨਹੀਂ ਕਿਹਾ ਕਿ ਅਰਧ-ਜਗੀਰੂ ਤੇ ਅਰਧ-ਬਸਤੀਵਾਦੀ ਦੇਸ਼ ਵਿੱਚ ਗੁਰੀਲਾ ਯੁੱਧ ਹੀ ਇੱਕੋ-ਇਕ ਯੁੱਧ ਦਾ ਤਰੀਕਾ ਹੈ। ਉਸ ਨੇ ਕਿਹਾ ਹੈ ਕਿ ਮੁੱਖ ਲੜਾਈ ਹਥਿਆਰਬੰਦ ਲੜਾਈ ਹੈ ਪਰ ਇਨਕਲਾਬ ਦੀ ਸਫ਼ਲਤਾ ਲਈ ਹੋਰ ਜਨਤਕ ਜੱਥੇਬੰਦੀਆਂ ਤੇ ਜਨਤਕ ਘੋਲ ਬਹੁਤ ਜ਼ਰੂਰੀ ਹਨ। ਚਾਰੂ ਮਜ਼ੂਮਦਾਰ ਨੇ ਕਿਹਾ ਕਿ ਚੀਨ ਦੇ ਪੀਪਲਜ਼ ਡੇਲੀ ਵਿੱਚ ਚੀਨ ਦੀ ਪਾਰਟੀ ਦੇ ਵਾਈਸ ਚੇਅਰਮੈਨ ਲਿਨ ਪਿਆਓ ਦਾ ਲੇਖ ਛਪਿਆ ਹੈ ਤੇ ਉਸ ਲੇਖ ਵਿੱਚ ਲਿਨ ਪਿਆਓ ਨੇ ਲਿਖਿਆ ਹੈ ਕਿ ਅਰਧ-ਜਗੀਰੂ ਤੇ ਅਰਧ-ਬਸਤੀਵਾਦ ਦੇਸ਼ ਵਿੱਚ ਲੋਕ ਯੁੱਧ ਵਿੱਚ ਗੁਰੀਲਾ ਯੁੱਧ ਹੀ ਇਕੋ ਇਕ ਲੜਾਈ ਦਾ ਤਰੀਕਾ ਹੈ ਤੇ ਅਸੀਂ ਸਮਝਦੇ ਹਾਂ ਜੇ ਇਹ ਪਾਰਟੀ ਦੇ ਵਾਈਸ ਚੇਅਰਮੈਨ ਦਾ ਲੇਖ ਹੈ ਤਾਂ ਪਾਰਟੀ ਦੀ ਲਾਈਨ ਹੈ।
2. ਦਰਸ਼ਨ ਬਾਗੀ ਦਾ ਦੂਜਾ ਸੁਆਲ ਸੀ ਕਿ ਬੋਲੀਵੀਆ ਵਿੱਚ ਚੀ ਗੁਵੇਰਾ ਗੁਰੀਲਾ ਫੌਜ ਦਾ ਸਿਧਾਂਤ ਪੇਸ਼ ਕਰਦਾ ਹੈ ਕਿ ਇਕ ਚੁਣੇ ਹੋਏ ਇਲਾਕੇ ਵਿੱਚ ਜਮਾਤੀ ਦੁਸ਼ਮਣ ਤੇ ਗੁਰੀਲਾ ਕਾਰਵਾਈ ਕਰਨ ਨਾਲ ਲੋਕਾਂ ਵਿੱਚ ਉਭਾਰ ਉੱਠੇਗਾ, ਜਿਹੜਾ ਉਭਾਰ ਇਨਕਲਾਬੀ ਲਹਿਰ ਲਈ ਲਾਹੇਵੰਦ ਹੀ ਹੋਵੇਗਾ। ਦੂਜਾ ਸੁਆਲ ਇਹ ਹੈ ਕਿ ਤੁਸੀਂ ਆਖਦੇ ਹੋ ਕਿ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਨੂੰ ਤਿਲਾਂਜਲੀ ਦਿਓ, ਜੇ ਜਨਤਕ ਅਧਾਰ ਹੀ ਨਹੀਂ ਹੋਵੇਗਾ ਤਾਂ ਗੁਰੀਲਾ ਕਾਰਵਾਈ ਤੇ ਪੁਲਸ ਤਸ਼ੱਦਦ ਵਧੇਗਾ, ਜੇ ਲੋਕਾਂ ਵਿੱਚ ਕੋਈ ਥਾਂ ਨਹੀਂ ਤਾਂ ਪੁਲਸ ਤੋਂ ਬਚਣ ਲਈ ਗੁਰੀਲੇ ਪਨਾਹ ਕਿੱਥੇ ਲੈਣਗੇ। ਚਾਰੂ ਮਜ਼ੂਮਦਾਰ ਕੋਲ ਇਨਾਂ ਦੋਹਾਂ ਸੁਆਲਾਂ ਦਾ ਕੋਈ ਤਸੱਲੀਬਖ਼ਸ਼ ਜੁਆਬ ਨਹੀਂ ਸੀ।
3. ਦਰਸ਼ਨ ਬਾਗੀ ਨੇ ਇਨਾਂ ਸ਼ਬਦਾਂ ਨਾਲ ਆਪਣੇ ਖ਼ਦਸ਼ੇ ਪੇਸ਼ ਕੀਤੇ, ਜਮਾਤੀ ਦੁਸ਼ਮਨਾਂ ਦੇ ਸਫਾਏ ਦੀ ਮਹਿਮ ਨਿੱਜੀ ਐਕਸ਼ਨਾਂ ਤੱਕ ਸੀਮਤ ਰਹੇਗੀ, ਪਾਰਟੀ ਲੋਕਾਂ ਨਾਲੋਂ ਟੁੱਟ ਜਾਵੇਗੀ, ਪੁਲਸ ਤਸ਼ੱਦਦ ਦਾ ਸਹਿਣਾ ਔਖਾ ਹੋ ਜਾਵੇਗਾ ਤੇ ਪਾਰਟੀ ਖੱਬੀ ਮਾਅਰਕੇਬਾਜ਼ੀ ਦਾ ਸ਼ਿਕਾਰ ਹੋ ਕੇ ਰਹਿ ਜਾਵੇਗੀ। ਚਾਰੂ ਮਜ਼ੂਮਦਾਰ ਨੇ ਇਸ ਸੁਆਲ ਦਾ ਕੋਈ ਜੁਆਬ ਨਾ ਦਿੱਤਾ ਟਾਲ ਮਟੋਲ ਕਰ ਛੱਡੀ।



ਚਾਰੂ ਮਜ਼ੂਮਦਾਰ ਨੇ ਨਾਗੀ ਰੈਡੀ ਨੂੰ ਸਿੱਧਾ ਸੁਆਲ ਕੀਤਾ ਕਿ ਓਹ ਆਂਧਰਾ ਪ੍ਰਦੇਸ਼ ਦੀ ਅਸੈਂਬਲੀ ਵਿੱਚ ਆਪਣੀ MLA ਦੀ ਪਦਵੀ ਬਾਰੇ ਕੀ ਸੋਚਦਾ ਹੈ? ਨਾਗੀ ਰੈਡੀ ਨੇ ਉਤਰ ਦਿਤਾ ਕਿ ਵਾਪਸ ਜਾ ਕੇ ਓਹ MLA ਦੀ ਪਦਵੀ ਤੋਂ ਅਸਤੀਫਾ ਦੇ ਰਿਹਾ ਹੈ।

ਪਹਿਲੇ ਦਿਨ ਦੀ ਮੀਟਿੰਗ ਤੋਂ ਮਗਰੋਂ ਯੂਪੀ ਦਾ ਮਿਸ਼ਰਾ, ਬਿਹਾਰ ਦਾ ਸਤਿਆ ਨਰਾਇਨ ਸਿਨਹਾ ਤੇ ਪੰਜਾਬ ਦੇ ਗੰਧਰਵ ਸੈਨ ਕੋਛੜ ਤੇ ਦਰਸ਼ਨ ਬਾਗੀ ਇਕ ਬੰਗਾਲੀ ਪਰਿਵਾਰ ਕੋਲ ਠਹਿਰੇ ਤੇ ਅਗਲੇ ਦਿਨ ਮੀਟਿੰਗ ਦੀ ਸਮਾਪਤੀ ਮਗਰੋਂ ਗੰਧਰਵ ਸੈਨ ਕੋਛੜ ਤੇ ਦਰਸ਼ਨ ਬਾਗੀ ਕਲਕੱਤੇ, ਗੰਧਰਵ ਸੈਨ ਕੋਛੜ ਦੇ ਭਤੀਜੇ ਦੇ ਘਰ ਠਹਿਰੇ।

ਅਗਲੇ ਦਿਨ ਗੰਧਰਵ ਸੈਨ ਕੋਛੜ ਤੇ ਦਰਸ਼ਨ ਬਾਗੀ ਵਾਪਸ ਪੰਜਾਬ ਨੂੰ ਮੁੜੇ ਪਰ ਗੰਧਰਵ ਸੈਨ ਕੋਛੜ ਨੇ ਮੀਟਿੰਗ ਬਾਰੇ ਆਪਣੀ ਕੋਈ ਰਾਏ ਨਾ ਦਿੱਤੀ।

# ਵਿਦਿਆਰਥੀ ਲਹਿਰ ਅਤੇ ਵਿਦਿਆਰਥੀ ਸੰਘਰਸ਼ ਮਾਸਿਕ ਪਰਚੇ

ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 1966 ਵਿੱਚ 'ਵਿਦਿਆਰਥੀ ਲਹਿਰ' ਮਾਸਿਕ ਪਰਚਾ ਛਪਣ ਲਗ ਪਿਆ ਸੀ। ਇਸ ਪਰਚੇ ਦਾ ਐਡੀਟਰ ਦਰਸ਼ਨ ਬਾਗ਼ੀ ਸੀ ਤੇ ਇਹ ਪਰਚਾ ਅੰਬਾਲੇ ਤੋਂ ਵਿਦਵਾਨ ਪਰੈਸ ਵਿੱਚ ਸੁਖਿੰਦਰ ਸਿੰਘ, ਜਿਹੜਾ ਅੱਜਕੱਲ ਸੰਵਾਦ (ਕੈਨੇਡਾ) ਦਾ ਐਡੀਟਰ ਹੈ, ਛਾਪਿਆ ਕਰਦਾ ਸੀ। ਵਿਦਿਆਰਥੀ ਲਹਿਰ ਵਿੱਚ ਪੰਜਾਬ ਭਰ ਤੋਂ ਪੀ.ਐਸ.ਯੂ. ਦੀਆਂ ਸਰਗਰਮੀਆਂ ਤੇ ਵਿਦਿਆਰਥੀਆਂ ਦੀਆਂ ਮੰਗਾਂ ਦਾ ਜ਼ਿਕਰ ਹੁੰਦਾ ਸੀ। ਓਨਾ ਦਿਨਾਂ ਵਿੱਚ ਵੀਅਤਨਾਮ ਦੇ ਸੂਰਮੇ ਸਾਮਰਾਜ ਨਾਲ ਕੌਮੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ ਤੇ ਵਿਦਿਆਰਥੀ ਲਹਿਰ ਨੇ ਕਈ ਲੇਖ ਛਾਪ ਕੇ ਪੰਜਾਬ ਦੇ ਵਿਦਿਆਰਥੀਆਂ ਨੂੰ ਵੀਅਤਨਾਮ ਦੀ ਕੌਮੀ ਆਜ਼ਾਦੀ ਤੇ ਅਮਰੀਕਣ ਸਾਮਰਾਜ ਵਿਰੁੱਧ ਭਾਵਨਾਵਾਂ ਨੂੰ ਉਭਾਰਣ ਦਾ ਯਤਨ ਕੀਤਾ ਸੀ। ਇਸ ਪਰਚੇ ਵਿੱਚ ਭਾਰਤੀ ਰਾਜਸੀ ਤੇ ਸਮਾਜਿਕ ਹਾਲਾਤ ਬਾਰੇ ਤੇ ਵਿਦਿਆਰਥੀਆਂ ਦੀ ਰਾਜਸੀ ਚੇਤਨਤਾ ਦੀ ਉਸਾਰੀ ਕਰਨ ਵਾਸਤੇ ਅਗਾਂਗਵਧੂ ਰੁਚੀਆਂ ਦਾ ਪ੍ਰਗਟਾ ਹੋਇਆ ਕਰਦਾ ਸੀ। ਆਰੰਭ ਵਿੱਚ ਇਸ ਪਰਚੇ ਦੀਆਂ 1000 ਕਾਪੀਆਂ ਛਪਦੀਆਂ ਸਨ ਕਿਉਂਕਿ ਉਸ ਵੇਲੇ ਪੀ.ਐਸ.ਯੂ. ਕੋਲ ਪੈਸੇ ਦੀ ਬਹੁਤ ਘਾਟ ਸੀ। ਹੌਲੀ-2 ਇਹ ਪਰਚਾ 1000 ਤੋਂ ਵਧ ਛਪਣ ਲਗ ਪਿਆ ਕਿਉਂਕਿ ਵਿਦਿਆਰਥੀਆਂ ਵਿੱਚ ਇਸ ਦੀ ਮੰਗ ਵਧ ਗਈ ਸੀ।

## ਵਿਦਿਆਰਥੀ ਸੰਘਰਸ਼

1967 ਵਿੱਚ ਵਿਦਿਆਰਥੀਆਂ ਦਾ ਸੰਘਰਸ਼ ਮਈ-ਜੂਨ ਵਿੱਚ ਅਰੰਭ ਹੁੰਦਾ ਹੈ। ਇਸ 1967-68 ਦੇ ਦੌਰ ਦਾ ਸੰਸਾਰ ਪੱਧਰ ਤੇ ਨੌਜੁਆਨਾ ਦਾ ਸੰਘਰਸ਼ ਅੱਡੋ-ਅੱਡ ਦੇਸ਼ਾਂ ਵਿੱਚ ਰਾਜਸੀ ਸੱਤਾ ਨੂੰ ਵੰਗਾਰ ਰਿਹਾ ਸੀ। ਫਰਾਂਸ, ਇੰਗਲੈਂਡ, ਜਰਮਨੀ, ਇਟਲੀ ਵਿੱਚ ਨੌਜੁਆਨ ਵਿਦਿਆਰਥੀ ਸੰਘਰਸ਼ ਨੇ ਰਾਜਸੀ ਸੱਤਾ ਦੀ ਭੂਤਨੀ ਭੁਲਾਈ ਹੋਈ ਸੀ। ਇਸੇ ਹੀ ਦੌਰ ਵਿੱਚ ਪੰਜਾਬ ਦੇ ਵਿਦਿਆਰਥੀਆਂ ਨੇ ਵੀ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਰਾਜਸੀ ਸੱਤਾ ਨੂੰ ਵੰਗਾਰਨਾ ਸ਼ੁਰੂ ਕੀਤਾ ਸੀ।



ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਪੀ.ਐਸ.ਯੂ. ਦੇ ਆਗੂ ਨੌਜੁਆਨ ਵਿਦਿਆਰਥੀਆਂ ਨੂੰ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੇ ਵਾਰਸੋ ਦੇ ਵਿਸ਼ਲੇਸ਼ਣ ਨਾਲ ਸੰਬੋਧਨ ਕਰਦੇ ਸਨ। ਕਾਲਜਾਂ ਤੇ ਯੂਨੀਵਰਸਟੀਆਂ ਦੇ ਜਲਸਿਆਂ ਤੇ ਜਲੂਸਾਂ ਵਿੱਚ ਇਨਕਲਾਬ-ਜ਼ਿੰਦਾਬਾਦ ਦੇ ਨਾਹਰੇ ਗੂੰਜਦੇ ਸਨ।

ਇਸੇ ਸੰਘਰਸ਼ ਦੇ ਜਲੌਅ ਦਾ ਅਸਰ ਸੀ ਕਿ ਪੀ.ਐਸ.ਯੂ. ਦੇ ਬੁਲਾਰੇ 'ਵਿਦਿਆਰਥੀ ਲਹਿਰ' ਨੇ ਆਪਣਾ ਰੰਗ ਰੂਪ ਬਦਲਿਆ ਇਹ ਵਿਦਿਆਰਥੀਆਂ ਦੇ ਸੰਘਰਸ਼ਮਈ ਰਾਹ ਵਿੱਚ ਵਿਦਿਆਰਥੀ ਸੰਘਰਸ਼ ਦੇ ਅਸਲੀ ਕਿਰਦਾਰ ਦਾ ਰੂਪ ਤੇ ਪ੍ਰਗਟਾਅ ਬਣਕੇ **'ਵਿਦਿਆਰਥੀ ਸੰਘਰਸ਼'** ਦੇ ਰੂਪ ਵਿੱਚ ਪੇਸ਼ ਹੋਇਆ। ਵਿਦਿਆਰਥੀ ਸੰਘਰਸ਼ ਦਾ ਐਡੀਟਰ ਦਰਸ਼ਨ ਬਾਗ਼ੀ ਸੀ ਤੇ ਇਸ ਮਾਸਕ ਪਰਚੇ ਨੂੰ ਵੀ ਸੁਖਿੰਦਰ ਹੀ ਅੰਬਾਲੇ ਤੋਂ ਆਪਣੀ ਪ੍ਰੈਸ "ਵਿਦਵਾਨ ਪ੍ਰੈਸ" 'ਤੇ ਛਾਪਦਾ ਸੀ। ਮੇਰੀ ਯਾਦਾਸ਼ਤ ਅਨੁਸਾਰ, ਉਦੋਂ ਸੁਖਿੰਦਰ ਹਾਈ ਸਕੂਲ ਦਾ ਵਿਦਿਆਰਥੀ ਸੀ। ਇਸ ਦਾ ਪਿਤਾ ਦੁੱਧ ਧੋਤੀ ਚਿੱਟੀ ਦਾਹੜੀ ਤੇ ਚਿੱਟੀ ਪੋਚਵੀਂ ਪੱਗ ਬੰਨੀ ਪ੍ਰੈਸ ਵਿੱਚ ਬੈਠਾ ਦਰਸ਼ਨ ਬਾਗ਼ੀ ਨੂੰ ਜੀ ਆਇਆਂ ਆਖਦਾ ਹੁੰਦਾ ਸੀ।

**ਵਿਦਿਆਰਥੀ ਸੰਘਰਸ਼** ਮੈਗਜ਼ੀਨ ਪੰਜਾਬ ਭਰ ਵਿੱਚ ਵਿਦਿਆਰਥੀਆਂ ਵਿੱਚ ਬੜਾ ਮਕਬੂਲ ਹੋਇਆ ਸੀ। ਬੜੇ ਮਾਣ ਤੇ ਫ਼ਖ਼ਰ ਨਾਲ ਇਹ ਕਹਿਣ ਵਿੱਚ ਮੈਨੂੰ ਬਹੁਤ ਸੰਤੁਸ਼ਟੀ ਹੋ ਰਹੀ ਹੈ ਕਿ ਵਿਦਿਆਰਥੀ ਸੰਘਰਸ਼ ਦੀ ਉਮਰ ਅੱਜ 47 ਸਾਲ ਤੋਂ ਉਪਰ ਹੋ ਗਈ ਹੈ। ਗੁਰਸੇਵਕ ਮਾਨ ਜਿਹੜਾ ਆਪਣੇ ਵਿਦਿਆਰਥੀ ਜੀਵਨ ਵਿੱਚ ਪੀ.ਐਸ.ਯੂ. ਲਈ ਜੂਝਦਾ ਰਿਹਾ ਹੈ ਜਦੋਂ, ਉਸ ਨੇ 47 ਸਾਲ ਦੀ ਉਮਰ ਦਾ ਵਿਦਿਆਰਥੀ ਸੰਘਰਸ਼ ਦਰਸ਼ਨ ਬਾਗ਼ੀ ਨੂੰ ਦਿੱਤਾ ਤਾਂ ਦਰਸ਼ਨ ਬਾਗ਼ੀ ਦੀਆਂ ਅੱਖਾਂ ਮਾਣ ਨਾਲ ਰੁਸ਼ਨਾ ਗਈਆਂ।

# 1967 ਵਿੱਚ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਵਿਦਿਆਰਥੀਆਂ ਦਾ ਸੰਘਰਸ਼

1967 ਵਿੱਚ ਦਰਸ਼ਨ ਬਾਗ਼ੀ ਨੇ ਮਹਿੰਦਰਾ ਕਾਲਜ ਪਟਿਆਲਾ ਵਿੱਚ ਐਮ.ਏ. ਇਕਨਾਮਿਕਸ ਦੀਆਂ ਸ਼ਾਮ ਦੀਆਂ ਕਲਾਸਾਂ ਵਿੱਚ ਦਾਖ਼ਲਾ ਲੈ ਲਿਆ ਤੇ ਇਸ ਤਰਾਂ ਓਹ ਪੰਜਾਬੀ ਯੂਨਵਿਰਸਟੀ ਦਾ ਵਿਦਿਆਰਥੀ ਬਣੈ ਗਿਆ। ਸ਼ਾਮ ਦੀਆਂ ਕਲਾਸਾਂ ਓਹ ਕਦੇ-2 ਹੀ ਲਾਉਂਦਾ ਸੀ ਕਿਉਂਕਿ ਆਮ ਰੁਝੇਵਾਂ ਤਾਂ ਪੰਜਾਬ ਪੱਧਰ 'ਤੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਸੀ। ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਦੋਵੇਂ 1967 ਦੇ ਆਰੰਭ ਤੋਂ ਇਕ ਕਿਸਮ ਦੇ ਕੁਲਵਕਤੀ ਸਨ ਕਿਉਂਕਿ ਭੂਪਿੰਦਰ ਸਿੰਘ ਆਪਣੀ ਪੀ.ਐਚ.ਡੀ. ਨੂੰ ਦਿੱਲੀ ਤਲਾਕ ਦੇ ਕ ਤੇ ਗੁਰਦਿਆਲ ਸਿੰਘ, ਨਾਭੇ ਜੈਨ ਸਕੂਲ ਵਿੱਚੋਂ ਆਪਣੀ ਟੀਚਰ ਦੀ ਨੌਕਰੀ ਨੂੰ ਆਖ਼ਰੀ ਚੁੰਮਣ ਦੇ ਕੇ, ਦਰਸ਼ਨ ਬਾਗ਼ੀ ਨਾਲ ਝੋਲਾ ਚੁਕ ਕੇ ਸੂਹੇ ਰਾਹਾਂ ਤੇ ਟੁਰ ਪਏ ਸਨ ਇਨਕਲਾਬ ਲਿਆਉਣ ਵਾਸਤੇ। ਇਹ ਤਿਕੜੀ ਪੰਜਾਬ ਵਿੱਚ ਥਾਂ-2 ਮਾਰਕਸਵਾਦੀ ਵਿਦਿਆਰਥੀਆਂ ਦੇ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਕੂਲ ਲਾਇਆ ਕਰਦੀ ਸੀ। ਇਸ ਦੌਰ ਵਿੱਚ, ਗੁਰਦਿਆਲ ਸਿੰਘ ਤੇ ਭੂਪਿੰਦਰ ਸਿੰਘ ਦੀ ਭਾਰਤੀ ਇਨਕਲਾਬ ਲਈ ਲਗਨ ਤੇ ਵਫਾ ਸ਼ਬਦਾਂ ਵਿੱਚ ਬੇ-ਬਿਆਨ ਹੈ।

ਇਸੇ ਸਾਲ 1967 ਵਿੱਚ ਪਟਿਆਲੇ ਵਿੱਚ ਕਾਲਜਾਂ ਅਤੇ ਪੰਜਾਬੀ ਯੂਨੀਵਰਸਟੀ ਕੈਂਪਸ ਦੇ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ, ਸਾਰੇ ਕਾਲਜ ਤੇ ਯੂਨੀਵਰਸਟੀ ਕੈਂਪਸ ਵਿੱਚ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ। ਰਾਜਿੰਦਰਾ ਮੈਡੀਕਲ ਕਾਲਜ, ਖ਼ਾਲਸਾ ਕਾਲਜ, ਮਹਿੰਦਰਾ ਕਾਲਜ, ਮੋਦੀ ਕਾਲਜ ਤੇ ਪੰਜਾਬੀ ਯੂਨੀਵਰਸਟੀ ਕੈਂਪਸ ਦੇ ਵਿਦਿਆਰਥੀ ਜਲਸੇ ਜਲੂਸਾਂ ਦੀ ਸ਼ਕਲ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ਦੇ ਆਕਾਸ਼ ਗੂੰਜਾਊ ਨਾਹਰਿਆਂ ਨਾਲ ਹਰ ਰੋਜ਼ ਪ੍ਰਦਰਸ਼ਨ ਕਰ ਰਹੇ ਸਨ। ਦਰਸ਼ਨ ਬਾਗ਼ੀ, ਭੂਪਿੰਦਰ ਸਿੰਘ, ਗੁਰਦਿਆਲ ਸਿੰਘ ਇਸ ਇਤਿਹਾਸਕ ਵਿਦਿਆਰਥੀ ਸੰਘਰਸ਼ ਦੀ ਅਗਵਾਈ ਕਰ ਰਹੇ ਸਨ। ਵਿਦਿਆਰਥੀਆਂ ਦੇ ਉਤਸ਼ਾਹ ਤੇ ਏਕਤਾ ਨੂੰ ਦਰਸ਼ਨ ਬਾਗ਼ੀ, ਪੰਜਾਬੀ ਯੂਨੀਵਰਸਟੀ ਕੈਂਪਸ ਦਾ ਲੀਡਰ ਬਲਦੇਵ ਕ੍ਰਿਸ਼ਨ ਅਤੇ ਖ਼ਾਲਸਾ ਕਾਲਜ ਦਾ ਸਿਰਮੌਰ ਆਗੂ



ਅਜਮੇਰ ਸਿੰਘ ਰੰਗੀਲਾ ਆਪਣੇ ਭਾਸ਼ਨਾਂ ਨਾਲ ਉਚਿਆ ਰਹੇ ਸਨ।

ਪੰਜਾਬੀ ਯੂਨੀਵਰਸਟੀ ਕੈਂਪਸ ਵਿੱਚ ਦਰਸ਼ਨ ਬਾਗ਼ੀ ਨੇ ਸੰਘਰਸ਼ ਕਮੇਟੀ ਦੀ ਮੀਟਿੰਗ ਸੱਦੀ ਤੇ ਫੈਸਲਾ ਕੀਤਾ ਗਿਆ ਕਿ ਹੜਤਾਲ ਤੇ ਜਲਸੇ ਜਲੂਸਾਂ ਦੇ ਨਾਲ-2 ਵਿਦਿਆਰਥੀਆਂ ਦੀ ਭੁੱਖ ਹੜਤਾਲ ਅਰੰਭ ਕੀਤੀ ਜਾਵੇ। ਇਸ ਸੁਝਾਅ ਨਾਲ ਸੰਘਰਸ਼ ਕਮੇਟੀ ਦੇ ਸਾਰੇ ਮੈਂਬਰ ਸਹਿਮਤ ਹੋ ਗਏ ਤੇ ਸ਼ੇਰਾਂ ਵਾਲੇ ਦਰਵਾਜ਼ੇ ਅਗੇ ਵਿਦਿਆਰਥੀਆਂ ਦੀ ਭੁੱਖ ਹੜਤਾਲ ਚਲ ਪਈ। 10 ਵਿਦਿਆਰਥੀ 48 ਘੰਟੇ ਦੀ ਭੁੱਖ ਹੜਤਾਲ ਤੇ ਬੈਠਦੇ ਸਨ ਤੇ 48 ਘੰਟੇ ਮਗਰੋਂ 10 ਵਿਦਿਆਰਥੀਆਂ ਦਾ ਦੂਜਾ ਗਰੁਪ ਭੁੱਖ ਹੜਤਾਲ 'ਤੇ ਆ ਬੈਠਦਾ ਸੀ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀਆਂ ਮੰਗਾਂ ਬਾਰੇ ਵੱਡੇ-2 ਪੋਸਟਰ ਤੇ ਪੈਂਫਲਿਟ ਛਪਵਾ ਕੇ ਆਮ ਜਨਤਾ ਵਿੱਚ ਵੰਡੇ ਜਾਂਦੇ ਸਨ। ਵਿਦਿਆਰਥੀ ਸੰਘਰਸ਼ ਪੁਰਅਮਨ ਪਰ ਬੜਾ ਸ਼ਕਤੀਸ਼ਾਲੀ ਤੇ ਵਿਦਿਆਰਥੀ ਏਕਤਾ ਦਾ ਪ੍ਰਤੀਕ ਸੀ। ਪੰਜਾਬ ਦੀਆਂ ਸਾਰੀਆਂ ਅਖ਼ਬਾਰਾਂ ਨੇ ਵਿਦਿਆਰਥੀ ਸੰਘਰਸ਼ ਨੂੰ ਬੜਾ ਉਭਾਰ ਦਿਤਾ ਸੀ।

ਇਸ ਸੰਘਰਸ਼ ਵਿੱਚ ਵਿਦਿਆਰਥੀਆਂ ਦੀ ਮੁੱਖ ਮੰਗ ਸੀ ਕਿ ਪੰਜਾਬੀ ਯੂਨੀਵਰਸਟੀ ਕੈਂਪਸ ਤੇ ਪੰਜਾਬੀ ਯੂਨੀਵਰਸਟੀ ਨਾਲ ਲਗਦੇ ਸਾਰੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਚੁਣੀ ਹੋਈ ਸਟੂਡੈਂਟਸ ਯੂਨੀਅਨ ਨੂੰ ਮਾਨਤਾ ਦਿੱਤੀ ਜਾਵੇ ਕਿਉਂਕਿ ਕਿਸੇ ਵੀ ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਚੁਣੀ ਹੋਈ ਸਟੂਡੈਂਟਸ ਯੂਨੀਅਨ ਨਹੀਂ ਸੀ ਹੁੰਦੀ।

ਦੂਜੀ ਵੱਡੀ ਮੰਗ ਸੀ ਕਾਲਜ ਤੇ ਯੂਨੀਵਰਸਟੀ ਅਧਿਕਾਰੀ, ਵਿਦਿਆਰਥੀਆਂ ਨਾਲ ਸਬੰਧਿਤ ਵਿਸ਼ਿਆਂ ਤੇ ਸਟੂਡੈਂਟਸ ਯੂਨੀਅਨ ਨਾਲ ਸਲਾਹ ਮਸ਼ਵਰੇ ਕਰਿਆ ਕਰਨ ਤਾਂਕਿ ਇਸ ਤਰੀਕੇ ਨਾਲ ਵਿੱਦਿਅਕ ਖੇਤਰ ਵਿੱਚ ਵਿਦਿਆਰਥੀਆਂ ਦੀ ਸੂਝ ਵਿੱਚ ਵਾਧਾ ਹੋਵੇ।

ਤੀਜੀ ਮੰਗ ਸੀ ਕਿ ਵਧੀਆਂ ਹੋਈਆਂ ਫੀਸਾਂ ਘੱਟ ਕੀਤੀਆਂ ਜਾਣ। ਵਿਦਿਆਰਥੀ ਸੰਘਰਸ਼ ਬੜੇ ਤਾਅ ਵਿੱਚ ਸੀ ਪਰ ਪ੍ਰਸਾਸ਼ਨ ਬਿਲਕੁਲ ਹਿੱਲ ਹੀ ਨਹੀਂ ਸੀ ਰਿਹਾ। ਇਸ ਪ੍ਰਸੰਗ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੰਜਾਬ ਦੇ ਸੂਬਾ ਮਾਰਕਸਵਾਦੀ ਯੂਨਿਟ ਦੀ ਐਮਰਜੈਂਸੀ ਮੀਟਿੰਗ ਸੱਦੀ ਗਈ ਤੇ ਸਾਰੇ ਹਾਲਾਤ ਦਾ ਰੀਵਿਊ ਕੀਤਾ ਗਿਆ ਤੇ ਫੈਸਲਾ ਹੋਇਆ ਕਿ ਜੇ ਸੰਘਰਸ਼ ਬਹੁਤ ਲੰਮਾ ਹੋ ਗਿਆ ਤਾਂ ਇਸ ਦੇ ਫੇਲ੍ਹ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਹਾਲਤ ਵਿੱਚ ਮਾਰਕਸਵਾਦੀ ਯੂਨਿਟ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੂੰ ਮਿਲਿਆ ਜਾਵੇ।

# ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨਾਲ ਮੀਟਿੰਗ

ਪਤਾ ਕਰਨ 'ਤੇ ਪਤਾ ਲਗਾ ਕਿ ਮੁੱਖ ਮੰਤਰੀ ਲੁਧਿਆਣੇ ਹੈ। ਤੁਰਤ ਹੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਡੈਪੂਟੇਸ਼ਨ, ਜਿਸ ਵਿੱਚ ਦਰਸ਼ਨ ਬਾਗੀ, ਭੁਪਿੰਦਰ ਸਿੰਘ, ਪੰਜਾਬੀ ਯੂਨੀਵਰਸਟੀ ਕੈਂਪਸ ਤੋਂ ਬਲਦੇਵ ਕ੍ਰਿਸ਼ਨ, ਖ਼ਾਲਸਾ ਕਾਲਜ ਤੋਂ ਅਜਮੇਰ ਸਿੰਘ ਰੰਗੀਲਾ, ਰਾਜਿੰਦਰਾ ਮੈਡੀਕਲ ਕਾਲਜ ਤੋਂ ਡਾ. ਸੰਤੋਖ ਸਿੰਘ, ਹਰਭਜਨ ਹਲਵਾਰਵੀ, ਇੰਦਰਜੀਤ ਬਿੱਟੂ, ਗੁਰਦਿਆਲ ਸਿੰਘ ਲੁਧਿਆਣੇ ਪੁੱਜੇ ਤੇ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਮੰਗਿਆ। ਜਦੋਂ ਮੁੱਖ ਮੰਤਰੀ ਦੇ ਪੀ.ਏ. ਨੇ ਦੱਸਿਆ ਕਿ ਪੰਜਾਬ ਸਟੂਡੈਂਟਸ ਯੂਨੀਅਨ ਦਾ ਡੈਪੂਟੇਸ਼ਨ ਹੈ ਤਾਂ ਮੁਖ ਮੰਤਰੀ ਨੇ ਸਹਿਜੇ ਹੀ ਮਿਲਣਾ ਮੰਨ ਲਿਆ।

ਲੁਧਿਆਣੇ ਰੈਸਟ ਹਾਊਸ ਵਿੱਚ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨਾਲ ਮੀਟਿੰਗ ਹੋਈ ਤੇ ਡੈਪੂਟੇਸ਼ਨ ਦੇ ਮੁਖੀ ਤੇ ਪੀ ਐਸ.ਯੂ ਦੇ ਜਨਰਲ ਸੈਕਟਰੀ ਦੀ ਹੈਸੀਅਤ ਵਿੱਚ ਦਰਸ਼ਨ ਬਾਗੀ ਨੇ ਪਹਿਲਾਂ ਡੈਪੂਟੇਸ਼ਨ ਦੇ ਮੈਂਬਰਾਂ ਦੀ ਜਾਣ ਪਛਾਣ ਕਰਵਾਈ ਤੇ ਫਿਰ ਬੜੇ ਵਿਸਥਾਰ ਨਾਲ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਵਿਦਿਆਰਥੀਆਂ ਦੀਆਂ ਮੰਗਾਂ ਤੇ ਵਿਦਿਆਰਥੀ ਸੰਘਰਸ਼ ਨੂੰ ਬਿਆਨ ਕੀਤਾ।

ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ ਬੜੀ ਸੰਜੀਦਗੀ ਤੇ ਹਮਦਰਦਾਨਾ ਅੰਦਾਜ਼ ਵਿੱਚ ਪੀ.ਐਸ.ਯੂ. ਦੇ ਡੈਲੀਗੇਸ਼ਨ ਦੀਆਂ ਗੱਲਾਂ ਸੁਣੀਆਂ। ਉਸ ਨੇ ਪੰਜਾਬੀ ਯੂਨੀਵਰਸਟੀ ਕੈਂਪਸ ਦੇ ਬਲਦੇਵ ਕ੍ਰਿਸ਼ਨ, ਡਾ. ਸੰਤੋਖ ਸਿੰਘ ਰਾਜਿੰਦਰਾ ਮੈਡੀਕਲ ਕਾਲਜ ਤੇ ਖ਼ਾਲਸਾ ਕਾਲਜ ਦੇ ਅਜਮੇਰ ਸਿੰਘ ਰੰਗੀਲੇ, ਭੁਪਿੰਦਰ ਸਿੰਘ ਤੇ ਹਰਭਜਨ ਹਲਵਾਰਵੀ ਜਿਹੜਾ ਕਿ ਸਰਕਾਰੀ ਕਾਲਜ ਲੁਧਿਆਣੇ ਦਾ ਵਿਦਿਆਰਥੀ ਸੀ, ਨਾਲ ਵੀ ਗੱਲਾਂ ਕੀਤੀਆਂ ਤੇ ਆਪਣੇ ਵਿਚਾਰ ਵੀ ਦੱਸੇ ਕਿ ਉਸ ਦੀ ਸਮਝ ਅਨੁਸਾਰ ਵਿਦਿਆਰਥੀਆਂ ਦੀਆਂ ਮੰਗਾਂ ਬੜੀਆਂ ਜਾਇਜ਼ ਲਗਦੀਆਂ ਹਨ ਤੇ ਉਸ ਨੇ ਬੜੀ ਖ਼ੁਸ਼ੀ ਪ੍ਰਗਟਾਈ ਕਿ ਪੀ.ਐਸ.ਯੂ. ਉਸ ਨੂੰ ਦਖ਼ਲ ਦੇਣ ਲਈ ਆਖ ਰਹੀ ਹੈ। ਮਖੌਲੀਆ ਲਹਿਜੇ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ "ਮੈਨੂੰ ਸਾਰਾ ਪਤੈ ਕਿ ਤੁਸੀਂ ਸਾਰੇ ਕਮਿਊਨਿਸਟ ਵਿਚਾਰਾਂ ਦੇ ਧਾਰਨੀ ਹੋ ਪਰ ਤੁਸੀਂ ਚੰਗਾ ਕੰਮ ਕਰ ਰਹੇ ਹੋ ਤੇ ਮੈਂ ਵਿੱਚ ਪੈ ਕੇ ਸਮਝੌਤਾ ਕਰਾਉਣ ਲਈ ਤਿਆਰ ਹਾਂ। ਪਰ ਅਸੀਂ ਇਥੇ ਫੈਸਲਾ ਕਰ ਲਈਏ ਕਿ ਪੰਜਾਬੀ ਯੂਨੀਵਰਸਟੀ ਤੋਂ ਕਿਹੜੀਆਂ



ਮੰਗਾਂ ਮੰਨਵਾ ਕੇ ਸਮਝੌਤਾ ਕੀਤਾ ਜਾਵੇ।"

ਮੁੱਖ ਮੰਤਰੀ ਨੇ ਸੁਝਾ ਦਿਤਾ ਕਿ ਤੁਹਾਡੀਆਂ ਦੋ ਮੰਗਾਂ ਹਨ :

ਪੰਜਾਬੀ ਯੂਨੀਵਰਸਟੀ ਕੈਂਪਸ ਤੇ ਇਸ ਨਾਲ ਸਬੰਧਤ ਸਾਰੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਚੁਣੀ ਹੋਈ ਸਟੂਡੈਂਟਸ ਯੂਨੀਅਨ ਨੂੰ ਮਾਨਤਾ ਦਿੱਤੀ ਜਾਵੇ, ਵਧੀਆਂ ਹੋਈਆਂ ਫੀਸਾਂ ਘੱਟ ਕੀਤੀਆਂ ਜਾਣ।

ਮੇਰੀ ਰਾਏ ਅਨੁਸਾਰ ਜੇ ਪੀ.ਐਸ.ਯੂ. ਰਜ਼ਾਮੰਦ ਹੋਵੇ ਤਾਂ ਪਹਿਲੀ ਮੰਗ ਮਨਾ ਲਈ ਜਾਵੇ ਤੇ ਦੂਜੀ ਮੰਗ 'ਤੇ ਪੜਤਾਲੀਆ ਕਮੇਟੀ ਨਿਯੁਕਤ ਕੀਤੀ ਜਾਵੇ ਜਿਸ ਵਿੱਚ ਚੁਣੀ ਹੋਈ ਸਟੂਡੈਂਟਸ ਯੂਨੀਅਨ ਦੇ 3 ਨੁਮਾਇੰਦੇ ਹੋਣ ਤੇ ਇਹ ਪੜਤਾਲੀਆ ਕਮੇਟੀ ਫੀਸਾਂ ਦੀ ਛਾਣਬੀਨ ਕਰ ਕੇ ਸਿਫਾਰਸ਼ ਕਰੇ ਕਿ ਕਿੰਨੀਆਂ ਫੀਸਾਂ ਘੱਟ ਕੀਤੀਆਂ ਜਾਣ। ਪੀ.ਐਸ.ਯੂ. ਦਾ ਡੈਲੀਗੇਸ਼ਨ ਇਸ ਰਾਏ ਨਾਲ ਸਹਿਮਤ ਹੋ ਗਿਆ ਸਮਝੌਤਾ ਕਰਨ ਵਾਸਤੇ। ਇਸ ਫੈਸਲੇ ਮਗਰੋਂ ਮੁੱਖ ਮੰਤਰੀ ਨੇ ਆਪਣੇ ਪੀ.ਏ. ਨੂੰ ਬੁਲਾ ਕੇ ਕਿਹਾ ਕਿ ਉਹ ਹੁਣੇ ਹੀ ਪੰਜਾਬੀ ਯੂਨੀਵਰਸਟੀ ਦੇ ਵਾਈਸ ਚਾਂਸਲਰ ਕਿਰਪਾਲ ਸਿੰਘ ਨਾਰੰਗ ਨੂੰ ਫੋਨ ਕਰਕੇ ਅਗਲੇ ਦਿਨ ਦੀ 1 ਵਜੇ ਦੁਪਹਿਰ ਮਗਰੋਂ ਦੀ ਮੀਟਿੰਗ ਨਿਸ਼ਚਤ ਕਰ ਦੇਵੇ ਕਿ ਪੀ.ਐਸ.ਯੂ. ਦੇ ਡੈਪੂਟੇਸ਼ਨ ਅਤੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੂੰ ਮਿਲੇ, ਉਸ ਦੇ ਦਫਤਰ ਵਿੱਚ ਤੇ ਕਿਹੜੀਆਂ ਮੰਗਾਂ ਤੇ ਸਮਝੌਤਾ ਕਰਨਾ ਹੈ, ਇਹ ਸਾਰਾ ਕੁਝ ਉਸ ਨਾਲ ਸਾਂਝਾ ਕਰ ਲਵੇ।

# ਪੀ.ਐਸ.ਯੂ. ਦੀ ਮੁੱਖ ਮੰਤਰੀ ਤੇ ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਨਾਲ ਮੀਟਿੰਗ

ਅਗਲੇ ਦਿਨ ਪੰਜਾਬੀ ਯੂਨੀਵਰਸਟੀ ਕੈਂਪਸ ਪਟਿਆਲਾ ਵਿੱਚ ਵੀ.ਸੀ ਕਿਰਪਾਲ ਸਿੰਘ ਨਾਰੰਗ ਦੇ ਦਫ਼ਤਰ ਵਿੱਚ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ, ਉਸ ਦਾ ਪੀ.ਏ. ਤੇ ਕਿਰਪਾਲ ਸਿੰਘ ਨਾਰੰਗ, ਉਸ ਦਾ ਸੈਕਰੇਟਰੀ ਤੇ ਪੀ.ਐਸ.ਯੂ ਦਾ ਡੈਪੂਟੇਸ਼ਨ ਜਿਸ ਵਿੱਚ ਹਾਜ਼ਰ ਸਨ ਦਰਸ਼ਨ ਬਾਗ਼ੀ, ਭੁਪਿੰਦਰ ਸਿੰਘ, ਬਲਦੇਵ ਕ੍ਰਿਸ਼ਨ, ਡਾ. ਸੰਤੋਖ ਸਿੰਘ, ਅਜਮੇਰ ਸਿੰਘ ਰੰਗੀਲਾ, ਹਰਭਜਨ ਹਲਵਾਰਵੀ, ਇੰਦਰਜੀਤ ਸਿੰਘ ਬਿੱਟੂ, ਸੁਰਿੰਦਰ ਸਿੰਘ ਚਾਹਲ, ਸ਼ਮਸ਼ੇਰ ਸਿੰਘ (ਸ਼ੇਰੀ)।

ਮੀਟਿੰਗ ਅਰੰਭ ਹੋਈ ਤੇ ਕਿਰਪਾਲ ਸਿੰਘ ਨਾਰੰਗ ਨੇ ਪੀ.ਐਸ.ਯੂ. ਦੇ ਡੈਪੂਟੇਸ਼ਨ ਦੇ ਮੈਂਬਰ ਦੇ ਨਾਵਾਂ ਤ ਕਾਲਜਾਂ ਆਦਿ ਦੇ ਨਾਵਾਂ ਦਾ ਵੇਰਵਾ ਪੁੱਛਿਆ ਤੇ ਦਰਸ਼ਨ ਬਾਗ਼ੀ ਨੇ, ਜਿਹੜਾ ਡੈਪੂਟੇਸ਼ਨ ਦਾ ਮੁੱਖ ਨੁਮਾਇੰਦਾ ਸੀ, ਸਾਰੇ ਮੈਂਬਰਾਂ ਦੇ ਨਾਵਾਂ ਦਾ ਵੇਰਵਾ ਦੱਸਿਆ। ਜਿਵੇਂ ਕਿ ਦਰਸ਼ਨ ਬਾਗ਼ੀ ਮਹਿੰਦਰਾ ਕਾਲਜ ਪਟਿਆਲਾ, ਬਲਦੇਵ ਕ੍ਰਿਸ਼ਨ ਪੰਜਾਬੀ ਯੂਨਵਿਰਸਟੀ ਕੈਂਪਸ, ਅਜਮੇਰ ਸਿੰਘ ਰੰਗੀਲਾ ਖ਼ਾਲਸਾ ਕਾਲਜ ਪਟਿਆਲਾ, ਡਾ. ਸੰਤੋਖ ਸਿੰਘ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ, ਹਰਭਜਨ ਹਲਵਾਰਵੀ ਤੇ ਇੰਦਰਜੀਤ ਸਿੰਘ ਬਿੱਟੂ ਸਰਕਾਰੀ ਕਾਲਜ ਲੁਧਿਆਣਾ, ਸੁਰਿੰਦਰ ਸਿੰਘ ਚਾਹਲ ਹਿੰਦੂ ਕਾਲਜ ਅੰਮ੍ਰਿਤਸਰ ਤੇ ਸ਼ਮਸ਼ੇਰ ਸਿੰਘ (ਸ਼ੇਰੀ) ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਆਖ਼ਰੀ ਨਾਂ ਸੀ ਭੂਪਿੰਦਰ ਸਿੰਘ ਜਿਹੜਾ ਕਿਸੇ ਕਾਲਜ ਦਾ ਵਿਦਿਆਰਥੀ ਨਹੀਂ ਸੀ ਪਰ ਪੀ ਐਚ.ਡੀ. ਦਾ ਵਿਦਿਆਰਥੀ ਸੀ। ਵੀ.ਸੀ. ਦੇ ਸੈਕਰੇਟਰੀ ਨੇ ਸਾਰੇ ਨਾਂ ਵੇਰਵੇ ਅਨੁਸਾਰ ਆਪਣੀ ਡਾਇਰੀ ਵਿੱਚ ਲਿਖ ਲਏ ਤੇ ਅਚਾਨਕ ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਦੀ ਅੱਖ ਭੂਪਿੰਦਰ ਸਿੰਘ ਤੇ ਆ ਕੇ ਰੁਕ ਗਈ ਤੇ ਉਸ ਨੇ ਭੁਪਿੰਦਰ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਭੁਪਿੰਦਰ ਸਿੰਘ ਡੈਪੂਟੇਸ਼ਨ ਵਿੱਚ ਨਹੀਂ ਹੋਣਾ ਚਾਹੀਦਾ ਕਿਉਂਕਿ "ਮੈਂ ਭੂਪਿੰਦਰ ਸਿੰਘ ਨੂੰ ਵਿਦਿਆਰਥੀ ਨਹੀਂ ਮੰਨਦਾ।"

ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ ਦਰਸ਼ਨ ਬਾਗ਼ੀ ਵਲ ਵੇਖਿਆ ਤੇ ਇਸੇ ਦੌਰਾਨ ਦਰਸ਼ਨ ਬਾਗ਼ੀ ਨੇ ਪੀ.ਐਸ.ਯੂ. ਦੇ ਡੈਪੂਟੇਸ਼ਨ ਦਾ ਮੁਖੀ ਹੋਣ ਦੇ ਰੂਪ ਵਿੱਚ ਭੂਪਿੰਦਰ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਮੀਟਿੰਗ ਵਿੱਚੋਂ ਬਾਹਰ ਚਲਾ



ਜਾਵੇ। ਦਰਸ਼ਨ ਬਾਗ਼ੀ ਦਾ ਇਹ ਫੈਸਲਾ ਇਸ ਕਰਕੇ ਸੀ ਕਿ ਇਸ ਵਿਸ਼ੇ ਨੂੰ ਮੁੱਖ ਵਿਸ਼ਾ ਬਣਾ ਕੇ ਮੀਟਿੰਗ ਨਾ ਗੁਆਈ ਜਾਵੇ। ਭੂਪਿੰਦਰ ਸਿੰਘ ਦੇ ਬਾਹਰ ਚਲੇ ਜਾਣ ਮਗਰੋਂ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ ਦਰਸ਼ਨ ਬਾਗ਼ੀ ਨੂੰ ਪੀ.ਐਸ.ਯੂ. ਦੀਆਂ ਮੰਗਾਂ ਵੀ. ਸੀ. ਦੇ ਅੱਗੇ ਰੱਖਣ ਲਈ ਕਿਹਾ ਤੇ ਦਰਸ਼ਨ ਬਾਗੀ ਨੇ ਹੇਠ ਲਿਖੇ ਵੇਰਵੇ ਅਨੁਸਾਰ ਮੰਗਾਂ ਪੇਸ਼ ਕੀਤੀਆਂ।

ਆਨਰਏਬਲ ਮੁੱਖ ਮੰਤਰੀ ਜੀ ਤੇ ਸਤਿਕਾਰਯੋਗ ਵਾਈਸ ਚਾਂਸਲਰ ਸਾਹਿਬ, ਸਾਡਾ ਦੇਸ਼ ਜਮਹੂਰੀ ਹੈ। ਹਰ ਪੰਜ ਸਾਲਾਂ ਮਗਰੋਂ ਲੋਕ, ਭਾਰਤੀ ਸਰਕਾਰ ਨੂੰ ਵੋਟਾਂ ਪਾ ਕੇ ਚੁਣਦੇ ਹਨ। ਯੂਨੀਵਰਸਟੀਆਂ ਤੇ ਕਾਲਜਾਂ ਦੇ ਪ੍ਰਬੰਧਕਾਂ ਦੀ ਵਿੱਦਿਅਕ ਤੇ ਇਖ਼ਲਾਕੀ ਜ਼ੁੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਦੇਸ਼ ਦੀ ਜਮਹੂਰੀਅਤ ਨੂੰ ਭਵਿੱਖ ਵਿੱਚ ਸੰਭਾਲਣ ਦੀ ਸਿੱਖਿਆ ਦੇਣ। ਇਸ ਟੀਚੇ ਨੂੰ ਪੂਰਾ ਕਰਨ ਲਈ :

ਪੰਜਾਬੀ ਯੂਨੀਵਰਸਟੀ ਕੈਂਪਸ ਤੇ ਇਸ ਯੂਨੀਵਰਸਟੀ ਨਾਲ ਸਾਰੇ ਸਬੰਧਿਤ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਚੁਣੀ ਹੋਈ ਸਟੂਡੈਂਟਸ ਯੂਨੀਅਨ ਹੋਣੀ ਚਾਹੀਦੀ ਹੈ ਤਾਂ ਕਿ ਆਪਣੇ ਵਿਦਿਆਰਥੀ ਜੀਵਨ ਵਿੱਚ ਹੀ ਵਿਦਿਆਰਥੀ ਜਮਹੂਰੀ ਤੌਰ ਤਰੀਕਿਆਂ ਨੂੰ ਵਰਤਣ ਤੇ ਇਸ ਤੋਂ ਜਾਣੂ ਹੋਣ। ਇਸ ਤਰਾਂ ਭਵਿੱਖ ਵਿੱਚ ਦੇਸ਼ ਦੀ ਰਾਜਨੀਤੀ ਵਿੱਚ ਅਗਾਂਹਵਧੂ ਜ਼ੁੰਮੇਵਾਰੀਆਂ ਨਿਭਾ ਸਕਣ ਦੀ ਸਿੱਖਿਆ ਲੈਣ।

ਦੂਜੀ ਮੰਗ ਵੀ ਬੜੀ ਜਾਇਜ਼ ਹੈ, ਵਿੱਦਿਅਕ ਪਾਲਸੀਆਂ ਵਿੱਚ ਯੂਨੀਵਰਸਟੀ ਤੇ ਵਿਦਿਆਰਥੀਆਂ ਵਿੱਚ ਸਲਾਹ ਮਸ਼ਵਰੇ ਹੋਣੇ ਚਾਹੀਦੇ ਹਨ ਤਾਂ ਕਿ ਵਿਦਿਆਰਥੀਆਂ ਦੀ ਵਿਦਿਅਕ ਪਾਲਸੀ ਤਹਿ ਕਰਨ ਵਿੱਚ ਹਿੱਸੇਦਾਰੀ ਹੋਵੇ।

ਤੀਜੀ ਮਗ ਕਾਲਜਾਂ ਤੇ ਯੂਨੀਵਰਸਟੀ ਵਿੱਚ ਫੀਸਾਂ ਦੇ ਵਾਧੇ 'ਤੇ ਰੋਕ ਹੋਣੀ ਚਾਹੀਦੀ ਹੈ ਤੇ ਗ਼ਰੀਬ ਵਿਦਿਆਰਥੀਆਂ ਖ਼ਾਸ ਕਰ ਕੇ ਪੇਂਡੂ ਪਿਛੋਕੜ ਦੇ ਗ਼ਰੀਬ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ ਹੋਣੀਆਂ ਚਾਹੀਦੀਆਂ ਹਨ ਜਾਂ ਆਮ ਫੀਸਾਂ ਨਾਲੋਂ ਘੱਟ ਹੋਣੀਆਂ ਚਾਹੀਦੀਆਂ ਹਨ।

ਵੀ.ਸੀ. ਦੇ ਦਫ਼ਤਰ ਦੇ ਆਲੇ-ਦੁਆਲੇ ਪੰਜਾਬ ਪੁਲਸ ਦੇ ਲਗਪਗ 60-70 ਅਫਸਰ ਤਾਇਨਾਤ ਸਨ ਤੇ ਇਸ ਤੋਂ ਇਲਾਵਾ 6-7 ਜੀਪਾਂ ਤੇ 2-3 ਵੱਡੀਆਂ ਪੁਲਸ ਦੀਆਂ ਬੱਸਾਂ ਵੀ ਲਾਈਨ ਵਿੱਚ ਖਲੋਤੀਆਂ ਸਨ। ਮੁੱਖ ਮੰਤਰੀ ਦੇ ਆਉਣ ਤੇ 2-3 ਪੁਲਸ ਇੰਸਪੈਕਟਰਾਂ ਨੇ ਪੁਲਸ ਗਾਰਦ ਨਾਲ ਮੁੱਖ ਮੰਤਰੀ ਨੂੰ ਸਲਾਮੀ ਦਿੱਤੀ ਤੇ ਵੀ.ਸੀ. ਦੇ ਦਫ਼ਤਰ ਦੇ ਆਲੇ-ਦੁਆਲੇ ਦੀ ਪੂਰੀ ਨਾਕਾਬੰਦੀ ਕਰ ਕੇ ਪੁਲਸ ਤਿਆਰ-ਬਰ-ਤਿਆਰ ਸੀ ਕਿ ਜੇ ਮੀਟਿੰਗ ਵਿੱਚ ਸਮਝੌਤਾ ਨਾ ਹੋਇਆ ਤਾਂ ਪੀ.ਐਸ.ਯੂ. ਦੇ ਡੈਪੂਟੇਸ਼ਨ ਦੇ ਸਾਰੇ ਮੈਂਬਰ ਪੁਲਸ ਹਿਰਾਸਤ ਵਿੱਚ ਲੈ

ਲਵੇਗੀ।

ਜਾਣ-ਪਛਾਣ ਮਗਰੋਂ ਵਿਦਿਆਰਥੀਆਂ ਦੀਆਂ ਮੰਗਾਂ 'ਤੇ ਵਿਚਾਰ ਸ਼ੁਰੂ ਹੋਈ ਤੇ ਮੁੱਖ ਮੰਤਰੀ ਨੇ ਵੀ.ਸੀ ਨੂੰ ਮੰਗਾਂ ਮੰਨਣ ਦਾ ਆਦੇਸ਼ ਦਿੱਤਾ ਤੇ ਵੀ.ਸੀ. ਨੇ ਮੁੱਖ ਮੰਤਰੀ ਦੇ ਆਦੇਸ਼ ਅਨੁਸਾਰ ਸਾਰੀਆਂ ਮੰਗਾਂ ਮੰਨ ਲਈਆਂ ਜੋ ਓਹ ਇਸ ਪ੍ਰਕਾਰ ਸਨ :

1. ਪੰਜਾਬੀ ਯੂਨੀਵਰਸਟੀ ਕੈਂਪਸ ਤੇ ਇਸ ਯੂਨੀਵਰਸਟੀ ਨਾਲ ਸਬੰਧਿਤ ਸਾਰੇ ਕਾਲਜਾਂ ਵਿੱਚ ਵਿਦਿਆਰਥੀਆ ਦੀਆਂ ਚੁਣੀਆਂ ਹੋਈਆਂ ਸਟੂਡੈਂਟਸ ਯੂਨੀਅਨਾਂ ਨੂੰ ਮਾਨਤਾ ਦਿੱਤੀ ਜਾਵੇਗੀ ਤੇ ਇਸਦੀ ਚੋਣ ਹਰ ਸਾਲ ਹੋਇਆ ਕਰੇਗੀ।
2. ਪੰਜਾਬੀ ਯੂਨੀਵਰਸਟੀ ਇੱਕ ਪੜਤਾਲੀਆ ਕਮੇਟੀ ਨਿਯੁਕਤ ਕਰੇਗੀ ਜਿਸ ਵਿੱਚ ਸਟੂਡੈਂਟਸ ਯੂਨੀਅਨ ਦੇ 3 ਪ੍ਰਤੀਨਿਧ ਹੋਣਗੇ ਤੇ ਇਹ ਕਮੇਟੀ ਵਧੀਆਂ ਹੋਈਆਂ ਫੀਸਾਂ ਦੀ ਛਾਣਬੀਨ ਕਰਕੇ ਯੂਨੀਵਰਸਟੀ ਨੂੰ ਸਿਫਾਰਸ਼ ਕਰੇਗੀ ਕਿ ਸਾਰੇ ਖ਼ਰਚੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਫੀਸਾਂ ਵਧਾਈਆਂ ਜਾਣ ਕਿ ਨਾ ਅਤੇ ਜੇ ਵਧਾਈਆਂ ਜਾਣ ਤਾਂ ਕਿਸ ਹਿਸਾਬ ਨਾਲ ਵਧਾਈਆਂ ਜਾਣ। ਪੇਂਡੂ ਤੇ ਸ਼ਹਿਰੀ ਪਿਛੋਕੜ ਦੇ ਗ਼ਰੀਬ ਵਿਦਿਆਰਥੀ ਆਪਣੇ-ਆਪਣੇ ਡਿਪਾਰਟਮੈਂਟ ਵਿੱਚ ਫੀਸ ਮੁਆਫੀ ਦੀਆਂ ਅਰਜ਼ੀਆਂ ਦੇਣ, ਡਿਪਾਰਟਮੈਂਟ ਦਾ ਹੈੱਡ ਵਿਦਿਆਰਥੀ ਦੀ ਆਰਥਿਕ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਚਾਹੇ ਸਾਰੀ ਫੀਸ ਮੁਆਫ ਕਰ ਦੇਵੇ ਚਾਹੇ ਅੱਧੀ ਫੀਸ ਮੁਆਫ ਕਰੇ।

ਵੀ.ਸੀ. ਦੇ ਇਸ ਸੁਝਾਅ ਤੇ ਪੀ.ਐਸ.ਯੂ. ਦੇ ਡੈਪੂਟੇਸ਼ਨ ਨੇ ਸਹਿਮਤੀ ਦੇ ਦਿੱਤੀ ਤੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਵੀ ਸੰਤੁਸ਼ਟ ਸੀ ਤੇ ਇਸ ਸਮੇਂ ਭੂਪਿੰਦਰ ਸਿੰਘ ਨੂੰ ਵੀ ਅੰਦਰ ਬੁਲਾ ਲਿਆ ਗਿਆ ਤੇ ਵੀ.ਸੀ. ਨੇ ਪੀ.ਐਸ.ਯੂ. ਦੇ ਮੈਂਬਰਾਂ ਨਾਲ ਹੱਥ ਮਿਲਾਏ, ਇਸ ਮਗਰੋਂ ਬਾਹਰ ਪਰੈਸ ਦੇ ਪੱਤਰਕਾਰਾਂ ਨੂੰ ਦਰਸ਼ਨ ਬਾਗੀ ਨੇ ਪੀ.ਐਸ.ਯੂ. ਵੱਲੋਂ ਸਮਝੌਤੇ ਦਾ ਵਿਸਥਾਰ ਦਿੱਤਾ ਤੇ ਹੜਤਾਲ ਵਾਪਸ ਲੈ ਲਈ ਗਈ। ਸਾਰਾ ਡੈਪੂਟੇਸ਼ਨ ਮੁੱਖ ਮੰਤਰੀ ਦੇ ਨਾਲ ਸ਼ੇਰਾਂ ਵਾਲੇ ਦਰਵਾਜ਼ੇ ਪੁੱਜਾ ਤੇ ਮੁੱਖ ਮੰਤਰੀ ਨੇ ਸੰਗਤਰੇ ਦਾ ਰਸ ਪਿਲਾ ਕੇ ਹੜਤਾਲੀਆਂ ਦੀ ਭੁੱਖ ਹੜਤਾਲ ਤੁੜਵਾਈ।



## ਸ਼ੇਰਾਂ ਵਾਲੇ ਗੇਟ ਜੇਤੂ ਕਾਨਫਰੰਸ

ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦਾ ਸੰਘਰਸ਼ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਹੁਰਾਂ ਦੇ ਦਖਲ ਨਾਲ ਜੇਤੂ ਰੂਪ ਵਿੱਚ ਨੇਪਰੇ ਚੜ੍ਹਿਆ। ਇਸ ਜਿੱਤ ਦੀ ਖ਼ੁਸ਼ੀ ਵਿੱਚ ਪਟਿਆਲੇ ਸ਼ੇਰਾਂ ਵਾਲੇ ਗੇਟ ਖੁੱਲ੍ਹੇ ਮੈਦਾਨ ਵਿੱਚ ਬਹੁਤ ਵੱਡੀ ਸਟੇਜ 'ਤੇ ਤੰਬੂ ਲਾ ਕੇ, ਪਟਿਅਲੇ ਦੇ ਸਾਰੇ ਕਾਲਜਾਂ ਤੇ ਯੂਨੀਵਰਸਟੀ ਕੈਂਪਸ ਦੇ ਵਿਦਿਆਰਥੀਆਂ ਦੀ ਕਾਨਫਰੰਸ ਜਥੇਬੰਦ ਕੀਤੀ ਗਈ। ਪੰਡਾਲ ਵਿੱਚ ਘੱਟੋ-ਘੱਟ ਕੋਈ 1000 ਦੇ ਕਰੀਬ ਵਿਦਿਆਰਥੀਆਂ ਨੇ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ ਸੀ। ਕਾਨਫਰੰਸ ਦਾ ਪੰਡਾਲ ਪੰਜਾਬ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠਿਆ ਸੀ।

ਪੀ.ਐਸ.ਯੂ. ਦੇ ਹਰ ਬੁਲਾਰੇ ਨੇ ਪੀ.ਐਸ.ਯੂ. ਦੀ ਪਾਲਸੀ ਅਨੁਸਾਰ ਆਪਣਾ ਭਾਸ਼ਨ ਅਰੰਭ ਕਰਨ ਵੇਲੇ ਵਿਦਿਆਰਥੀਆਂ ਨੂੰ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੇ ਵਾਰਸੋ ਕਹਿ ਕੇ ਸੰਬੋਧਨ ਕੀਤਾ ਤੇ ਬੜੇ ਧੜੱਲੇ ਨਾਲ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰ ਵਿਦਿਅਰਥੀ ਆਪਣੇ ਵਿਦਿਆਰਥੀ ਜੀਵਨ ਵਿੱਚ ਪਹਿਲ ਆਪਣੀ ਪੜ੍ਹਾਈ ਨੂੰ ਦੇਵੇ ਤੇ ਇਸ ਦੇ ਨਾਲ ਹੀ ਆਪਣੀ ਸਮਾਜਿਕ ਤੇ ਰਾਜਨੀਤਕ ਜ਼ੁੰਮੇਵਾਰੀ ਨੂੰ ਸਮਝਣ ਦਾ ਯਤਨ ਕਰੇ।

ਪੰਜਾਬੀ ਯੂਨੀਵਰਸਟੀ ਦੇ ਵੀ.ਸੀ. ਕਿਰਪਾਲ ਸਿੰਘ ਨਾਰੰਗ ਤੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਹੁਰਾਂ ਦੀ ਮਦਾਖ਼ਲਤ ਨਾਲ ਪੀ.ਐਸ.ਯੂ. ਨਾਲ ਹੋਏ ਸਮਝੌਤੇ ਅਨੁਸਾਰ ਪੰਜਾਬੀ ਯੂਨੀਵਰਸਟੀ ਕੈਂਪਸ ਤੇ ਪੰਜਾਬੀ ਯੂਨੀਵਰਸਟੀ ਨਾਲ ਜੁੜੇ ਸਾਰੇ ਕਾਲਜਾਂ ਵਿੱਚ ਵਿਦਿਆਰਥੀਆਂ ਦੀਆਂ ਵੋਟਾਂ ਪੈ ਕੇ ਸਟੂਡੈਂਟਸ ਯੂਨੀਅਨਾਂ ਚੁਣੀਆਂ ਗਈਆਂ ਸਨ।

ਕਾਨਫਰੰਸ ਦੇ ਅੰਤ 'ਤੇ ਸਰਬਸੰਮਤੀ ਨਾਲ ਪੰਜਾਬੀ ਯੂਨੀਵਰਸਟੀ ਕੈਂਪਸ ਤੇ ਸਾਰੇ ਕਾਲਜਾਂ ਦੀ ਸਾਂਝੀ ਪੀ.ਐਸ.ਯੂ. ਨੁਮਾਇੰਦਾ ਇਕਾਈ ਚੁਣੀ ਗਈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਪ੍ਰਧਾਨ : ਬਲਦੇਵ ਕ੍ਰਿਸ਼ਨ (ਪੰਜਾਬੀ ਯੂਨੀਵਰਸਟੀ ਕੈਂਪਸ)
**ਸੈਕਟਰੀ** : ਅਜਮੇਰ ਸਿੰਘ ਰੰਗੀਲਾ, ਖਾਲਸਾ ਕਾਲਜ
**ਮੀਤ ਪ੍ਰਧਾਨ**: ਡਾ. ਨਿਰਮਲ ਸਿੰਘ ਮੈਡੀਕਲ ਕਾਲਜ, ਪਟਿਆਲਾ

7 ਮੈਂਬਰ ਬਾਦ ਵਿੱਚ ਇਨਾਂ ਤਿੰਨਾਂ ਅਹੁਦੇਦਾਰਾਂ ਨੇ ਨਾਮਜ਼ਦ ਕੀਤੇ ਸਨ।

ਕਾਨਫਰੰਸ ਪੰਜਾਬ ਸਟੂਡੈਂਟਸ ਯੂਨੀਅਨ ਜ਼ਿੰਦਾਬਾਦ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਸਮਾਪਤ ਹੋਈ।



## 1968 ਦਾ ਸਰਕਾਰੀ ਕਾਲਜ ਲੁਧਿਆਣਾ ਦਾ ਵਿਦਿਆਰਥੀ ਸੰਘਰਸ਼

ਸ਼ਮਸ਼ੇਰ ਸਿੰਘ (ਸ਼ੇਰੀ) ਜਦੋਂ ਦੂਜੇ ਸਾਲ ਵਿੱਚ ਦਾਖ਼ਲਾ ਲੈਣ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਦਫ਼ਤਰ ਫੀਸ ਭਰਨ ਗਿਆ ਤਾਂ ਕਲਰਕ ਨੇ ਕਿਹਾ ਕਿ ਪ੍ਰਿੰਸੀਪਲ ਸਾਹਿਬ ਨੂੰ ਮਿਲੋ। ਸ਼ੇਰੀ ਦੇ ਅੰਦਰ ਓਦੋਂ ਹੀ ਘੰਟੀ ਵੱਜੀ ਕਿ ਅੱਜ ਕੋਈ ਗੜਬੜ ਹੈ, ਮੌਲਾ ਖ਼ੈਰ ਕਰੇ। ਸ਼ੇਰੀ ਦੇ ਪੈਰ ਮਣਾਂਮੂੰਹੀ ਭਾਰੇ ਹੋ ਗਏ ਤੇ ਓਹ ਪੈਰ ਘੜੀਸਦਾ ਹੋਇਆ ਪ੍ਰਿੰਸੀਪਲ ਬਿਸ਼ਨ ਸਿੰਘ ਸਮੁੰਦਰੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਤਾਂ ਸਮੁੰਦਰੀ ਸਾਹਿਬ ਉਡੀਕ ਹੀ ਕਰ ਰਹੇ ਸਨ। ਦਰਵਾਜ਼ਾ ਖੁੱਲਾ ਤੇ ਸ਼ੇਰੀ ਨੇ ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਸਤਿ ਸ਼੍ਰੀ ਅਕਾਲ ਭੇਟ ਕੀਤੀ ਤੇ ਸਮੁੰਦਰੀ ਸਾਹਿਬ ਕੁਰਸੀ ਤੋਂ ਉੱਠ ਕੇ ਖੜੇ ਹੋ ਗਏ ਤੇ ਕਿਹਾ,

"ਆ ਓਹ ਪੁੱਤਰ ਸ਼ਮਸ਼ੇਰ, ਬੈਠ, ਕਿਵੇਂ ਆਉਣਾ ਹੋਇਆ?"

"ਜੀ ਮੈਂ ਦਫ਼ਤਰ ਦਾਖ਼ਲਾ ਭਰਨ ਗਿਆ ਸੀ ਤੇ ਕਲਰਕ ਨੇ ਕਿਹੈ ਕਿ ਪ੍ਰਿੰਸੀਪਲ ਸਾਹਿਬ ਨੂੰ ਮਿਲੋ।"

"ਹਾਂ ਇਹ ਠੀਕ ਹੈ, ਤੂੰ ਮੇਰੇ ਪੁੱਤਰਾਂ ਵਾਂਗ ਏਂ, ਮੇਰੇ ਕਾਲਜ ਵਿੱਚ ਤੇਰੇ ਲਈ ਥਾਂ ਹੈ ਨਹੀਂ ਪਰ ਪੰਜਾਬ ਦੇ ਜਿਹੜੇ ਵੀ ਕਾਲਜ ਤੇ ਤੂੰ ਉਂਗਲੀ ਕਰੇਂ ਮੈਂ ਆਪ ਤੇਰੇ ਨਾਲ ਜਾ ਕੇ ਦਾਖ਼ਲਾ ਦੁਆ ਦਿੰਦਾ ਹਾਂ।"

"ਪ੍ਰਿੰਸੀਪਲ ਸਾਹਿਬ, ਮੈਂ ਤੁਹਾਡੀ ਛਤਰਛਾਇਆ ਹੇਠ ਐਮ.ਏ. ਕਰਨੀ ਚਾਹੁੰਦਾ ਹਾਂ।"

"ਪੁੱਤਰ ਸ਼ਮਸ਼ੇਰ, ਮੈਂ ਤਾਂ ਬੜਾ ਔਖਾ ਹੋ ਕੇ ਤੇਰੇ ਨਾਲ ਸਾਲ ਕੱਟਿਐ, ਤੇਰੇ ਰੌਲੇ-ਰੱਪੇ ਨਾਲ ਇੱਕੋ ਸਾਲ ਵਿੱਚ ਮੇਰੀ ਦਾਹੜੀ ਦੁੱਧ ਚਿੱਟੀ ਹੋ ਗਈ ਹੈ। ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ, ਇਸ ਕਾਲਜ ਵਿੱਚ ਤੇਰੇ ਲਈ ਕੋਈ ਥਾਂ ਨਹੀ। ਤੂੰ ਐਵੇਂ ਵਕਤ ਖ਼ਰਾਬ ਨਾ ਕਰ ਤੇ ਕਿਸੇ ਹੋਰ ਕਾਲਜ ਵਿੱਚ ਦਾਖ਼ਲਾ ਲੈਣ ਦਾ ਯਤਨ ਕਰ ਲੈ।"

ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਸਤਿ ਸ਼੍ਰੀ ਅਕਾਲ ਆਖ ਮਣਾਂ ਮੂੰਹੀ ਭਾਰੇ ਪੈਰ ਘੜੀਸਦਾ ਸ਼ੇਰੀ ਪ੍ਰਿੰਸੀਪਲ ਬਿਸ਼ਨ ਸਿੰਘ ਸਮੁੰਦਰੀ ਦੇ ਦਫ਼ਤਰੋਂ ਨਿਕਲਿਆ ਤੇ ਸੁਰਿੰਦਰ ਚਾਹਲ ਸਮੇਤ ਪਟਿਆਲੇ ਦਰਸ਼ਨ ਬਾਗ਼ੀ ਦੇ ਹੋਸਟਲ ਵਿੱਚ ਆ

ਵਜਿਆ ਤੇ ਸਾਰੀ ਖ਼ਬਰ ਵਿਸਥਾਰ ਨਾਲ ਪੇਸ਼ ਕੀਤੀ।

ਇਸ ਮਾੜੀ ਖ਼ਬਰ 'ਤੇ ਦੋ ਘੜੀ ਮਾਤਮ ਤਾਂ ਜ਼ਰੂਰ ਹੋਇਆ, ਕਿਉਂਕਿ ਖ਼ਾਲਸਾ ਕਾਲਜ ਅੰਮ੍ਰਿਤਸਰ, ਪੀ.ਐਸ.ਯੂ. ਦਾ ਜਮਰੌਦ ਦਾ ਕਿਲਾ ਸਮਝਿਆ ਜਾਂਦਾ ਸੀ ਤੇ ਸ਼ੇਰੀ ਜਿਹੜਾ ਇਸ ਕਿਲੇ ਦਾ ਜਰਨੈਲ ਹਰੀ ਸਿੰਘ ਨਲਵਾ ਸਮਝਿਆ ਜਾਂਦਾ ਸੀ, ਉਸ ਨੂੰ ਇਸ ਕਿਲੇ ਵਿੱਚੋਂ ਭੱਜਣਾ ਪੈ ਗਿਆ ਸੀ। ਪਰ ਖ਼ਾਲਸਾ ਕਾਲਜ ਅੰਮ੍ਰਿਤਸਰ (ਇਸ ਜਮਰੌਦ ਦੇ ਕਿਲੇ) ਦੀ ਕਮਾਂਡ ਸੁਰਿੰਦਰ ਸਿੰਘ ਚਾਹਲ, ਜਿਹੜਾ ਅੰਮ੍ਰਿਤਸਰ ਜ਼ਿਲ੍ਹੇ ਦਾ ਪੀ.ਐਸ.ਯੂ. ਦਾ ਪ੍ਰਧਾਨ ਸੀ, ਨੇ ਸੰਭਾਲੀ ਤੇ ਇਸ ਦੇ ਸਹਾਇਕ ਸਨ ਸੁੱਚਾ ਸਿੰਘ ਰੰਧਾਵਾ, ਜਰਮਨਜੀਤ ਸਿੰਘ ਤੇ ਕਮਲਜੀਤ ਜਿਨਾਂ ਨੇ 1968 ਦੇ ਸੰਘਰਸ਼ ਵਿੱਚ ਅੰਮ੍ਰਿਤਸਰ ਦੀ ਪੁਲਸ ਨਾਲ ਲੋਹਾ ਲਿਆ ਤੇ ਅੰਮ੍ਰਿਤਸਰ ਵਿੱਚ ਵਿਦਿਆਰਥੀਆਂ ਦੇ ਹੌਸਲੇ ਤੇ ਸ਼ਕਤੀ ਨਾਲ ਪੁਲਸ ਦੇ ਤਸ਼ੱਦਦ ਨੂੰ ਠੱਲ੍ਹ ਪਾਈ ਜਿਸ ਦਾ ਜ਼ਿਕਰ ਕਿਤੇ ਅਗੇ ਕੀਤਾ ਗਿਆ ਹੈ।

ਪੀ.ਐਸ.ਯੂ. ਦੇ ਸੂਬਾ ਮਾਰਕਸੀ ਯੂਨਿਟ ਦੇ ਫੈਸਲੇ ਅਨੁਸਾਰ, ਸ਼ੇਰੀ ਨੇ ਸਰਕਾਰੀ ਕਾਲਜ ਲੁਧਿਆਣਾ ਵਿੱਚ ਐਮ.ਏ. ਦੇ ਆਖ਼ਰੀ ਸਾਲ ਵਿੱਚ ਦਾਖ਼ਲਾ ਲੈ ਲਿਆ। ਲੁਧਿਆਣੇ, ਨਵਤੇਜ ਭਾਰਤੀ ਦੀ ਰਿਹਾਇਸ਼ 'ਤੇ ਦਰਸ਼ਨ ਬਾਗ਼ੀ ਨੇ ਜੁਲਾਈ 1968 ਵਿੱਚ ਮਾਰਕਸਵਾਦ ਤੇ ਇਕ ਸਟਡੀ ਸਰਕਲ ਲਾਇਆ ਤੇ ਇਸ ਸਕੂਲ ਵਿੱਚ, ਨਵਤੇਜ ਭਾਰਤੀ, ਹਰਭਜਨ ਹਲਵਾਰਵੀ, ਇੰਦਰਜੀਤ ਬਿੱਟੂ, ਗੁਰਦਿਆਲ ਸਿੰਘ ਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀ, ਕੁਲਦੀਪ ਹਾਂਸਰਾ, ਰਾਜਿੰਦਰ ਹਾਂਸ, ਬਖ਼ਸ਼ੀਸ ਆਦਿ ਸਨ, ਜਿਨਾਂ ਨਾਲ ਸ਼ੇਰੀ ਦੀ ਜਾਣ-ਪਛਾਣ ਕਰਵਾਈ ਗਈ ਸੀ। ਇਸ ਤੋਂ ਅੱਗੇ ਸ਼ੇਰੀ, ਹਰਭਜਨ ਹਲਵਾਰਵੀ ਤੇ ਇੰਦਰਜੀਤ ਬਿੱਟੂ ਦੀ ਜ਼ੁੰਮੇਵਾਰੀ ਬਣ ਗਈ ਸੀ, ਸਰਕਾਰੀ ਕਾਲਜ ਤੇ ਲੁਧਿਆਣੇ ਦੇ ਬਾਕੀ ਕਾਲਜਾਂ ਵਿੱਚ ਪੀ.ਐਸ.ਯੂ. ਨੂੰ ਜਥੇਬੰਦ ਕਰਨ ਦੀ।

## ਸਰਕਾਰੀ ਕਾਲਜ ਵਿੱਚ ਸੰਘਰਸ਼ ਦਾ ਮੁੱਢ

ਇਹ ਕਰੀਬ ਜੁਲਾਈ ਅੱਧ 1968 ਦਾ ਜ਼ਿਕਰ ਹੈ, ਉਸ ਦਿਨ ਮੌਸਮ ਬੜਾ ਖ਼ੁਸ਼ਗੁਆਰ ਸੀ, ਅਕਾਸ਼ ਬੱਦਲਾਂ ਦੇ ਝੁਰਮਟ ਨਾਲ ਘਿਰਿਆ ਹੋਇਆ ਸੀ, ਠੰਢੀ ਹਵਾ ਰੁਮਕ ਰਹੀ ਸੀ ਤੇ ਇਹ ਸਾਰਾ ਵਾਤਾਵਰਨ ਕਾਲਜ ਦੇ ਕਈ ਵਿਦਿਆਰਥੀਆਂ ਨੂੰ ਆਸ਼ਕਾਨਾ ਰੌਅ ਦਾ ਹੁਲਾਰਾ ਦੇ ਰਿਹਾ ਸੀ ਤੇ ਕਈ ਵਿਦਿਆਰਥੀ ਆਮ ਸਰਸਰੀ ਮਖੌਲੀਆ ਅਤੇ ਸ਼ਰਾਰਤੀ ਰੌਅ ਵਿੱਚ ਵਿਚਰ ਰਹੇ ਸਨ। ਵਿਦਿਆਰਥੀ, ਪੰਜ-ਛੇ ਦੀਆਂ ਛੋਟੀਆਂ ਟੋਲੀਆਂ ਵਿੱਚ ਇਧਰ ਓਧਰ ਜਾਂ ਤਾਂ ਬੈਠੇ ਸਨ ਜਾਂ ਖਲੋਤੇ ਹੋਏ ਸਨ। ਇਸ ਤਰਾਂ ਦੇ ਖ਼ੁਸ਼ਗੁਆਰ ਮਾਹੌਲ ਵਿੱਚ ਪੰਜਾਬ ਪੁਲਸ ਦਾ ਇਕ



ਹੌਲਦਾਰ ਪੁਲਸ ਦੀ ਵਰਦੀ ਵਿੱਚ ਆ ਰਿਹਾ ਸੀ ਜਿਸ ਦੇ ਪ੍ਰਿੰਸੀਪਲ ਓ.ਪੀ. ਭਾਰਦਵਾਜ ਨਾਲ ਨੇੜੇ ਦੇ ਸਬੰਧ ਸਨ। ਪੁਲਸ ਅਫਸਰ ਨੂੰ ਆਉਂਦਾ ਵੇਖ ਕੇ ਕਾਮਰਸ ਦੇ ਇਕ ਵਿਦਿਆਰਥੀ ਨੇ ਦੂਜੇ ਵਿਦਿਆਰਥੀਆਂ ਨੂੰ ਕਿਹਾ, "ਪਿਛਾਂਹ ਹਟ ਜਾਓ, ਸਰਕਾਰ ਆ ਰਹੀ ਹੈ।" ਹੌਲਦਾਰ ਆਪਣੀ ਵਰਦੀ ਦੀ ਸ਼ਕਤੀ ਨਾਲ ਲੋਹਾ ਲਾਖਾ ਹੋ ਗਿਆ ਤੇ ਉਸ ਨੇ ਵਿਦਿਆਰਥੀ ਦੇ ਬੋਲਾਂ ਨੂੰ ਆਪਣੀ ਸ਼ਕਤੀ ਦਾ ਘੋਰ ਅਪਮਾਨ ਸਮਝਿਆ ਤੇ ਆਪਣੀ ਸ਼ਕਤੀ ਦੇ ਜਲੌਅ ਵਿੱਚ ਹੌਲਦਾਰ ਨੇ ਵਿਦਿਆਰਥੀ ਨੂੰ ਆਣ ਗਲਮਿਉਂ ਫੜਿਆ ਤੇ ਖਿੱਚ ਕੇ ਕਹਿੰਦਾ ਕਿ "ਚੱਲ ਪ੍ਰਿੰਸੀਪਲ ਦੇ ਦਫਤਰ, ਤੂੰ ਮੇਰੀ ਬੇਇਜ਼ਤੀ ਕੀਤੀ ਹੈ।"

ਪ੍ਰਿੰਸੀਪਲ ਦੇ ਦਫ਼ਤਰ ਵਿੱਚ ਲਿਜਾ ਕੇ ਹੌਲਦਾਰ ਨੇ ਸ਼ਿਕਾਇਤ ਕੀਤੀ ਕਿ ਇਸ ਵਿਦਿਆਰਥੀ ਨੇ ਬਹੁਤ ਸਾਰੇ ਵਿਦਿਆਰਥੀਆਂ ਸਾਹਮਣੇ ਉਸ ਦੀ ਬੇਇਜ਼ਤੀ ਕੀਤੀ ਹੈ। ਹੌਲਦਾਰ ਦੀ ਸ਼ਿਕਾਇਤ ਸੁਣ ਕੇ ਪ੍ਰਿੰਸੀਪਲ ਅੱਗ-ਬਬੂਲਾ ਹੋ ਗਿਆ ਤੇ ਵਿਦਿਆਰਥੀ ਨੂੰ ਬੁਰਾ ਭਲਾ ਬੋਲਣ ਲੱਗਾ ਜਿਸ ਤੇ ਵਿਦਿਆਰਥੀ ਨੇ ਕਿਹਾ,

"ਪ੍ਰਿੰਸੀਪਲ ਸਾਹਿਬ ਮੇਰੀ ਗੱਲ ਵੀ ਸੁਣੋ ਕਿ ਅਸਲੀਅਤ ਕੀ ਹੈ?"

"ਵੇਖਿਆ,' ਇਹ ਮੇਰੀ ਬੇਅਦਬੀ ਵੀ ਕਰਦਾ ਹੈ, ਮਾਰ ਇਸ ਦੇ ਕਰਾਰੇ ਥੱਪੜ," ਪ੍ਰਿੰਸੀਪਲ ਨੇ ਹੌਲਦਾਰ ਨੂੰ ਕਿਹਾ।

ਹੌਲਦਾਰ ਨੇ ਵਿਦਿਆਰਥੀ ਨੂੰ ਤਿੰਨ ਚਾਰ ਘਸੁੰਨ ਜੜ ਦਿਤੇ ਤੇ ਫਿਰ ਪ੍ਰਿੰਸੀਪਲ ਨੇ ਕਿਹਾ, "ਜਾਹ ਦਫਾਹ ਹੋ ਮੇਰੇ ਦਫਤਰ 'ਚੋਂ, ਜੇ ਅੱਗੇ ਤੋਂ ਐਸੀ ਹਰਕਤ ਕੀਤੀ ਤਾਂ ਕਾਲਜ ਵਿੱਚੋਂ ਕੱਢ ਦਿਆਂਗਾ।"

ਇਸ ਘਟਨਾ ਤੋਂ ਮਗਰੋਂ ਕਾਮਰਸ ਦੇ ਵਿਦਿਆਰਥੀ ਨੇ ਪ੍ਰਿੰਸੀਪਲ ਦੇ ਦਫ਼ਤਰ ਵਿਚਲੀ ਹੋਈ ਘਟਨਾ ਦਾ ਵਿਸਥਾਰ ਆਪਣੇ ਨਜ਼ਦੀਕੀ ਵਿਦਿਆਰਥੀਆਂ ਨੂੰ ਬੜੇ ਦੁੱਖ ਭਰੇ ਲਹਿਜੇ ਵਿੱਚ ਬਿਆਨ ਕੀਤਾ ਜਿਸ ਨੂੰ ਸੁਣ ਕੇ ਨਜ਼ਦੀਕੀ ਵਿਦਿਆਰਥੀਆਂ ਨੇ ਕਾਮਰਸ ਦੇ ਪ੍ਰਭਾਵਸ਼ਾਲੀ ਵਿਦਿਆਰਥੀਆਂ ਨਾਲ ਮੀਟਿੰਗ ਕਰ ਕੇ ਕਾਮਰਸ ਡਿਪਾਰਟਮੈਂਟ ਦੇ ਸਾਰੇ ਵਿਦਿਆਰਥੀਆਂ ਦੀ ਮੀਟਿੰਗ ਕਰਕੇ ਪ੍ਰਿੰਸੀਪਲ ਓ.ਪੀ. ਭਾਰਦਵਾਜ ਦੇ ਦਫ਼ਤਰ ਵਿੱਚ ਉਸਦੇ ਯਾਰ ਪੰਜਾਬ ਪੁਲਸ ਦੇ ਹੌਲਦਾਰ ਤੋਂ ਕਾਲਜ ਦੇ ਵਿਦਿਆਰਥੀ ਨੂੰ ਕੁਟਵਾਉਣਾ ਕਾਲਜ ਦੇ ਕਾਇਦੇ ਕਾਨੂੰਨ ਦੇ ਖ਼ਿਲਾਫ਼ ਐਲਾਨ ਕੀਤਾ। ਕਾਮਰਸ ਦੇ ਮੁੱਖ ਬੁਲਾਰੇ ਨੇ ਜਦੋਂ ਧੂੰਆਂ-ਧਾਰ ਸ਼ਬਦਾਂ ਵਿੱਚ ਇਸ ਘਟਨਾ ਦਾ ਵਿਸਥਾਰ ਦੱਸਿਆ ਤਾਂ ਮੀਟਿੰਗ ਤਾਨਾਸ਼ਾਹੀ ਮੁਰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠੀ।

"ਤਾਨਾਸ਼ਾਹੀ ਮੁਰਦਾਬਾਦ"

"ਤਾਨਾਸ਼ਾਹੀ-ਨਹੀਂ ਚਲੇਗੀ"

"ਪ੍ਰਿੰਸੀਪਲ ਦਾ ਪੁਲਸ ਤਸ਼ੱਦਦ-ਮੁਰਦਾਬਾਦ"

ਨਾਹਰੇ ਮਾਰਦਾ ਹੋਇਆ ਕਾਮਰਸ ਦੇ ਵਿਦਿਆਰਥੀਆਂ ਦਾ ਜਲੂਸ ਕਾਲਜ ਵਿੱਚ ਗੇੜੇ ਮਾਰਨ ਲੱਗਾ ਤੇ ਕਾਮਰਸ ਦੇ ਸਾਰੇ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਤੇ ਆਪਣੀਆਂ ਮੰਗਾਂ ਰੱਖ ਦਿੱਤੀਆਂ :

ਪ੍ਰਿੰਸੀਪਲ ਓ.ਪੀ. ਭਾਰਦਵਾਜ ਆਪਣੇ ਦਫਤਰ ਵਿੱਚ ਪੰਜਾਬ ਪੁਲਸ ਦੇ ਹੌਲਦਾਰ ਤੋਂ ਵਿਦਿਆਰਥੀ ਨੂੰ ਕੁਟਵਾਉਣ ਦੀ ਗ਼ਲਤੀ ਦੀ ਮੁਆਫੀ ਮੰਗੇ ਅਤੇ ਅਗੇ ਤੋਂ ਇਸ ਪੁਲਸ ਹੌਲਦਾਰ ਦਾ ਕਾਲਜ ਵਿੱਚ ਔਉਣਾ ਬੰਦ ਕੀਤਾ ਜਾਵੇ। ਪੰਜਾਬ ਪੁਲਸ ਦੇ ਇਸ ਹੌਲਦਾਰ ਨੂੰ ਇਸ ਦੀ ਗ਼ਲਤੀ ਦੀ ਸਜ਼ਾ ਦਿੱਤੀ ਜਾਵੇ।

ਰਾਤੋ-ਰਾਤ ਹੀ ਤੰਬੂ ਲਾ ਕੇ ਕਾਮਰਸ ਦੇ 5 ਵਿਦਿਆਰਥੀ ਭੁੱਖ ਹੜਤਾਲ 'ਤੇ ਬੈਠ ਗਏ। ਦਿਨ ਵੇਲੇ ਕਾਮਰਸ ਦੇ ਵਿਦਿਆਰਥੀ ਕਾਲਜ ਦੇ ਗੇਟ ਦੇ ਅੱਗੇ ਵੱਡੇ-ਵੱਡੇ ਪਲੇਅ ਕਾਰਡਾਂ ਸਮੇਤ ਨਾਹਰੇ ਮਾਰਦੇ। ਪਰ ਬਾਕੀ ਦਾ ਸਾਰਾ ਕਾਲਜ ਚਲਦਾ ਰਿਹਾ। ਇਕ ਦੋ ਦਿਨਾਂ ਮਗਰੋਂ ਪ੍ਰਿੰਸੀਪਲ ਨੇ ਲੁਧਿਆਣਾ ਪੁਲਸ ਨਾਲ ਆਪਣਾ ਰਸੂਖ਼ ਵਰਤਿਆ ਤੇ ਪੁਲਸ ਨੇ ਭੁੱਖ ਹੜਤਾਲੀਆਂ ਦਾ ਤੰਬੂ ਚੁਕਾ ਦਿਤਾ ਤੇ ਡਰਾ ਧਮਕਾ ਕੇ ਭੁੱਖ ਹੜਤਾਲੀਆਂ ਨੂੰ ਭਜਾ ਦਿਤਾ। ਪਰ ਕਾਮਰਸ ਦੇ ਵਿਦਿਆਰਥੀ ਹੜਤਾਲ 'ਤੇ ਹੀ ਰਹੇ ਤੇ ਕਾਲਜ ਦੇ ਗੇਟ ਅੱਗੇ ਪਲੇਅ ਕਾਰਡਾਂ ਨਾਲ ਸਵੇਰੇ ਕਾਲਜ ਖੁਲਣ ਤੋਂ ਲੈ ਕੇ ਕਾਲਜ ਬੰਦ ਹੋਣ ਤੱਕ ਗੇੜੇ ਦਿੰਦੇ ਰਹੇ ਤੇ ਨਾਹਰੇ ਮਾਰਦੇ ਰਹੇ।

ਜਿਸ ਦਿਨ ਪੁਲਸ ਨੇ ਭੁੱਖ ਹੜਤਾਲੀਆਂ ਦਾ ਤੰਬੂ ਚੁੱਕਿਆ, ਓਸੇ ਰਾਤ ਪ੍ਰਿੰਸੀਪਲ ਓ.ਪੀ. ਭਾਰਦਵਾਜ ਕਾਲਜ ਦੇ ਹੋਸਟਲ ਵਿੱਚ ਗਿਆ ਤੇ ਸਾਰੇ ਵਿਦਿਆਰਥੀਆਂ ਦੀ ਮੀਟਿੰਗ ਸੱਦੀ ਤੇ ਮੀਟਿੰਗ ਵਿੱਚ ਕਾਮਰਸ ਦੇ ਵਿਦਿਆਰਥੀਆਂ ਦੇ ਮਸਲੇ ਦਾ ਸਪੱਸ਼ਟੀਕਰਨ ਦੇਣ ਲਈ ਆਪਣੇ ਪੱਖੀ ਵਿਸਥਾਰ ਦਿੱਤਾ ਤੇ ਸਾਰਾ ਕਸੂਰ ਕਾਮਰਸ ਦੇ ਵਿਦਿਆਰਥੀ ਦਾ ਦੱਸਿਆ ਕਿ ਕਿਵੇਂ ਉਸ ਵਿਦਿਆਰਥੀ ਨੇ ਸਿਰਫ ਪੁਲਸ ਅਫਸਰ ਦੀ ਹੀ ਬੇਇਜ਼ਤੀ ਨਹੀਂ ਕੀਤੀ ਸਗੋਂ ਮੇਰੇ ਦਫਤਰ ਵਿੱਚ ਪੁਲਸ ਅਫਸਰ ਦੇ ਸਾਹਮਣੇ ਮੇਰੀ ਵੀ ਬੇਇਜ਼ਤੀ ਕੀਤੀ ਸੀ। ਪ੍ਰਿੰਸੀਪਲ ਦੇ ਵਿਸਥਾਰ ਦੇਣ ਤੋਂ ਮਗਰੋਂ ਪਰਮਿੰਦਰ ਸਿੰਘ ਜਿਹੜਾ ਕਿ ਕਾਲਜ ਵਿੱਚ ਹਿਸਾਬ ਦਾ ਵਿਦਿਆਰਥੀ ਸੀ, ਖੜਾ ਹੋ ਗਿਆ ਤੇ ਉਸ ਨੇ ਕਿਹਾ,

"ਪ੍ਰਿੰਸੀਪਲ ਸਾਹਿਬ, ਤੁਸੀਂ ਕਾਲਜ ਵਿੱਚ ਸਾਡੇ ਗਾਰਡੀਅਨ ਹੋ ਮਾਂ/ਬਾਪ ਦੀ ਪਦਵੀ ਰੱਖਦੇ ਹੋ, ਜੇ ਸਾਡੇ 'ਚੋਂ ਕੋਈ ਵਿਦਿਆਰਥੀ ਕੋਈ ਗ਼ਲਤੀ ਕਰਦਾ ਹੈ ਤਾਂ ਤੁਹਾਨੂੰ ਪੂਰਾ ਹੱਕ ਕਿ ਤੁਸੀਂ ਉਸ ਗ਼ਲਤੀ ਦੀ ਸਜ਼ਾ ਦਿਓ, ਸਾਨੂੰ ਕੋਈ ਇਤਰਾਜ਼ ਨਹੀਂ ਪਰ ਆਪਣੇ ਦਫਤਰ ਵਿੱਚ ਆਪਣੇ ਮਿੱਤਰ ਪੁਲਸ ਦੇ ਹੌਲਦਾਰ



ਤੋਂ ਵਿਦਿਆਰਥੀ ਨੂੰ ਕੁਟਵਾਉਣਾ ਸਰਾਸਰ ਗ਼ਲਤ ਹੈ ਤੇ ਇਹ ਤੁਹਾਨੂੰ ਸ਼ੋਭਾ ਨਹੀਂ ਦਿੰਦਾ ਤੇ ਇਹ ਤੁਹਾਡੀ ਘੋਰ ਗ਼ਲਤੀ ਹੈ। ਇਸ ਮਸਲੇ ਤੇ ਕਾਮਰਸ ਦੇ ਵਿਦਿਅਰਥੀ ਠੀਕ ਹਨ ਤੇ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।"

"ਤੂੰ ਸਾਰੇ ਵਿਦਿਆਰਥੀਆਂ ਸਾਹਮਣੇ ਮੇਰੀ ਬੇਇਜ਼ਤੀ ਕਰ ਰਿਹਾ ਹੈਂ।" ਪ੍ਰਿੰਸੀਪਲ ਰੋਹ ਵਿੱਚ ਗਰਜਿਆ।

"ਪ੍ਰਿੰਸੀਪਲ ਸਾਹਿਬ ਮੈਂ ਤੁਹਾਡਾ ਸਤਿਕਾਰ ਕਰਦਾ ਹੋਇਆ ਸੱਚ ਬੋਲ ਰਿਹਾ ਹਾਂ ਕਿ ਆਪਣੇ ਦਫਤਰ ਵਿੱਚ ਆਪਣੇ ਵਿਦਿਆਰਥੀ ਨੂੰ ਪੁਲਸ ਹੌਲਦਾਰ ਤੋਂ ਕੁਟਵਾਉਣਾ ਤੁਹਾਡੀ ਗ਼ਲਤੀ ਸੀ" ਪਰਮਿੰਦਰ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ।

"ਤੂੰ ਫਿਰ ਸਾਰੇ ਵਿਦਿਆਰਥੀਆਂ ਸਾਹਮਣੇ ਮੇਰੀ ਬੇਇਜ਼ਤੀ ਕਰ ਰਿਹੈਂ, ਇਸ ਦੀ ਮੁਆਫੀ ਮੰਗ ਨਹੀਂ ਤੇ ਮੇਰੀ ਬੇਇਜ਼ਤੀ ਕਰਨ ਦੀ ਤੈਨੂੰ ਸਜ਼ਾ ਮਿਲੇਗੀ" ਪ੍ਰਿੰਸੀਪਲ ਗ਼ੁੱਸੇ ਵਿੱਚ ਕੰਬ ਰਿਹਾ ਸੀ।

"ਪ੍ਰਿੰਸੀਪਲ ਸਾਹਿਬ, ਕੀ ਇਹ ਸੱਚ ਹੈ ਕਿ ਨਹੀਂ ਕਿ ਤੁਹਾਡੇ ਦਫ਼ਤਰ ਵਿੱਚ ਪੁਲਸ ਹੌਲਦਾਰ ਨੇ ਕਾਮਰਸ ਦੇ ਵਿਦਿਆਰਥੀ ਨੂੰ ਕੁੱਟਿਆ ਤੇ ਇਸ ਸੱਚ ਦੀ ਗਲ ਕਰਨੀ ਤੁਹਾਡੀ ਬੇਇਜ਼ਤੀ ਨਹੀਂ।" ਪਰਮਿੰਦਰ ਸਿੰਘ ਨੇ ਕਿਹਾ।

"ਪਰਮਿੰਦਰ ਸਿੰਘ, ਤੁਸੀਂ ਕਾਲਜ ਵਿੱਚੋਂ ਸਸਪੈਂਡ ਕੀਤੇ ਜਾਂਦੇ ਹੋ।" ਪ੍ਰਿੰਸੀਪਲ ਨੇ ਕਿਹਾ।

ਇਸ ਤੇ ਪਰਮਿੰਦਰ ਨੇ ਨਾਹਰਾ ਮਾਰਿਆ, "ਪ੍ਰਿੰਸੀਪਲ ਓ.ਪੀ. ਭਾਰਦਵਾਜ" ਤੇ ਸਾਰਾ ਹੋਸਟਲ ਗੂੰਜ ਉਠਿਆ "ਮੁਰਦਾਬਾਦ"।

ਕੋਲ ਖਲੋਤੇ ਸ਼ੇਰੀ ਨੇ ਨਾਹਰਾ ਮਾਰਿਆ "ਸਟੂਡੈਂਟਸ ਯੂਨੀਅਨ-ਜ਼ਿੰਦਾਬਾਦ।"

ਅਮਰਜੀਤ ਗਰੇਵਾਲ ਗੂੰਜ ਉੱਠਿਆ "ਤਾਨਾਸ਼ਾਹੀ-ਨਹੀਂ ਚੱਲੇਗੀ।"

ਪ੍ਰਿੰਸੀਪਲ ਭਾਰਦਵਾਜ-ਮੁਰਦਾਬਾਦ

ਡਿਕਟੇਟਰ ਪ੍ਰਿੰਸੀਪਲ-ਬਦਲਿਆ ਜਾਵੇ।

ਜਦੋਂ ਨਾਹਰੇ ਗੂੰਜਣ ਲੱਗੇ ਤਾਂ ਪ੍ਰਿੰਸੀਪਲ ਤੁਰਤ ਹੀ ਹੋਸਟਲ ਵਿੱਚੋਂ ਘਬਰਾਹਟ ਵਿੱਚ ਰਫੂਚਕਰ ਹੋ ਗਿਆ ਤੇ ਹੋਸਟਲ ਦੇ ਸਾਰੇ ਵਿਦਿਆਰਥੀਆਂ ਨੇ ਆਪਣੀ ਮੀਟਿੰਗ ਜਾਰੀ ਰੱਖੀ ਤੇ ਸਾਰਿਆਂ ਨੇ ਸਰਬਸੰਮਤੀ ਨਾਲ ਕਾਲਜ ਵਿੱਚ ਹੜਤਾਲ ਕਰਨ ਦਾ ਫੈਸਲਾ ਕਰ ਲਿਆ ਤੇ ਅਗਲੇ ਦਿਨ ਸਰਕਾਰੀ ਕਾਲਜ ਲੁਧਿਆਣਾ ਸਾਰੇ ਦਾ ਸਾਰਾ ਹੜਤਾਲ ਤੇ ਚਲਾ ਗਿਆ ਤੇ ਵਿਦਿਅਰਥੀਆਂ ਦੀ ਸਿਰਫ ਇਕੋ ਹੀ ਮੰਗ ਸੀ :

1. ਪ੍ਰਿੰਸੀਪਲ ਓ.ਪੀ. ਭਾਰਦਵਾਜ ਨੇ ਆਪਣੇ ਦਫਤਰ ਵਿੱਚ ਇਕ ਵਿਦਿਆਰਥੀ

ਨੂੰ ਆਪਣੇ ਮਿੱਤਰ ਪੁਲਸ ਹੌਲਦਾਰ ਤੋਂ ਬਿਨਾਂ ਕਾਰਨ ਕੁਟਵਾਇਆ ਹੈ।

2. ਪ੍ਰਿੰਸੀਪਲ ਓ.ਪੀ. ਭਾਰਦਵਾਜ ਤਾਨਾਸ਼ਾਹ ਹੈ, ਇਸ ਦੀ ਬਦਲੀ ਕੀਤੀ ਜਾਵੇ।

ਵਿਦਿਆਰਥੀਆਂ ਦਾ ਸੰਘਰਸ਼ ਸ਼ੁਰੂ ਹੋਣ ਤੋਂ ਦੂਜੇ ਦਿਨ ਹੀ ਪੀ.ਐਸ.ਯੂ. ਨੇ ਸੰਘਰਸ਼ ਦੀ ਅਗਵਾਈ ਕਰਨੀ ਅਰੰਭ ਦਿੱਤੀ। ਦਰਸ਼ਨ ਬਾਗ਼ੀ ਪਟਿਆਲੇ ਤੋਂ ਲੁਧਿਆਣੇ ਪਹੁੰਚ ਗਿਆ ਤੇ ਤੁਰਤ ਹੀ ਪੰਜਾਬ ਦੇ ਮਾਰਕਸਵਾਦੀ ਗਰੁੱਪ ਦੀ ਐਮਰਜੈਂਸੀ ਮੀਟਿੰਗ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿੱਚ ਕੀਤੀ ਗਈ ਜਿਸ ਵਿੱਚ ਦਰਸ਼ਨ ਬਾਗ਼ੀ, ਸ਼ੇਰੀ, ਗੁਰਦਿਆਲ, ਹਰਭਜਨ ਹਲਵਾਰਵੀ, ਇੰਦਰਜੀਤ ਬਿੱਟੂ, ਦਰਸ਼ਨ ਖਟਕੜ, ਸੁਰਿੰਦਰ ਚਾਹਲ ਹਾਜ਼ਰ ਸਨ। ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਦੇ ਸੰਘਰਸ਼ ਦਾ ਹੈਡਕੁਆਟਰ ਮਾਰਕਸਵਾਦੀ ਵਿਦਿਆਰਥੀ ਕੁਲਦੀਪ ਹਾਂਸਰਾ ਦਾ ਕਮਰਾ ਬਣਾਇਆ ਜਿਥੇ ਸੰਘਰਸ਼ ਦੀ ਸਾਰੀ ਵਿਉਂਤਬੰਦੀ, ਪੀ.ਐਸ.ਯੂ. ਦਾ ਪੰਜਾਬ ਦਾ ਮਾਰਕਸਵਾਦੀ ਗਰੁੱਪ ਤਹਿ ਕਰਦਾ ਤੇ ਓਹੀ ਵਿਉਂਤ ਹਰ ਰੋਜ਼ ਰਾਤ ਨੂੰ ਸਰਕਾਰੀ ਕਾਲਜ ਦੀ ਸੰਘਰਸ਼ ਕਮੇਟੀ ਨਾਲ ਸਾਂਝੀ ਕੀਤੀ ਜਾਂਦੀ। ਹਰ ਰੋਜ਼ ਰਾਤ ਨੂੰ ਸੰਘਰਸ਼ ਕਮੇਟੀ ਸਾਰੇ ਦਿਨ ਦੀ ਰਿਪੋਰਟ ਪੇਸ਼ ਕਰਦੀ ਤੇ ਕਾਲਜ ਦੇ ਵਿਦਿਆਰਥੀਆਂ ਦਾ ਸੰਘਰਸ਼ ਜਾਰੀ ਰੱਖਣ ਦੇ ਜਜ਼ਬੇ ਦਾ ਨਿਰਣਾ ਕੀਤਾ ਜਾਂਦਾ ਤੇ ਇਸ ਤਾਪਮਾਨ ਨੂੰ ਜਾਰੀ ਰੱਖਣ ਲਈ ਸਾਰੇ ਮੈਂਬਰਾਂ ਦੇ ਸੁਝਾ ਲੈ ਕੇ ਅਗਲੇ ਦਿਨ ਦੀ ਵਿਉਂਤਬੰਦੀ ਕੀਤੀ ਜਾਂਦੀ। ਸਰਕਾਰੀ ਕਾਲਜ ਦੀ ਸੰਘਰਸ਼ ਕਮੇਟੀ ਵਿੱਚ ਹੇਠ ਲਿਖੇ ਵਿਦਿਆਰਥੀ ਸਨ : ਪਰਮਿੰਦਰ ਸਿੰਘ, ਸ਼ਮਸ਼ੇਰ ਸਿੰਘ ਸ਼ੇਰੀ, ਹਰਭਜਨ ਹਲਵਾਰਵੀ, ਅਮਰਜੀਤ ਸਿੰਘ ਗਰੇਵਾਲ, ਕਰਮਜੀਤ ਸਿੰਘ ਉਰਫ ਜੰਗੀ, ਖ਼ਾਲਸਾ ਕਾਲਜ ਤੋਂ ਦਿਲਬਰ ਕੁਲਤਾਰ ਭਾਗ ਸਿੰਘ, ਜਸਵਿੰਦਰ ਸਿੰਘ ਗਰੇਵਾਲ। ਪਰਮਿੰਦਰ ਸਿੰਘ, ਸੰਘਰਸ਼ ਕਮੇਟੀ ਦਾ ਪ੍ਰਧਾਨ ਤੇ ਮੁੱਖ ਬੁਲਾਰਾ ਸੀ।

ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਦੇ ਹੋਸਟਲ ਦੀ ਮੈਸ ਵਿੱਚੋਂ ਖਾਣਾ, ਚਾਹ, ਤੇ ਹੋਰ ਖਾਣ-ਪੀਣ ਦੀਆਂ ਸਹੂਲਤਾਂ ਪੀ.ਐਸ.ਯੂ. ਦੇ ਸਾਰੇ ਅਮਲੇ ਫੈਲੇ, ਸਰਕਾਰੀ ਕਾਲਜ ਦੀ ਸੰਘਰਸ਼ ਕਮੇਟੀ ਅਤੇ ਸੰਘਰਸ਼ ਨਾਲ ਸਬੰਧਿਤ ਹੋਰ ਸਾਰੇ ਵਿਦਿਆਰਥੀ ਜਿਹੜੇ ਪੰਜਾਬ ਦੇ ਦੂਜੇ ਕਾਲਜਾਂ ਤੋਂ ਆਉਂਦੇ ਸਨ, ਸਭ ਨੂੰ ਪਰਦਾਨ ਕਰਵਾਈਆਂ। ਬਿਨਾਂ ਕਿਸੇ ਰੋਕ ਟੋਕ ਦੇ ਕਾਲਜ ਦੀ ਮੈਸ ਸਭ ਨੂੰ ਓਟਦੀ ਸੀ ਤੇ ਰਾਤ ਨੂੰ ਸੌਣ ਲਈ ਮੰਜਾ ਬਿਸਤਰਾ ਵੀ ਮਿਲਦਾ ਸੀ। ਅਸਲ ਵਿੱਚ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦਾ ਸੰਘਰਸ਼ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਦਾ ਸੰਘਰਸ਼ ਬਣ ਗਿਆ ਸੀ। ਜੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਸੰਘਰਸ਼ ਦਾ ਹੈਡਕੁਆਟਰ



ਨਾ ਹੁੰਦਾ ਤਾਂ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦਾ ਸੰਘਰਸ਼ ਨਹੀਂ ਸੀ ਜਿੱਤਿਆ ਜਾਣਾ। ਇਹ ਸਭ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਮਾਰਕਸਵਾਦੀ ਵਿਦਿਆਰਥੀਆਂ ਦੀ ਸਖ਼ਾਵਤ ਸੀ, ਜਿਨਾਂ ਵਿੱਚ ਖ਼ਾਸ ਕਰ ਕੇ ਕੁਲਦੀਪ ਸਿੰਘ ਹਾਂਸਰਾ, ਸ਼ਿਵ ਲਾਲ, ਬਖ਼ਸ਼ੀਸ਼ ਸਿੰਘ, ਮੇਜਰ ਸਿੰਘ, ਗੋਬਿੰਦਰ ਸਿੰਘ, ਰਾਜਿੰਦਰ ਸਿੰਘ ਹਾਂਸ, ਸੁਰਿੰਦਰ ਧੰਜਲ ਤੇ ਜਗਦੇਵ ਸਿੰਘ ਸੋਹੀ ਤੇ ਸਰਬਣ ਸੈਣੀ ਸਨ।

ਪੀ.ਐਸ.ਯੂ. ਦੀ ਨੀਤੀ ਸੀ ਕਿ ਸੰਘਰਸ਼ ਦਾ ਤੱਤ ਜੁਝਾਰੂ ਹੋਵੇ, ਪਰ ਹਰ ਰਾਤ ਦੀ ਰਿਪੋਰਟ ਤੇ ਨਿਰੀਖਣ ਦੌਰਾਨ ਦਰਸ਼ਨ ਬਾਗ਼ੀ ਸੰਘਰਸ਼ ਦੇ ਆਗੂਆਂ ਨੂੰ ਪੂਰੀ ਤਰਾਂ ਸਾਵਧਾਨ ਕਰਦਾ ਹੁੰਦਾ ਸੀ ਕਿ ਕਿਸੇ ਜਨਤਕ ਪਰਾਪਰਟੀ ਦੀ ਭੰਨ-ਤੋੜ ਨਹੀਂ ਕਰਨੀ, ਪੁਲਸ ਤੇ ਹਮਲਾ ਨਹੀਂ ਕਰਨਾ ਪਰ ਆਪਣੇ ਬਚਾਅ ਲਈ ਸਾਰੇ ਹੀਲੇ ਵਰਤਣੇ ਹਨ। ਮੈਂਬਰ ਬਣ ਕੇ ਕੁਟ ਨਹੀਂ ਖਾਣੀ ਪਰ ਆਪਣਾ ਸੰਘਰਸ਼ ਤਸ਼ੱਦਦ ਰਹਿਤ ਹੋਵੇ ਪਰ ਵੇਖਣ ਨੂੰ ਪੂਰਾ ਖਾੜਕੂ ਲਗੇ। ਦੂਜੀ ਸਖ਼ਤ ਹਦਾਇਤ ਸੀ ਕਿ ਸੰਘਰਸ਼ ਕਮੇਟੀ ਦੇ ਮੈਂਬਰ ਕਿਸੇ ਵੀ ਹਾਲਤ ਵਿਚ ਗ੍ਰਿਫਤਾਰ ਨਾ ਹੋਣ ਤਾਂ ਕਿ ਸੰਘਰਸ਼ ਨੂੰ ਚਲਾਉਣ ਲਈ ਲੀਡਰਸ਼ਿਪ ਬਾਹਰ ਰਹਿ ਕੇ ਸੰਘਰਸ਼ ਦੀਆਂ ਜ਼ਿੰਮੇਦਾਰੀਆਂ ਨਿਭਾ ਸਕੇ।

## ਭੁੱਖ ਹੜਤਾਲ

ਸੰਘਰਸ਼ ਨੂੰ ਤੇਜ਼ ਕਰਨ ਲਈ ਖ਼ਾਲਸਾ ਕਾਲਜ ਦਾ ਵਿਦਿਆਰਥੀ ਦਿਲਬਰ ਕੁਲਤਾਰ ਭਾਗ ਸਿੰਘ ਤੇ ਪੰਜ ਹੋਰ ਵਿਦਿਆਰਥੀ ਫੁਹਾਰਾ ਚੌਕ ਵਿੱਚ ਤੰਬੂ ਲਾ ਕੇ ਭੁੱਖ ਹੜਤਾਲ ਤੇ ਬੈਠ ਗਏ। ਦੋ ਦਿਨਾਂ ਦੀ ਭੁੱਖ ਹੜਤਾਲ ਮਗਰੋਂ ਪੁਲਸ ਤੰਬੂ ਚੁੱਕ ਕੇ ਲੈ ਗਈ ਤੇ ਭੁੱਖ ਹੜਤਾਲੀਆਂ ਨੂੰ ਗ੍ਰਿਫਤਾਰ ਕਰ ਲਿਆ। ਇਸ ਦੇ ਨਾਲ ਹੀ ਸਰਕਾਰੀ ਕਾਲਜ ਦੇ 40 ਕੁ ਦੇ ਕਰੀਬ ਵਿਦਿਆਰਥੀ ਪੁਲਸ ਨੇ ਗ੍ਰਿਫਤਾਰ ਕਰ ਲਏ। ਇਨਾਂ ਗ੍ਰਿਫਤਾਰੀਆਂ ਤੋਂ ਮਗਰੋਂ ਰਾਤ ਨੂੰ ਸੰਘਰਸ਼ ਕਮੇਟੀ ਨੇ ਫੈਸਲਾ ਕੀਤਾ ਕਿ ਜੇਲ੍ਹ ਵਿਚਲੇ ਵਿਦਿਆਰਥੀਆਂ ਦੇ ਹੌਸਲੇ ਬੁਲੰਦ ਰੱਖਣ ਲਈ ਸੰਘਰਸ਼ ਦੇ ਆਗੂਆਂ ਵਿੱਚੋਂ ਇਕ ਅੱਧਾ ਆਗੂ ਵੀ ਜੇਲ੍ਹ ਵਿੱਚ ਜਾਣਾ ਚਾਹੀਦਾ ਹੈ ਤੇ ਇਸ ਲਈ ਪਰਮਿੰਦਰ ਸਿੰਘ, ਜਿਹੜਾ ਸੰਘਰਸ਼ ਕਮੇਟੀ ਦਾ ਪ੍ਰਧਾਨ ਸੀ, ਨੇ ਆਪਣੇ ਆਪ ਨੂੰ ਜੇਲ੍ਹ ਜਾਣ ਲਈ ਪੇਸ਼ ਕੀਤਾ ਤੇ ਮਾਰਕਸੀ ਗਰੁਪ ਦੀ ਸਹਿਮਤੀ ਨਾਲ ਸੰਘਰਸ਼ ਕਮੇਟੀ ਨੇ ਪਰਮਿੰਦਰ ਸਿੰਘ ਨੂੰ ਅਗਲੇ ਦਿਨ ਗ੍ਰਿਫਤਾਰ ਹੋਣ ਦੀ ਇਜਾਜ਼ਤ ਦੇ ਦਿਤੀ। ਅਗਲੇ ਦਿਨ ਪਰਮਿੰਦਰ ਸਿੰਘ ਕੁਝ ਹੋਰ ਵਿਦਿਆਰਥੀਆਂ ਨਾਲ ਗ੍ਰਿਫਤਾਰ ਹੋ ਗਿਆ। ਇਸ ਗਰੁੱਪ ਤੋਂ ਮਗਰੋਂ 5 ਵਿਦਿਆਰਥੀਆਂ ਦਾ ਨਵਾਂ ਗਰੁੱਪ ਨਵੇਂ ਤੰਬੂ ਹੇਠ ਭੁੱਖ ਹੜਤਾਲ 'ਤੇ ਬੈਠ ਗਿਆ ਸੀ। ਹਰ 2 ਦਿਨਾਂ ਮਗਰੋਂ ਨਵੇਂ ਪੰਜ

ਵਿਦਿਆਰਥੀ 2 ਦਿਨਾਂ ਦੀ ਭੁੱਖ ਹੜਤਾਲ ਤੇ ਬੈਠ ਜਾਂਦੇ। ਇਹ ਸਿਲਸਲਾ ਅੰਤ ਸੰਘਰਸ਼ ਦੀ ਜਿੱਤ ਤੱਕ ਚਲਦਾ ਰਿਹਾ।

ਪਰਮਿੰਦਰ ਸਿੰਘ ਦੇ ਦੱਸਣ ਅਨੁਸਾਰ ਲੁਧਿਆਣਾ ਪੁਲਸ ਦਾ ਡੀ.ਐਸ.ਪੀ. ਪਰਮਿੰਦਰ ਸਿੰਘ ਨੂੰ ਜੇਲ੍ਹ 'ਚੋਂ ਅੱਡ ਕੱਢ ਕੇ ਇਕ ਕਮਰੇ ਵਿੱਚ ਲੈ ਗਿਆ। ਪਹਿਲਾਂ ਬੜੇ ਨਰਮ ਲਹਿਜੇ ਨਾਲ ਸਮਝਾਉਣ ਲਗਾ ਕਿ "ਤੇਰੇ ਭਵਿੱਖ ਦਾ ਸੁਆਲ ਹੈ, ਜ਼ਿੰਦਗੀ ਖਰਾਬ ਹੋ ਜਾਊ।" ਪਰ ਜਦੋਂ ਪਰਮਿੰਦਰ ਸਿੰਘ ਆਪਣੇ ਇਰਾਦੇ 'ਤੇ ਪੱਕਾ ਰਿਹਾ ਤਾਂ ਫਿਰ ਡਰਾਉਣ ਧਮਕਾਉਣ ਲੱਗ ਪਿਆ ਕਿ "ਪੁਲਸ ਬੰਦੇ ਨੂੰ ਖੁਰਦ ਬੁਰਦ ਵੀ ਕਰ ਦੇਂਦੀ ਹੈ, ਇਸ ਜੁਆਨ ਉਮਰ ਵਿੱਚ ਆਪਣਾ ਭਲਾ ਸੋਚ।" ਪਰਮਿੰਦਰ ਨੇ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਹਵਾਲਾ ਦਿੱਤਾ ਤਾਂ ਉਦੋਂ ਡੀ.ਐਸ.ਪੀ. ਨੂੰ ਗਿਆਨ ਹੋ ਗਿਆ ਕਿ ਪਰਮਿੰਦਰ ਡੋਲਣ ਵਾਲੇ ਆਗੂਆਂ ਵਿੱਚੋਂ ਨਹੀਂ ਸੀ। ਫਿਰ ਡੀ.ਐਸ.ਪੀ. ਨੇ ਪਰਮਿੰਦਰ ਸਿੰਘ ਨੂੰ ਥਾਪੜਾ ਦੇ ਕੇ ਕਿਹਾ ਕਿ "ਤੁਸੀਂ ਡਟੇ ਰਹੋ, ਸਰਕਾਰ ਹਿੱਲੀ ਹੋਈ ਹੈ ਜਿੱਤ ਤੁਹਾਡੀ ਹੀ ਹੋਵੇਗੀ, ਅੱਜ ਤੋਂ ਮਗਰੋਂ ਪੁਲਸ ਤੈਨੂੰ ਕੁਝ ਨਹੀਂ ਕਹੇਗੀ।"



## ਖ਼ਾਲਸਾ ਕਾਲਜ ਸੁਧਾਰ ਗੋਲੀ ਕਾਂਡ

ਸੰਘਰਸ਼ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਉਰਫ ਜੰਗੀ ਦੀ ਡਿਊਟੀ ਲਾਈ ਗਈ ਸੀ ਕਿ ਉਹ ਸੁਧਾਰ ਕਾਲਜ ਵਿੱਚ, ਸਰਕਾਰੀ ਕਾਲਜ ਲੁਧਿਆਣਾ ਦੇ ਹੱਕ ਵਿੱਚ ਹੜਤਾਲ ਕਰਵਾਏ। ਸੁਧਾਰ ਕਾਲਜ ਦੇ ਵਿਦਿਆਰਥੀਆਂ ਨੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਕਾਲਜ ਬੰਦ ਕਰ ਦਿੱਤਾ ਤੇ ਹੜਤਾਲ ਤੇ ਚਲੇ ਗਏ। ਕਾਲਜ ਵਿੱਚ ਬਹੁਤ ਵੱਡੀ ਰੈਲੀ ਕੀਤੀ ਜਿਸ ਨੂੰ ਅਮਰਜੀਤ ਸਿੰਘ ਜੰਗੀ ਨੇ ਸੰਬੋਧਨ ਕੀਤਾ ਤੇ ਫਿਰ ਸੁਧਾਰ ਕਾਲਜ ਦੇ ਵਿਦਿਆਰਥੀ ਆਗੂਆਂ ਨੇ ਵੀ ਧੂੰਆਂਧਾਰ ਭਾਸ਼ਨ ਦਿੱਤੇ ਜਿਸ ਨਾਲ ਕਾਲਜ ਦੇ ਸਾਰੇ ਵਿਦਿਆਰਥੀ ਬੜੇ ਜੋਸ਼ ਵਿੱਚ ਆ ਗਏ ਤੇ ਰੈਲੀ ਨੇ ਜਲੂਸ ਦਾ ਰੂਪ ਧਾਰ ਲਿਆ ਤੇ ਵਿਦਿਆਰਥੀ 'ਪੰਜਾਬ ਸਟੂਡੈਂਟਸ ਯੂਨੀਅਨ-ਜ਼ਿੰਦਾਬਾਦ, ਇਨਕਲਾਬ-ਜ਼ਿੰਦਾਬਾਦ' ਦੇ ਨਾਹਰੇ ਮਾਰਨ ਲੱਗੇ। ਜਲੂਸ ਬੜਾ ਪੁਰਅਮਨ ਸੀ ਤੇ ਵਿਦਿਆਰਥੀ ਪੁਲਸ ਤਸ਼ੱਦਦ ਦੇ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਨ। ਪਰ ਪੁਲਸ ਨੇ ਬਿਨਾਂ ਕਿਸੇ ਕਾਰਨ ਜਲੂਸ ਨੂੰ ਰੋਕ ਲਿਆ ਤੇ ਵਿਦਿਆਰਥੀ ਅੱਗੇ ਜਾਣ ਲਈ ਬਜ਼ਿੱਦ ਹੋ ਗਏ ਤਾਂ ਪੁਲਸ ਨੇ ਗੋਲੀ ਚਲਾ ਦਿੱਤੀ ਜਿਸ ਦਾ ਸਿੱਟਾ ਸੁਧਾਰ ਕਾਲਜ ਦਾ ਹੋਣਹਾਰ ਵਿਦਿਆਰਥੀ ਜਗਤਾਰ ਸਿੰਘ ਪੁਲਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ। ਇਸ ਦੁੱਖ ਵਿੱਚ ਸੁਧਾਰ ਕਾਲਜ ਕਈ ਦਿਨ ਹੜਤਾਲ ਤੇ ਰਿਹਾ ਤੇ ਅੱਜ ਤੱਕ ਸੁਧਾਰ ਕਾਲਜ ਵਿੱਚ ਸ਼ਹੀਦ ਜਗਤਾਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

## ਸਿੱਖ ਨੈਸ਼ਨਲ ਕਾਲਜ ਬੰਗਾ

ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਪੀ.ਐਸ.ਯੂ. ਦੀ ਬਰਾਂਚ ਬੜੀ ਤਕੜੀ ਸੀ ਜਿਸ ਦੀ ਅਗਵਾਈ ਇਸ ਕਾਲਜ ਦਾ ਵਿਦਿਆਰਥੀ ਦਰਸ਼ਨ ਖਟਕੜ ਕਰਦਾ ਸੀ ਤੇ ਦਰਸ਼ਨ ਖਟਕੜ ਦੇ ਸਹਾਇਕ ਕਮਾਂਡਰ ਇਕਬਾਲ ਖ਼ਾਨ, ਇਕਬਾਲ ਸਿੰਘ ਕੋਮਲ, ਗੁਰਮੇਲ ਕਨੇਡੀ, ਨਿਰੰਜਣ ਮੰਗੂਵਾਲ ਸਨ। ਦਰਸ਼ਨ ਖਟਕੜ ਪੀ.ਐਸ.ਯੂ. ਦੇ ਸੂਬਾ ਮਾਰਕਸਵਾਦੀ ਗਰੁੱਪ ਦਾ ਵੀ ਮੈਂਬਰ ਸੀ। ਇਸ ਕਾਲਜ ਦੀ ਸਟੂਡੈਂਟਸ ਯੂਨੀਅਨ ਨੇ ਸਰਕਾਰੀ ਕਾਲਜ ਲੁਧਿਆਣਾ ਦੇ ਹੱਕ ਵਿੱਚ ਤੇ ਸੁਧਾਰ ਕਾਲਜ ਦੇ ਵਿਦਿਆਰਥੀਆਂ 'ਤੇ ਪੁਲਸ ਦੇ ਜ਼ੁਲਮ ਵਿਰੁੱਧ ਹੜਤਾਲ ਕਰ ਦਿੱਤੀ ਤੇ ਰੋਹ ਭਰਿਆ ਜਲੂਸ ਕੱਢਿਆ ਜਿਹੜਾ ਬੰਗਾ ਸ਼ਹਿਰ ਦੇ ਇਤਿਹਾਸ ਵਿੱਚ ਕਦੇ ਨਾ ਭੁੱਲਣ ਵਾਲਾ ਜਲੂਸ ਸੀ। ਵਿਦਿਆਰਥੀ ਜੋਸ਼ ਤੇ ਗੁਸੇ ਵਿੱਚ ਨਾਹਰੇ ਮਾਰਦੇ ਹੋਏ ਅਗੇ ਵਧ ਰਹੇ ਸਨ।

ਇਨਕਲਾਬ - ਜ਼ਿੰਦਾਬਾਦ
ਸੁਧਾਰ ਪੁਲਸ - ਮੁਰਦਾਬਾਦ
ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ

ਪੁਲਸ ਨੇ ਜਲੂਸ ਨੂੰ ਰੋਕ ਦਿੱਤਾ ਤੇ ਪੁਲਸ ਤੇ ਵਿਦਿਆਰਥੀਆਂ ਵਿੱਚ ਜੰਮ ਕੇ ਟਕਰਾ ਹੋਇਆ। ਪੁਲਸ ਨੇ ਲਾਠੀਚਾਰਜ ਕੀਤਾ ਜਿਸ ਵਿੱਚ ਕਾਫੀ ਵਿਦਿਆਰਥੀਆਂ ਨੂੰ ਸੱਟਾਂ ਲੱਗੀਆਂ। ਰੋਹ ਵਿੱਚ ਆ ਕੇ ਵਿਦਿਆਰਥੀਆਂ ਨੇ ਪੰਜਾਬ ਰੋਡਵੇਜ਼ ਦੀ ਇਕ ਬੱਸ ਅਗਨ ਭੇਟ ਕਰ ਦਿੱਤੀ। ਜਿਸ ਦੇ ਦੋਸ਼ ਵਿੱਚ ਪੁਲਸ ਨੇ ਇਕਬਾਲ ਖ਼ਾਨ ਦੇ ਵਰੰਟ ਕੱਢ ਦਿੱਤੇ। ਕਰੀਬ ਦੋ ਮਹੀਨੇ ਗੁਪਤਵਾਸ ਵਿੱਚ ਰਹਿ ਕੇ ਦਰਸ਼ਨ ਖਟਕੜ ਤੇ ਇਕਬਾਲ ਖਾਨ ਵਿਦਿਆਰਥੀਆਂ ਦੇ ਘਰੀਂ ਜਾ-ਜਾ ਕੇ ਸੰਪਰਕ ਕਰਦੇ ਅਤੇ ਉਨਾਂ ਨੂੰ ਮਾਰਕਸੀ ਸਿੱਖਿਆ ਦਿੰਦੇ ਰਹੇ। ਇੱਕ ਦਿਨ ਜਦੋਂ ਖਾਨ ਕਾਲਜ ਦੇ ਪਿਛਲੇ ਗੇਟ ਰਾਹੀਂ ਵਿਦਿਆਰਥੀਆਂ ਨਾਲ ਸੰਪਰਕ ਕਰਨ ਜਾ ਰਿਹਾ ਸੀ ਤੇ ਲੁਕ ਕੇ ਬੈਠੇ ਪੁਲੀਸ ਵਾਲੇ ਉਸ 'ਤੇ ਟੁੱਟ ਪਏ। ਇਕਬਾਲ ਖਾਨ ਖੇਤੋਂ-ਖੇਤੀ ਭੱਜਦਾ ਸ਼ਹਿਰ ਦੀ ਇੱਕ ਗਲੀ ਵਿੱਚ ਵੜਨ ਲਈ ਮਜਬੂਰ ਹੋ ਗਿਆ ਜੋ ਮੋਹਰਿਉਂ ਬੰਦ ਸੀ। ਇੱਥੋਂ ਹੀ ਉਸ ਨੂੰ ਫੜਕੇ ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਭੇਜਿਆ। ਮਗਰੋਂ ਬੱਸ ਫੂਕ ਕੇਸ ਤੇ ਹੋਰ ਕੇਸਾਂ ਵਿੱਚ ਉਸਦੀ ਜ਼ਮਾਨਤ



ਹੋ ਗਈ ਸੀ। ਇਸੇ ਅਰਸੇ ਵਿੱਚ ਇੱਕ ਦਿਨ ਕਾਲਜ ਦੀ ਰੋਸ ਰੈਲੀ ਨੂੰ ਖਿੰਡਾਉਣ ਲਈ ਪੁਲੀਸ ਦੀ ਭਾਰੀ ਫੋਰਸ ਬੁਲਾਈ ਗਈ। ਰੈਲੀ ਖਿੰਡੀ, ਵਿਦਿਆਰਥੀ ਭੱਜੇ ਤਾਂ ਪੁਲੀਸ ਵੱਲੋਂ ਮੰਗਵਾਏ ਪੁਲੀਸ ਦੇ ਐਥਲੀਟਾਂ ਨੂੰ ਇਕਬਾਲ ਕੋਮਲ ਨੂੰ ਫੜਨ ਦਾ ਇਸ਼ਾਰਾ ਹੋਇਆ। ਫੁੱਟਬਾਲ ਤੇ ਕਬੱਡੀ ਦੇ ਇਸ ਖਿਡਾਰੀ ਨੇ 2 ਕਿਲੋਮੀਟਰ ਤੱਕ ਪੁਲਸੀਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਸੀ। ਗੁੰਮਰਾਹ ਪੇਂਡੂਆਂ ਨੇ ਉਸ ਨੂੰ ਘੇਰ ਲਿਆ ਤੇ ਪੁਲੀਸ ਨੇ ਉਸ ਨੂੰ ਦਬੋਚ ਲਿਆ ਸੀ। ਉਸਨੂੰ ਵੀ ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਭੇਜਿਆ ਗਿਆ। ਪੇਸ਼ੀ ਸਮੇਂ ਉਸ ਦੀ ਜ਼ਮਾਨਤ ਹੋ ਗਈ ਸੀ ਅਤੇ ਮਗਰੋਂ ਉਹ ਜ਼ਮਾਨਤ ਉਲੰਘ ਕੇ ਪਾਰਟੀ ਦਾ ਕੁਲਵਕਤੀ ਬਣ ਗਿਆ ਸੀ। ਇਕਬਾਲ ਖਾਨ ਨੇ ਵੀ ਇਉਂ ਹੀ ਕੀਤਾ ਸੀ। ਇਕਬਾਲ ਕੋਮਲ ਮਗਰੋਂ ਪੁਲੀਸ ਨੇ ਝੂਠੇ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਸੀ।

## ਤਰਨਤਾਰਨ ਗੋਲੀ ਕਾਂਡ

ਸੁਧਾਰ ਕਾਲਜ ਦਾ ਗੋਲੀ ਕਾਂਡ ਤੇ ਵਿਦਿਆਰਥੀ ਜਗਤਾਰ ਦੀ ਸ਼ਹੀਦੀ ਪੰਜਾਬ ਦੇ ਕਾਲਜਾਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਤਰਨਤਾਰਨ ਕਾਲਜ ਦੇ ਵਿਦਿਆਰਥੀ ਅਖ਼ਬਾਰ ਵਿਚਲੀ ਖ਼ਬਰ ਪੜ੍ਹ ਕੇ ਆਪ ਮੁਹਾਰੇ ਹੀ ਕਾਲਜ ਵਿੱਚ ਇਕੱਠੇ ਹੋ ਗਏ ਤੇ ਨਾਹਰੇ ਮਾਰਨ ਲੱਗ ਪਏ :

ਵਿਦਿਆਰਥੀ ਏਕਤਾ - ਜ਼ਿੰਦਾਬਾਦ
ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ - ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ

ਇੰਝ ਜਲੂਸ ਦੀ ਸ਼ਕਲ ਵਿੱਚ ਸਾਰਾ ਕਾਲਜ ਤਰਨਤਾਰਨ ਦੇ ਬਜ਼ਾਰਾਂ ਵਲ ਚਲ ਪਿਆ। ਤਰਨਤਾਰਨ ਦੀ ਪੁਲਸ ਨੇ ਆ ਕੇ ਜਲੂਸ ਨੂੰ ਅੱਗੇ ਜਾਣ ਤੋਂ ਰੋਕ ਲਿਆ। ਜਲੂਸ ਬੜਾ ਪੁਰਅਮਨ ਸੀ ਤੇ ਵਿਦਿਆਰਥੀ ਤਰਨਤਾਰਨ ਦੀਆਂ ਕਚਹਿਰੀਆਂ ਵਿੱਚ ਜਾ ਕੇ ਸੁਧਾਰ ਕਾਲਜ ਵਿੱਚ ਪੁਲਸ ਗੋਲੀ ਕਾਂਡ ਨਾਲ ਇਕ ਵਿਦਿਆਰਥੀ ਦੀ ਮੌਤ ਤੇ ਡੀ.ਸੀ. ਨੂੰ ਰੋਸ ਪਤਰ ਦੇਣਾ ਚਾਹੁੰਦੇ ਸਨ, ਪਰ ਪੁਲਸ ਨੇ ਜਲੂਸ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ। ਵਿਦਿਆਰਥੀ ਵੀ ਬਜ਼ਿਦ ਹੋ ਗਏ ਅਗੇ ਜਾਣ ਲਈ। ਪੁਲਸ ਤੇ ਵਿਦਿਆਰਥੀਆਂ ਵਿੱਚ ਤਣਾਓ ਵਧ ਗਿਆ ਤੇ ਪੁਲਸ ਨੇ ਲਾਠੀਚਾਰਜ ਕਰ ਦਿੱਤਾ ਤੇ ਜੁਆਬ ਵਿੱਚ ਵਿਦਿਆਰਥੀਆਂ ਨੇ ਪੁਲਸ 'ਤੇ ਭਾਰੀ ਪਥਰਾਓ ਕੀਤਾ ਜਿਸ ਨਾਲ ਕੁਝ ਪੁਲਸੀਏ ਜ਼ਖ਼ਮੀ ਹੋਏ ਤੇ ਫਿਰ ਪੁਲਸ ਨੇ ਗੋਲੀ ਚਲਾ ਦਿਤੀ ਜਿਸ ਨਾਲ ਕਈ ਵਿਦਿਆਰਥੀ ਜ਼ਖ਼ਮੀ ਹੋਏ ਤੇ ਲਗਪਗ 20 ਕੁ ਵਿਦਿਆਰਥੀ ਗ੍ਰਿਫਤਾਰ ਕੀਤੇ ਗਏ। ਕਈ ਦਿਨ ਕਾਲਜ ਬੰਦ ਰਿਹਾ ਪਰ ਖ਼ੁਸ਼ਕਿਸਮਤੀ ਨਾਲ ਕਿਸੇ ਵਿਦਿਆਰਥੀ ਦੀ ਮੌਤ ਨਹੀਂ ਹੋਈ। ਗ੍ਰਿਫਤਾਰ ਵਿਦਿਆਰਥੀਆਂ 'ਤੇ ਪੁਲਸ ਨੇ ਕੇਸ ਦਰਜ ਕਰ ਦਿੱਤੇ ਪਰ ਜਦੋਂ ਪੰਜਾਬ ਸਰਕਾਰ ਨੇ ਗਵਰਨਰ ਪਾਵਟੇ ਦੀ ਮੁਦਾਖ਼ਲਤ ਨਾਲ ਸਰਕਾਰੀ ਕਾਲਜ ਲੁਧਿਆਣਾ ਦੀਆਂ ਮੰਗਾਂ ਮੰਨੀਆਂ ਗਈਆਂ, ਤਾਂ ਪੰਜਾਬ ਵਿੱਚ ਸਾਰੇ ਵਿਦਿਆਰਥੀ ਰਿਹਾ ਕੀਤੇ ਗਏ ਤੇ ਕੇਸ ਵੀ ਵਾਪਸ ਲਏ ਗਏ।



## ਸਠਿਆਲਾ ਕਾਲਜ ਦੇ ਵਿਦਿਆਰਥੀਆਂ ਦੀ ਪੁਲਸ ਨਾਲ ਟੱਕਰ
## (ਸੋਮਾ ਗੁਰਦਿਆਲ ਬੱਲ)

ਸੁਰਿੰਦਰ ਚਾਹਲ ਹਿੰਦੂ ਕਾਲਜ ਵਿੱਚ ਐਮ.ਏ. ਦਾ ਵਿਦਿਆਰਥੀ ਸੀ ਤੇ ਅੰਮ੍ਰਿਤਸਰ ਜ਼ਿਲ੍ਹੇ ਦਾ ਪੀ.ਐਸ.ਯੂ. ਦਾ ਪ੍ਰਧਾਨ ਸੀ। ਇਸ ਤੋਂ ਇਲਾਵਾ ਸੁਰਿੰਦਰ ਚਾਹਲ ਪੀ.ਐਸ.ਯੂ. ਦੀ ਸੂਬੇ ਦੀ ਐਗਜ਼ਿਕਟਿਵ ਦਾ ਮੈਂਬਰ ਹੋਣ ਦੇ ਨਾਲ ਪੰਜਾਬ ਦੇ ਮਾਰਕਸਵਾਦੀ ਗਰੁਪ ਦਾ ਵੀ ਮੈਂਬਰ ਸੀ। ਸਰਕਾਰੀ ਕਾਲਜ ਦੇ ਸੰਘਰਸ਼ ਦੇ ਸਬੰਧ ਵਿੱਚ ਸੁਰਿੰਦਰ ਚਾਹਲ ਤੇ ਗੁਰਦੇਵ ਸਿੰਘ ਸਠਿਆਲਾ ਕਾਲਜ ਤੋਂ ਲੁਧਿਆਣੇ ਆਏ ਹੋਏ ਸਨ। ਪੀ.ਐਸ.ਯੂ. ਵੱਲੋਂ ਸੁਰਿੰਦਰ ਚਾਹਲ ਤੇ ਗੁਰਦੇਵ ਸਿੰਘ ਦੀ ਡਿਊਟੀ ਲਾਈ ਗਈ ਕਿ ਸਠਿਆਲਾ ਕਾਲਜ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਸਰਕਾਰੀ ਕਾਲਜ ਦੇ ਸੰਘਰਸ਼ ਦੇ ਹੱਕ ਵਿੱਚ ਹੜਤਾਲ ਕਰਾਉਣ। ਸੁਰਿੰਦਰ ਚਾਹਲ ਦੀ ਪ੍ਰਧਾਨਗੀ ਹੇਠ ਸਠਿਆਲੇ ਕਾਲਜ ਦੇ ਆਗੂਆਂ ਦੀ ਮੀਟਿੰਗ ਹੋਈ ਜਿਸ ਵਿੱਚ ਕਰਨੈਲ ਸਿੰਘ ਰੰਧਾਵਾ, ਮੰਗਲ ਸਿੰਘ, ਗੁਰਦੇਵ ਸਿੰਘ ਤੇ ਗੁਰਦਿਆਲ ਬਲ ਸਨ। ਕੁਝ ਆਗੂ ਖਾੜਕੂ ਕਾਰਵਾਈ ਕਰ ਕੇ ਪੰਜਾਬ ਸਰਕਾਰ ਦੇ ਤਾਨਾਸ਼ਹੀ ਰਵਈਏ ਦਾ, ਪੰਜਾਬ ਪੁਲਸ ਦੇ ਤਸ਼ੱਦਦ ਦਾ ਵੀ ਵਿਰੋਧ ਕਰਨਾ ਚਾਹੁੰਦੇ ਸਨ ਤੇ ਕੁਝ ਆਗੂ ਖਾੜਕੂ ਕਾਰਵਾਈ ਦੇ ਹੱਕ ਵਿੱਚ ਨਹੀਂ ਸਨ।

ਫੈਸਲਾ ਇਹ ਹੋਇਆ ਕਿ ਬਿਆਸ ਥਾਣੇ ਜਾ ਕੇ 12 ਵਿਦਿਆਰਥੀ ਆਪਨੀ ਗ੍ਰਿਫਤਾਰੀ ਦੇਣ ਜਿਸ ਨਾਲ ਸਰਕਾਰੀ ਕਾਲਜ ਲੁਧਿਆਣੇ ਦੇ ਸੰਘਰਸ਼ ਨੂੰ ਬਹੁਤ ਹੁਲਾਰਾ ਮਿਲੇਗਾ। ਇਸ ਮਿਸ਼ਨ ਲਈ 12 ਵਿਦਿਆਰਥੀ ਬਿਆਸ ਥਾਣੇ ਪਹੁੰਚ ਗਏ ਗ੍ਰਿਫਤਾਰ ਹੋਣ ਲਈ ਪਰ ਪੁਲਸ ਨੇ ਗ੍ਰਿਫਤਾਰ ਕਰਨ ਤੋਂ ਨਾਂਹ ਕਰ ਦਿੱਤੀ। ਵਿਦਿਆਰਥੀ ਆਪਨੀ ਆਈ 'ਤੇ ਆਏ ਹੋਏ ਸਨ ਤੇ ਫਿਰ ਵਿਦਿਆਰਥੀ ਨਾਹਰੇ ਮਾਰਨ ਲੱਗ ਪਏ :

ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ - ਮੁਰਦਾਬਾਦ
ਪੁਲਸ ਤਸ਼ੱਦਦ - ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ

ਇਨਾਂ ਨਾਹਰਿਆਂ ਦੇ ਨਾਲ ਹੀ ਵਿਦਿਆਰਥੀਆਂ ਨੇ ਬਿਆਸ ਥਾਣੇ 'ਤੇ

ਪਥਰਾਓ ਕੀਤਾ। ਇਸ ਖਾੜਕੂ ਕਾਰਵਾਈ ਕਾਰਨ ਥਾਣੇ ਦੇ ਇੰਚਾਰਜ ਨੇ ਸਾਰੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਚਾੜ੍ਹ ਦਿੱਤੇ ਤੇ ਗ੍ਰਿਫਤਾਰੀ ਮਗਰੋਂ ਸਾਰੇ ਵਿਦਿਆਰਥੀਆਂ ਨੂੰ ਬਹੁਤ ਕੁੱਟਮਾਰ ਕੀਤੀ ਤੇ ਸਭ ਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ।

ਅਗਲੇ ਦਿਨ ਜਦੋਂ ਸਠਿਆਲਾ ਕਾਲਜ ਦੇ ਵਿਦਿਆਰਥੀਆਂ ਨੂੰ ਪਤਾ ਲੱਗਾ ਕਿ ਕਾਲਜ ਦੇ 12 ਵਿਦਿਆਰਥੀ ਬਿਆਸ ਥਾਣੇ ਵਿੱਚ ਬੰਦ ਕਰ ਦਿਤੇ ਗਏ ਹਨ ਤਾਂ ਕਾਲਜ ਦੇ ਸਾਰੇ ਵਿਦਿਆਰਥੀ ਨਾਹਰੇ ਮਾਰਦੇ ਹੋਏ ਹੜਤਾਲ ਤੇ ਚਲੇ ਗਏ ਤੇ ਕਾਲਜ ਦੇ ਗੇਟ ਅਗੇ ਸੜਕ ਤੇ ਬੜੇ ਜੋਸ਼ ਵਿੱਚ ਪੰਜਾਬ ਪੁਲਸ - ਮੁਰਦਾਬਾਦ, ਬਿਆਸ ਪੁਲਸ - ਮੁਰਦਾਬਾਦ ਦੇ ਨਾਹਰੇ ਮਾਰਦਾ ਜਲੂਸ ਸੜਕ ਤੇ ਬਸ ਅੱਡੇ ਤੱਕ ਆ ਗਿਆ ਤੇ ਬਸ ਅੱਡੇ ਤੇ ਪੰਜਾਬ ਰੋਡਵੇਜ਼ ਦੀ ਬਸ ਖੜੀ ਸੀ ਤੇ ਜੋਸ਼ ਵਿਚ ਆ ਕੇ ਵਿਦਿਆਰਥੀਆਂ ਨੇ ਬਸ ਨੂੰ ਸਾੜ ਦਿਤਾ। ਅਗਲੇ ਦਿਨ ਅਜੀਤ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਵਡੀ ਸੁਰਖ਼ੀ ਵਿੱਚ ਖ਼ਬਰ ਛਪੀ, "ਸਠਿਆਲਾ ਕਾਲਜ ਦੇ ਵਿਦਿਆਰਥੀਆਂ ਨੇ ਬਿਆਸ ਥਾਣੇ ਦਾ ਘਿਰਾਓ ਤੇ ਪਥਰਾਓ ਕੀਤਾ।"



## ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਦਾ ਪੰਜਾਬ ਪੁਲਸ ਨਾਲ 8 ਘੰਟੇ ਯੁੱਧ : (ਸੋਮਾ ਗੁਰਦਿਆਲ ਬੱਲ)

ਸੁਰਿੰਦਰ ਚਾਹਲ, ਸਠਿਆਲੇ ਕਾਲਜ ਦੀ ਖਾੜਕੂ ਕਾਰਵਾਈ ਤੋਂ ਅਗਲੇ ਦਿਨ ਅੰਮ੍ਰਿਤਸਰ ਪੁੱਜਾ ਤੇ ਤੁਰਤ ਹੀ ਖ਼ਾਲਸਾ ਕਾਲਜ ਵਿੱਚ ਸੁੱਚਾ ਸਿੰਘ ਰੰਧਾਵਾ, ਕਮਲਦੀਪ ਤੇ ਜਰਮਨਜੀਤ ਸਿੰਘ ਜਿਹੜਾ ਸਠਿਆਲਾ ਕਾਲਜ ਤੋਂ ਖ਼ਾਲਸਾ ਕਾਲਜ ਵਿੱਚ ਆਇਆ ਸੀ, ਨਾਲ ਮੀਟਿੰਗ ਕੀਤੀ ਕਿ ਸਰਕਾਰੀ ਕਾਲਜ ਲੁਧਿਆਣਾ ਦੇ ਹੱਕ ਵਿੱਚ ਤੇ ਪੰਜਾਬ ਸਰਕਾਰ ਦੀ ਹੱਠਧਰਮੀ ਤੇ ਪੁਲਸ ਦੇ ਜਬਰ ਖ਼ਿਲਾਫ਼ ਹੜਤਾਲ ਤੇ ਮੁਜ਼ਾਹਰਾ ਕੀਤਾ ਜਾਵੇ। ਇਸ ਸਬੰਧ ਵਿੱਚ ਇਕ ਪੋਸਟਰ ਤਿਆਰ ਕੀਤਾ ਗਿਆ ਜਿਹੜਾ ਰਾਤੋ-ਰਾਤ ਕਾਲਜ ਦੇ ਹੋਸਟਲਾਂ ਵਿੱਚ ਵੰਡਿਆ ਗਿਆ ਜਿਸ ਵਿਚ ਸਾਰੇ ਵਿਦਿਆਰਥੀਆ ਨੂੰ ਹੜਤਾਲ ਤੇ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। 1967 ਦੇ ਖ਼ਾਲਸਾ ਕਾਲਜ ਦੇ ਸੰਘਰਸ਼ ਦੌਰਾਨ ਸ਼ੇਰੀ ਤੇ ਸੁਰਿੰਦਰ ਚਾਹਲ ਨੇ ਸੁਚਾ ਸਿੰਘ ਰੰਧਾਵਾ ਤੇ ਕਮਲਦੀਪ ਨੂੰ ਸੰਘਰਸ਼ ਦੀ ਕੁਠਾਲੀ ਵਿੱਚੋਂ ਕੱਢਿਆ ਹੋਇਆ ਸੀ, ਇਹ ਦੋਵੇਂ ਵਿਦਿਆਰਥੀ ਪੀ.ਐਸ.ਯੂ. ਦੇ ਬੜੇ ਤਕੜੇ ਯੋਧੇ ਬਣ ਚੁਕੇ ਸਨ।

ਅਗਲੇ ਦਿਨ ਕਾਲਜ ਦੇ ਸਾਰੇ ਵਿਦਿਆਰਥੀ ਕਾਲਜ ਦੇ ਅੱਗੇ ਇਕੱਠੇ ਹੋ ਗਏ ਜਿਨਾਂ ਨੂੰ ਸੁਰਿੰਦਰ ਚਾਹਲ ਨੇ ਬੜੇ ਭਾਵਕ ਸ਼ਬਦਾਂ ਨਾਲ ਵੰਗਾਰਿਆ ਤੇ ਪੰਜਾਬ ਪੁਲਸ ਵੱਲੋਂ ਸੁਧਾਰ ਕਾਲਜ, ਤਰਨਤਾਰਨ ਕਾਲਜ ਤੇ ਸਠਿਆਲਾ ਕਾਲਜ ਦੇ ਵਿਦਿਆਰਥੀਆਂ ਤੇ ਕੀਤੇ ਜਬਰ ਦਾ ਜ਼ਿਕਰ ਕੀਤਾ। ਸੁਧਾਰ ਕਾਲਜ ਵਿੱਚ ਸ਼ਹੀਦ ਜਗਤਾਰ ਸਿੰਘ ਦੀ ਪੰਜਾਬ ਪੁਲਸ ਦੀ ਗੋਲੀ ਨਾਲ ਹੋਈ ਸ਼ਹੀਦੀ ਦਾ ਬਿਰਤਾਂਤ ਕਾਲਜ ਦੇ ਵਿਦਿਆਰਥੀਆਂ ਅਗੇ ਰੱਖਿਆ ਤੇ ਸਾਰੇ ਵਿਦਿਆਰਥੀਆਂ ਨੂੰ ਪੁਰਅਮਨ ਜਲੂਸ ਵਿੱਚ ਡੀ.ਸੀ. ਦੇ ਦਫ਼ਤਰ ਜਾ ਕੇ ਇਸ ਜਬਰ ਵਿਰੁੱਧ ਰੋਸ ਪੱਤਰ ਦੇਣ ਲਈ ਵੰਗਾਰਿਆ। ਵਿਦਿਆਰਥੀ ਜੋਸ਼ ਵਿੱਚ ਆ ਕੇ ਨਾਹਰੇ ਮਾਰਨ ਲੱਗ ਪਏ :

ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ - ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ

ਜਦੋਂ ਵਿਦਿਆਰਥੀ ਚਾਰ-ਚਾਰ ਦੀਆਂ ਲਾਈਨਾਂ ਵਿੱਚ ਪੁਰਅਮਨ ਰੂਪ ਵਿੱਚ ਜਲੂਸ ਦੀ ਸ਼ਕਲ ਵਿੱਚ ਕਾਲਜ ਦੇ ਗੇਟ ਤੋਂ ਬਾਹਰ ਨਿਕਲਣ ਲੱਗੇ ਤਾਂ ਕਾਲਜ ਦੇ ਗੇਟ ਦੇ ਸੜਕ ਦੇ ਦੂਜੇ ਪਾਸੇ ਪੁਲਸ ਡਾਂਗਾਂ ਫੜੀ ਤਿਆਰ-ਬਰ-ਤਿਆਰ ਖੜੀ ਸੀ। ਇਸ ਦੇ ਨਾਲ ਹੀ ਘੋੜ ਸੁਆਰ ਪੁਲਸ ਡਾਂਗਾਂ ਨਾਲ ਲੈਸ ਸੀ। ਜਿਉਂ ਹੀ ਵਿਦਿਆਰਥੀਆਂ ਨੇ ਕਾਲਜ ਦਾ ਗੇਟ ਟੱਪਿਆ ਪੁਲੀਸ ਨੇ ਐਲਾਨ ਕੀਤਾ ਤੇ ਵਿਦਿਆਰਥੀਆਂ ਨੂੰ ਹੁਕਮ ਦਿੱਤਾ ਕਿ ਖਿੰਡ ਜਾਓ, ਤੁਸੀਂ ਕਾਲਜ ਦੀ ਹੱਦ ਨਹੀਂ ਟੱਪ ਸਕਦੇ। ਸੁੱਚਾ ਸਿੰਘ ਰੰਧਾਵਾ, ਕਮਲਦੀਪ, ਸੁਰਿੰਦਰ ਸਿੰਘ ਚਾਹਲ ਤੇ ਜਰਮਨਜੀਤ ਝੰਡੇ ਫੜੀ ਪਹਿਲੀ ਕਤਾਰ ਵਿੱਚ ਸਨ ਤੇ ਇਨਾਂ ਨੇ ਨਾਹਰੇ ਮਾਰਦਿਆਂ ਜਲੂਸ ਨੂੰ ਅਗੇ ਵਧਣ ਲਈ ਵੰਗਾਰਿਆ ਤੇ ਪੁਲਸ ਨੇ ਡਾਂਗਾਂ ਸੜਕ 'ਤੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਵਿਦਿਆਰਥੀ ਪਿਛਾਂਹ ਹਟ ਗਏ। ਇਹ ਖੇਡ ਇਕ ਦੋ ਘੰਟੇ ਚਲਦੀ ਰਹੀ। ਜਦ ਵਿਦਿਆਰਥੀ ਅੱਗੇ ਵਧਦੇ ਤਾਂ ਪੁਲਸ ਹੱਲਾ ਬੋਲਦੀ। ਜਦੋਂ ਪੁਲਸ ਹੱਲਾ ਬੋਲਦੀ ਵਿਦਿਆਰਥੀ ਪਿਛਾਂਹ ਹਟ ਜਾਂਦੇ।

ਜਦੋਂ ਪੁਲਸ ਨੂੰ ਤਸੱਲੀ ਹੋ ਗਈ ਕਿ ਵਿਦਿਆਰਥੀ ਜਲੂਸ ਕੱਢਣ ਲਈ ਤੁਲੇ ਹੋਏ ਹਨ ਤਾਂ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਵਿਦਿਆਰਥੀਆਂ ਦੀ ਭੀੜ ਵਿੱਚ ਸੁੱਟੇ ਤੇ ਗੋਲੇ ਫਟਣ ਤੋਂ ਪਹਿਲਾਂ ਹੀ ਵਿਦਿਆਰਥੀਆਂ ਨੇ ਓਹ ਅਥਰੂ ਗੈਸ ਦੇ ਗੋਲੇ ਪੁਲਸੀਆਂ ਵਿੱਚ ਸੁੱਟ ਦਿਤੇ ਤੇ ਪੁਲਸ ਤੇ ਵਿਦਿਆਰਥੀਆਂ ਵਿੱਚ ਇਹ ਘਮਸਾਨ ਲਗਾਤਾਰ 7-8 ਘੰਟੇ ਤੱਕ ਚਲਦਾ ਰਿਹਾ ਤੇ ਜਦੋਂ ਇਹ ਅੱਥਰੂ ਗੈਸ ਦੇ ਗੋਲੇ ਪੁਲਸੀਆਂ ਵਿੱਚ ਫਟੇ ਤਾਂ ਝੱਟ ਪਲ ਲਈ ਪੁਲਸ ਦੀ ਕਤਾਰਬੰਦੀ ਵਿੱਚ ਭਦਗੜ ਪੈ ਗਈ ਤੇ ਇਸ ਦੌਰਾਨ ਵਿਦਿਆਰਥੀਆਂ ਦਾ ਜਲੂਸ ਕਾਲਜ ਦਾ ਗੇਟ ਟਪ ਕੇ ਸ਼ਹਿਰ ਨੂੰ ਜਾਂਦੀ ਸੜਕ 'ਤੇ ਚੜ ਗਿਆ। ਪੁਲਸ ਨੇ ਲਾਠੀਚਾਰਜ ਕਰ ਦਿਤਾ ਤੇ ਵਿਦਿਆਰਥੀਆਂ ਨੇ ਪੱਥਰਬਾਜੀ ਸ਼ੁਰੂ ਕਰ ਦਿੱਤੀ। ਜਦੋਂ ਪੁਲਸ ਵਿਦਿਆਰਥੀਆਂ ਨੂੰ ਤਿੱਤਰ-ਬਿੱਤਰ ਕਰਨ ਵਿੱਚ ਕਾਮਯਾਬ ਨਹੀਂ ਸੀ ਹੋ ਰਹੀ ਤਾਂ ਘੋੜ ਸੁਆਰ ਪੁਲਸ ਨੇ ਡਾਂਗਾਂ ਨਾਲ ਵਿਦਿਆਰਥੀਆਂ 'ਤੇ ਹੱਲਾ ਬੋਲ ਦਿੱਤਾ। ਇਥੋਂ ਤੱਕ ਕਿ ਘੋੜ ਸੁਆਰ ਪੁਲਸ ਨੇ ਕਾਲਜ ਵਿੱਚ ਘੋੜਿਆ 'ਤੇ ਚੜੇ ਚੜਾਏ ਵਿਦਿਆਰਥੀਆਂ 'ਤੇ ਡਾਂਗਾਂ ਦਾ ਮੀਂਹ ਵਰਾਇਆ। ਬਹੁਤ ਸਾਰੇ ਵਿਦਿਆਰਥੀਆਂ ਦੀਆਂ ਲੱਤਾਂ-ਬਾਹਾਂ ਤੋੜ ਦਿੱਤੀਆਂ। ਬਹੁਤ ਸਾਰੇ ਵਿਦਿਆਰਥੀ ਗ੍ਰਿਫਤਾਰ ਕੀਤੇ ਗਏ। ਪੁਲਸ ਤੇ ਵਿਦਿਆਰਥੀਆਂ ਵਿੱਚ ਇਹ ਘਮਸਾਨ ਘੱਟੋ-ਘੱਟ 8 ਘੰਟੇ ਤੱਕ ਚਲਦਾ ਰਿਹਾ ਪਰ ਪੁਲਸ ਵਿਦਿਆਰਥੀਆਂ ਦੇ ਹੌਸਲੇ ਪਸਤ ਨਾ ਕਰ ਸਕੀ। ਪੁਤਲੀ ਘਰ ਚੌਕ ਤੋਂ ਲੈ ਕੇ ਕਾਲਜ ਦੇ ਗੇਟ ਤੱਕ ਸੜਕ ਅਥਰੂ ਗੈਸ ਦੇ ਗੋਲਿਆਂ ਦੇ ਸ਼ੈੱਲਾਂ, ਪੱਥਰਾਂ, ਸੋਢਾ ਵਾਟਰ ਦੀਆਂ ਟੁੱਟੀਆਂ ਬੋਤਲਾਂ ਨਾਲ ਭਰੀ ਪਈ ਸੀ।



ਕਾਲਜ ਦਾ ਪ੍ਰਿੰਸੀਪਲ ਬਿਸ਼ਨ ਸਿੰਘ ਸਮੁੰਦਰੀ ਆਪਣੇ ਦਫ਼ਤਰ ਦਾ ਦਰਵਾਜ਼ਾ ਬੰਦ ਕਰ ਕੇ ਬੈਠਾ ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਸੀ ਤੇ ਕਹਿ ਰਿਹਾ ਸੀ, "ਓ ਰੱਬਾ ਇਹ ਸ਼ੇਰੀ ਕਿਧਰੋਂ ਅੱਜ ਭੂਤ ਬਣ ਕੇ ਆ ਗਿਆ, ਪਰ ਮੇਰੇ ਪੁੱਤਰਾਂ ਨੇ ਨਜ਼ਾਰੇ ਲਿਆ ਦਿੱਤੇ, ਪੁਲਸ ਦੀ ਭੂਤਨੀ ਭੁਲਾ ਕੇ ਰੱਖ ਦਿਤੀ ਇਕ ਵਾਰ ਤਾਂ, ਮੇਰੀ ਪੱਗ ਦੀ ਲਾਜ ਰੱਖ ਲਈ ਏ, ਸ਼ਾਬਾਸ਼ੇ ਪੁਤਰੋ।"

ਪੀ.ਐਸ.ਯੂ. ਦੇ ਇਤਿਹਾਸ ਵਿੱਚ ਸਾਥੀ ਸ਼ੇਰੀ ਦੇ ਸਿਰਲੱਥ ਸਾਥੀਆਂ ਸੁਰਿੰਦਰ ਚਾਹਲ, ਸੁੱਚਾ ਸਿੰਘ ਰੰਧਾਵਾ, ਕਮਲਦੀਪ, ਜਰਮਨਜੀਤ ਤੇ ਉਸ ਸਮੇਂ ਦੇ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦਾ ਅੰਮ੍ਰਿਤਸਰ ਦੀ ਪੁਲਸ ਨਾਲ 8 ਘੰਟੇ ਦਾ ਸੰਘਰਸ਼ਮਈ ਯੁੱਧ ਇਕ ਮਿਸਾਲ ਦੇ ਤੌਰ ਤੇ ਸੁਰਖ਼ ਸ਼ਬਦਾਂ ਵਾਂਗ ਰੁਸ਼ਨਾਂਦਾ ਰਹੇਗਾ।

## ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੇ ਹੋਰ ਕਾਲਜ

ਇਸ ਕਾਲਜ ਵਿੱਚ ਸਰਕਾਰੀ ਕਾਲਜ ਲੁਧਿਆਣਾ ਦੇ ਹੱਕ ਵਿੱਚ ਤੇ ਸੁਧਾਰ ਕਾਲਜ ਵਿੱਚ ਪੁਲਸ ਤਸ਼ੱਦਦ ਵਿਰੁੱਧ ਸੁਰਿੰਦਰ ਗਿਲ ਤੇ ਨਿਰੰਜਨ ਢੇਸੀ ਦੀ ਅਗਵਾਈ ਵਿੱਚ ਇਕ ਦਿਨ ਦੀ ਹੜਤਾਲ ਹੋਈ ਤੇ ਕਾਲਜ ਦੇ ਵਿਦਿਆਰਥੀਆਂ ਨੇ ਜਲੂਸ ਕੱਢਿਆ ਤੇ ਰੈਲੀ ਕੀਤੀ। ਇਥੇ ਪੁਲਸ ਨੇ ਜਲੂਸ ਤੇ ਰੈਲੀ ਵਿੱਚ ਕੋਈ ਦਖ਼ਲ ਨਹੀਂ ਸੀ ਦਿੱਤਾ।

### ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ

ਇਸ ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਦਾ ਹੋਸਟਲ ਪੀ.ਐਸ.ਯੂ. ਨੂੰ ਸਰਕਾਰੀ ਕਾਲਜ ਦੇ ਸੰਘਰਸ਼ ਦੇ ਹੈਡਕੁਆਰਟਰ ਦੇ ਤੌਰ 'ਤੇ ਅਲਾਟ ਕਰ ਰੱਖਿਆ ਸੀ ਅਤੇ ਹੋਸਟਲ ਦੇ ਮੈਸ ਵਿੱਚੋਂ ਖਾਣਾ ਵੀ ਦਿੱਤਾ ਜਾਂਦਾ ਸੀ। ਇਸ ਕਾਲਜ ਦੇ ਵਿਦਿਆਰਥੀਆਂ ਨੇ ਕੁਲਦੀਪ ਸਿੰਘ ਹਾਂਸਰਾ, ਮੇਜਰ ਸਿੰਘ, ਗੋਬਿੰਦਰ ਸਿੰਘ ਤੇ ਬਖ਼ਸ਼ੀਸ ਸਿੰਘ, ਰਾਜਿੰਦਰ ਸਿੰਘ ਹਾਂਸ ਦੀ ਅਗਵਾਈ ਵਿੱਚ ਸਰਕਾਰੀ ਕਾਲਜ ਲੁਧਿਆਣਾ ਦੇ ਹੱਕ ਵਿੱਚ ਤੇ ਸੁਧਾਰ ਕਾਲਜ ਅਤੇ ਤਰਨਤਾਰਨ ਕਾਲਜ ਵਿੱਚ ਪੁਲਸ ਗੋਲੀ ਕਾਂਡ ਵਿਰੁਧ ਇਕ ਦਿਨ ਦੀ ਹੜਤਾਲ ਤੇ ਰੈਲੀ ਕੀਤੀ ਸੀ।

### ਰਿਪੁਦਮਨ ਕਾਲਜ ਨਾਭਾ

ਸੁਰਜੀਤ ਬਾਗੜੀਆਂ ਤੇ ਇਸ ਦੇ ਮਾਰਕਸਵਾਦੀ ਗਰੁੱਪ ਨੇ ਪੀ.ਐਸ.ਯੂ. ਦੇ ਝੰਡੇ ਹੇਠ ਸਰਕਾਰੀ ਕਾਲਜ ਲੁਧਿਅਣਾ ਦੇ ਸੰਘਰਸ਼ ਦੇ ਹੱਕ ਵਿੱਚ, ਸੁਧਾਰ ਅਤੇ ਤਰਨਤਾਰਨ ਗੋਲੀ ਕਾਂਡ ਅਤੇ ਪੁਲਸ ਦੇ ਖ਼ਿਲਾਫ਼ ਕਾਲਜ ਵਿੱਚ ਹੜਤਾਲ ਕੀਤੀ ਤੇ ਜਲੂਸ ਕਢ ਕੇ ਵਿਦਿਆਰਥੀ ਏਕਤਾ ਦਾ ਸਬੂਤ ਦਿੱਤਾ।

### ਰਣਬੀਰ ਸਰਕਾਰੀ ਕਾਲਜ ਸੰਗਰੂਰ

ਇਸ ਕਾਲਜ ਦੇ ਪੀ.ਐਸ.ਯੂ. ਦੇ ਸਮਰਥਕਾਂ ਨੇ ਲੁਧਿਆਣੇ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਹੱਕ ਵਿੱਚ ਕਾਲਜ ਵਿਚ ਹੜਤਾਲ ਤੇ ਜਲੂਸ ਕੱਢ ਕੇ ਹੌਸਲਾ ਅਫ਼ਜ਼ਾਈ ਕੀਤੀ ਤੇ



ਪੰਜਾਬ ਸਟੂਡੈਂਟਸ ਯੂਨੀਅਨ – ਜ਼ਿੰਦਾਬਾਦ
ਪੰਜਾਬ ਪੁਲਸ – ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ ਦੀ ਨਾਅਰੇਬਾਜ਼ੀ ਕੀਤੀ।

### ਰਜਿੰਦਰਾ ਕਾਲਜ ਬਠਿੰਡਾ

ਪੀ.ਐਸ.ਯੂ. ਦੇ ਬਠਿੰਡਾ ਜ਼ਿਲ੍ਹੇ ਦੇ ਪ੍ਰਧਾਨ ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਦੀ ਅਗਵਾਈ ਹੇਠ ਰਜਿੰਦਰਾ ਕਾਲਜ ਦੇ ਵਿਦਿਆਰਥੀਆਂ ਨੇ ਸਰਕਾਰੀ ਕਾਲਜ ਲੁਧਿਆਣੇ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਹੱਕ ਵਿੱਚ ਤੇ ਪੰਜਾਬ ਪੁਲਸ ਦੇ ਜਬਰ ਵਿਰੁੱਧ ਹੜਤਾਲ ਕੀਤੀ ਤੇ ਜਲੂਸ ਕੱਢਿਆ।

ਪੰਜਾਬ ਪੁਲਸ - ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ
ਸਟੂਡੈਂਟਸ ਯੂਨੀਅਨ – ਜ਼ਿੰਦਾਬਾਦ ਦੇ ਨਾਹਰੇ ਗੂੰਜਦੇ ਰਹੇ।

### ਮਾਨਸਾ ਕਾਲਜ

ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਹੁਰੀਂ ਆਪਣੇ ਪੀ.ਐਸ.ਯੂ. ਦੇ ਵਿਦਿਆਰਥੀਆਂ ਸਮੇਤ ਮਾਨਸਾ ਕਾਲਜ ਜਾ ਪੁੱਜੇ ਤੇ ਆਪਣੀ ਧੜੱਲੇਦਾਰ ਤਕਰੀਰ ਨਾਲ ਮਾਨਸਾ ਕਾਲਜ ਦੇ ਵਿਦਿਆਰਥੀਆਂ ਨੂੰ ਵਿਦਿਆਰਥੀ ਏਕਤਾ ਦਾ ਸਬੂਤ ਦੇਣ ਲਈ ਵੰਗਾਰਿਆ। ਮਾਨਸਾ ਕਾਲਜ ਦੇ ਸਾਰੇ ਵਿਦਿਆਰਥੀ ਆਪਣੀਆਂ ਕਲਾਸਾਂ ਛੱਡ ਕੇ ਕਾਲਜ ਦੇ ਮੈਦਾਨ ਵਿੱਚ ਇਕੱਠੇ ਹੋ ਗਏ ਜਿਨਾਂ ਨੂੰ ਬਰਜਿੰਦਰ ਸਿੰਘ ਨੇ ਸੰਬੋਧਨ ਕੀਤਾ।

ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ – ਮੁਰਦਾਬਾਦ
ਸਟੂਡੈਂਟਸ ਏਕਤਾ - ਜ਼ਿੰਦਾਬਾਦ

### ਪੰਜਾਬੀ ਯੂਨੀਵਰਸਟੀ ਪਟਿਆਲਾ

ਪੀ.ਐਸ.ਯੂ. ਦੇ ਪੰਜਾਬ ਪੱਧਰ ਦੇ ਲੀਡਰ ਤੇ ਪੀ.ਐਸ.ਯੂ. ਦੇ ਪੰਜਾਬ ਦੇ ਮਾਰਕਸਵਾਦੀ ਗਰੁੱਪ ਦਾ ਮੈਂਬਰ ਇੰਦਰਜੀਤ ਸਿੰਘ ਬਿਟੂ ਪੰਜਾਬੀ ਯੂਨੀਵਰਸਟੀ ਕੈਂਪਸ ਵਿੱਚ ਇਕ ਨਾਮਾਵਰ ਲੀਡਰ ਸੀ। ਇਸ ਦਾ ਸਿਰਲੱਥ ਕਮਾਂਡਰ ਸੀ ਦਰਸ਼ਨ ਜੈਕ। ਇਸ ਜੋੜੀ ਨੇ ਆਪਣੀ ਜਥੇਬੰਦੀ ਦਾ ਇਕ ਸ਼ਕਤੀਸ਼ਾਲੀ ਜਾਲ ਵਿਛਾਇਆ

ਹੋਇਆ ਸੀ। ਸਟੂਡੈਂਟਸ ਏਕਤਾ ਤੇ ਲੁਧਿਆਣੇ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਇਨਾਂ ਦੀ ਅਗਵਾਈ ਹੇਠ ਯੂਨੀਵਰਸਟੀ ਵਿਚ ਰੈਲੀ ਕੀਤੀ ਗਈ।

### ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ

ਦਰਸ਼ਨ ਬਾਗ਼ੀ ਇਸ ਕਾਲਜ ਵਿੱਚ ਐਮ.ਐਡ. ਦਾ ਵਿਦਿਆਰਥੀ ਸੀ, ਇਸ ਕਾਲਜ ਦੇ ਵਿਦਿਆਰਥੀਆਂ ਨੇ ਸਰਕਾਰੀ ਕਾਲਜ ਲੁਧਿਆਣਾ ਦੇ ਸੰਘਰਸ਼ ਦੇ ਹੱਕ ਵਿੱਚ ਤੇ ਤਰਨਤਾਰਨ ਤੇ ਸੁਧਾਰ ਕਾਲਜ ਵਿੱਚ ਪੁਲਸ ਤਸ਼ੱਦਦ ਦੀ ਨਿਖੇਧੀ ਕੀਤੀ। ਇਸ ਰੈਲੀ ਵਿੱਚ ਕਾਲਜ ਦੇ ਪ੍ਰੋਫੈਸਰ ਵੀ ਹਾਜ਼ਰ ਸਨ। ਸਰਕਾਰ ਦੇ ਅਣਮਨੁੱਖੀ ਰਵੱਈਏ ਦੀ ਵਿਦਿਆਰਥੀਆਂ ਨੇ ਆਪਣੀਆਂ ਤਕਰੀਰਾਂ ਵਿੱਚ ਨਿਖੇਧੀ ਕੀਤੀ। ਇਸ ਰੈਲੀ ਵਿੱਚ

ਇਨਕਲਾਬ - ਜ਼ਿੰਦਾਬਾਦ
ਪੰਜਾਬ ਪੁਲਸ- ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ ਦੇ ਨਾਹਰੇ ਮਾਰੇ ਗਏ।

### ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ

ਇਸ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬ ਪੁਲਸ ਵੱਲੋਂ ਸੁਧਾਰ ਕਾਲਜ ਵਿੱਚ ਵਿਦਿਆਰਥੀਆਂ ਦੇ ਪੁਰਅਮਨ ਜਲੂਸ ਤੇ ਗੋਲੀ ਚਲਾ ਕੇ ਇਕ ਵਿਦਿਆਰਥੀ ਜਗਤਾਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ ਤੇ ਤਰਨਤਾਰਨ ਵੀ ਗੋਲੀਆਂ ਨਾਲ ਕੁਝ ਵਿਦਿਆਰਥੀ ਫਟੜ ਕਰ ਦਿਤੇ ਸਨ ਤੇ ਪੁਲਸ ਦੇ ਇਸ ਤਸ਼ੱਦਦ ਵਿਰੁਧ ਤੇ ਲੁਧਿਆਣਾ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਹੱਕ ਵਿੱਚ ਇਕ ਦਿਨ ਦੀ ਹੜਤਾਲ ਕੀਤੀ ਤੇ ਕਾਲਜ ਦੇ ਵਿਦਿਆਰਥੀਆਂ ਨੇ ਨਾਹਰੇ ਮਾਰਦੇ ਹੋਏ ਜਲੂਸ ਕੱਢਿਆ ਤੇ ਸਟੇਟ ਕਾਲਜ ਆਫ ਐਜੂਕੇਸ਼ਨ ਤੇ ਫਿਜ਼ੀਕਲ ਐਜੂਕੇਸ਼ਨ ਕਾਲਜ ਦੇ ਦੁਆਲੇ ਹੇਠ ਲਿਖੇ ਨਾਹਰੇ ਮਾਰਦਿਆਂ ਚੱਕਰ ਕੱਢੇ :

ਪੁਲਸ ਅਤਿਆਚਾਰ - ਮੁਰਦਾਬਾਦ
ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ।

### ਐਸ.ਡੀ. ਕਾਲਜ ਬਰਨਾਲਾ

ਇਸ ਕਾਲਜ ਵਿੱਚ ਜਗਜੀਤ ਸਿੰਘ ਢਿੱਲੋਂ ਜਿਹੜਾ ਪੀ.ਐਸ.ਯੂ. ਦੇ ਮੁਢਲੇ ਮੈਂਬਰਾਂ ਵਿੱਚੋਂ ਸੀ, ਦੇ ਪਿੰਡ ਠੀਕਰੀਵਾਲੇ ਮਾਰਕਸਵਾਦ ਦੇ ਸਕੂਲ ਲੱਗਦੇ ਹੁੰਦੇ



ਸਨ। ਇਸ ਕਾਲਜ ਵਿਚ ਉਨਾਂ ਦਿਨਾਂ ਵਿੱਚ ਸੁਰਜੀਤ ਸਿੰਘ ਸੰਧੂ ਵੀ ਵਿਦਿਆਰਥੀ ਸੀ। ਜਗਜੀਤ ਸਿੰਘ ਢਿੱਲੋਂ ਤੇ ਸੁਰਜੀਤ ਸਿੰਘ ਸੰਧੂ ਅਤੇ ਇਨ੍ਹਾਂ ਦੇ ਸਾਥੀਆਂ ਨੇ ਲੁਧਿਆਣਾ ਵਿੱਚ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਹੱਕ ਵਿੱਚ ਤੇ ਸੁਧਾਰ ਤੇ ਤਰਨਤਾਰਨ ਕਾਲਜ ਵਿੱਚ ਪੁਲਸ ਗੋਲੀ ਕਾਡ ਵਿਰੁਧ ਹੜਤਾਲ ਕੀਤੀ ਤੇ ਬੜਾ ਖਾੜਕੂ ਜਲੂਸ ਕੱਢਿਆ। ਇਸ ਕਾਲਜ ਦੇ ਵਿਦਿਆਰਥੀ ਪੁਲਸ ਨੂੰ ਵੰਗਾਰਦੇ ਰਹੇ ਪਰ ਪੁਲਸ ਨੇ ਜਲੂਸ ਵਿੱਚ ਕੋਈ ਦਖ਼ਲ ਨਹੀ ਸੀ ਦਿੱਤਾ। ਜਗਜੀਤ ਸਿੰਘ ਢਿੱਲੋਂ ਐਸ.ਡੀ. ਕਾਲਜ ਬਰਨਾਲਾ ਤੋਂ ਵਿਦਿਆਰਥੀਆਂ ਦੇ ਜੱਥੇ ਲੈ ਕੇ ਲੁਧਿਆਣੇ ਤੇ ਬਠਿੰਡੇ ਵੀ ਗਿਆ ਸੀ। ਬਰਨਾਲੇ ਜਲੂਸ ਵਿੱਚ ਹੇਠ ਲਿਖੇ ਨਾਹਰਿਆਂ ਨਾਲ ਅਕਾਸ਼ ਗੂੰਜਦਾ ਰਿਹਾ।

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ - ਮੁਰਦਾਬਾਦ
ਸ਼ਹੀਦ ਜਗਤਾਰ ਸਿੰਘ - ਅਮਰ ਰਹੇ
ਲੁਧਿਆਣਾ ਵਿਦਿਆਰਥੀ ਸੰਘਰਸ਼ - ਜ਼ਿੰਦਾਬਾਦ

ਇਸੇ ਤਰਾਂ ਪੰਜਾਬ ਵਿੱਚ ਹੋਰ ਵੀ ਕਈ ਕਾਲਜਾਂ ਵਿੱਚ ਹੜਤਾਲਾਂ, ਰੈਲੀਆਂ ਤੇ ਜਲੂਸ ਕੱਢੇ ਗਏ। ਬਹੁਤੀ ਥਾਈਂ ਜਲੂਸ ਪੁਰਅਮਨ ਰਹੇ ਤੇ ਕਈ ਥਾਈਂ ਪੁਲਸ ਨੇ ਜਾਣ ਬੁਝ ਕੇ ਵਿਦਿਆਰਥੀਆਂ ਨੂੰ ਭੜਕਾਇਆ। ਇਕ ਗੱਲ ਬੜੀ ਸਪੱਸ਼ਟ ਸੀ ਕਿ ਵਿਦਿਆਰਥੀ ਰੋਹ ਇੰਨਾਂ ਉਭਰ ਕੇ ਸਾਹਮਣੇ ਆਇਆ ਕਿ ਸਰਕਾਰੀ ਸ਼ਕਤੀਆਂ ਨੂੰ ਖੁੱਲੇ ਤੌਰ ਤੇ ਵੰਗਾਰ ਰਿਹਾ ਸੀ। ਇਹ ਵਿਦਿਆਰਥੀ ਰੋਹ ਕੌਮਾਂਤਰੀ ਰੋਹ ਦਾ ਹੀ ਇੱਕ ਰੂਪ ਧਾਰ ਗਿਆ ਸੀ। ਇਸੇ ਹੀ ਦੌਰ ਵਿੱਚ ਜਰਮਨੀ, ਫਰਾਂਸ, ਇਟਲੀ, ਪੰਜਾਬ ਵਿੱਚ ਸਰਕਾਰੀ ਅਨਿਆਂ ਨੂੰ ਵਿਦਿਆਰਥੀ ਸ਼ਕਤੀ ਖੁਲੇ ਆਮ ਵੰਗਾਰ ਰਹੀ ਸੀ। ਇਸੇ ਹੀ ਰੋਹ ਦੀ ਪ੍ਰਦਰਸ਼ਨੀ ਪੀ.ਐਸ.ਯੂ. ਦੀ ਅਗਵਾਈ ਹੇਠ ਪੰਜਾਬ ਦੇ ਵਿਦਿਆਰਥੀਆਂ ਦੀ ਸਰਕਾਰੀ ਸ਼ਕਤੀ ਨੂੰ ਖੁੱਲੀ ਵੰਗਾਰ ਸੀ।

# ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨਾਲ ਮੀਟਿੰਗ

ਇਕ ਰਾਤ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨੇ ਸੀ.ਪੀ.ਆਈ. (ਐਮ) ਦੇ ਇਕ ਪਾਰਟੀ ਵਕੀਲ ਨੂੰ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਭੇਜਿਆ ਕਿ ਕਾਮਰੇਡ ਲਾਇਲਪੁਰੀ ਦਰਸ਼ਨ ਬਾਗ਼ੀ ਨੂੰ ਮਿਲਣਾ ਚਾਹੁੰਦਾ ਹੈ। ਵਕੀਲ ਨੇ ਆਪਣਾ ਵਕੀਲ ਹੋਣ ਦਾ ਸ਼ਨਾਖਤੀ ਕਾਰਡ ਪੇਸ਼ ਕੀਤਾ। ਗੁਰਦਿਆਲ ਤੇ ਕੁਲਦੀਪ ਹਾਂਸਰਾ ਨੇ ਵਕੀਲ ਦੇ ਸ਼ਨਾਖ਼ਤੀ ਕਾਰਡ ਤੋਂ ਪੂਰੀ ਤਸਲੀ ਕਰਨ ਤੋਂ ਮਗਰੋਂ ਕਿ ਉਹ ਵਕੀਲ ਅਸਲੀ ਹੈ, ਉਸ ਨੂੰ ਦਰਸ਼ਨ ਬਾਗ਼ੀ ਕੋਲ ਲਿਆਂਦਾ। ਬਾਕੀ ਸਾਥੀਆਂ ਨਾਲ ਵਿਚਾਰ ਕਰਨ ਮਗਰੋਂ ਕਿ ਜਾਣ ਤੇ ਮੁੜਣ ਵੇਲੇ ਸਾਰੇ ਪੱਖ ਸੁਰੱਖਿਅਤ ਹਨ ਤੇ ਗ੍ਰਿਫਤਾਰੀ ਦੀ ਕੋਈ ਗੁੰਜਾਇਸ਼ ਨਹੀਂ, ਪਰ 100 ਫੀਸਦੀ ਗਰੰਟੀ ਕੋਈ ਨਹੀਂ, ਬਾਕੀ ਸਾਥੀਆਂ ਦੀ ਰਾਏ ਨਾਲ ਦਰਸ਼ਨ ਬਾਗ਼ੀ ਵਕੀਲ ਨਾਲ ਸਕੂਟਰ ਤੇ ਬੈਠ ਕੇ ਕਾਮਰੇਡ ਲਾਇਲਪੁਰੀ ਨੂੰ ਮਿਲਣ ਚਲਾ ਗਿਆ।

ਮਿਲਣ ਤੇ ਕਾਮਰੇਡ ਲਾਇਲਪੁਰੀ ਨੇ ਬਾਗ਼ੀ ਨੂੰ ਆਪਣੀਆਂ ਲੰਮੀਆਂ ਬਾਹਾਂ ਦੇ ਕਲਾਵੇ ਵਿੱਚ ਲੈ ਕੇ ਮੁਬਾਰਕਬਾਦ ਦਿੱਤੀ, ਪੰਜਾਬ ਵਿੱਚ ਵਿਦਿਆਰਥੀਆਂ ਦਾ ਏਡਾ ਵੱਡਾ ਸੰਘਰਸ਼ ਲੜਨ ਵਾਸਤੇ। ਇਸ ਮੁਬਾਰਕਬਾਦ ਦੇ ਨਾਲ ਹੀ ਵਡਾ ਉਲਾਂਭਾ ਵੀ ਦਿੱਤਾ ਕਿ ਕੀ ਹੋਇਆ ਜੇ ਰਾਜਸੀ ਮਤਭੇਦ ਹੋ ਗਏ ਪਰ ਨਿੱਜੀ ਸਮਾਜੀ ਰਿਸ਼ਤੇ ਤਾਂ ਨਹੀਂ ਤੋੜਨੇ ਚਾਹੀਦੇ। ਇਸ ਤੋਂ ਮਗਰੋਂ ਅਸਲੀ ਮੁੱਦੇ 'ਤੇ ਗੱਲਬਾਤ ਸ਼ੁਰੂ ਹੋਈ ਕਿ ਇਹ ਸੰਘਰਸ਼, ਹੜਤਾਲਾਂ ਅਣਮਿਥੇ ਸਮੇਂ ਲਈ ਨਹੀਂ ਚਲ ਸਕਦੀਆਂ। ਓਨਾਂ ਦਾ ਕਿਤੇ ਨਾ ਕਿਤੇ ਫੈਸਲਾ ਹੋਣਾ ਚਾਹੀਦਾ ਹੈ, ਕਿਤੇ ਸੰਘਰਸ਼ ਫੇਲ੍ਹ ਨਾ ਹੋ ਜਾਵੇ। ਕਾਮਰੇਡ ਲਾਇਲਪੁਰੀ ਨੇ ਦਰਸ਼ਨ ਬਾਗ਼ੀ ਨੂੰ ਸਿੱਧਾ ਸੁਆਲ ਕੀਤਾ ਕਿ ਇਸੇ ਤਾਅ ਵਿੱਚ ਤੁਸੀਂ ਹੋਰ ਕਿੰਨਾ ਚਿਰ ਚੱਲ ਸਕਦੇ ਹੋ? ਦਰਸ਼ਨ ਬਾਗ਼ੀ ਨੇ ਸੰਖੇਪ ਉਤਰ ਦਿਤਾ ਕਿ "ਅਸੀਂ ਅਗਲੇ 2 ਹਫਤਿਆਂ ਵਿੱਚ ਇਸ ਸੰਘਰਸ਼ ਦਾ ਜੇਤੂ ਰੂਪ ਵਿੱਚ ਭੋਗ ਪਾਵਾਂਗੇ। ਅਸੀਂ ਇਸ ਗੱਲ ਨੂੰ ਪੂਰੀ ਤਰਾਂ ਜਾਣਦੇ ਹਾਂ ਕਿ ਜੇ ਇਸ ਸੰਘਰਸ਼ ਨੂੰ ਬਹੁਤਾ ਚਿਰ ਲਮਕਾਇਆ ਤਾਂ ਸਿੱਟਾ ਅਸਫ਼ਲਤਾ ਵਿੱਚ ਹੋਵੇਗਾ।" ਸੁਰੱਖਿਆ ਨੂੰ ਮੁੱਖ ਰੱਖਦਿਆਂ ਹੋਇਆਂ ਕਾਮਰੇਡ ਲਾਇਲਪੁਰੀ ਨੇ ਫਿਰ ਦਰਸ਼ਨ ਬਾਗ਼ੀ ਨੂੰ ਗਲਵਕੜੀ ਵਿੱਚ ਲੈ ਕੇ ਨਿੱਘੀ ਥਾਪਣਾ ਦਿੱਤੀ ਤੇ ਕਿਹਾ, "ਤੂੰ ਹੁਣ ਜਾਹ ਇਥੋਂ ਫਿਰ ਮਿਲਾਂਗੇ ਜਦੋਂ ਤੂੰ ਮੈਦਾਨ ਜਿੱਤ ਕੇ



ਮੁੜਿਆ।" ਕਾਮਰੇਡ ਲਾਇਲਪੁਰੀ ਨੇ ਇਕ ਚਿਤਾਵਨੀ ਦਿੱਤੀ ਕਿ ਜਨਸੰਘੀ ਤੇ ਕਾਂਗਰਸੀ ਪਾਰਟੀਆਂ ਨੂੰ ਪੂਰਾ ਗਿਆਨ ਹੈ ਕਿ ਇਹ ਸੰਘਰਸ਼ ਕਮਿਊਨਿਸਟ ਵਿਦਿਆਰਥੀਆਂ ਦੀ ਅਗਵਾਈ ਹੇਠ ਲੜਿਆ ਜਾ ਰਿਹਾ ਹੈ ਤੇ ਅੰਦਰਖਾਤੇ ਇਸ ਸੰਘਰਸ਼ ਨੂੰ ਅੰਦਰੋਂ ਢਾਹ ਲਾਉਣ ਦੀਆਂ ਸਕੀਮਾਂ ਬਣ ਰਹੀਆਂ ਹਨ। ਇਸ ਚਿਤਾਵਨੀ ਨਾਲ ਕਾਮਰੇਡ ਲਾਇਲਪੁਰੀ ਨੇ ਦਰਸ਼ਨ ਬਾਗ਼ੀ ਨੂੰ ਆਪਣੇ ਘਰੋਂ ਵਿਦਾ ਕੀਤਾ।

## ਪੰਜਾਬ ਦੇ ਗਵਰਨਰ ਪਾਵਟੇ ਨਾਲ ਮੀਟਿੰਗ

ਕਾਮਰੇਡ ਲਾਇਲਪੁਰੀ ਨਾਲ ਮੀਟਿੰਗ ਤੋਂ ਮੁੜਣ ਸਾਰ ਦਰਸ਼ਨ ਬਾਗ਼ੀ ਨੇ ਪੀ.ਐਸ.ਯੂ. ਦੇ ਮਾਰਕਸਵਾਦੀ ਗਰੁਪ ਦੀ ਐਮਰਜੈਂਸੀ ਮੀਟਿੰਗ ਕੀਤੀ ਤੇ ਇਸ ਮੀਟਿੰਗ ਵਿੱਚ ਕਾਮਰੇਡ ਲਾਇਲਪੁਰੀ ਨਾਲ ਹੋਈ ਗੱਲਬਾਤ ਤੇ ਚਿਤਾਵਨੀ ਬਾਰੇ ਵਿਚਾਰ ਕੀਤੀ ਗਈ। ਉਸ ਸਮੇਂ ਪੰਜਾਬ ਵਿੱਚ ਗਵਰਨਰੀ ਰਾਜ ਸੀ। ਦਰਸ਼ਨ ਬਾਗ਼ੀ ਨੇ ਮਤਾ ਰੱਖਿਆ ਕਿ ਤੁਰਤ ਹੀ ਪੰਜਾਬ ਦੇ ਗਵਰਨਰ ਪਾਵਟੇ ਨੂੰ ਮਿਲਿਆ ਜਾਵੇ ਤੇ ਗਵਰਨਰ ਨੂੰ ਬੇਨਤੀ ਕੀਤੀ ਜਾਵੇ ਕਿ ਪ੍ਰਿੰਸੀਪਲ ਓ.ਪੀ. ਭਾਰਦਵਾਜ ਦੀ ਬਦਲੀ ਕੀਤੀ ਜਾਵੇ ਤੇ ਗ੍ਰਿਫਤਾਰ ਵਿਦਿਆਰਥੀ ਬਿਨਾਂ ਸ਼ਰਤ ਰਿਹਾ ਕੀਤੇ ਜਾਣ ਤੇ ਇਸ ਤਰਾਂ ਸੰਘਰਸ਼ ਨੂੰ ਜਿੱਤ ਵਿੱਚ ਬਦਲਿਆ ਜਾਵੇ। ਸਰਬਸੰਮਤੀ ਨਾਲ ਸਾਰੇ ਸਾਥੀਆਂ ਨੇ ਮਤਾ ਪਾਸ ਕੀਤਾ ਤੇ ਚੰਡੀਗੜ੍ਹ ਗਵਰਨਰ ਪਾਵਟੇ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਪੀ.ਐਸ.ਯੂ. ਦੇ ਡੈਪੂਟੇਸ਼ਨ ਵਿੱਚ ਹੇਠ ਲਿਖੇ ਮੈਂਬਰ ਚੁਣੇ ਗਏ ਸਨ

ਦਰਸ਼ਨ ਬਾਗ਼ੀ - ਮੁੱਖ ਬੁਲਾਰਾ
ਸੁਰਿੰਦਰ ਸਿੰਘ ਚਾਹਲ
ਹਰਭਜਨ ਹਲਵਾਰਵੀ
ਇੰਦਰਜੀਤ ਸਿੰਘ ਬਿੱਟੂ
ਗੁਰਦਿਆਲ ਸਿੰਘ

ਪੀ.ਐਸ.ਯੂ. ਦਾ ਡੈਪੂਟੇਸ਼ਨ ਚੰਡੀਗੜ੍ਹ ਪੰਜਾਬ ਦੇ ਗਵਰਨਰ ਪਾਵਟੇ ਦੀ ਕੋਠੀ ਪੁੱਜਾ ਤੇ ਡਿਊਟੀ ਤੇ ਪੁਲਸ ਕਪਤਾਨ ਨੂੰ ਦੱਸਿਆ ਕਿ ਸਰਕਾਰੀ ਕਾਲਜ ਲੁਧਿਆਣਾ ਦੀ ਸਟਰਾਈਕ ਦੇ ਸਬੰਧ ਵਿੱਚ ਪੀ.ਐਸ.ਯੂ. ਦਾ ਡੈਪੂਟੇਸ਼ਨ ਗਵਰਨਰ ਸਾਹਿਬ ਨੂੰ ਮਿਲਣਾ ਚਾਹੁੰਦਾ ਹੈ। ਪੁਲਸ ਕਪਤਾਨ ਨੇ ਤੁਰਤ ਹੀ ਗਵਰਨਰ ਪਾਵਟੇ ਨੂੰ ਪੀ.ਐਸ.ਯੂ. ਦੇ ਵਫਦ ਬਾਰੇ ਸੂਚਨਾ ਦਿੱਤੀ ਤੇ ਪੰਜ ਕੁ ਮਿੰਟਾਂ ਮਗਰੋਂ ਪੁਲਸ ਕਪਤਾਨ ਪੀ.ਐਸ.ਯੂ. ਦੇ ਵਫਦ ਨੂੰ ਗਵਰਨਰ ਪਾਵਟੇ ਦੇ ਦਫ਼ਤਰ ਵਿੱਚ ਲੈ ਗਿਆ ਤੇ ਗਵਰਨਰ ਪਾਵਟੇ ਦੇ ਆਉਣ ਤੇ ਸਤਿਕਾਰ ਵਿੱਚ ਵਫਦ ਦੇ ਮੈਂਬਰਾਂ ਨੇ ਖੜੇ ਹੋ ਕੇ ਜੀ ਆਇਆਂ ਕਿਹਾ ਤੇ ਗਵਰਨਰ ਨੇ ਬੜੇ ਖੁੱਲੇ ਦਿਲ ਨਾਲ ਗੱਲਬਾਤ ਸ਼ੁਰੂ ਕੀਤੀ। ਦਰਸ਼ਨ ਬਾਗ਼ੀ ਨੇ ਸਾਰੇ ਮੈਂਬਰਾਂ ਦੇ ਨਾਂ ਦਸਕੇ ਜਾਣ-ਪਛਾਣ ਕਰਵਾਈ।



ਇਸ ਤੋਂ ਮਗਰੋਂ ਗਵਰਨਰ ਨੇ ਕਿਹਾ, "ਕਿ ਮੁਜੇ ਵਿਸਥਾਰ ਮੇਂ ਬਤਲਾਓ ਕਿ ਇਸ ਸਰਕਾਰੀ ਕਾਲਜ ਮੇਂ ਸਟਰਾਈਕ ਕੀ ਵਜਾਹ ਕਿਆ ਥੀ ?"

ਦਰਸ਼ਨ ਬਾਗ਼ੀ ਨੇ ਲਿਖਤੀ ਰੂਪ ਵਿੱਚ ਤਿਆਰ ਕੀਤਾ ਹੋਇਆ ਮੰਗ ਪੱਤਰ ਪੇਸ਼ ਕੀਤਾ ਪਰ ਗਵਰਨਰ ਨੇ ਕਿਹਾ ਕਿ, "ਯੇਹ ਮੈਂ ਬਾਦ ਮੇਂ ਪੜ੍ਹੂੰਗਾ, ਮੁਜੇ ਜ਼ਬਾਨੀ ਸਾਰੇ ਹਾਲਾਤ ਬਤਲਾਓ।" ਦਰਸ਼ਨ ਬਾਗ਼ੀ ਨੇ ਦਸਣਾ ਅਰੰਭ ਕੀਤਾ, "ਸ਼ਾਇਦ 15 ਜੁਲਾਈ ਕਾ ਦਿਨ ਥਾ, ਆਕਾਸ਼ ਪਰ ਬਾਦਲ ਛਾਏ ਹੂਏ ਥੇ ਔਰ ਹਵਾ ਮੇਂ ਰੁਮਾਂਸ ਕੀ ਫਿਜ਼ਾ ਥੀ। ਲੜਕੇ, ਲੜਕੀਆਂ ਛੋਟੀ ਛੋਟੀ ਟੋਲੀਓਂ ਮੇਂ ਇਧਰ-ਉਧਰ ਟਹਿਲ ਰਹੇ ਥੇ। ਐਨ ਇਸੀ ਮੌਕੇ ਪੇ ਪੰਜਾਬ ਪੁਲਸ ਕਾ ਏਕ ਹੌਲਦਾਰ ਕਾਲਜ ਮੇਂ ਦਾਖ਼ਲ ਹੂਆ। ਉਸ ਕੋ ਆਤੇ ਦੇਖ ਕਰ, ਕਾਮਰਸ ਕੇ ਏਕ ਵਿਦਿਆਰਥੀ ਨੇ ਮੁਜ਼ਾਕੀਆ ਲਹਿਜੇ ਮੇਂ ਆਪਣੇ ਸਾਥੀਉਂ ਕੋ ਕਹਾ, "ਪਿਛੇ ਹੱਟ ਜਾਓ, ਸਰਕਾਰ ਆ ਰਹੀ ਹੈ।" ਪੁਲਸ ਹੌਲਦਾਰ ਨੇ ਸੁਣ ਲੀਆ ਔਰ ਉਸ ਵਿਦਿਆਰਥੀ ਕੋ ਗਲਮੇਂ ਸੇ ਪਕੜ ਲੀਆ ਔਰ ਪ੍ਰਿੰਸੀਪਲ ਕੇ ਦਫਤਰ ਮੇਂ ਲੇ ਗਿਆ ਕਿ ਤੁਮ ਨੇ ਮੇਰੀ ਬੇਇਜ਼ਤੀ ਕੀ ਹੈ। ਵੋਹ ਪੰਜਾਬ ਪੁਲਸ ਕਾ ਹੌਲਦਾਰ ਅਕਸਰ ਕਾਲਜ ਮੇਂ ਪ੍ਰਿੰਸੀਪਲ ਕੋ ਮਿਲਨੇ ਆਇਆ ਕਰਤਾ ਥਾ। ਇਸ ਵਕਤ ਹੌਲਦਾਰ ਨੇ ਪ੍ਰਿੰਸੀਪਲ ਸੇ ਸ਼ਕਾਇਤ ਕੀ ਕਿ ਇਸ ਵਿਦਿਆਰਥੀ ਨੇ ਉਸ ਕੀ ਬੇਇਜ਼ਤੀ ਕੀ ਹੈ।

ਵਿਦਿਆਰਥੀ ਨੇ ਆਪਣੀ ਸਫਾਈ ਦੇਨੇ ਕੀ ਕੋਸ਼ਿਸ਼ ਕੀ ਲੇਕਿਨ ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀ ਕੋ ਬੋਲਣੇ ਹੀ ਨਹੀਂ ਦੀਆ ਔਰ ਪੁਲਸ ਹੌਲਦਾਰ ਕੋ ਕਹਾ ਕਿ ਇਸ ਕੀ ਪਿਟਾਈ ਕਰੋ। ਪ੍ਰਿੰਸੀਪਲ ਸਾਹਿਬ ਕੇ ਕਹਿਨੇ ਕੇ ਮੁਤਾਬਕ ਪੁਲਸ ਹੌਲਦਾਰ ਨੇ ਪ੍ਰਿੰਸੀਪਲ ਸਾਹਿਬ ਕੇ ਦਫਤਰ ਮੇਂ ਉਸ ਵਿਦਿਆਰਥੀ ਕੀ ਪਿਟਾਈ ਕੀ।

ਪ੍ਰਿੰਸੀਪਲ ਸਾਹਿਬ ਔਰ ਪੁਲਸ ਹੌਲਦਾਰ ਕੇ ਇਸ ਰਵੱਈਏ ਕੇ ਵਿਰੁਧ ਕਾਮਰਸ ਕੇ ਵਿਦਿਆਰਥੀਉਂ ਨੇ ਹੜਤਾਲ ਕਰ ਦੀ ਔਰ ਕਾਲਜ ਕੇ ਮੇਨ ਗੇਟ ਕੇ ਆਗੇ ਤੰਬੂ ਲਗਾ ਕਰ ਭੁੱਖ ਹੜਤਾਲ ਪਰ ਬੈਠ ਗਏ। ਪ੍ਰਿੰਸੀਪਲ ਸਾਹਿਬ ਨੇ ਆਪਣਾ ਰਸੂਖ ਇਸਤੇਮਾਲ ਕਰ ਕੇ ਪੁਲਸ ਸੇ ਭੁਖ ਹੜਤਾਲੀਉਂ ਕਾ ਤੰਬੂ ਚੁਕਵਾ ਦੀਆ। ਉਸ ਕੇ ਬਾਦ ਪ੍ਰਿੰਸੀਪਲ ਸਾਹਿਬ ਸਰਕਾਰੀ ਕਾਲਜ ਕੇ ਹੋਸਟਲ ਮੇਂ ਏਕ ਸ਼ਾਮ ਗਏ ਔਰ ਹੋਸਟਲ ਕੇ ਸਬ ਵਿਦਿਅਰਥੀਉਂ ਕੀ ਮੀਟਿੰਗ ਕੀ ਔਰ ਉਸ ਮੀਟਿੰਗ ਮੇਂ ਆਪਣੀ ਸਫ਼ਾਈ ਪੇਸ਼ ਕੀ। ਪਰਮਿੰਦਰ ਸਿੰਘ ਨਾਮ ਕੇ ਏਕ ਵਿਦਿਆਰਥੀ ਨੇ ਖੜੇ ਹੋ ਕਰ ਕਹਾ, "ਪ੍ਰਿੰਸੀਪਲ ਸਾਹਿਬ, ਕਾਲਜ ਮੇਂ ਆਪ ਹਮਾਰੇ ਗਾਰਡੀਅਨ ਹੈ ਅਗਰ ਕੋਈ ਬੀ ਵਿਦਿਆਰਥੀ ਆਪ ਕੀ ਨਿਗਾਹ ਮੇਂ ਕੋਈ ਗ਼ਲਤੀ ਕਰਤਾ ਹੈ, ਤੋ ਉਸੇ ਬੇਸ਼ਕ ਸਜ਼ਾ ਦੋ, ਲੇਕਿਨ ਆਪਨੇ ਦਫਤਰ ਮੇਂ ਕਿਸੀ ਪੁਲਸ ਹੌਲਦਾਰ ਸੇ

ਵਿਦਿਆਰਥੀ ਕੀ ਪਿਟਾਈ ਕਰਵਾਨੀ ਨਾ ਕਾਬਲੇ ਬਰਦਾਸ਼ਤ ਹੈ।" ਪ੍ਰਿੰਸੀਪਲ ਸਾਹਿਬ ਨੇ ਪਰਮਿੰਦਰ ਸਿੰਘ ਕੋ ਉਸੀ ਵਕਤ ਕਾਲਜ ਸੇ ਸਸਪੈਂਡ ਕਰ ਦੀਆ, ਕਿ ਪਰਮਿੰਦਰ ਸਿੰਘ ਨੇ ਉਸ ਕੀ ਬੇਇਜ਼ਤੀ ਕੀ ਹੈ। ਪ੍ਰਿੰਸੀਪਲ ਸਾਹਿਬ ਕੇ ਇਸ ਵਤੀਰੇ ਕੇ ਖ਼ਿਲਾਫ ਸਾਰਾ ਕਾਲਜ ਹੜਤਾਲ ਪਰ ਚਲਾ ਗਿਆ। ਫਿਰ ਸਰਕਾਰੀ ਕਾਲਜ ਕੀ ਹੜਤਾਲ ਸਾਰੇ ਪੰਜਾਬ ਮੇਂ ਫੈਲ ਗਈ। ਪੁਲਸ ਗੋਲੀ ਕਾਂਡ ਸੇ ਸੁਧਾਰ ਕਾਲਜ ਮੇਂ ਏਕ ਵਿਦਿਆਰਥੀ ਸ਼ਹੀਦ ਹੋ ਗਿਆ। ਤਰਨਤਾਰਨ ਕਾਲਜ ਮੇਂ ਕੁਛ ਵਿਦਿਆਰਥੀ ਜ਼ਖ਼ਮੀ ਹੋ ਗਏ ਹੈਂ।"

ਇਸ ਤੇ ਗਵਰਨਰ ਨੇ ਕਿਹਾ, "ਦੇਖੋ ਭਾਈ ਤੁਮ ਨੇ ਹਮਾਰੀ ਪੁਲਸ ਕੋ ਮਾਰਾ ਔਰ ਹਮਾਰੀ ਪੁਲਸ ਨੇ ਟੁਮ ਕੋ ਮਾਰਾ। ਮਾਮਲਾ ਬਰਾਬਰ ਹੋ ਗਿਆ। ਯੇਹ ਬਹੁਤ ਦੁੱਖ ਕੀ ਬਾਤ ਹੈ ਕਿ ਏਕ ਨੌਜੁਆਨ ਪੁਲਸ ਕੀ ਗੋਲੀ ਸੇ ਮਾਰਾ ਗਿਆ ਹੈ। ਮੈਂ ਯੇਹ ਭੀ ਮਾਨਤਾ ਹੂੰ ਕਿ ਪ੍ਰਿੰਸੀਪਲ ਸਰਾਸਰ ਗ਼ਲਤ ਹੈ ਅਭ ਆਪ ਹਮ ਸੇ ਕਿਆ ਚਾਹਤੇ ਹੋ।"

ਦਰਸ਼ਨ ਬਾਗ਼ੀ ਨੇ ਕਿਹਾ ਕਿ ਹਮਾਰੀ ਬੇਨਤੀ ਹੈ ਕਿ :

1. ਆਪ ਮਦਾਖ਼ਲਤ ਕਰੋ ਔਰ ਪ੍ਰਿੰਸੀਪਲ ਸਾਹਿਬ ਕੀ ਬਦਲੀ ਕਰ ਦੋ।
2. ਪੰਜਾਬ ਮੇਂ ਸਭ ਗ੍ਰਿਫਤਾਰ ਵਿਦਿਆਰਥੀ ਬਿਨਾਂ ਸ਼ਰਤ ਰਿਹਾ ਕਰ ਦੋ, ਵਿਦਿਆਰਥੀਉਂ ਕੇ ਊਪਰ ਦਰਜ ਕੀਏ ਸਾਰੇ ਕੇਸ ਵਾਪਸ ਲੀਏ ਜਾਏਂ।
3. ਪੁਲਸ ਗੋਲੀ ਕਾਂਡ ਕੀ ਪੜਤਾਲ ਕਰਵਾਈ ਜਾਏ।

ਪੀ.ਐਸ.ਯੂ. ਸੰਘਰਸ਼ ਵਾਪਸ਼ ਲੇ ਲੇਗੀ। ਗਵਰਨਰ ਪਾਵਟੇ ਅਤੇ ਪੀ.ਐਸ.ਯੂ. ਵਿੱਚ ਸਮਝੌਤਾ ਹੋ ਗਿਆ। ਗਵਰਨਰ ਪਾਵਟੇ ਨੇ ਆਪਣੇ ਸੈਕਰੇਟਰੀ ਨੂੰ ਆਰਡਰ ਟਾਈਪ ਕਰਨ ਲਈ ਕਿਹਾ :

1. ਪ੍ਰਿੰਸੀਪਲ ਓ.ਪੀ. ਭਾਰਦਵਾਜ ਦੀ ਸਰਕਾਰੀ ਕਾਲਜ ਤੋਂ ਬਦਲੀ ਕੀਤੀ ਗਈ।
2. ਪੰਜਾਬ ਭਰ ਵਿੱਚੋਂ ਸਾਰੇ ਵਿਦਿਅਰਥੀ ਬਿਨਾਂ ਸ਼ਰਤ ਰਿਹਾ ਕੀਤੇ ਗਏ।
3. ਸਾਰੇ ਵਿਦਿਆਰਥੀਆਂ 'ਤੇ ਦਰਜ ਕੀਤੇ ਕੇਸ ਵਾਪਸ ਲਏ ਗਏ।
4. ਪੀ.ਐਸ.ਯੂ. ਨੇ ਸੰਘਰਸ਼ ਵਾਪਸ ਲੈ ਲਿਆ।

ਗਵਰਨਰ ਪਾਵਟੇ ਨੇ ਇਹ ਚਾਰ ਮੰਗਾਂ ਪ੍ਰਵਾਨ ਕਰਕੇ ਆਪਣੇ ਸੈਕਰੇਟਰੀ ਨੂੰ ਫੈਸਲਾ ਲਿਖਾ ਦਿੱਤਾ ਤੇ ਸੈਕਰੇਟਰੀ ਨੇ ਤੁਰਤ ਹੀ ਪ੍ਰੈਸ ਨੂੰ ਭੇਜ ਦਿੱਤਾ, ਗਵਰਨਰ ਪਾਵਟੇ ਨੇ ਗੋਲੀ ਕਾਂਡ ਦੀ ਪੜਤਾਲ ਕਰਾਉਣ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੱਤਾ।

ਇਸ ਸਾਰੀ ਕਾਰਵਾਈ ਮਗਰੋਂ ਗਵਰਨਰ ਪਾਵਟੇ ਨੇ ਸਾਰਿਆਂ ਨਾਲ ਬੜੀ



ਗਰਮਜੋਸ਼ੀ ਨਾਲ ਹੱਥ ਮਿਲਾਏ ਤੇ ਅਗਲੇ ਦਿਨ ਵਫਦ ਦੇ ਲੁਧਿਆਣੇ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਵਿਦਿਆਰਥੀ ਜੇਲ੍ਹੋਂ ਬਾਹਰ ਆ ਚੁੱਕੇ ਸਨ ਤੇ ਪ੍ਰਿੰਸੀਪਲ ਭਾਰਦਵਾਜ ਵਿਦਾ ਹੋ ਚੁੱਕਾ ਸੀ।

# ਸਰਕਾਰੀ ਕਾਲਜ ਲੁਧਿਆਣਾ ਵਿੱਚ ਖੁੱਲੀ ਮੀਟਿੰਗ

ਪੀ.ਐਸ.ਯੂ. ਦੀ ਬੇਨਤੀ ਮੰਨ ਕੇ ਗਵਰਨਰ ਪਾਵਟੇ ਨੇ ਮੁਦਾਖ਼ਲਤ ਕੀਤੀ ਤੇ ਸਰਕਾਰੀ ਕਾਲਜ ਲੁਧਿਆਣੇ ਦਾ ਸੰਘਰਸ਼ ਜਿੱਤ ਵਿੱਚ ਸਮਾਪਤ ਹੋਇਆ ਤੇ ਚੰਡੀਗੜ੍ਹ ਤੋਂ ਵਾਪਸ ਆਉਣ ਮਗਰੋਂ ਪੀ.ਐਸ.ਯੂ. ਨੇ ਸਰਕਾਰੀ ਕਾਲਜ ਦੀ ਸੰਘਰਸ਼ ਕਮੇਟੀ ਦੀ ਮੀਟਿੰਗ ਇੰਜਨੀਅਰਿੰਗ ਕਾਲਜ ਦੇ ਹੋਸਟਲ ਵਿੱਚ ਬੁਲਾਈ ਜਿਸ ਵਿੱਚ ਕਾਲਜ ਦੇ ਸਾਰੇ ਵਿਦਿਆਰਥੀਆਂ ਤੇ ਸਟਾਫ ਦੀ ਖੁੱਲੀ ਮੀਟਿੰਗ ਬਾਰੇ ਵਿਚਾਰ ਕੀਤਾ ਗਿਆ। ਸੰਘਰਸ਼ ਕਮੇਟੀ ਦੇ ਬੁਲਾਰਿਆਂ ਦੀ ਚੋਣ ਕੀਤੀ ਗਈ ਤੇ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਸਾਰੇ ਬੁਲਾਰੇ ਸੱਭਿਆ ਤੇ ਨਰਮਾਈ ਵਾਲੀ ਭਾਸ਼ਾ ਦੀ ਵਰਤੋਂ ਕਰਨ। ਸਟੇਜ ਸੈਕਟਰੀ ਦੀ ਜ਼ੁੰਮੇਵਾਰੀ ਹਰਭਜਨ ਹਲਵਾਰਵੀ ਨੂੰ ਸੌਂਪੀ ਗਈ। ਪਹਿਲਾ ਬੁਲਾਰਾ ਪਰਮਿੰਦਰ ਸਿੰਘ 5 ਮਿੰਟ ਲਈ ਆਪਣਾ ਤਜਰਬਾ, ਡੀ.ਐਸ.ਪੀ. ਮਿੱਤ ਸਿੰਘ ਨਾਲ ਹੋਏ ਤਜਰਬੇ ਦੇ ਆਧਾਰ 'ਤੇ ਬਿਆਨ ਕਰੇਗਾ ਤੇ ਇਸ ਤੋਂ ਮਗਰੋਂ ਸ਼ੇਰੀ ਨੂੰ ਬੋਲਣ ਲਈ 5 ਮਿੰਟ ਦਾ ਟਾਈਮ ਹੋਵੇਗਾ ਤੇ ਇਹ ਸੰਖੇਪ ਵਿੱਚ ਡੀ.ਸੀ. ਤੇ ਐਸ.ਪੀ. ਨਾਲ ਹੋਈ ਵਾਰਤਾਲਾਪ ਬਾਰੇ ਦੱਸੇਗਾ। ਅਖ਼ੀਰ ਵਿੱਚ ਹਲਵਾਰਵੀ, ਦਰਸ਼ਨ ਬਾਗ਼ੀ ਨੂੰ ਪੀ.ਐਸ.ਯੂ. ਦੇ ਜਨਰਲ ਸੈਕਟਰੀ ਦੇ ਰੂਪ ਵਿੱਚ ਪੇਸ਼ ਕਰੇਗਾ।

ਅਗਲੇ ਦਿਨ, ਲੁਧਿਆਣੇ ਦਾ ਸਰਕਾਰੀ ਕਾਲਜ ਖੁੱਲਿਆ ਤੇ ਕਾਲਜ ਦੇ ਨਵੇਂ ਪ੍ਰਿੰਸੀਪਲ ਨੇ ਕਾਲਜ ਦੇ ਸਾਰੇ ਵਿਦਿਆਰਥੀਆਂ ਤੇ ਸਟਾਫ ਦੀ ਸਾਂਝੀ ਖੁੱਲੀ ਮੀਟਿੰਗ ਬੁਲਾਈ। ਕਾਲਜ ਦਾ ਹਾਲ ਖਚਾਖਚ ਭਰਿਆ ਹੋਇਆ ਸੀ, ਕਿਤੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ। ਪੀ.ਐਸ.ਯੂ. ਦੇ ਸਾਰੇ ਆਗੂ, ਦਰਸ਼ਨ ਬਾਗ਼ੀ ਸਮੇਤ ਵੀ ਬੁਲਾਏ ਹੋਏ ਸਨ।

ਸੰਘਰਸ਼ ਕਮੇਟੀ ਦਾ ਪ੍ਰਧਾਨ ਪਰਮਿੰਦਰ ਸਿੰਘ ਤੇ ਕਾਲਜ ਦੇ ਆਗੂ ਹਰਭਜਨ ਹਲਵਾਰਵੀ, ਅਮਰਜੀਤ ਗਰੇਵਾਲ, ਅਮਰਜੀਤ ਸਿੰਘ ਉਰਫ ਜੰਗੀ, ਸ਼ੇਰੀ ਤੇ ਦਰਸ਼ਨ ਬਾਗ਼ੀ, ਪੀ.ਐਸ.ਯੂ. ਦੇ ਜਨਰਲ ਸੈਕਟਰੀ ਦੇ ਰੂਪ ਵਿਚ ਪਹਿਲੀਆਂ ਕਤਾਰਾਂ ਵਾਲੀਆਂ ਕੁਰਸੀਆਂ 'ਤੇ ਬਿਠਾਏ ਗਏ ਸਨ ਤੇ ਇਨਾਂ ਦੇ ਨਾਲ ਜੇਲ੍ਹ ਵਿੱਚੋਂ ਰਿਹਾ ਹੋਏ ਸਾਰੇ ਵਿਦਿਆਰਥੀ ਬੈਠੇ ਸਨ। ਸੱਜੇ ਪਾਸੇ ਪਹਿਲੀਆਂ ਕੁਰਸੀਆਂ ਤੇ ਪ੍ਰਿੰਸੀਪਲ ਤੇ ਸਾਰੇ ਪ੍ਰੋਫੈਸਰ ਬੈਠੇ ਸਨ।



ਕਾਲਜ ਦੇ ਨਵੇਂ ਪ੍ਰਿੰਸੀਪਲ ਨੇ ਇਨਾਂ ਸ਼ਬਦਾਂ ਨਾਲ ਮੀਟਿੰਗ ਦਾ ਅਰੰਭ ਕੀਤਾ, "ਮੇਰੀ ਸੋਚ ਦੇ ਅਨੁਸਾਰ, ਅੱਜ ਸਰਕਾਰੀ ਕਾਲਜ ਲੁਧਿਆਣਾ ਦੇ ਜੀਵਨ ਦੇ ਨਵੇਂ ਇਤਿਹਾਸ ਦਾ ਅਰੰਭ ਹੈ, ਮੈਂ ਕਾਲਜ ਦਾ ਸਾਰਾ ਸਟਾਫ ਤੇ ਤੁਸੀਂ ਸਾਰੇ ਵਿਦਿਆਰਥੀ ਇਸ ਦੇ ਭਾਈਵਾਲ ਹੋ। ਮੈਂ ਪੀ.ਐਸ.ਯੂ. ਨੂੰ ਵੀ ਇਸ ਦਾ ਭਾਈਵਾਲ ਸਮਝਦਾ ਹਾਂ। ਇਸ ਲਈ ਅੱਜ ਦੀ ਸਟੇਜ ਮੈਂ ਵਿਦਿਆਰਥੀਆਂ ਨੂੰ ਸੌਂਪ ਰਿਹਾ ਹਾਂ।"

ਇਸ ਤੋਂ ਮਗਰੋਂ ਸਟੇਜ ਦੀ ਵਾਗਡੋਰ ਹਰਭਜਨ ਹਲਵਾਰਵੀ ਦੇ ਹੱਥ ਸੌਂਪੀ ਗਈ ਤੇ ਹਲਵਾਰਵੀ ਨੇ ਦਰਸ਼ਨ ਬਾਗ਼ੀ ਨੂੰ ਪੀ.ਐਸ.ਯੂ. ਦੇ ਜਨਰਲ ਸਕੱਤਰ ਦੀ ਪਦਵੀ ਕਰ ਕੇ ਸਟੇਜ ਤੇ ਬੈਠਣ ਲਈ ਸੱਦਾ ਦਿੱਤਾ ਪਰ ਦਰਸ਼ਨ ਬਾਗ਼ੀ ਨੇ ਸਟੇਜ 'ਤੇ ਬੈਠਣ ਦੀ ਬਜਾਏ ਆਮ ਵਿਦਿਆਰਥੀਆਂ ਵਿੱਚ ਬੈਠਣ ਨੂੰ ਤਰਜੀਹ ਦਿੱਤੀ। ਫਿਰ ਸਟੇਜ ਤੇ ਪਰਮਿੰਦਰ ਸਿੰਘ ਨੂੰ ਸੰਘਰਸ਼ ਕਮੇਟੀ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿੱਚ ਤੇ ਸ਼ੇਰੀ ਨੂੰ ਬਰਾਬਰ ਸਟੇਜ 'ਤੇ ਬਿਠਾਇਆ ਗਿਆ ਸੀ। ਜਦੋਂ ਹਾਲ ਭਰ ਗਿਆ ਤਾਂ ਹਰਭਜਨ ਹਲਵਾਰਵੀ ਨੇ ਕਾਲਜ ਦੇ ਨਵੇਂ ਪ੍ਰਿੰਸੀਪਲ, ਪ੍ਰੋਫੈਸਰਾ ਤੇ ਸਾਰੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਤੇ ਵਿਦਿਆਰਥੀ ਸੰਘਰਸ਼ ਦੌਰਾਨ ਵਿਦਿਆਰਥੀਆਂ ਦੀ ਏਕਤਾ, ਸ਼ਕਤੀ ਦਾ ਜ਼ਿਕਰ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਕੀਤਾ। ਇਸ ਦੇ ਨਾਲ ਪਰਮਿੰਦਰ ਸਿੰਘ ਨੂੰ ਸੱਦਾ ਦਿੱਤਾ ਕਿ ਓਹ ਪੰਜ ਮਿੰਟਾਂ ਲਈ ਆਪਣੀ ਜੇਲ੍ਹ ਯਾਤਰਾ ਤੇ ਪੁਲਸ ਨਾਲ ਹੋਈ ਗੱਲਬਾਤ ਸਾਰੇ ਸਰੋਤਿਆਂ ਨਾਲ ਸਾਂਝੀ ਕਰੇ।

ਪਰਮਿੰਦਰ ਸਿੰਘ ਨੇ ਸੰਖੇਪ ਵਿੱਚ ਆਪਣੇ ਜੇਲ੍ਹ ਦੇ ਸਮੇਂ ਪੁਲੀਸ ਦੀਆਂ ਧਮਕੀਆਂ ਤੇ ਡਰਾਵਿਆਂ ਦਾ ਜ਼ਿਕਰ ਕੀਤਾ ਕਿ ਉਸ ਨੂੰ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਤੇ ਦਬਾ ਪਾਇਆ ਜਾ ਰਿਹਾ ਸੀ ਕਿ ਓਹ ਹੜਤਾਲ ਵਾਪਸ ਲੈ ਲਵੇ। ਖ਼ਾਸ ਤੌਰ 'ਤੇ ਡੀ.ਐਸ.ਪੀ. ਮਿੱਤ ਸਿੰਘ ਨੇ ਕਿਹਾ ਕਿ ਪੁਲਸ ਵਾਲੇ ਬੰਦੇ ਦਾ ਖੁਰਾ ਖੋਜ ਵੀ ਮਿਟਾ ਦਿੰਦੇ ਹਨ। ਇਸ ਦੇ ਜੁਆਬ ਵਿੱਚ ਪਰਮਿੰਦਰ ਸਿੰਘ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਨੂੰ ਉਸ ਵਿੱਚ ਵਿਸ਼ਵਾਸ ਹੈ ਤੇ ਉਸ ਵਿਸ਼ਵਾਸ ਨੂੰ ਜਿਉਂਦਾ ਰੱਖਣ ਲਈ ਲੋੜ ਪੈਣ ਤੇ ਉਹ ਆਪਣੀ ਜਾਨ ਦੀ ਬਲੀ ਵੀ ਦੇ ਸਕਦਾ ਹੈ ਤੇ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਓਹ ਆਖ਼ਰੀ ਦਮਾਂ ਤਕ ਪਾਲੇਗਾ। ਡੀ. ਐਸ. ਪੀ. ਮਿੱਤ ਸਿੰਘ ਨੂੰ ਵਿਸ਼ਵਾਸ ਹੋ ਗਿਆ ਕਿ ਪਰਮਿੰਦਰ ਸਿੰਘ ਪੀ.ਐਸ.ਯੂ. ਦੀ ਸੰਘਰਸ਼ਮਈ ਅਗਨੀ ਵਿੱਚੋਂ ਲੰਘ ਚੁੱਕਾ ਹੈ ਤੇ ਇਹ ਫੌਲਾਦੀ ਜਿਗਰੇ ਦਾ ਵਾਰਸ ਬਣ ਚੁੱਕੈ ਤੇ ਹੁਣ ਫੋਕਿਆਂ ਡਰਾਵਿਆਂ ਨੂੰ ਟਿੱਚ ਸਮਝਦੈ ਤੇ ਇਨਾਂ ਤਿਲਾਂ ਵਿਚ ਤੇਲ ਹੈ ਨਹੀਂ ਤੇ ਡੀ.ਐਸ.ਪੀ.

ਨੂੰ ਚਾਨਣ ਦੀ ਲੋਅ ਨਜ਼ਰ ਆਈ ਤੇ ਉਸ ਤੋਂ ਮਗਰੋਂ ਪੁਲਸ ਨੇ ਕੋਈ ਧਮਕੀ ਨਹੀਂ ਦਿੱਤੀ। ਪਰਮਿੰਦਰ ਸਿੰਘ ਨੇ ਆਪਣੀ ਗੱਲ ਇਨਾਂ ਸ਼ਬਦਾਂ ਨਾਲ ਸਿਰੇ ਚਾੜ੍ਹੀ, "ਇਹ ਸਾਰੀ ਸ਼ਕਤੀ ਦਾ ਜਿਹੜਾ ਪਰਵਾਹ ਮੇਰੇ ਵਿੱਚ ਹੋਇਆ ਇਹ ਮੇਰੇ ਆਪੇ ਕਰ ਕੇ ਨਹੀਂ ਸੀ, ਉਸ ਵੇਲੇ ਤੁਹਾਡੇ ਸਾਰਿਆਂ ਦੇ ਚਿਹਰਿਆਂ ਅਤੇ ਤੁਹਾਡੇ ਸ਼ਕਤੀਸ਼ਾਲੀ ਗੂੰਜਦੇ ਹੋਏ ਨਾਹਰਿਆਂ ਨੇ ਮੇਰੇ ਅੰਦਰ ਅਥਾਹ ਸ਼ਕਤੀ ਪੈਦਾ ਕੀਤੀ ਤੇ ਮੈਂ ਸਿਰਫ ਤੁਹਾਡੇ ਆਸਰੇ ਹੀ ਪੁਲਸ ਦੀਆਂ ਧਮਕੀਆਂ ਤੇ ਡਰਾਵਿਆਂ ਦਾ ਸਾਹਮਣਾ ਕਰ ਸਕਿਆ ਸਾਂ।" ਪਰਮਿੰਦਰ ਨੇ ਹਾਲ ਵਿੱਚ ਬੈਠੇ ਵਿਦਿਆਰਥੀਆਂ ਵਲ ਆਪਣੀ ਬਾਂਹ ਉਲਾਰ ਕੇ ਕਿਹਾ ਤੇ ਇਕ ਦਮ ਹਾਲ ਵਿੱਚੋਂ ਇਕ ਧੜਲੇਦਾਰ ਆਵਾਜ਼ ਗੂੰਜੀ —

ਇਨਕਲਾਬ – ਤੇ ਹਾਲ ਗੂੰਜ ਉੱਠਿਆ - ਜ਼ਿੰਦਾਬਾਦ

ਪੀ.ਐਸ.ਯੂ. - ਜ਼ਿੰਦਾਬਾਦ

ਪਰਮਿੰਦਰ ਸਿੰਘ ਦੀ ਸਪੀਚ ਮਗਰੋਂ, ਹਰਭਜਨ ਹਲਵਾਰਵੀ ਨੇ ਸ਼ਮਸ਼ੇਰ ਸਿੰਘ ਸ਼ੇਰੀ ਨੂੰ ਬੇਨਤੀ ਕੀਤੀ ਕਿ ਓਹ ਸੰਘਰਸ਼ ਦੌਰਾਨ ਆਪਣੇ ਤਜਰਬੇ ਤੇ ਜਜ਼ਬਾਤ ਨੂੰ ਤੁਹਾਡੇ ਨਾਲ ਸਾਂਝਾ ਕਰੇ। ਸ਼ੇਰੀ ਨੇ ਇਨਾਂ ਸ਼ਬਦਾਂ ਨਾਲ ਕਹਿਣਾ ਅਰੰਭ ਕੀਤਾ, "ਸਤਿਕਾਰ ਯੋਗ ਪ੍ਰਿੰਸੀਪਲ ਸਾਹਿਬ ਤੇ ਪ੍ਰੋਫੈਸਰ ਸਾਹਿਬਾਨ ਤੇ ਪਿਆਰੇ ਦੋਸਤੋ ਤੇ ਸਾਥੀਓ, ਮੈਂ ਤੁਹਾਨੂੰ ਸਾਰਿਆਂ ਨੂੰ ਅੱਜ ਇਕੱਠੇ ਮਿਲ-ਬਹਿਣ ਦੀ ਮੁਬਾਰਕਬਾਦ ਦਿੰਦਾ ਹਾਂ ਆਪਣੇ ਤਹਿ ਦਿਲੋਂ। ਪਿਛਲੇ ਦਿਨਾਂ ਵਿੱਚ ਕਾਲਜ ਦੇ ਪ੍ਰੋਫੈਸਰਾਨ ਸਾਹਿਬ ਤੇ ਵਿਦਿਆਰਥੀਆਂ ਨੇ ਬਹੁਤ ਸੰਕਟ ਭਰਿਆ ਸਮਾਂ ਗੁਜ਼ਾਰਿਆ ਹੈ ਤੇ ਇਹ ਚੰਗੀ ਗਲ ਹੈ ਕਿ ਅੱਜ ਨਵੇਂ ਦੌਰ ਦਾ ਅਰੰਭ ਹੋਇਆ ਹੈ ਤੇ ਮੈਂ ਇਸ ਦੀ ਵੀ ਸਾਰਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਖ਼ਾਸ ਤੌਰ ਤੇ ਸਾਰੇ ਵਿਦਿਆਰਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਸੰਘਰਸ਼ ਦੇ ਦੌਰਾਨ ਤੁਸੀਂ ਮਹਾਨ ਏਕਤਾ ਦਾ ਸਬੂਤ ਦਿਤਾ ਹੈ ਓਥੇ ਹੁਣ ਅਗਲੇ ਸਮੇਂ ਵਿੱਚ ਵੀ ਓਸੇ ਮਹਾਨ ਏਕਤਾ ਦੀ ਪ੍ਰਦਰਸ਼ਨੀ ਕਰਕੇ ਕਾਲਜ ਦੇ ਵਾਤਾਵਰਨ ਤੇ ਪ੍ਰੋਫੈਸਰਾਂ ਦੇ ਮਾਣ ਤੇ ਸਤਿਕਾਰ ਨੂੰ ਮੁੱਖ ਰੱਖ ਕੇ, ਆਪਣੇ ਚੰਗੇ ਸਲੀਕੇ ਦਾ ਸਬੂਤ ਦਿਓ ਤੇ ਸ਼ੇਰੀ ਨੇ ਨਾਹਰਾ ਮਾਰਿਆ —

ਪੀ.ਐਸ.ਯੂ. - ਤੇ ਹਾਲ ਗੂੰਜ ਉੱਠਿਆ ਜ਼ਿੰਦਾਬਾਦ

ਦੂਜਾ ਨਾਹਰਾ ਮਾਰਿਆ – ਇਨਕਲਾਬ

ਤੇ ਹਾਲ ਫਿਰ ਗੂੰਜਿਆ ਜ਼ਿੰਦਾਬਾਦ

ਤਕਰੀਰ ਮਗਰੋਂ ਹਰਭਜਨ ਹਲਵਾਰਵੀ ਨੇ ਸ਼ਾਇਰਾਨਾ ਅੰਦਾਜ਼ ਵਿੱਚ ਦਰਸ਼ਨ ਬਾਗ਼ੀ ਦੀ ਜਾਣ ਪਛਾਣ ਕਰਾਵਾਈ ਕਿ ਇਹ ਸਖ਼ਸ਼ ਓਨਾਂ ਮੋਢੀਆਂ ਵਿੱਚੋਂ ਹੈ



ਜਿਨਾਂ ਨੇ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਪੀ.ਐਸ.ਯੂ. ਜੱਥੇਬੰਦ ਹੀ ਨਹੀਂ ਕੀਤੀ ਸਗੋਂ ਆਪਣੀ ਘਾਲਣਾ ਤੇ ਸੰਘਰਸ਼ ਨਾਲ ਇਕ ਸ਼ਕਤੀਸ਼ਾਲੀ ਜਥੇਬੰਦੀ ਉਸਾਰ ਕੇ ਆਪਣੀ ਇਤਿਹਾਸਕ ਜ਼ੁੰਮੇਵਾਰੀ ਨਿਭਾਈ ਹੈ ਤੇ ਹੁਣ ਮੈਂ ਤੁਹਾਡੇ ਅੱਗੇ ਪੇਸ਼ ਕਰਦਾ ਹਾਂ ਦਰਸ਼ਨ ਬਾਗ਼ੀ। ਦਰਸ਼ਨ ਬਾਗ਼ੀ ਦੇ ਸਟੇਜ ਤੇ ਆਉਣ ਤਕ ਹਾਲ ਨਾਹਰਿਆਂ ਨਾਲ ਗੂੰਜ ਉਠਿਆ।

ਇਨਕਲਾਬ - ਜ਼ਿੰਦਾਬਾਦ

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ

ਸ਼ਹੀਦ ਭਗਤ ਸਿੰਘ - ਜ਼ਿੰਦਾਬਾਦ

ਸ਼ਹੀਦ ਕਰਤਾਰ ਸਿੰਘ ਸਰਾਭਾ - ਜ਼ਿੰਦਾਬਾਦ

ਜੁਲਾਈ 1964 ਵਿੱਚ ਜਦੋਂ ਦਰਸ਼ਨ ਬਾਗ਼ੀ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸੈਕਟਰੀ ਦੀ ਜ਼ੁੰਮੇਵਾਰੀ ਸੰਭਾਲੀ ਸੀ ਉਹ ਹਰ ਸਮੇਂ ਵਿਦਿਆਰਥੀਆਂ ਨੂੰ ਇਨਾਂ ਸ਼ਬਦਾਂ ਨਾਲ ਸੰਬੋਧਨ ਕਰਦਾ ਹੁੰਦਾ ਸੀ "ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਵਾਰਸ ਨੌਜੁਆਨ ਵਿਦਿਆਰਥੀ ਸਾਥੀਓ, ਪੀ.ਐਸ.ਯੂ. ਦੇ ਇਤਿਹਾਸ ਵਿੱਚ ਇਹ ਇਕ ਗੀਤ ਜਿਹੀ ਬਣ ਗਈ ਸੀ ਕਿ ਹਰ ਬੁਲਾਰਾ ਆਪਣੀ ਤਕਰੀਰ ਕਰਨ ਲੱਗਿਆਂ ਵਿਦਿਆਰਥੀਆਂ ਨੂੰ ਇਨਾਂ ਸ਼ਬਦਾਂ ***ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਵਾਰਸ ਨੌਜੁਆਨ ਵਿਦਿਆਰਥੀ ਸਾਥੀਓ*** ਨਾਲ ਹੀ ਸੰਬੋਧਨ ਕਰਦਾ।" ਦਰਸ਼ਨ ਬਾਗ਼ੀ ਨੇ ਚਲਾਈ ਗੀਤ ਅਨੁਸਾਰ ਇਨਾਂ ਸ਼ਬਦਾਂ ਨਾਲ ਭਰੇ ਹਾਲ ਵਿੱਚ ਆਪਣੀ ਸੋਚ ਦੇ ਬੋਲ ਸਾਂਝੇ ਕਰਨੇ ਅਰੰਭ ਕੀਤੇ ਸਨ।

ਸਤਿਕਾਰਯੋਗ ਪ੍ਰਿੰਸੀਪਲ ਸਾਹਿਬ, ਪ੍ਰੋਫੈਸਰ ਸਾਹਿਬਾਨ ਤੇ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਵਾਰਸ ਨੌਜੁਆਨ ਵਿਦਿਆਰਥੀ ਸਾਥੀਓ, ਸਭ ਤੋਂ ਪਹਿਲਾਂ ਮੈਂ ਪੰਜਾਬ ਸਟੂਡੈਂਟਸ ਯੂਨੀਅਨ ਤੇ ਪੰਜਾਬ ਦੇ ਸਾਰੇ ਕਾਲਜਾਂ ਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦੇ ਹਰਮਨ ਪਿਆਰੇ ਤੇ ਸਤਿਕਾਰਯੋਗ ਗਵਰਨਰ ਸ਼੍ਰੀ ਪਾਵਟੇ ਜੀ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਬੜੇ ਪਿਆਰ ਤੇ ਆਦਰ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਦੇ ਵਫਦ ਨੂੰ ਸਿਰਫ ਜੀ ਆਇਆਂ ਹੀ ਨਹੀਂ ਕਿਹਾ ਸਗੋਂ ਬੜੇ ਹਮਦਰਦਾਨਾ ਲਹਿਜੇ ਨਾਲ ਸੁਣਿਆ ਤੇ ਆਪਣੇ ਵੱਲੋਂ ਸੁਧਾਰ ਕਾਲਜ ਦੇ ਨੌਜੁਆਨ ਵਿਦਿਆਰਥੀ ਜਗਤਾਰ ਸਿੰਘ ਦੀ ਪੁਲਸ ਦੀ ਗੋਲੀ ਨਾਲ ਹੋਈ ਸ਼ਹਾਦਤ ਤੇ ਦਿਲੀ ਦੁੱਖ ਜਾਹਰ ਕੀਤਾ। ਪੰਜਾਬ ਸਟੂਡੈਂਟਸ ਯੂਨੀਅਨ ਗਵਰਨਰ ਪੰਜਾਬ ਦਾ ਦਿਲੀ ਧੰਨਵਾਦ ਕਰਦੀ ਹੈ ਜਿਨਾਂ ਨੇ ਸਾਰੀਆਂ ਮੰਗਾਂ ਪ੍ਰਵਾਨ ਕਰਦਿਆਂ ਹੋਇਆਂ ਸਾਰੇ ਗ੍ਰਿਫਤਾਰ ਕੀਤੇ

ਵਿਦਿਆਰਥੀ ਬਿਨਾਂ ਸ਼ਰਤ ਰਿਹਾ ਕੀਤੇ ਤੇ ਅੱਜ ਗਵਰਨਰ ਪੰਜਾਬ ਦੀ ਮੁਦਾਖ਼ਲਤ ਸਦਕਾ ਹੀ ਅਸੀਂ ਸਾਰੇ ਇਸ ਸਰਕਾਰੀ ਕਾਲਜ ਦੇ ਹਾਲ ਵਿੱਚ ਰਲ ਮਿਲ ਕੇ ਬੈਠੇ ਹਾਂ। 1967 ਵਿੱਚ ਜਦੋਂ ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦਾ ਆਪਣੀਆਂ ਮੰਗਾਂ ਦੇ ਹੱਕ ਵਿੱਚ ਸੰਘਰਸ਼ ਚਲਦਾ ਸੀ ਤੇ ਉਦੋਂ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਜੀ ਨੂੰ ਬੇਨਤੀ ਕੀਤੀ ਤੇ ਓਨਾਂ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਬੇਨਤੀ ਪ੍ਰਵਾਨ ਕਰਦਿਆਂ ਮੁਦਾਖ਼ਲਤ ਕੀਤੀ ਤੇ ਪੰਜਾਬੀ ਯੂਨੀਵਰਸਟੀ ਦੇ ਵਾਈਸ ਚਾਂਸਲਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਮਝੌਤਾ ਕਰਵਾ ਕੇ ਯੂਨੀਵਰਸਟੀ ਦੇ ਅਧਿਕਾਰੀਆਂ ਤੇ ਵਿਦਿਆਰਥੀਆਂ ਨੂੰ ਇਕ ਮੰਚ ਤੇ ਲਿਆਂਦਾ ਸੀ।

ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੈਂ ਖ਼ਾਸ ਤੌਰ ਤੇ ਪ੍ਰਿੰਸੀਪਲ ਸਾਹਿਬ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨਾਂ ਨੇ ਆਪਣੀ ਫਰਾਖ਼ਦਿਲੀ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਇਸ ਹਾਲ ਵਿੱਚ ਖਾਸ ਤੌਰ ਤੇ ਮਾਣ ਨਾਲ ਰਲ ਬੈਠਣ ਦਾ ਮਾਣ ਬਖ਼ਸ਼ਿਆ ਹੈ।

ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਵਾਰਸ ਨੌਜੁਆਨ ਸਾਥੀਓ, ਤੁਹਾਡੇ ਨਾਲ ਮੈਂ ਆਪਣੀਆਂ ਕੁੱਝ ਗੱਲਾਂ ਸੰਖੇਪ ਵਿੱਚ ਸਾਂਝੀਆਂ ਕਰਨਾ ਚਾਹੁੰਦਾ ਹਾਂ, ਪਹਿਲੀ ਗੱਲ ਇਹ ਕਿ ਤੁਹਾਡੇ ਹਰ ਇੱਕ ਦੇ ਅੰਦਰ ਇਕ ਮਹਾਨ ਮਨੁੱਖ ਵਸਦਾ ਹੈ ਜਿਹੜਾ ਹਰ ਸਮੇਂ ਸਾਂਝ-ਸਵੇਰ, ਦਿਨ-ਰਾਤ ਤੁਹਾਡੇ ਨਾਲ ਵਿਚਰਦਾ ਹੈ, ਕੋਸ਼ਿਸ ਕਰੋ ਉਸ ਮਹਾਨ ਮਨੁੱਖ ਨਾਲ ਆਪਣੀ ਸਾਂਝ ਪੈਦਾ ਕਰੋ ਤੇ ਆਪਣੇ ਜੀਵਨ ਦੇ ਕੁਝ ਮਹਾਨ ਸੁਪਨਿਆਂ ਦਾ ਚਿਤਰਨ ਕਰੋ ਤੇ ਫਿਰ ਆਪਣੇ ਓਨਾਂ ਸੁਪਨਿਆਂ ਵਿੱਚ, ਆਪਣੇ ਮਿਹਨਤੀ ਤੇ ਆਦਰਸ਼ਵਾਦੀ ਜੀਵਨ ਦੇ ਰੰਗ ਭਰੋ ਤੇ ਤੁਹਾਡੇ ਵਿੱਚੋਂ ਕੁਝ ਕਲਾਕਾਰ, ਸਿਆਸਤਦਾਨ, ਸਾਇੰਸਦਾਨ, ਸਾਹਿਤਕਾਰ ਜਨਮ ਲੈਣਗੇ। ਆਪਣੀ ਜ਼ਿੰਦਗੀ ਵਿੱਚ ਸਦਾ ਯਾਦ ਰਖੋ ਕਿ ਤੁਸੀਂ ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੇ ਅਧੂਰੇ ਰਹੇ ਸੁਪਨਿਆਂ ਨੂੰ ਪੂਰਾ ਕਰਨਾ ਹੈ। ਇਹ ਤੁਹਾਡੇ ਸਿਰ, ਤੇ ਮੇਰੇ ਸਿਰ ਓਨਾਂ ਮਹਾਨ ਸਹੀਦਾਂ ਦਾ ਕਰਜ਼ਾ ਹੈ। ਇਸ ਕਰਜ਼ੇ ਨੂੰ ਚੁਕਾਉਣ ਲਈ ਦੇਸ਼ ਦੀ ਸਿਆਸਤ ਵਿੱਚ ਵਧ ਚੜ ਕੇ ਹਿੱਸਾ ਲਵੋ, ਪਰ ਦੇਸ਼ ਦੇ ਹਾਲਾਤ ਅਧਿਐਨ ਕਰੋ, ਕੁਰੱਪਟ ਸਿਆਸਤਦਾਨਾਂ ਨੂੰ ਜਨਤਾ ਵਿੱਚ ਨੰਗੇ ਕਰੋ, ਪਰ ਆਪਣੀ ਇਮਾਨਦਾਰੀ ਨੂੰ ਹਰ ਕੀਮਤ ਤੇ ਬਰਕਰਾਰ ਰਖੋ। ਇਕ ਗਲ ਹਮੇਸ਼ਾ ਯਾਦ ਰੱਖੋ, ਜਿਸ ਮਨੁੱਖ ਦਾ ਅਖ਼ਲਾਕ ਮਰ ਗਿਆ ਓਹ ਮਨੁੱਖ ਇਕ ਜਿਉਂਦੀ ਲਾਸ਼ ਤੋਂ ਕੁਝ ਵੀ ਵੱਧ ਨਹੀਂ। ਜੀਓ, ਪੂਰਨ ਜ਼ਿੰਦਗੀ ਜੀਓ ਪਰ ਹੱਕ ਤੇ ਸੱਚ ਲਈ ਜੀਓ ਤੇ ਕਦੇ ਜ਼ਿੰਦਗੀ ਵਿੱਚ ਹੱਕ ਤੇ ਸੱਚ ਲਈ ਜੀਵਨ ਦੀ ਬਲੀ ਵੀ ਦੇਣੀ ਪਵੇ



ਤਾਂ ਪਿਛਾਂਹ ਮੁੜਕੇ ਨਾ ਵੇਖਣਾ, ਆਪਣੇ ਯਾਰ ਭਗਤ ਸਿੰਘ ਤੇ ਸਰਾਭੇ ਨੂੰ ਵਾਜ ਮਾਰ ਲੈਣੀ। ਦਰਸ਼ਨ ਬਾਗੀ ਦੇ ਇਨਾਂ ਬੋਲਾਂ ਨਾਲ ਹਾਲ ਗੂੰਜ ਉਠਿਆ –

ਇਨਕਲਾਬ - ਜ਼ਿੰਦਾਬਾਦ

ਸ਼ਹੀਦ ਭਗਤ ਸਿੰਘ - ਜ਼ਿੰਦਾਬਾਦ

ਸ਼ਹੀਦ ਕਰਤਾਰ ਸਿੰਘ ਸਰਾਭਾ - ਜ਼ਿੰਦਾਬਾਦ

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ

ਸਰਕਾਰੀ ਕਾਲਜ ਲੁਧਿਅਣਾ ਵਿੱਚ ਸਾਂਝੀ ਮੀਟਿੰਗ ਬੜੀ ਸਫ਼ਲ ਰਹੀ ਤੇ ਉਸੇ ਰਾਤ ਹੀ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁਪ ਦੀ ਮੀਟਿੰਗ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਹੋਸਟਲ ਵਿੱਚ ਕੁਲਦੀਪ ਹਾਂਸਰੇ ਦੇ ਕਮਰੇ ਵਿੱਚ ਕੀਤੀ ਗਈ ਤੇ ਸਰਕਾਰੀ ਕਾਲਜ ਦੇ ਸੰਘਰਸ਼ ਦਾ ਰਿਵੀਊ ਕੀਤਾ ਗਿਆ। ਮੁੱਖ ਵਿਸ਼ਾ ਸੀ ਕਿ ਸਰਕਾਰੀ ਕਾਲਜ ਦਾ ਸੰਘਰਸ਼ ਪੀ.ਐਸ.ਯੂ. ਦੀ ਮਾਰਕਸਵਾਦੀ ਖਾੜਕੂ ਨੀਤੀ ਦੇ ਅਨੁਸਾਰ ਸੀ ਕਿ ਨਹੀਂ ? ਸਾਰੇ ਸਾਥੀ ਮੁੱਖ ਤੌਰ ਤੇ ਇਸ ਵਿਸ਼ੇ ਤੇ ਸਹਿਮਤ ਸਨ ਕਿ ਮੁੱਖ ਤੌਰ ਤੇ ਸਰਕਾਰੀ ਕਾਲਜ ਦੇ ਸੰਘਰਸ਼ ਦੀ ਮਿਲੀਟੈਂਸੀ ਵਿੱਚ ਆਮ ਵਿਦਿਆਰਥੀਆਂ ਦੀ ਰਾਜਸੀ ਚੇਤਨਤਾ ਦੇ ਪੱਧਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਗਿਆ। ਆਮ ਵਿਦਿਆਰਥੀ ਜਨਤਾ ਵਿੱਚ ਰਾਜਸੀ ਚੇਤਨਤਾ ਦੀ ਅਣਹੋਂਦ ਸੀ, ਇਸ ਤੱਥ ਨੂੰ ਮੁੱਖ ਰੱਖਦਿਆਂ ਹੋਇਆਂ ਸੰਘਰਸ਼ ਨੂੰ ਪੂਰੇ ਤੌਰ ਤੇ ਮਾਰਕਸਵਾਦੀ ਖਾੜਕੂ ਲੀਹਾਂ 'ਤੇ ਨਹੀਂ ਸੀ ਲੜਿਆ ਜਾ ਸਕਦਾ ਤੇ ਪੀ.ਐਸ.ਯੂ. ਦੀ ਸੰਘਰਸ਼ ਕਮੇਟੀ ਨੇ ਬੜੀ ਸਮਝਦਾਰੀ ਨਾਲ ਘੱਟ ਰਾਜਸੀ ਚੇਤਨਤਾ ਵਾਲੇ ਵਰਗ ਨੂੰ ਨਾਲ ਜੋੜ ਕੇ ਰਾਜਨੀਤਕ ਪੱਖ ਤੋਂ ਬੜੀ ਸੂਝ ਦਾ ਪ੍ਰਗਟਾ ਕੀਤਾ ਹੈ। ਸਾਰੇ ਸਾਥੀਆਂ ਦੇ ਵਿਚਾਰਾਂ ਦੇ ਅਧਾਰ 'ਤੇ ਸਰਬਸੰਮਤੀ ਨਾਲ ਇਹ ਨਿਰਣਾ ਕੀਤਾ ਗਿਆ ਕਿ ਇਸ ਸੰਘਰਸ਼ ਰਾਹੀਂ ਪੀ.ਐਸ.ਯੂ. ਨੇ ਚੰਗੀ ਰਾਜਸੀ ਪ੍ਰਾਪਤੀ ਕੀਤੀ ਹੈ। ਇਸ ਸੰਘਰਸ਼ ਰਾਹੀਂ ਸਾਰੇ ਪੀ.ਐਸ.ਯੂ. ਦੇ ਮੁੱਖ ਵਿਰੋਧੀ ਗਰੁੱਪ ਜਿਵੇਂ ਕਿ ਜਨਸੰਘੀ, ਫੈਡਰੇਸ਼ਨੀਏ ਸਾਰੇ ਪਿਛਾੜ ਦਿੱਤੇ ਗਏ। ਸਰਬਸੰਮਤੀ ਨਾਲ ਇਹ ਫੈਸਲੇ ਕੀਤੇ ਗਏ ਕਿ ਇਸ ਜਿੱਤ ਨੂੰ ਹੋਰ ਜਨਤਕ ਪ੍ਰਗਟਾ ਦੇਣ ਲਈ ਪੀ.ਐਸ.ਯੂ. ਦੀ ਲੁਧਿਆਣੇ ਵਿੱਚ ਕਾਨਫਰੰਸ ਕੀਤੀ ਜਾਵੇ। ਇਸ ਕਾਨਫਰੰਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਮਾਰਕਸਵਾਦੀ ਨਾਵਲਕਾਰ ਜਸਵੰਤ ਸਿੰਘ ਕੰਵਲ ਤੋਂ ਕਰਵਾਈ ਜਾਵੇ। ਇਸ ਕਾਨਫਰੰਸ ਵਿੱਚ ਪੀ.ਐਸ.ਯੂ. ਦੀ ਨਵੀਂ ਕਮੇਟੀ ਦੀ ਚੋਣ ਕੀਤੀ ਜਾਵੇ।

# ਪੰਜਾਬ ਸਟੂਡੈਂਟਸ ਯੂਨੀਅਨ ਦੀ ਲੁਧਿਆਣੇ ਵਿੱਚ ਕਾਨਫਰੰਸ

ਪੀ.ਐਸ.ਯੂ. ਦੇ ਫੈਸਲੇ ਅਨੁਸਾਰ ਸਰਕਾਰੀ ਕਾਲਜ ਲੁਧਿਆਣੇ ਦੀ ਸੰਘਰਸ਼ ਕਮੇਟੀ ਦੀ ਮੀਟਿੰਗ ਬੁਲਾਈ ਗਈ ਤੇ ਇਸ ਸੰਘਰਸ਼ ਕਮੇਟੀ ਦਾ ਘੇਰਾ ਵਿਸ਼ਾਲ ਕੀਤਾ ਗਿਆ। ਇਸ ਕਾਨਫਰੰਸ ਨੂੰ ਪੰਜਾਬ ਪੱਧਰ ਦਾ ਰੂਪ ਦੇਣ ਦੇ ਮਨਸੂਬੇ ਨਾਲ ਇਸ ਕਮੇਟੀ ਵਿੱਚ ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਬੰਗਾ ਤੇ ਹੋਰ ਕਾਲਜਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ। ਇਕ ਵੱਡੇ ਪੋਸਟਰ ਵਿੱਚ ਪੀ.ਐਸ.ਯੂ. ਦੀ ਕਾਨਫਰੰਸ ਦੀ ਤਾਰੀਖ਼, ਸਥਾਨ ਤੇ ਪੰਜਾਬ ਭਰ ਵਿੱਚੋਂ ਵਿਦਿਆਰਥੀਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਵੱਡੇ ਪੋਸਟਰ ਤੋਂ ਉਪਰੰਤ ਛੋਟੇ ਲੀਫਲੈਟ ਛਾਪੇ ਗਏ ਜਿਹੜੇ ਲੁਧਿਆਣੇ ਦੇ ਸਾਰੇ ਲੋਕਲ ਕਾਲਜਾਂ ਤੇ ਐਗਰੀਕਲਚਰ ਯੂਨੀਵਰਸਟੀ ਵਿੱਚ ਵੰਡੇ ਗਏ। ਵੱਡੇ ਪੋਸਟਰ ਤੇ ਛੋਟੇ ਲੀਫਲੈਟਾਂ ਦੀ ਸਿਰਜਣਾ ਲਈ, ਹਰਭਜਨ ਹਲਵਾਰਵੀ ਨੇ ਆਪਣੀ ਕਲਮ ਦੇ ਜੌਹਰ ਵਿਖਾਏ, ਇਨਾਂ ਪੋਸਟਰਾਂ ਦੀ ਭਾਸ਼ਾ ਵਿੱਚ ਲਲਕਾਰ ਸੀ, ਵੰਗਾਰ ਸੀ ਤੇ ਜਜ਼ਬਾਤ ਨਾਲ ਭਰੇ ਹੋਏ ਸਨ। ਇਸ ਤੋਂ ਉਪਰੰਤ ਦਲੀਲ ਤੇ ਮਾਰਕਸੀ ਪੁੱਠ ਨਾਲ ਸਜੀ ਹੋਈ ਭਾਸ਼ਾ ਦੀ ਵਰਤੋਂ ਕੀਤੀ ਗਈ ਸੀ। ਕਾਨਫਰੰਸ ਦੀ ਤਿਆਰੀ ਵਿੱਚ ਸਥਾਨਕ ਤੇ ਬਾਹਰਲੇ ਕਾਲਜਾਂ ਤੋਂ ਕਮੇਟੀ ਦੇ ਸਾਰੇ ਕਾਰਕੁੰਨ ਇਕ ਰਹੱਸਮਈ ਜੋਸ਼ ਤੇ ਉਤਸ਼ਾਹ ਨਾਲ ਪੰਡਾਲ ਦੀ ਸਜਾਵਟ, ਕੁਰਸੀਆਂ ਦਾ ਪ੍ਰਬੰਧ ਇਸ ਲਗਨ ਨਾਲ ਕਰ ਰਹੇ ਸਨ ਜਿਵੇਂ ਕਿ ਇਨਕਲਾਬ ਨੂੰ ਜੀ ਆਇਆਂ ਕਹਿਣਾ ਹੋਵੇ।

ਸਟੇਜ ਦੇ ਮਗਰਲੇ ਪਰਦੇ ਤੇ ਇਕ ਪਾਸੇ ਸ਼ਹੀਦ ਭਗਤ ਸਿੰਘ ਤੇ ਦੂਜੇ ਪਾਸੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਫੋਟੋ ਸੀ ਤੇ ਇਨਾਂ ਦੋਹਾਂ ਫੋਟੋਆਂ ਦੇ ਵਿਚਕਾਰ ਸੁਧਾਰ ਕਾਲਜ ਦੇ ਸ਼ਹੀਦ ਜਗਤਾਰ ਸਿੰਘ ਦੀ ਫੋਟੋ ਸੀ। ਪੰਡਾਲ ਵਿਦਿਆਰਥੀਆਂ ਨਾਲ ਭਰਿਆ ਹੋਇਆ ਸੀ। ਲਗਭਗ 1500 ਵਿਦਿਆਰਥੀਆਂ ਨੇ ਇਸ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ ਸੀ। ਇਸ ਕਾਨਫਰੰਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਅਗਾਂਹਵਧੂ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਕੀਤੀ ਸੀ। ਇਹ ਪੀ.ਐਸ.ਯੂ. ਦੀ ਕਾਨਫਰੰਸ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ ਦਾ ਪ੍ਰਗਟਾਵਾ ਹੀ ਨਹੀਂ ਸੀ ਸਗੋਂ ਇਹ ਸੰਘਰਸ਼ ਲੁਧਿਆਣੇ ਦੇ ਸਰਕਾਰੀ ਕਾਲਜ ਤੋਂ ਆਰੰਭ ਹੋ ਕੇ ਪੀ.ਐਸ.ਯੂ. ਦੇ ਝੰਡੇ ਹੇਠ ਪੰਜਾਬ ਭਰ ਦੇ ਵਿਦਿਆਰਥੀਆਂ



ਦਾ ਸੰਘਰਸ਼ ਬਣ ਗਿਆ ਸੀ ਤੇ ਇਹ ਜਿੱਤ ਪੰਜਾਬ ਦੇ ਵਿਦਿਆਰਥੀਆਂ ਦੀ ਜਿੱਤ ਸੀ ਤੇ ਪੀ.ਐਸ.ਯੂ. ਦੀ ਰਾਜਸੀ ਜਿੱਤ ਸੀ।

ਜਦੋਂ ਜਸਵੰਤ ਸਿੰਘ ਕੰਵਲ ਪੰਡਾਲ ਵਿੱਚ ਦਾਖ਼ਲ ਹੋਇਆ, ਪੰਡਾਲ ਇਨਾਂ ਨਾਹਰਿਆਂ ਨਾਲ ਗੂੰਜ ਉਠਿਆ —

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਇਨਕਲਾਬ - ਜ਼ਿੰਦਾਬਾਦ
ਸਟੂਡੈਂਟਸ ਏਕਤਾ - ਜ਼ਿੰਦਾਬਾਦ
ਜਸਵੰਤ ਸਿੰਘ ਕੰਵਲ – ਜ਼ਿੰਦਾਬਾਦ

ਪ੍ਰਧਾਨਗੀ ਮੰਡਲ ਇਸ ਤਰਾਂ ਸੀ, ਜਸਵੰਤ ਸਿੰਘ ਕੰਵਲ ਦੇ ਸੱਜੇ ਪਾਸੇ ਸੰਘਰਸ਼ ਕਮੇਟੀ ਦਾ ਪ੍ਰਧਾਨ ਪਰਮਿੰਦਰ ਸਿੰਘ ਤੇ ਖੱਬੇ ਪਾਸੇ ਦੀ ਕੁਰਸੀ ਤੇ ਸ਼ਮਸ਼ੇਰ ਸਿੰਘ ਸ਼ੇਰੀ ਬੈਠਾ ਸੀ। ਸਟੇਜ ਦੀ ਕਾਰਵਾਈ ਹਰਭਜਨ ਹਲਵਾਰਵੀ ਨਿਭਾ ਰਿਹਾ ਸੀ। ਹਰਭਜਨ ਹਲਵਾਰਵੀ ਨੇ ਕਾਨਫਰੰਸ ਦੀ ਕਾਰਵਾਈ ਆਪਣੀ ਇੱਕ ਇਨਕਲਾਬੀ ਨਜ਼ਮ ਨਾਲ ਸ਼ੁਰੂ ਕੀਤੀ। ਪੰਡਾਲ ਵਿੱਚ ਪੂਰੀ ਖ਼ਾਮੋਸ਼ੀ ਸੀ, ਪੰਡਾਲ ਵਿੱਚ ਬੈਠੇ ਸਾਰੇ ਸਰੋਤੇ ਨਜ਼ਮ ਦੇ ਰੌਅ ਨਾਲ ਇਕ ਸੁਰ ਸਨ, ਇਸ ਤੋਂ ਮਗਰੋਂ 5-6 ਹੋਰ ਵਿਦਿਆਰਥੀਆਂ ਨੇ ਨਜ਼ਮਾਂ ਪੜੀਆਂ। ਕਵੀ ਪੇਸ਼ ਕਰਨ ਤੇ ਕਵੀ ਦਰਬਾਰ ਤੋਂ ਮਗਰੋਂ ਹਲਵਾਰਵੀ ਨੇ ਦਰਸ਼ਨ ਬਾਗ਼ੀ ਨੂੰ ਸੱਦਾ ਦਿਤਾ ਕਿ ਓਹ ਪੀ.ਐਸ.ਯੂ. ਦੀ ਸਰਗਰਮੀਆਂ ਦੀ ਰਿਪੋਰਟ ਪੇਸ਼ ਕਰੇ।

ਦਰਸ਼ਨ ਬਾਗ਼ੀ ਪੰਡਾਲ ਵਿੱਚੋਂ ਆਪਣੀ ਕੁਰਸੀ ਤੋਂ ਉਠ ਕੇ ਸਟੇਜ ਤੇ ਆਇਆ ਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ, "ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨੌਜੁਆਨ ਵਾਰਸੋ, 1964 ਤੋਂ ਲੈ ਕੇ ਹੁਣ ਤੱਕ ਪੀ.ਐਸ.ਯੂ. ਨੇ ਬੜੀ ਵਫ਼ਾ ਤੇ ਸਰਗਰਮੀ ਨਾਲ ਅਗਾਂਹਵਧੂ ਵਿਚਾਰਧਾਰਾ ਨੂੰ ਅਪਣਾ ਕੇ ਬੜੀ ਸਰਗਰਮੀ ਨਾਲ ਵਿਦਿਆਰਥੀਆਂ ਦੇ ਹੱਕਾਂ ਲਈ ਸੰਘਰਸ਼ ਕੀਤੇ ਹਨ। ਪੰਜਾਬ ਦੇ ਇਤਿਹਾਸ ਵਿੱਚ, ਪਹਿਲੀ ਵਾਰ ਪੰਜਾਬ ਪਧਰ ਤੇ ਪੰਜਾਬ ਭਰ ਵਿੱਚੋਂ ਅਗਾਂਹਵਧੂ ਸੋਚ ਦੇ ਧਾਰਨੀ ਵਿਦਿਆਰਥੀਆਂ ਨੂੰ ਅਗਾਂਹਵਧੂ ਸੋਚ ਦੀ ਚੇਤਨਤਾ ਦੇਣ ਲਈ ਚੰਡੀਗੜ੍ਹ ਸਕੂਲ ਦਾ ਪ੍ਰਬੰਧ ਕੀਤਾ ਗਿਆ ਸੀ। 1967 ਵਿੱਚ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਹੁਰਾਂ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਜਿੱਤ ਦਾ ਰੂਪ ਦਿੱਤਾ। 1968 ਵਿੱਚ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਜਿੱਤ ਵਿੱਚ ਬਦਲਣ ਲਈ ਪੰਜਾਬ ਦੇ ਸਾਰੇ ਵਿਦਿਆਰਥੀ ਮੈਦਾਨ ਵਿੱਚ ਆਣ ਨਿੱਤਰੇ ਤੇ ਸੁਧਾਰ ਕਾਲਜ ਦੇ ਮਹਾਨ ਵਿਦਿਆਰਥੀ ਜਗਤਾਰ ਸਿੰਘ ਨੇ ਆਪਣੀ ਜੁਆਨੀ

ਦੀ ਆਹੂਤੀ ਦਿੱਤੀ ਤੇ ਤਰਨਤਾਰਨ ਕਾਲਜ ਦੇ ਵਿਦਿਆਰਥੀ ਪੁਲਸ ਦੀਆਂ ਗੋਲੀਆਂ ਨਾਲ ਫੱਟੜ ਹੋਏ ਤੇ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੀ ਜਿੱਤ ਨੂੰ ਪੰਜਾਬ ਦੇ ਵਿਦਿਆਰਥੀਆਂ ਦੀ ਜਿੱਤ ਵਿੱਚ ਬਦਲਿਆ ਤੇ ਇਥੇ ਦਰਸ਼ਨ ਬਾਗੀ ਨੇ ਖ਼ਾਸ ਤੌਰ ਤੇ ਪੰਜਾਬ ਦੇ ਗਵਰਨਰ ਸ਼੍ਰੀ ਪਾਵਟੇ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਮੁਦਾਖਲ਼ਤ ਨਾਲ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ, ਸਾਰੇ ਪੰਡਾਲ ਦੇ ਸਾਹਮਣੇ, ਸਾਰੇ ਪੁਲਸ ਕੇਸ ਵਾਪਸ ਲਏ ਗਏ। ਦਰਸ਼ਨ ਬਾਗੀ ਨੇ ਆਪਣੀ ਰਿਪੋਰਟ ਦੇ ਅੰਤ ਤੇ ਵਿਦਿਆਰਥੀ ਏਕਤਾ ਦੀ ਸ਼ਲਾਘਾ ਕੀਤੀ ਤੇ ਇਥੇ ਖ਼ਾਸ ਤੌਰ ਤੇ ਅਮਰਜੀਤ ਸਿੰਘ ਗਰੇਵਾਲ, ਜਿਹੜਾ ਸਰਕਾਰੀ ਕਾਲਜ ਵਿੱਚ ਪੰਜਾਬੀ ਦਾ ਐਮ.ਏ. ਦਾ ਵਿਦਿਆਰਥੀ ਸੀ, ਦਾ ਜ਼ਿਕਰ ਕੀਤਾ ਕਿ ਅਮਰਜੀਤ ਸਿੰਘ ਗਰੇਵਾਲ ਦੀ ਇਸ ਸਾਰੇ ਸੰਘਰਸ਼ ਦੇ ਦੌਰਾਨ ਦੇਣ ਬੇਮਿਸਾਲ ਹੈ। ਇਹ ਨੌਜੁਆਨ ਹਰ ਰੋਜ਼ ਹਰ ਜਲੂਸ ਦਾ ਕਮਾਂਡਰ ਹੁੰਦਾ ਸੀ ਤੇ ਹਰ ਰਾਤ ਇਸ ਨੂੰ ਹਦਾਇਤ ਹੁੰਦੀ ਸੀ ਕਿ ਜਲੂਸ ਡਸਿਪਲਨ ਵਿੱਚ ਹੋਵੇ ਤੇ ਕਮਾਂਡਰ ਗ੍ਰਿਫਤਾਰ ਨਹੀਂ ਹੋਣਾ ਚਾਹੀਦਾ। ਇਸ ਨੇ ਆਪਣੀ ਜ਼ੁੰਮੇਵਾਰੀ ਬੜੀ ਨਿੱਡਰਤਾ ਤੇ ਜੁਅਰਤ ਨਾਲ ਨਿਭਾਈ ਸੀ ਤੇ ਸਜੇ ਪੰਡਾਲ ਸਾਹਮਣੇ ਇਸ ਦਾ ਸਨਮਾਨ ਕੀਤਾ ਗਿਆ ਤੇ ਅਖ਼ੀਰ ਇਸ ਨਾਹਰੇ ਨਾਲ ਪੀ.ਐਸ.ਯੂ. ਦੀ ਸਰਗਰਮੀਆਂ ਦੀ ਰਿਪੋਰਟ ਸਮਾਪਤ ਕੀਤੀ :

ਇਨਕਲਾਬ - ਜ਼ਿੰਦਾਬਾਦ

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ

ਪੀ.ਐਸ.ਯੂ. ਦੀ ਰਿਪੋਰਟ ਤੋਂ ਮਗਰੋਂ ਹਰਭਜਨ ਹਲਵਾਰਵੀ ਨੇ ਕਵਿਤਾ ਦਾ ਦੌਰ ਅਰੰਭ ਦਿੱਤਾ ਜਿਸ ਵਿੱਚ ਇਨਕਲਾਬੀ ਤੇ ਰੁਮਾਂਟਿਕ ਕਵਿਤਾਵਾਂ, ਗਜ਼ਲਾਂ ਤੇ ਗੀਤਾਂ ਨੇ ਓਹ ਰੰਗ ਬੰਨਿਆ ਕਿ ਪੰਡਾਲ ਜੁਆਨੀ ਦੇ ਰੰਗ ਵਿੱਚ ਰੰਗਿਆ ਗਿਆ। ਜੁਆਨੀ ਤੇ ਰੋਮਾਂਸ ਦੇ ਲੋਰ ਵਿੱਚ ਮੰਤਰ-ਮੁਗਧ ਹੋਏ ਵਿਦਿਆਰਥੀ ਇਸ ਕਵਿਤਾ ਦੇ ਦੌਰ ਦਾ ਅੰਤ ਨਹੀਂ ਸਨ ਵੇਖਣਾ ਚਾਹੁੰਦੇ ਪਰ ਹਰਭਜਨ ਹਲਵਾਰਵੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਕਾਂਟਾ ਬਦਲਿਆ ਤੇ ਐਲਾਨ ਕੀਤਾ ਕਿ ਹੁਣ ਦਰਸ਼ਨ ਬਾਗੀ, ਪੰਜਾਬ ਸਟੂਡੈਂਟਸ ਯੂਨੀਅਨ ਦੀ ਚੋਣ ਦੇ ਸਬੰਧ ਵਿੱਚ ਅਹੁਦੇਦਾਰਾਂ ਦੇ ਨਾਵਾਂ ਦੀ ਸਲੇਟ ਪੇਸ਼ ਕਰੇਗਾ, ਇਸ ਕਾਨਫਰੰਸ ਦੀ ਪਰਵਾਨਗੀ ਲੈਣ ਵਾਸਤੇ।

ਇਸ ਕਾਨਫਰੰਸ ਤੋਂ ਦੋ ਦਿਨ ਪਹਿਲਾਂ ਪੀ.ਐਸ.ਯੂ. ਦੇ ਪੰਜਾਬ ਦੇ ਮਾਰਕਸਵਾਦੀ ਗਰੁੱਪ ਦੀ ਮੀਟਿੰਗ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਹੋਸਟਲ ਵਿੱਚ ਹੋਈ। ਇਸ ਮੀਟਿੰਗ ਵਿੱਚ ਸਰਕਾਰੀ ਕਾਲਜ ਦੇ ਸੰਘਰਸ਼ ਦੇ ਦੌਰਾਨ ਬਾਕੀ



ਰਾਜਸੀ ਪਾਰਟੀਆਂ ਦੇ ਅਸਰ ਰਸੂਖ਼ ਨੂੰ ਉੱਕਾ ਹੀ ਖਤਮ ਕਰ ਕੇ ਰੱਖ ਦਿੱਤਾ ਗਿਆ ਸੀ। ਅਖ਼ੀਰ ਵਿੱਚ ਬੜੇ ਚੰਗੇ ਦਾਅ ਪੇਚ ਵਰਤ ਕੇ ਜਿਵੇਂ ਕਿ ਗਵਰਨਰ ਪੰਜਾਬ ਦੀ ਮੁਦਾਖਲਤ ਨਾਲ, ਸਾਰੇ ਗ੍ਰਿਫਤਾਰ ਵਿਦਿਆਰਥੀਆਂ ਦੀ ਬਿਨਾਂ ਸ਼ਰਤ ਰਿਹਾਈ, ਪੁਲਸ ਵੱਲੋਂ ਦਰਜ ਕੀਤੇ ਸਾਰੇ ਕੇਸਾਂ ਦੀ ਵਾਪਸੀ ਤੇ ਪ੍ਰਿੰਸੀਪਲ ਦੀ ਬਦਲੀ, ਸੰਖੇਪ ਵਿੱਚ ਸੰਘਰਸ਼ ਨੂੰ ਜਿੱਤ ਦਾ ਰੂਪ ਦੇਣ ਦੀ ਨੀਤੀ ਬੜੀ ਠੀਕ ਸੀ। ਅਖ਼ੀਰ ਵਿੱਚ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ।

ਇਹ ਫੈਸਲਾ ਕੀਤਾ ਗਿਆ ਕਿ ਇਸ ਸੰਘਰਸ਼ ਦੀ ਸਮਾਪਤੀ ਮਗਰੋਂ ਸਟੱਡੀ ਸਰਕਲ ਲਾਉਣ ਦਾ ਦੌਰ ਅਰੰਭ ਕੀਤਾ ਜਾਵੇ, ਸਾਰੇ ਸਾਥੀ ਆਪਣੇ ਕਾਲਜਾਂ ਵਿੱਚੋਂ ਸਰਗਰਮ ਵਿਦਿਆਰਥੀਆਂ ਦੀ ਲਿਸਟ ਤਿਆਰ ਕਰਨ ਤੇ ਸਕੂਲ ਦੇ ਵਕਤ ਲਈ ਦਰਸ਼ਨ ਬਾਗੀ ਨਾਲ ਸੰਪਰਕ ਕਰਨ।

ਸਾਰੇ ਸਾਥੀਆਂ ਦੀ ਸਹਿਮਤੀ ਨਾਲ ਪੀ.ਐਸ.ਯੂ. ਦੇ ਅਹੁਦੇਦਾਰਾਂ ਦੀ ਸਲੇਟ ਤਿਆਰ ਕੀਤੀ ਗਈ ਤੇ ਇਹ ਜ਼ੁੰਮੇਵਾਰੀ ਦਰਸ਼ਨ ਬਾਗੀ ਨੂੰ ਸੌਂਪੀ ਗਈ ਕਿ ਕਾਨਫਰੰਸ ਦੇ ਆਮ ਇਜਲਾਸ ਦੀ ਮਨਜ਼ੂਰੀ ਲੈਣ ਲਈ ਇਹ ਅਹੁਦੇਦਾਰਾਂ ਦੀ ਸਲੇਟ ਪੇਸ਼ ਕਰੇਗਾ ਤੇ ਇਨਕਲਾਬ - ਜ਼ਿੰਦਾਬਾਦ ਦੇ ਨਾਹਰੇ ਨਾਲ ਆਮ ਇਜਲਾਸ ਦੀ ਮਨਜ਼ੂਰੀ ਲਈ ਜਾਵੇਗੀ। ਹਰਭਜਨ ਹਲਵਾਰਵੀ ਦੀ ਡਿਊਟੀ ਲਾਈ ਗਈ ਕਿ ਓਹ ਇਨਕਲਾਬ ਦਾ ਨਾਹਰਾ ਬੁਲੰਦ ਕਰੇਗਾ।

ਸਾਰੇ ਸਾਥੀਆਂ ਦੀ ਸਹਿਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਟਡੀ ਸਰਕਲ ਦੇ ਕੋਰਸ ਦੀ ਇਕ ਕਿਤਾਬ ਤਿਆਰ ਕੀਤੀ ਜਾਵੇ ਤੇ ਇਹ ਡਿਊਟੀ ਦਰਸ਼ਨ ਬਾਗੀ ਨੂੰ ਸੌਂਪੀ ਗਈ ਤੇ ਉਸ ਨੂੰ ਅਧਿਕਾਰ ਦਿੱਤਾ ਗਿਆ ਕਿ ਜਿਸ ਸਾਥੀ ਦੀ ਮਦਦ ਓਹ ਲੈਣੀ ਚਾਹੇ ਲੈ ਸਕਦਾ ਹੈ। ਮਾਰਕਸਵਾਦ ਦੀ ਮੁਢਲੀ ਸੂਝ ਇਨਾਂ ਕਿਤਾਬਾਂ 'ਤੇ ਅਧਾਰਤ ਹੋਵੇ :

ਪਰਿਵਾਰ, ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ : ਫਰੈਡਰਿਕ ਐਂਗਲਜ਼

ਇਤਿਹਾਸਕ ਪਦਾਰਥਵਾਦ : ਮੌਰਿਸ ਕਾਰਨਫੋਰਥ

ਡਾਇਲੈਕਟੀਕਲ ਮੈਟੀਰੀਏਲਿਜ਼ਮ (ਦਵੰਦਵਾਦੀ ਪਦਾਰਥਵਾਦ) : ਮੌਰਿਸ ਕਾਰਨਫੋਰਥ

ਥੀਊਰੀ ਆਫ ਨਾਲਜ : ਮੌਰਿਸ ਕਾਰਨਫੋਰਥ

ਕਮਿਊਨਿਸਟ ਮੈਨੀਫੈਸਟੋ : ਕਾਰਲ ਮਾਰਕਸ/ਫਰੈਡਰਿਕ ਐਂਗਲਜ਼

ਪੀ.ਐਸ.ਯੂ. ਦੇ ਪੰਜਾਬ ਦੇ ਮਾਰਕਸਵਾਦੀ ਗਰੁਪ ਦੇ ਫੈਸਲੇ ਅਨੁਸਾਰ ਹਰਭਜਨ ਹਲਵਾਰਵੀ ਨੇ ਜਿਹੜਾ ਕਿ ਸਟੇਜ ਸੈਕਟਰੀ ਦੀ ਜ਼ੁੰਮੇਵਾਰੀ ਨਿਭਾ ਰਿਹਾ ਸੀ, ਐਲਾਨ ਕੀਤਾ ਕਿ ਹੁਣ ਪੀ.ਐਸ.ਯੂ. ਦੇ ਅਹੁਦੇਦਾਰਾਂ ਦੀ ਚੋਣ ਹੋਵੇਗੀ

ਤੇ ਦਰਸ਼ਨ ਬਾਗ਼ੀ ਅਹੁਦੇਦਾਰਾਂ ਦੇ ਨਾਵਾਂ ਦੀ ਸਲੇਟ ਪੇਸ਼ ਕਰੇਗਾ ਤੇ ਕਾਨਫਰੰਸ ਦੀ ਮਨਜ਼ੂਰੀ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਨਾਲ ਲਈ ਜਾਵੇਗੀ। ਉਸ ਨੇ ਦਰਸ਼ਨ ਬਾਗ਼ੀ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਤੇ ਦਰਸ਼ਨ ਬਾਗ਼ੀ ਨੇ ਕਾਨਫਰੰਸ ਨੂੰ ਇਉਂ ਸੰਬੋਧਨ ਕੀਤਾ, "ਸਤਿਕਾਰਯੋਗ ਪ੍ਰਧਾਨ ਜੀ ਤੇ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਵਾਰਸ ਪਿਆਰੇ ਨੌਜੁਆਨ ਸਾਥੀਓ, ਅੱਜ ਸਾਨੂੰ ਮਾਣ ਹੈ ਕਿ ਅਸੀਂ ਏਕਤਾ ਤੇ ਸੰਘਰਸ਼ ਰਾਹੀਂ ਹੱਕ ਤੇ ਸੱਚ ਦੀ ਜਿੱਤ ਪ੍ਰਾਪਤ ਕੀਤੀ ਹੈ ਤੇ ਮੈਨੂੰ ਮਾਣ ਬਖ਼ਸ਼ਿਆ ਗਿਆ ਹੈ ਕਿ ਮੈਂ ਪੀ.ਐਸ.ਯੂ. ਦੇ ਨਵੇਂ ਅਹੁਦੇਦਾਰਾਂ ਦੇ ਨਾਂ ਪੇਸ਼ ਕਰਾਂ ਤੇ ਤੁਹਾਡੀ ਪ੍ਰਵਾਨਗੀ ਲਵਾਂ। ਜਿਹੜੇ ਨਵੇਂ ਅਹੁਦੇਦਾਰਾਂ ਦੇ ਨਾਂ ਮੈਂ ਪੇਸ਼ ਕਰਾਂਗਾ ਓਹ ਤੁਹਾਡੇ ਜਾਣੇ ਪਛਾਣੇ ਤੇ ਸੰਘਰਸ਼ ਵਿੱਚੋਂ ਫੌਲਾਦ ਹੋ ਕੇ ਨਿਤਰੇ ਹੋਏ ਹਨ ਤੇ ਮੈਨੂੰ ਤੁਹਾਡੇ 'ਤੇ ਭਰੋਸਾ ਹੈ ਕਿ ਤੁਸੀਂ ਇਨਾਂ ਸਾਰੇ ਅਹੁਦੇਦਾਰਾਂ ਨੂੰ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਨਾਲ ਕਬੂਲ ਕਰੋਗੇ ਤੇ ਇਹ ਨਵੇਂ ਅਹੁਦੇਦਾਰ ਇਸ ਪ੍ਰਕਾਰ ਹਨ :

ਪਰੈਜ਼ੀਡੈਂਟ : ਸ਼ਮਸ਼ੇਰ ਸਿੰਘ (ਸ਼ੇਰੀ) ਸਰਕਾਰੀ ਕਾਲਜ ਲੁਧਿਆਣਾ

ਸੀਨੀਅਰ ਵਾਈਸ ਪਰੈਜ਼ੀਡੈਂਟ : ਸੁਰਿੰਦਰ ਚਾਹਲ, ਹਿੰਦੂ ਕਾਲਜ ਅੰਮ੍ਰਿਤਸਰ

ਵਾਈਸ ਪਰੈਜ਼ੀਡੈਂਟ : ਦਰਸ਼ਨ ਖਟਕੜ, ਸਿੱਖ ਨੈਸ਼ਨਲ ਕਾਲਜ ਬੰਗਾ

ਵਾਈਸ ਪਰੈਜ਼ੀਡੈਂਟ : ਪਰਮਿੰਦਰ ਸਿੰਘ, ਸਰਕਾਰੀ ਕਾਲਜ ਲੁਧਿਆਣਾ

ਜਨਰਲ ਸੈਕਟਰੀ : ਦਰਸ਼ਨ ਬਾਗ਼ੀ, ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ

ਜੁਆਇੰਟ ਸੈਕਟਰੀ : ਹਰਭਜਨ ਹਲਵਾਰਵੀ, ਸਰਕਾਰੀ ਕਾਲਜ ਲੁਧਿਆਣਾ

ਪ੍ਰਾਪੇਗੰਡਾ ਸੈਕਟਰੀ : ਗੁਰਦਿਆਲ ਸਿੰਘ

ਖ਼ਜ਼ਾਨਚੀ : ਇੰਦਰਜੀਤ ਸਿੰਘ ਬਿੱਟੂ, ਪੰਜਾਬੀ ਯੂਨੀਵਰਸਟੀ, ਪਟਿਆਲਾ

**ਐਗਜ਼ੈਕਟਿਵ ਮੈਂਬਰ**

ਕੁਲਦੀਪ ਸਿੰਘ ਹਾਂਸਰਾ : ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ

ਜਗਜੀਤ ਸਿੰਘ ਢਿੱਲੋਂ : ਐਸ.ਡੀ. ਕਾਲਜ, ਬਰਨਾਲਾ

ਸੁੱਚਾ ਸਿੰਘ ਰੰਧਾਵਾ : ਖ਼ਾਲਸਾ ਕਾਲਜ, ਅੰਮ੍ਰਿਤਸਰ

ਬਰਜਿੰਦਰ ਸਿੰਘ : ਰਾਜਿੰਦਰਾ ਕਾਲਜ, ਬਠਿੰਡਾ

ਮੇਜਰ ਸਿੰਘ ਰੰਧਾਵਾ : ਨੈਸ਼ਨਲ ਕਾਲਜ, ਸਠਿਆਲਾ

ਇਕਬਾਲ ਖਾਨ : ਸਿੱਖ ਨੈਸ਼ਨਲ ਕਾਲਜ ਬੰਗਾ

ਅਮਰਜੀਤ ਸਿੰਘ ਗਰੇਵਾਲ : ਸਰਕਾਰੀ ਕਾਲਜ ਲੁਧਿਆਣਾ

ਪੀ.ਐਸ.ਯੂ. ਦੇ ਅਹੁਦੇਦਾਰਾਂ ਦੇ ਨਾਂ ਪੇਸ਼ ਕਰਨ ਮਗਰੋਂ ਦਰਸ਼ਨ ਬਾਗ਼ੀ ਨੇ



ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਰੇ ਅਹੁਦੇਦਾਰਾਂ ਦੇ ਨਾਵਾਂ ਦੀ ਮਨਜ਼ੂਰੀ ਦੇਣ ਦੀ ਬੇਨਤੀ ਕੀਤੀ ਤੇ ਸਟੇਜ ਤੋਂ ਉੱਠ ਕੇ ਹਰਭਜਨ ਹਲਵਾਰਵੀ ਨੇ ਬਾਂਹ ਉਲਾਰ ਕੇ ਨਾਹਰਾ ਮਾਰਿਆ —

ਇਨਕਲਾਬ - ਤੇ ਜੁਆਬ ਵਿੱਚ ਸਾਰਾ ਪੰਡਾਲ ਗੂੰਜ ਉੱਠਿਆ ਜ਼ਿੰਦਾਬਾਦ ਤੇ ਇਸ ਇਨਕਲਾਬ-ਜ਼ਿੰਦਾਬਾਦ ਦੇ ਨਾਹਰੇ ਨਾਲ ਪੀ.ਐਸ.ਯੂ. ਦੀ ਨਵੀਂ ਕਮੇਟੀ ਤੇ ਅਹੁਦੇਦਾਰਾਂ ਦੀ ਚੋਣ ਦੀ ਮਨਜ਼ੂਰੀ ਮਿਲੀ। ਪੀ.ਐਸ.ਯੂ. ਦੇ ਅਹੁਦੇਦਾਰਾਂ ਦੀ ਚੋਣ ਮਗਰੋਂ ਹਰਭਜਨ ਹਲਵਾਰਵੀ ਨੇ ਕਾਨਫਰੰਸ ਦੇ ਪ੍ਰਧਾਨ ਜਸਵੰਤ ਸਿੰਘ ਕੰਵਲ ਨੂੰ ਪ੍ਰਧਾਨਗੀ ਭਾਸ਼ਨ ਦੇਣ ਦੀ ਬੇਨਤੀ ਕੀਤੀ।

### *ਜਸਵੰਤ ਸਿੰਘ ਕੰਵਲ ਦਾ ਪ੍ਰਧਾਨਗੀ ਭਾਸ਼ਨ*

ਮੇਰੇ ਦੇਸ਼ ਦੇ ਹੋਣਹਾਰ ਨੌਜਵਾਨ ਬੱਚਿਓ, ਤੁਹਾਨੂੰ ਸਾਰਿਆਂ ਨੂੰ ਮੈਂ ਇਸ ਗੱਲ ਦੀ ਬੜੇ ਮਾਣ ਨਾਲ ਬਹੁਤ-ਬਹੁਤ ਵਧਾਈ ਦਿੰਦਾ ਹਾਂ ਕਿ ਜਿਹੜੀ ਤੁਸੀਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਜੁੜ ਕੇ ਆਪਣੇ ਹੱਕਾਂ ਲਈ ਲਾਮਬੰਦ ਹੋ ਕੇ ਸੰਘਰਸ਼ ਕਰਨ ਦੀ ਰੀਤ ਚਲਾਈ ਹੈ, ਇਹ ਰੀਤ ਪੰਜਾਬ ਦੇ ਇਤਿਹਾਸ ਵਿੱਚ ਸੁਨਹਿਰੀ ਸ਼ਬਦਾਂ ਵਿੱਚ ਲਿਖੀ ਜਾਵੇਗੀ। ਮੈਂ ਜ਼ਾਤੀ ਤੌਰ 'ਤੇ ਕਾਲਜਾਂ ਤੇ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਨੂੰ ਆਖਦਾ ਹਾਂ ਕਿ ਆਪਣੀ ਪੜ੍ਹਾਈ ਦੇ ਨਾਲ ਦੇਸ਼ ਦੀ ਰਾਜਨੀਤੀ ਵਿੱਚ ਖੁਲ ਕੇ ਹਿੱਸਾ ਲਵੋ ਤਾਂ ਕਿ ਆਉਣ ਵਾਲੇ ਸਮੇਂ ਲਈ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਸਕੋ। ਕਈ ਸਿਆਸਤਦਾਨ ਇਹ ਆਖਦੇ ਹਨ ਕਿ ਵਿਦਿਆਰਥੀਆਂ ਨੂੰ ਰਾਜਨੀਤੀ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ, ਅਜਿਹਾ ਕਹਿਣ ਵਾਲੇ ਸਾਰੇ ਸਰਾਸਰ ਗ਼ਲਤ ਹਨ। ਵਿਦਿਆਰਥੀਆਂ ਨੂੰ ਰਾਜਨੀਤੀ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਤੇ ਕੁਰੱਪਟ ਸਿਆਸਤਦਾਨਾਂ ਨੂੰ ਨੰਗਿਆਂ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਮੈਂ ਇਸ ਗਲ 'ਤੇ ਜ਼ੋਰ ਦਿੰਦਾ ਹਾਂ ਕਿ ਤੁਹਾਨੂੰ ਆਪਣੀ ਪੜ੍ਹਾਈ ਕਿਸੇ ਵੀ ਕੀਮਤ 'ਤੇ ਤਿਆਗਣੀ ਨਹੀਂ ਚਾਹੀਦੀ, ਦਿਨ ਰਾਤ ਇਕ ਕਰਕੇ ਆਪਣੀ ਨਿਸ਼ਚਤ ਕੀਤੀ ਪੜ੍ਹਾਈ ਸਿਰੇ ਚਾੜ੍ਹਨੀ ਚਾਹੀਦੀ ਹੈ। ਮੁੱਖ ਤੌਰ 'ਤੇ ਤੁਹਾਡਾ ਜ਼ਿੰਦਗੀ ਦਾ ਟੀਚਾ ਇਕ ਚੰਗਾ ਮਨੁੱਖ ਬਣਨ ਦਾ ਹੋਣਾ ਚਾਹੀਦਾ ਹੈ। ਜੇ ਤੁਹਾਡਾ ਆਦਰਸ਼ ਇਕ ਚੰਗਾ ਮਨੁੱਖ ਬਣਨ ਦਾ ਹੋਵੇ ਤਾਂ ਤੁਹਾਡੇ ਅੰਦਰ ਲੋੜਵੰਦ ਮਨੁੱਖ ਦੇ ਕੰਮ ਆਉਣ ਦੀ ਤੜਪ ਹੋਵੇਗੀ ਤੇ ਲੋੜਵੰਦ ਦੇ ਕੰਮ ਆਉਣ ਨਾਲ ਤੁਹਾਡੀ ਰੂਹ ਨੂੰ ਸ਼ਕਤੀ ਮਿਲੇਗੀ। ਹੱਕ ਤੇ ਸੱਚ ਲਈ ਖੜੇ ਹੋਣਾ ਤੁਹਾਡਾ

ਆਦਰਸ਼ ਹੋਣਾ ਚਾਹੀਦਾ ਹੈ। ਹੱਕ ਤੇ ਸੱਚ ਲਈ ਜੇ ਜਾਨ ਦੀ ਬਾਜ਼ੀ ਵੀ ਲਾਣੀ ਪਵੇ ਤਾਂ ਤੁਹਾਨੂੰ ਪਿਛੇ ਮੁੜ ਕੇ ਨਹੀਂ ਵੇਖਣਾ ਚਾਹੀਦਾ। ਅਖ਼ੀਰ ਵਿੱਚ ਮੈਂ ਫਿਰ ਇਸ ਸੰਘਰਸ਼ ਲਈ ਤੁਹਾਨੂੰ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ, ਕਿ ਤੁਸੀਂ ਇਸ ਰੀਤ ਨੂੰ ਜਿਉਂਦਿਆਂ ਰੱਖੋਗੇ।

ਨਾਹਰੇ ਗੂੰਜੇ —

*ਇਨਕਲਾਬ - ਜ਼ਿੰਦਾਬਾਦ*

*ਜਸਵੰਤ ਸਿੰਘ ਕੰਵਲ- ਜ਼ਿੰਦਾਬਾਦ*

*ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ*



## ਰਾਜਿੰਦਰਾ ਕਾਲਜ ਬਠਿੰਡਾ ਦਾ ਵਿਦਿਆਰਥੀ ਸੰਘਰਸ਼

ਇਸ ਕਾਲਜ ਵਿੱਚ ਬਰਜਿੰਦਰ ਸਿੰਘ ਮਹਿਮਾ ਸਰਜਾ, ਕਰਨੈਲ ਸਿੰਘ ਸਿੱਧੂ ਤੇ ਦਰਸ਼ਨ ਮਾਨ ਪੀ.ਐਸ.ਯੂ. ਦੇ ਲੀਡਰ ਸਨ ਤੇ ਇਨਾਂ ਤਿੰਨਾਂ ਤੇ ਪੰਜ ਕੁ ਹੋਰ ਵਿਦਿਆਰਥੀਆਂ ਨੂੰ ਪ੍ਰੋਫੈਸਰ ਹਰਭਜਨ ਸੋਹੀ ਤੇ ਦਰਸ਼ਨ ਬਾਗ਼ੀ ਦੇ ਮਾਰਕਸਵਾਦੀ ਵਿਚਾਰਾਂ ਦੀ ਪਾਣ ਵੀ ਚੜ੍ਹੀ ਹੋਈ ਸੀ। ਇਨਾਂ ਵਿਦਿਆਰਥੀਆਂ ਦਾ ਕਾਲਜ ਦੇ ਆਮ ਵਿਦਿਆਰਥੀਆਂ ਵਿੱਚ ਬਹੁਤ ਚੰਗਾ ਪ੍ਰਭਾਵ ਸੀ ਤੇ ਇਹ ਵਿਦਿਆਰਥੀ ਆਪਣੇ ਚੰਗੇ ਵਤੀਰੇ ਕਰਕੇ ਬੜੇ ਸਨਮਾਨੇ ਜਾਂਦੇ ਸਨ ਤੇ ਪ੍ਰਿੰਸੀਪਲ ਤੇ ਕਾਲਜ ਦੇ ਸਾਰੇ ਪ੍ਰੋਫੈਸਰ ਵੀ ਇਨਾਂ ਵਿਦਿਆਰਥੀਆਂ ਦਾ ਬੜਾ ਮਾਣ ਆਦਰ ਕਰਦੇ ਸਨ। ਇਨਾਂ ਅਗਾਂਹਵਧੂ ਵਿਦਿਆਰਥੀਆਂ ਨੇ ਪੀ.ਐਸ.ਯੂ. ਦੀ ਇਕਾਈ ਬਣਾਈ ਹੋਈ ਸੀ, ਬਰਜਿੰਦਰ ਸਿੰਘ ਮਹਿਮਾ ਸਰਜਾ ਇਸ ਦਾ ਪ੍ਰਧਾਨ ਸੀ ਤੇ ਕਰਨੈਲ ਸਿੰਘ ਸਿੱਧੂ ਸੈਕਟਰੀ ਸੀ।

ਰਾਜਿੰਦਰਾ ਕਾਲਜ ਦੀ ਪੀ.ਐਸ.ਯੂ. ਦੀ ਇਕਾਈ ਨੇ ਕਾਲਜ ਦੇ ਪ੍ਰਿੰਸੀਪਲ ਨਾਲ ਸਮਝੌਤਾ ਕੀਤਾ ਹੋਇਆ ਸੀ ਕਿ ਕੋਈ ਵੀ ਕੁਰੱਪਟ ਸਿਆਸਤਦਾਨ ਤੇ ਉੱਚ-ਪਦਵੀ ਪੁਲਸ ਅਫਸਰ ਕਾਲਜ ਦੇ ਕਿਸੇ ਵੀ ਸਮਾਗਮ 'ਤੇ ਨਹੀਂ ਬੁਲਾਇਆ ਜਾਵੇਗਾ। ਪਰ ਹੋਇਆ ਇਹ ਕਿ ਸਾਲਾਨਾ ਖੇਡਾਂ ਤੇ ਕਾਲਜ ਦੀਆਂ ਹੋਰ ਸਰਗਰਮੀਆਂ ਤੋਂ ਮਗਰੋਂ ਕਾਲਜ ਦਾ ਸਾਲਾਨਾ ਸਮਾਗਮ ਰੱਖਿਆ ਗਿਆ ਤੇ ਪ੍ਰਿੰਸੀਪਲ ਨੇ ਆਪਣੇ ਲੰਗੋਟੀਏ ਯਾਰ, ਬਠਿੰਡੇ ਜ਼ਿਲੇ ਦੇ ਪੁਲਸ ਕਪਤਾਨ ਨੂੰ ਇਨਾਮ ਦੇਣ ਤੇ ਪ੍ਰਧਾਨਗੀ ਭਾਸ਼ਨ ਦੇਣ ਲਈ ਬੁਲਾ ਲਿਆ। ਇਸ ਸਮਾਗਮ 'ਤੇ ਪ੍ਰੋਫੈਸਰ ਹਰਭਜਨ ਸਿੰਘ ਸੋਹੀ ਦੀ ਭੈਣ ਹਰਿੰਦਰ ਸੋਹੀ ਨੇ ਪੁਲਸ ਕਪਤਾਨ ਹੱਥੋਂ ਇਨਾਮ ਲੈਣ ਤੋਂ ਨਾਂਹ ਕਰ ਦਿਤੀ ਤੇ ਅਗਲੇ ਦਿਨ ਇਕ ਕੁਰੱਪਟ ਸਿਆਸਤਦਾਨ ਹੱਥੋਂ ਵੀ ਇਨਾਮ ਲੈਣ ਤੋਂ ਨਾਂਹ ਕਰ ਦਿੱਤੀ। ਹਰਿੰਦਰ ਸੋਹੀ ਦੇ ਜੁਰਤ ਤੇ ਦਲੇਰਾਨਾ ਫੈਸਲੇ ਨਾਲ ਪ੍ਰਿੰਸੀਪਲ ਗੁਰਸੇਵਕ ਸਿੰਘ ਦੀ ਹਉਮੈ ਵਲੂੰਧਰੀ ਗਈ। ਪ੍ਰਿੰਸੀਪਲ ਦੀ ਵਲੂੰਧਰੀ ਹੋਈ ਹਉਮੈ ਨੇ ਹਰਿੰਦਰ ਸੋਹੀ ਦੇ ਮਾਣ ਅਤੇ ਸਤਿਕਾਰ ਦੀ ਗੋਡੀ ਲੁਆਣ ਦਾ ਯਤਨ ਕੀਤਾ ਤੇ ਹਰਿੰਦਰ ਸੋਹੀ ਨੂੰ ਹੁਕਮ ਅਦੂਲੀ ਦੇ ਜੁਰਮ ਵਿੱਚ ਕਾਲਜ ਤੋਂ ਸਸਪੈਂਡ ਕਰਨ ਦਾ ਹੁਕਮ ਦੇ ਦਿੱਤਾ, ਇਹ ਅੱਗ 'ਤੇ ਤੇਲ ਦੇ ਬਰਾਬਰ ਸੀ। ਵਿਦਿਆਰਥੀਆਂ ਦਾ ਸਵੈਮਾਣ ਰੋਹ ਵਿੱਚ ਆਇਆ ਤੇ ਕਾਲਜ ਦੇ

ਪੀ.ਐਸ.ਯੂ. ਦੇ ਆਗੂਆਂ ਬਰਜਿੰਦਰ ਸਿੰਘ ਮਹਿਮਾ ਸਰਜਾ, ਕਰਨੈਲ ਸਿੰਘ ਸਿੱਧੂ ਤੇ ਦਰਸ਼ਨ ਮਾਨ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਇਸ ਨਾਦਰਸ਼ਾਹੀ ਤਾਨਾਸ਼ਾਹੀ ਵਿਰੁੱਧ ਲਲਕਾਰਿਆ। ਪੀ.ਐਸ.ਯੂ. ਦੀ ਲਲਕਾਰ ਤੇ ਸਾਰਾ ਕਾਲਜ ਕਲਾਸਾਂ ਛੱਡ ਕੇ ਬਾਹਰ ਆ ਗਿਆ ਤੇ ਸਾਰਾ ਕਾਲਜ ਇੱਕਮੁਠ, ਇੱਕ ਅਵਾਜ਼ ਹੋ ਕੇ ਗੂੰਜ ਉਠਿਆ –

ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਤਾਨਾਸ਼ਾਹੀ - ਮੁਰਦਾਬਾਦ
ਪ੍ਰਿੰਸੀਪਲ - ਬਦਲਿਆ ਜਾਵੇ

ਕਾਲਜ ਦੀ ਹੜਤਾਲ ਤਿੰਨ ਚਾਰ ਦਿਨ ਬੜੇ ਜੋਸ਼ ਨਾਲ ਚੱਲੀ ਫਿਰ ਜੋਸ਼ ਕੁਝ ਮੱਠਾ ਪੈਣ ਲਗਾ। ਹੜਤਾਲ ਦੇ ਪੰਜਵੇਂ ਦਿਨ ਪੀ.ਐਸ.ਯੂ. ਦਾ ਜਨਰਲ ਸੈਕਟਰੀ ਦਰਸ਼ਨ ਬਾਗ਼ੀ ਬਠਿੰਡੇ ਪਹੁੰਚ ਗਿਆ। ਦਰਸ਼ਨ ਬਾਗ਼ੀ ਦੇ ਬਠਿੰਡੇ ਪਹੁੰਚਣ ਤੋਂ ਇਕ ਦਿਨ ਪਹਿਲਾਂ ਰਾਜਿੰਦਰਾ ਕਾਲਜ ਦੀ ਸੰਘਰਸ਼ ਕਮੇਟੀ ਦੇ ਨਾਂ ਹੇਠ ਕਾਲਜ ਤੇ ਬਠਿੰਡੇ ਸ਼ਹਿਰ ਵਿੱਚ ਪੋਸਟਰ ਵੰਡਿਆ ਗਿਆ ਤੇ ਇਸ ਪੋਸਟਰ ਦਾ ਜਨਮ ਦਾਤਾ ਪ੍ਰੋਫੈਸਰ ਹਰਭਜਨ ਸਿੰਘ ਸੋਹੀ ਸੀ, ਜਿਸ ਨੇ ਪੰਜਾਬ ਦੇ ਵਿਦਿਆਰਥੀਆਂ ਦੇ ਇਤਿਹਾਸਕ ਸੰਘਰਸ਼, ਖ਼ਾਸ ਕਰ ਕੇ ਸਰਕਾਰੀ ਕਾਲਜ ਲੁਧਿਆਣਾ, ਗੁਰੂਸਰ ਕਾਲਜ ਸੁਧਾਰ ਦੇ ਸ਼ਹੀਦ ਜਗਤਾਰ ਸਿੰਘ, ਸਿੱਖ ਨੈਸ਼ਨਲ ਕਾਲਜ ਬੰਗਾ, ਖ਼ਾਲਸਾ ਕਾਲਜ ਅੰਮ੍ਰਿਤਸਰ, ਨੈਸ਼ਨਲ ਕਾਲਜ ਸਠਿਆਲਾ ਦੇ ਵਿਦਿਆਰਥੀਆਂ ਦੇ ਸ਼ਕਤੀਸ਼ਾਲੀ ਸਰਕਾਰੀ ਪ੍ਰਸ਼ਾਸਨ ਨਾਲ ਜੁਝਾਰੂ ਟੱਕਰ ਨਾਲ ਸਰਕਾਰੀ ਪ੍ਰਸ਼ਾਸਨ ਨੂੰ ਗੋਡਿਆਂ ਭਾਰ ਸੁੱਟਣ ਦਾ ਹਵਾਲਾ ਦੇਂਦਿਆਂ ਹੋਇਆਂ ਸ਼ਕਤੀ ਤੇ ਵਿਦਿਆਰਥੀ ਏਕਤਾ ਨੂੰ ਉਭਾਰਨ ਵਾਲੀ ਸ਼ਬਦਾਵਲੀ ਦਾ ਪ੍ਰਗਟਾ ਇਸ ਤਰਾਂ ਕੀਤਾ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਪੀ.ਐਸ.ਯੂ. ਦਾ ਜਨਰਲ ਸੈਕਟਰੀ ਦਰਸ਼ਨ ਬਾਗ਼ੀ ਜਿਸ ਦੀ ਅਗਵਾਈ ਹੇਠ ਪੰਜਾਬ ਦੇ ਵਿਦਿਆਰਥੀਆਂ ਨੇ ਸਰਕਾਰੀ ਪ੍ਰਸ਼ਾਸ਼ਨ ਦੀ ਗੋਡੀ ਲੁਆਈ ਹੈ, ਓਹ ਬਠਿੰਡੇ ਪਹੁੰਚ ਰਿਹਾ ਹੈ।

ਇਸ ਪੋਸਟਰ ਨੇ ਵਿਦਿਆਰਥੀਆਂ ਦੇ ਪਸਤ ਹੋਏ ਹੌਸਲੇ ਬੁਲੰਦ ਕੀਤੇ ਤੇ ਸੰਘਰਸ਼ ਦੀ ਸ਼ਕਤੀ ਵਿੱਚ ਜੁਆਰਭਾਟਾ ਮੁੜ ਆਇਆ ਤੇ 10-11 ਵਜੇ ਸਵੇਰ ਨੂੰ ਸਾਰੇ ਕਾਲਜ ਦੇ ਵਿਦਿਆਰਥੀ ਦਰਸ਼ਨ ਬਾਗ਼ੀ ਦੀ ਸੰਘਰਸ਼ਮਈ ਇਨਕਲਾਬੀ ਲਲਕਾਰ ਵਿਚ ਸ਼ਾਮਲ ਹੋ ਕੇ ਸੰਘਰਸ਼ ਨੂੰ ਜਿੱਤ ਵਿੱਚ ਬਦਲਣ ਲਈ ਬੜੀ ਤੀਬਰ ਦ੍ਰਿੜਤਾ ਦਾ ਪ੍ਰਗਟਾਵਾ ਕਰਨ ਲਈ ਕਾਲਜ ਦੇ ਅੱਗੇ ਆ ਜੁੜੇ। ਕਾਲਜ ਦੇ ਸਾਈਕਲ ਸਟੈਂਡ ਦੀ ਕੰਧ 'ਤੇ ਖਲੋ ਕੇ ਦਰਸ਼ਨ ਬਾਗ਼ੀ ਨੇ ਆਪਣੇ ਲਹਿਜੇ ਵਿੱਚ



ਜੁੜੇ ਵਿਦਿਆਰਥੀਆਂ ਦੇ ਇਕੱਠ ਵੱਲ ਆਪਣੀ ਸੱਜੀ ਬਾਂਹ ਉਲਾਰ ਕੇ ਕਿਹਾ, "ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸੁਧਾਰ ਕਾਲਜ ਦੇ ਸ਼ਹੀਦ ਜਗਤਾਰ ਸਿੰਘ ਦੇ ਵਾਰਸੋ, ਹੱਕ, ਇਨਸਾਫ਼ ਤੇ ਆਪਣੇ ਮਾਣ ਤੇ ਮਰਿਆਦਾ ਦੀ ਰਾਖੀ ਲਈ ਸੰਘਰਸ਼ ਦੇ ਰਾਹ 'ਤੇ ਟੁਰਨਾ ਮਨੁੱਖ ਦਾ ਜਮਾਂਦਰੂ ਹੱਕ ਹੈ, ਹੱਕ ਇਨਸਾਫ਼ ਲਈ ਸੰਘਰਸ਼ ਤੋਂ ਮੁੱਖ ਮੋੜਨਾ, ਕਰਤਾਰ ਸਿੰਘ ਸਰਾਭੇ, ਭਗਤ ਸਿੰਘ ਤੇ ਜਗਤਾਰ ਸਿੰਘ ਤੋਂ ਮੁੱਖ ਮੋੜਨਾ ਹੈ। ਇਨਾਂ ਸ਼ਬਦਾਂ ਦੀ ਆਵਾਜ਼ ਨੇ ਜਿਵੇਂ ਵਿਦਿਆਰਥੀਆਂ ਦੇ ਮਨਾਂ ਤੇ ਸਰੀਰਾਂ ਵਿੱਚ ਇਸ ਤਰਾਂ ਦੀ ਸ਼ਕਤੀਸ਼ਾਲੀ ਚਿਣਗ ਪੈਦਾ ਕੀਤੀ ਕਿ ਜੁੜੀ ਵਿਦਿਆਰਥੀਆਂ ਦੀ ਭੀੜ ਨੂੰ ਚੀਰਦੀ ਹੋਈ ਇਕ ਕੁੜੀ ਬਿਜਲੀ ਦੀ ਲਾਟ ਵਾਂਗ ਅੱਗੇ ਆਈ ਤੇ ਕੜਕਦੇ ਬੱਦਲ ਵਾਂਗ ਗੂੰਜੀ –

ਇਨਕਲਾਬ – ਤੇ ਸਾਰਾ ਕਾਲਜ ਇਕ ਆਵਾਜ਼ ਵਿੱਚ ਗੂੰਜ ਉਠਿਆ - ਜ਼ਿੰਦਾਬਾਦ ਤੇ ਫਿਰ ਬਰਜਿੰਦਰ ਸਿੰਘ ਮਹਿਮਾ ਸਰਜਾ ਕੜਕਿਆ ਪੰਜਾਬ ਸਟੂਡੈਂਟਸ ਯੂਨੀਅਨ – ਜ਼ਿੰਦਾਬਾਦ ਵਿਦਿਆਰਥੀਆਂ ਦੀ ਜੋਸ਼ੀਲੀ ਆਵਾਜ਼ ਨੇ ਹੁੰਗਾਰਾ ਦਿੱਤਾ।

ਕਾਲਜ ਦੇ ਸਾਰੇ ਵਿਦਿਆਰਥੀ, ਕੁੜੀਆਂ, ਮੁੰਡੇ ਜੋਸ਼ ਵਿੱਚ ਨਾਹਰੇ ਮਾਰਦੇ ਹੋਏ ਕਚਹਿਰੀਆਂ ਵੱਲ ਹੋ ਟੁਰੇ। ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਜਲੂਸ ਨੂੰ ਬਹੁਤ ਸੁਚੱਜੇ ਢੰਗ ਨਾਲ ਜੱਥੇਬੰਦ ਕੀਤਾ। ਤਿੰਨ ਤਿੰਨ ਦੀ ਕਤਾਰ ਵਿੱਚ ਅਗੇ ਕੁੜੀਆਂ ਅਤੇ ਕੁੜੀਆਂ ਦੇ ਮਗਰ ਬੜੇ ਜ਼ਬਤ ਵਿੱਚ ਮੁੰਡੇ ਨਾਹਰੇ ਮਾਰਦੇ ਹੋਏ ਚਲ ਰਹੇ ਸਨ। ਜਲੂਸ ਵਿੱਚ ਪੂਰਾ ਡਸਿਪਲਿਨ ਸੀ, ਵਿਦਿਆਰਥੀ ਸੰਘਰਸ਼ ਕਮੇਟੀ ਦੇ ਆਗੂ ਸਾਰੇ ਜਲੂਸ ਨੂੰ ਪੁਰਅਮਨ ਡਸਿਪਲਿਨ ਵਿੱਚ ਰੱਖ ਰਹੇ ਸਨ। ਸਾਰੇ ਵਿਦਿਆਰਥੀ ਪੂਰੇ ਜੋਸ਼ ਨਾਲ ਇਹ ਨਾਹਰੇ ਮਾਰ ਰਹੇ ਸਨ –

ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪ੍ਰਿੰਸੀਪਲ ਦੀ ਤਾਨਾਸ਼ਾਹੀ - ਨਹੀਂ ਚੱਲੇਗੀ
ਪ੍ਰਿੰਸੀਪਲ ਨੂੰ - ਬਦਲਿਆ ਜਾਵੇ।

ਦਰਸ਼ਨ ਬਾਗ਼ੀ, ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਜਲੂਸ ਦੀ ਅਗਵਾਈ ਕਰ ਰਹੇ ਸਨ। ਕਚਹਿਰੀਆਂ ਤੋਂ ਅੱਗੇ ਪ੍ਰਿੰਸੀਪਲ ਦੀ ਕੋਠੀ ਸੀ। ਕਚਹਿਰੀਆਂ ਕੋਲ ਪੁਲਸ ਦੀ ਧਾੜ ਜੰਗੀ ਰੂਪ ਵਿੱਚ ਤਾਇਨਾਤ ਸੀ, ਇਹ ਪੁਲਸ ਦੀ ਦੀਵਾਰ ਹਰ ਕੀਮਤ 'ਤੇ ਜਲੂਸ ਨੂੰ ਰੋਕਣ ਦਾ ਫੈਸਲਾ ਕਰੀ ਬੈਠੀ ਸੀ।

ਜਲੂਸ ਅਗੇ ਵਧਦਾ ਗਿਆ ਤੇ ਪੁਲਸ ਦੀ ਦੀਵਾਰ ਦੇ ਅਗੇ ਪੁਲਸ ਕਪਤਾਨ ਤੇ ਬਾਕੀ ਡਿਪਟੀ ਕਪਤਾਨ ਆਣ ਖਲੋਤੇ ਤੇ ਦਰਸ਼ਨ ਬਾਗ਼ੀ, ਬਰਜਿੰਦਰ ਸਿੰਘ ਤੇ ਕਰਨੈਲ ਸਿੰਘ ਸਿੱਧੂ ਨੇ ਅੱਗੇ ਹੋ ਕੇ ਦਲੀਲ ਨਾਲ ਪੁਲਸ ਕਪਤਾਨ ਨੂੰ ਸਪਸ਼ਟ

ਕਰਨ ਦਾ ਯਤਨ ਕੀਤਾ ਕਿ ਜਲੂਸ ਪੁਰਅਮਨ ਹੈ ਤੇ ਅਗਲੇ ਮੋੜ ਤੋਂ ਜਲੂਸ ਵਾਪਸ ਕਾਲਜ ਜਾ ਕੇ ਸਮਾਪਤ ਹੋ ਜਾਵੇਗਾ। ਪਰ ਪੁਲਸ ਕਪਤਾਨ ਸ਼ਕਤੀ ਦੇ ਸਰੂਰ ਵਿੱਚ ਦਰਸ਼ਨ ਬਾਗ਼ੀ ਦੀ ਦਲੀਲ ਦੇ ਅਰਥਾਂ ਨੂੰ ਸਮਝਣ ਤੋਂ ਪੂਰਾ ਕੋਰਾ ਸੀ। ਪੁਲਸ ਕਪਤਾਨ ਦਾ ਦੋ ਟੂਕ ਫੈਸਲਾ ਕਿ ਜਲੂਸ ਇਥੇ ਹੀ ਖ਼ਤਮ ਹੋਵੇ ਤੇ ਵਿਦਿਆਰਥੀ ਘਰਾਂ ਨੂੰ ਜਾਣ। ਦਰਸ਼ਨ ਬਾਗ਼ੀ ਤੇ ਸੰਘਰਸ਼ ਕਮੇਟੀ ਦੇ ਆਗੂ ਵੀ ਚੱਟਾਨ ਵਾਂਗੂੰ ਅੜ ਗਏ ਕਿ ਜਲੂਸ ਪੁਰਅਮਨ ਰਹੇਗਾ ਪਰ ਅੱਗੇ ਜਾਵੇਗਾ। ਇਸ ਸਾਰੀ ਕਸ਼ਮਕਸ਼ ਵਿੱਚ ਪੁਲਸ ਕਪਤਾਨ ਗਾਲਾਂ ਕੱਢਣ ਲੱਗ ਪਿਆ ਤੇ ਦਰਸ਼ਨ ਬਾਗ਼ੀ ਤੇ ਪੁਲਸ ਕਪਤਾਨ ਦਾ ਜੱਫਾ ਲੱਗ ਗਿਆ। ਫਿਰ ਪੁਲਸ ਦੀਆਂ ਛਾਂਗਾਂ ਦਾ ਮੀਂਹ ਵਰ੍ਹ ਗਿਆ। ਪੁਲਸ ਨੇ ਅੰਨ੍ਹੇਵਾਹ ਵਿਦਿਆਰਥੀਆਂ 'ਤੇ ਡਾਂਗਾਂ ਵਰਾਈਆਂ ਤੇ 30-35 ਵਿਦਿਆਰਥੀ, ਸਣੇ ਦਰਸ਼ਨ ਬਾਗ਼ੀ ਦੇ, ਖਿੱਚਕੇ ਗ੍ਰਿਫਤਾਰ ਕਰ ਕੇ ਹਵਾਲਾਤ ਵਿੱਚ ਬੰਦ ਕਰ ਦਿੱਤੇ ਅਤੇ ਇਨਾਂ ਸਾਰੇ ਵਿਦਿਆਰਥੀਆਂ ਤੇ ਪੁਲਸ ਨੇ ਕੇਸ ਦਰਜ ਕਰ ਦਿੱਤੇ। ਅਗਲੇ ਦਿਨੇ ਮੈਜਿਸਟਰੇਟ ਦੇ ਪੇਸ਼ ਕੀਤਾ ਤੇ ਮੈਜਿਸਟਰੇਟ ਨੇ ਸਾਰੇ ਵਿਦਿਆਰਥੀਆਂ ਨੂੰ ਜ਼ਮਾਨਤ 'ਤੇ ਰਿਹਾ ਕਰ ਦਿਤਾ। ਜਦੋਂ ਇਹ 30-35 ਵਿਦਿਆਰਥੀ ਦਰਸ਼ਨ ਬਾਗ਼ੀ ਸਮੇਤ ਰਿਹਾਅ ਹੋ ਕੇ ਰਾਜਿੰਦਰਾ ਕਾਲਜ ਪਹੁੰਚੇ ਤਾਂ ਕਾਲਜ ਦੇ ਵਿਦਿਆਰਥੀਆਂ ਨੇ ਜੋਸ਼ੀਲੇ ਨਾਹਰਿਆਂ ਨਾਲ ਇਨਾਂ ਦਾ ਸਵਾਗਤ ਕੀਤਾ ਜਿਵੇਂ —

ਇਨਕਲਾਬ - ਜ਼ਿੰਦਾਬਾਦ
ਪੰਜਾਬ ਸਟੂਡੈਂਟਸ ਯੂਨੀਅਨ - ਜ਼ਿੰਦਾਬਾਦ
ਪੰਜਾਬ ਪੁਲਸ - ਮੁਰਦਾਬਾਦ
ਕਾਲਜ ਦਾ ਪ੍ਰਿੰਸੀਪਲ -ਬਦਲਿਆ ਜਾਵੇ

ਪੁਲਸ ਦੇ ਤਸ਼ੱਦਦ ਨਾਲ ਵਿਦਿਆਰਥੀਆਂ ਦਾ ਜੋਸ਼ ਵਧਿਆ ਸੀ, ਹੱਕ ਤੇ ਇਨਸਾਫ ਲਈ ਸੰਘਰਸ਼ ਕਰਨ ਦੇ ਹੌਸਲੇ ਬੁਲੰਦ ਹੋਏ ਸਨ। ਸੰਘਰਸ਼ ਕਮੇਟੀ ਨੇ ਇਕ ਹੋਰ ਪੋਸਟਰ ਕੱਢਿਆ ਜਿਸ ਵਿੱਚ ਬਠਿੰਡਾ ਪੁਲਸ ਦੇ ਲਾਠੀਚਾਰਜ ਦੀ ਘੋਰ ਨਿੰਦਾ ਕੀਤੀ ਗਈ ਤੇ ਐਲਾਨ ਕੀਤਾ ਕਿ ਇਹ ਸੰਘਰਸ਼ ਓਨਾ ਚਿਰ ਚਲਦਾ ਰਹੇਗਾ ਜਿੰਨਾ ਚਿਰ ਪ੍ਰਿੰਸੀਪਲ ਬਦਲਿਆ ਨਹੀਂ ਜਾਂਦਾ। ਪੰਜਾਬ ਦੇ ਪ੍ਰਸ਼ਾਸ਼ਨ ਨੇ ਹਾਲਾਤ ਦੀ ਨਜ਼ਾਕਤ ਦੇਖਦੇ ਹੋਏ ਚੁੱਪ-ਚੁਪੀਤੇ ਹੀ ਪ੍ਰਿੰਸੀਪਲ ਦੀ ਬਦਲੀ ਕਰ ਕੇ ਬਠਿੰਡੇ ਦੇ ਰਾਜਿੰਦਰਾ ਕਾਲਜ ਨੂੰ ਸਰਕਾਰੀ ਕਾਲਜ ਲੁਧਿਆਣਾ ਬਣਨ ਤੋਂ ਬਚਾ ਲਿਆ।

ਬਠਿੰਡੇ ਵਿੱਚ ਪੁਲਸ ਵੱਲੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਤੇ 30-35 ਵਿਦਿਆਰਥੀਆਂ ਦੀਆਂ ਗ੍ਰਿਫਤਾਰੀਆਂ ਦੀ ਖ਼ਬਰ ਪੰਜਾਬ ਦੇ ਸਾਰੇ ਅਖ਼ਬਾਰਾਂ



ਵਿੱਚ ਵੱਡੀ ਸੁਰਖ਼ੀ ਨਾਲ ਛਪੀ। ਚੰਡੀਗੜ ਵਿੱਚ, ਕਮਿਊਨਸਟ ਪਾਰਟੀ (ਐਮ) ਦੇ ਸਮਰਥਕ ਵਕੀਲ ਅਜੀਤ ਸਿੰਘ ਬੈਂਸ ਨੇ ਪੰਜਾਬ ਹਾਈਕੋਰਟ ਵਿੱਚ ਗ੍ਰਿਫਤਾਰ ਤੇ ਪੁਲਸ ਵੱਲੋਂ ਚਾਰਜ ਕੀਤੇ 30-35 ਵਿਦਿਆਰਥੀਆਂ ਵੱਲੋਂ ਰਿੱਟ ਦਾਇਰ ਕਰ ਦਿੱਤੀ। ਇਸ ਰਿੱਟ ਦੇ ਪੰਜਾਬ ਹਾਈਕੋਰਟ ਵਿੱਚ ਦਾਇਰ ਹੋਣ ਦਾ ਸਿੱਟਾ ਇਹ ਹੋਇਆ ਕਿ ਬਠਿੰਡੇ ਦੀ ਪੁਲਸ ਨੇ ਸਾਰੇ ਵਿਦਿਆਰਥੀਆਂ ਦੇ ਕੇਸ ਵਾਪਸ ਲੈ ਲਏ ਤੇ ਇਸ ਨਾਲ ਰਾਜਿੰਦਰਾ ਕਾਲਜ ਬਠਿੰਡਾ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਜਿੱਤ ਹੋਈ ਤੇ ਪ੍ਰਿੰਸੀਪਲ ਦੀ ਬਦਲੀ ਵੀ ਹੋ ਗਈ ਸੀ।

# ਦਰਸ਼ਨ ਬਾਗ਼ੀ ਦੀ ਨਜ਼ਰਬੰਦੀ

ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਦੇ ਹੋਸਟਲ ਦੀ ਦੂਜੀ ਮੰਜ਼ਲ 'ਤੇ ਕੋਨੇ ਵਾਲੇ ਕਮਰੇ ਵਿੱਚ ਦਰਸ਼ਨ ਬਾਗ਼ੀ ਦੀ ਰਿਹਾਇਸ਼ ਸੀ ਤੇ ਇਸ ਕਮਰੇ ਵਿੱਚ ਇਕ ਦਿਨ ਪਹਿਲਾਂ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਦੀ ਮੀਟਿੰਗ ਹੋਈ, ਜਿਸ ਵਿੱਚ ਹਰਭਜਨ ਹਲਵਾਰਵੀ, ਇੰਦਰਜੀਤ ਬਿੱਟੂ, ਸ਼ੇਰੀ, ਸੁਰਿੰਦਰ ਚਾਹਲ, ਦਰਸ਼ਨ ਖਟਕੜ, ਗੁਰਦਿਆਲ ਸਿੰਘ ਤੇ ਦਰਸ਼ਨ ਬਾਗ਼ੀ ਹਾਜ਼ਰ ਸਨ। ਇਸ ਮੀਟਿੰਗ ਵਿੱਚ ਪੀ.ਐਸ.ਯੂ. ਦੀਆਂ ਸਰਗਰਮੀਆਂ ਦਾ ਰੀਵਿਊ ਕੀਤਾ ਗਿਆ ਤੇ ਆਉਣ ਵਾਲੇ ਸਮੇਂ ਲਈ ਪੀ.ਐਸ.ਯੂ. ਦੀਆਂ ਜਿੱਤਾਂ ਨੂੰ ਸਿਆਸੀ ਪੱਧਰ 'ਤੇ ਨਵੇਂ ਆਏ ਵਿਦਿਆਰਥੀਆਂ ਨੂੰ ਮਾਰਕਸਵਾਦੀ ਸੂਝ ਦੇਣ ਤੇ ਮਾਰਕਸਵਾਦ ਨਾਲ ਜੁੜੇ ਰਹਿਣ ਲਈ ਲਗਾਤਾਰ ਸਟਡੀ ਸਰਕਲਾਂ ਦੀ ਲੜੀ ਚਾਲੂ ਕਰਨ ਤੇ ਜ਼ੋਰ ਦਿਤਾ, ਤੇ ਸੂਬਾ ਪੱਧਰ ਦੇ ਸਾਰੇ ਸਾਥੀਆਂ ਨੂੰ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਦਾ ਅਧਿਐਨ ਕਰਨ ਲਈ ਜ਼ੋਰ ਦਿੱਤਾ। ਦਰਸ਼ਨ ਖਟਕੜ ਨੇ ਸਭ ਤੋਂ ਪਹਿਲਾਂ ਆਪਣੇ ਕਾਲਜ ਦੇ ਵਿਦਿਆਰਥੀਆਂ ਦਾ ਸਟੱਡੀ ਸਰਕਲ ਲੁਆਉਣ ਦੀ ਜ਼ੁੰਮੇਵਾਰੀ ਲਈ ਤੇ ਮੀਟਿੰਗ ਤੋਂ ਮਗਰੋਂ ਸਾਰੇ ਸਾਥੀ ਆਪਣੇ-ਆਪਣੇ ਟਿਕਾਣਿਆਂ ਨੂੰ ਵਿਦਾ ਹੋਏ ਤੇ ਸਿਰਫ ਸਾਥੀ ਗੁਰਦਿਆਲ ਸਿੰਘ ਦਰਸ਼ਨ ਬਾਗ਼ੀ ਕੋਲ ਠਹਿਰਿਆ।

ਅਗਲੀ ਸਵੇਰ, ਮੌਸਮ ਬੜਾ ਖ਼ੁਸ਼ਗੁਆਰ ਸੀ, ਸਾਰੇ ਸੰਘਰਸ਼ ਜਿੱਤਾਂ ਵਿੱਚ ਸਮਾਪਤ ਹੋਏ, ਮਨ ਬੇਫਿਕਰੀ ਵਿੱਚ ਸੀ, ਹੋਸਟਲ ਦੀ ਮੈੱਸ ਵਿੱਚ ਬਰੇਕਫਾਸਟ ਤੋਂ ਮਗਰੋਂ ਦਰਸ਼ਨ ਬਾਗ਼ੀ ਤੇ ਗੁਰਦਿਆਲ ਸਿੰਘ ਨੇ ਸਲਾਹ ਕੀਤੀ ਕਿ ਪੰਜਾਬੀ ਯੂਨੀਵਰਸਟੀ ਕੈਂਪਸ ਵਿੱਚ ਇੰਦਰਜੀਤ ਬਿੱਟੂ ਕੋਲ ਜਾਇਆ ਜਾਵੇ ਤੇ ਸਾਰਾ ਦਿਨ ਇੰਦਰਜੀਤ ਬਿੱਟੂ ਦੇ ਖਾਤੇ ਵਿੱਚ ਦਰਜ ਕੀਤਾ ਜਾਵੇ। ਦੋਵੇਂ ਜਣੇ ਬੜੇ ਬੇਫਿਕਰ ਸਨ, ਪੰਜਾਬ ਵਿੱਚ ਸਾਰੇ ਕਾਲਜਾਂ ਵਿੱਚ ਸ਼ਾਂਤੀ ਸੀ ਤੇ ਕੋਈ ਸੰਘਰਸ਼ ਨਹੀਂ ਸੀ ਚੱਲ ਰਿਹਾ। ਕਾਲਜ ਦੇ ਹੋਸਟਲ ਤੋਂ ਚੱਲ ਕੇ ਜਿਉਂ ਹੀ ਬਾਰਾਂਦਰੀ ਵਿੱਚ ਵੜੇ ਤਾਂ ਅਗੋਂ ਪੁਲਸ ਦੀ ਜੀਪ ਸਾਹਮਣੇ ਮੋੜ ਤੋਂ ਤੇਜ਼ੀ ਨਾਲ ਮੁੜ ਕੇ ਸਾਹਮਣੇ ਤੋਂ, ਪੁਲਸ ਦੀ ਦੂਜੀ ਜੀਪ ਕੱਸੀ ਦਾ ਪੁਲ ਟੱਪ ਕੇ ਪਿਛੋਂ ਦਰਸ਼ਨ ਬਾਗ਼ੀ ਤੇ ਗੁਰਦਿਆਲ ਸਿੰਘ ਵੱਲ ਵਧੀ ਤੇ ਖ਼ਤਰੇ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ,



ਦਰਸ਼ਨ ਬਾਗ਼ੀ ਨੇ ਗੁਰਦਿਆਲ ਸਿੰਘ ਨੂੰ ਦੋ ਸ਼ਬਦੀ ਚਿਤਾਵਨੀ ਦਿਤੀ, "ਭੱਜ ਲੈ" ਤੇ ਆਪ ਦਰਸ਼ਨ ਬਾਗ਼ੀ ਨੇ ਖੱਬੇ ਹੱਥ ਲਗਦੀ ਕੰਧ ਤੋਂ ਛਾਲ ਮਾਰ ਕੇ ਸ਼ੂਟ ਵੱਟ ਲਈ ਤੇ ਸਿੱਧਾ ਦੁਖ ਨਿਵਾਰਨ ਗੁਰੂਦੁਆਰਾ ਸਾਹਿਬ ਵਲ ਭੱਜਿਆ, ਕਿਉਂਕਿ ਓਹ ਗੁਰੂਦੁਆਰੇ ਵਿੱਚ ਪਨਾਹ ਲੈਣੀ ਚਾਹੁੰਦਾ ਸੀ। ਦਰਸ਼ਨ ਬਾਗ਼ੀ ਦੇ ਮਗਰ ਲਾ-ਲਾ ਕਰਦੀ ਪੁਲਸ ਦੀ ਧਾੜ ਭੱਜ ਰਹੀ ਸੀ ਪਰ ਓਹ ਪੁਲਸੀਆਂ ਤੋਂ ਬਹੁਤ ਅਗੇ ਨਿਕਲ ਗਿਆ ਤੇ ਇਹ ਸਾਰਾ ਕੌਤਕ ਇੰਝ ਲਗਦਾ ਸੀ ਜਿਵੇਂ ਕਿਸੇ ਫਿਲਮ ਦਾ ਸੀਨ ਹੋਵੇ। ਜਿਉਂ ਹੀ ਅਗਲੀ ਕੰਧ ਟੱਪ ਕੇ ਦਰਸ਼ਨ ਬਾਗ਼ੀ ਸੜਕ ਤੇ ਚੜ੍ਹਿਆ, ਅਗੇ ਪੁਲਸ ਦੀ ਜੀਪ ਤੇ 10-15 ਪੁਲਸੀਏ ਖਲੋਤੇ ਸਨ। ਜਦੋਂ ਕਿਸੇ ਪਾਸੇ ਵੀ ਭੱਜ ਨਿਕਲਣ ਦਾ ਕੋਈ ਰਾਹ ਨਾ ਰਿਹਾ ਤਾਂ ਦਰਸ਼ਨ ਬਾਗ਼ੀ ਨੇ ਆਪਣੀ ਚਾਲ ਮੱਠੀ ਕਰ ਲਈ। ਓਨਾਂ 10-15 ਪੁਲਸੀਆਂ ਵਿੱਚੋਂ ਪੁਲਸ ਕਪਤਾਨ ਅਗੇ ਵਧਿਆ ਤੇ ਉਸ ਦਰਸ਼ਨ ਬਾਗ਼ੀ ਨੂੰ ਸੰਬੋਧਨ ਕੀਤਾ, "ਕਾਮਰੇਡ ਦਰਸ਼ਨ ਸਿੰਘ ਬਾਗ਼ੀ ਸਤਿ ਸਿਰੀ ਅਕਾਲ।" ਇਹ 7 ਸਤੰਬਰ 1968 ਦਾ ਦਿਨ ਸੀ ਤੇ ਉਸ ਨੇ ਦਰਸ਼ਨ ਬਾਗ਼ੀ ਦੀ ਸੱਜੀ ਬਾਂਹ ਫੜ ਲਈ ਤੇ ਕਿਹਾ ਕਾਮਰੇਡ ਦਰਸ਼ਨ ਸਿੰਘ ਬਾਗ਼ੀ ਤੁਹਾਨੂੰ ਪਰੀਵੈਨਟਿਵ ਐਕਟ ਦੇ ਅਧੀਨ ਗ੍ਰਿਫਤਾਰ ਕੀਤਾ ਜਾਂਦਾ ਹੈ ਤੇ ਇਨਾਂ ਸ਼ਬਦਾਂ ਨਾਲ ਦਰਸ਼ਨ ਬਾਗ਼ੀ ਨੂੰ ਪੁਲਸ ਦੀ ਜੀਪ ਵਿੱਚ ਚੜ੍ਹਣ ਦਾ ਸੰਕੇਤ ਕੀਤਾ। ਜਦੋਂ ਪੁਲਸ ਨੇ ਦਰਸ਼ਨ ਬਾਗ਼ੀ ਨੂੰ ਗ੍ਰਿਫਤਾਰ ਕਰ ਲਿਆ ਤਾਂ ਇਸ ਜੀਪ ਦੀ ਪੁਲਸ ਨੇ ਦੂਜੀ ਪੁਲਸ ਦੀ ਜੀਪ ਨੂੰ ਕਿਹਾ ਕਿ ਦਰਸ਼ਨ ਬਾਗ਼ੀ ਸਾਡੀ ਹਿਰਾਸਤ ਵਿੱਚ ਹੈ, ਤੁਸੀਂ ਦੂਜੇ ਗ੍ਰਿਫਤਾਰਸ਼ੁਦਾ ਬੰਦੇ ਨੂੰ ਰਿਹਾ ਕਰ ਦਿਓ, ਪੁਲਸ ਦੀ ਦੂਜੀ ਟੁਕੜੀ ਜਿਸ ਨੇ ਗੁਰਦਿਆਲ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ, ਗੁਰਦਿਆਲ ਸਿੰਘ ਦੇ ਨਾਂ ਥੇਹ ਦਾ ਪਤਾ ਤੇ ਪੂਰੀ ਸ਼ਨਾਖ਼ਤ ਮਗਰੋਂ, ਉਸਨੂੰ ਰਿਹਾ ਕਰ ਦਿਤਾ। ਰਿਹਾ ਹੋਣ ਮਗਰੋਂ ਗੁਰਦਿਆਲ ਸਿੰਘ ਨੇ ਪੀ.ਐਸ.ਯੂ. ਦੇ ਸਾਰੇ ਸਾਥੀਆਂ ਨੂੰ ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ ਬਾਰੇ ਸੂਚਿਤ ਕਰ ਦਿੱਤਾ। ਅਗਲੇ ਦਿਨ ਪੰਜਾਬ ਦੀਆਂ ਸਾਰੀਆਂ ਅਖ਼ਬਾਰਾਂ ਵਿੱਚ ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ ਤੇ ਨਜ਼ਰਬੰਦੀ ਦੀ ਖ਼ਬਰ ਵੱਡੀਆਂ ਸੁਰਖ਼ੀਆਂ ਵਿੱਚ ਛਪੀ।

ਦਰਸ਼ਨ ਬਾਗ਼ੀ ਨੂੰ ਗ੍ਰਿਫਤਾਰ ਕਰਨ ਮਗਰੋਂ ਪੁਲਸ ਨੇ ਉਸ ਨੂੰ ਸੈਂਟਰਲ ਜੇਲ੍ਹ ਪਟਿਆਲਾ ਲਿਜਾ ਕੇ ਜੇਲ੍ਹ ਸੁਪਰਇਨਟੈਂਡੈਂਟ ਦੇ ਦਫ਼ਤਰ ਵਿੱਚ ਪੇਸ਼ ਕੀਤਾ। ਜੇਲ੍ਹ ਕਪਤਾਨ ਹਰਨਾਮ ਸਿੰਘ ਨੇ ਬੜੇ ਸਤਿਕਾਰ ਨਾਲ ਕਿਹਾ ਕਿ ਕਾਗਜ਼ੀ ਕਾਰਵਾਈ ਮਗਰੋਂ ਤੁਹਾਨੂੰ ਤੁਹਾਡੀ ਰਿਹਾਇਸ਼ ਤੇ ਭੇਜ ਦਿੱਤਾ ਜਾਵੇਗਾ ਤੇ ਤੁਹਾਡੀ ਚੰਗੀ ਦੇਖ ਭਾਲ ਕੀਤੀ ਜਾਵੇਗੀ। ਕਾਗਜ਼ੀ ਕਾਰਵਾਈ ਤੋਂ ਮਗਰੋਂ ਪੁਲਸ ਕਪਤਾਨ ਦਰਸ਼ਨ ਬਾਗ਼ੀ ਨਾਲ ਹੱਥ ਮਿਲਾ ਕੇ ਆਪਣੇ ਅਮਲੇ ਫੈਲੇ ਸਮੇਤ ਜੇਲ੍ਹ ਤੋਂ ਚਲੇ ਗਏ।

ਡਿਪਟੀ ਜੇਲ੍ਹ ਕਪਤਾਨ ਬਚਨ ਸਿੰਘ ਨੇ ਦਰਸ਼ਨ ਬਾਗ਼ੀ ਨੂੰ ਸੂਚਿਤ ਕੀਤਾ ਕਿ ਪੀ.ਐਸ.ਯੂ. ਦਾ ਲੀਡਰ ਹੋਣ ਦੀ ਪਦਵੀ ਕਰਕੇ ਉਸ ਨੂੰ ਜੇਲ੍ਹ ਵਿੱਚ ਬੀ ਕਲਾਸ ਮਿਲੇਗੀ, ਕੱਚਾ ਰਾਸ਼ਨ ਮਿਲੇਗਾ ਅਤੇ ਖਾਣਾ ਬਨਾਉਣ ਲਈ ਰਸੋਈਆ ਦਿੱਤਾ ਜਾਵੇਗਾ। ਜੇਲ੍ਹ ਵਿੱਚ ਆਮ ਕੈਦੀਆਂ ਨਾਲ ਮਿਲਣ ਗਿਲਣ ਦੀ ਖੁੱਲ੍ਹ ਨਹੀਂ ਹੋਵੇਗੀ। ਸਾਰੀ ਕਾਗਜ਼ੀ ਕਾਰਵਾਈ ਮੁਕੰਮਲ ਹੋਣ ਮਗਰੋਂ ਦਰਸ਼ਨ ਬਾਗ਼ੀ ਨੂੰ 16 ਚੱਕੀਆਂ (ਸੈਲਾਂ) ਦੇ ਹਾਤੇ ਵਿੱਚ ਇਕ ਚੱਕੀ (ਸੈਲ) ਵਿੱਚ ਰਿਹਾਇਸ਼ ਦਿੱਤੀ ਗਈ। ਜੇਲ੍ਹ ਵਿੱਚ ਸੈਲ ਭਾਵ ਬੰਦੀ ਵਾਲੇ ਕਮਰੇ ਨੂੰ ਚੱਕੀ ਕਿਹਾ ਜਾਂਦਾ ਹੈ। ਇਤਿਹਾਸਕ ਤੌਰ 'ਤੇ ਇਕ ਸਮਾਂ ਸੀ ਜਦੋਂ ਇਨਾਂ ਬੰਦੀ ਕਮਰਿਆਂ ਵਿੱਚ ਚੱਕੀਆਂ ਹੁੰਦੀਆਂ ਸਨ ਤੇ ਕੈਦੀਆਂ ਨੂੰ ਮੁਸ਼ੱਕਤ ਦੇ ਤੌਰ 'ਤੇ ਨਿਸ਼ਚਤ ਸਮੇਂ ਲਈ ਚੱਕੀ ਪੀਹਣੀ ਪੈਂਦੀ ਸੀ। ਅੱਜ ਕੱਲ ਇਨਾਂ ਸੈੱਲਾਂ ਵਿੱਚ ਚੱਕੀ ਕੋਈ ਨਹੀਂ ਹੁੰਦੀ ਪਰ ਇਨਾਂ ਦਾ ਇਤਿਹਾਸਕ ਨਾਂ ਇਨਾਂ ਦੇ ਨਾਲ ਜੁੜਿਆ ਹੋਇਆ ਹੈ। ਇਹ 16 ਚੱਕੀਆਂ 8-9 ਫੁਟ ਉਚੀ ਕੰਧ ਨਾਲ ਘਿਰੀਆਂ ਹੋਈਆਂ ਸਨ ਤੇ ਅੰਦਰ ਵੜਣ ਵਾਸਤੇ ਸਿਰਫ ਇੱਕ ਹੀ ਦਰਵਾਜ਼ਾ ਸੀ। ਇਨਾਂ ਚੱਕੀਆਂ ਦੇ ਅੱਗੇ ਬਹੁਤ ਖੁੱਲਾ ਵਿਹੜਾ ਹੈ। ਹਰ ਸੈੱਲ ਦੇ ਅੱਗੇ ਬਹੁਤ ਮਜ਼ਬੂਤ ਲੋਹੇ ਦੇ ਸਰੀਏ ਦਾ ਦਰਵਾਜ਼ਾ ਹੈ, ਸੈੱਲ ਦੇ ਅਗੇ ਵੀ ਛੋਟਾ ਜਿਹਾ 8 ਫੁਟ ਲੰਮਾ ਤੇ 6 ਫੁਟ ਚੌੜਾ ਵਿਹੜਾ ਹੈ ਤੇ ਫਿਰ ਸੈੱਲ ਦਾ ਬਾਹਰਲਾ ਦਰਵਾਜ਼ਾ ਵੀ ਹੈ। ਸ਼ਾਮ ਨੂੰ ਛੇ ਵਜੇ ਸਾਰੇ ਕੈਦੀ ਆਪਣੀ-ਆਪਣੀ ਸੈੱਲ ਵਿੱਚ ਚਲੇ ਜਾਂਦੇ ਹਨ ਤੇ ਫਿਰ ਜੇਲ੍ਹ ਦੇ ਸਾਰੇ ਕੈਦੀਆਂ ਦੀ ਗਿਣਤੀ ਕੀਤੀ ਜਾਂਦੀ ਹੈ ਤੇ ਕੈਦੀ ਰਾਤ ਭਰ ਲਈ ਆਪਣੀ ਆਪਣੀ ਸੈਲ ਵਿੱਚ ਬੰਦ ਕਰ ਦਿਤੇ ਜਾਂਦੇ ਹਨ। ਜਦੋਂ ਕਿਸੇ ਕੈਦੀ ਨੂੰ ਜੇਲ੍ਹ ਦੇ ਕਿਸੇ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਸਜ਼ਾ ਦਿੱਤੀ ਜਾਵੇ ਤਾਂ ਉਸ ਕੈਦੀ ਨੂੰ ਨਿਸ਼ਚਤ ਸਮੇਂ ਲਈ ਸੈੱਲ ਵਿੱਚ ਬੰਦ ਕਰ ਦਿਤਾ ਜਾਂਦਾ ਹੈ ਤੇ ਉਸ ਨੂੰ 24 ਘੰਟਿਆਂ ਵਿੱਚ ਇਕ ਜਾਂ 2 ਘੰਟਿਆਂ ਲਈ ਕਸਰਤ ਕਰਨ ਲਈ ਸੈੱਲ ਦੇ ਅਗਲੇ ਵਿਹੜੇ ਵਿੱਚ ਹੀ ਕੱਢਿਆ ਜਾਂਦਾ ਹੈ। ਸਜ਼ਾਯਾਫਤਾ ਕੈਦੀ ਨੂੰ ਆਮ ਕੈਦੀਆਂ ਨਾਲ ਮਿਲਣ ਜੁਲਣ ਅਤੇ ਵੱਡੇ ਵਿਹੜੇ ਵਿੱਚ ਆਉਣ ਤੇ ਪਾਬੰਦੀ ਹੁੰਦੀ ਹੈ।

ਦਰਸ਼ਨ ਬਾਗ਼ੀ ਦੇ ਪਹਿਰੇਦਾਰਾਂ ਵਜੋਂ 2 ਨੰਬਰਦਾਰ ਤੇ ਜੇਲ੍ਹ ਦਾ ਗਾਰਡ ਸਾਰਾ ਦਿਨ ਉਸ 16 ਚੱਕੀਆਂ ਦੇ ਹਾਤੇ ਵਿੱਚ ਰਹਿੰਦੇ ਸਨ ਤੇ ਰਾਤ ਨੂੰ ਸਿਰਫ 2 ਨੰਬਰਦਾਰ ਰਹਿੰਦੇ ਸਨ। ਇਨਾਂ 16 ਚੱਕੀਆਂ ਦੇ ਹਾਤੇ ਵਿੱਚ ਸਿਰਫ ਤਿੰਨ ਜਣਿਆਂ ਦੀ ਰਿਹਾਇਸ਼ ਸੀ, ਦਰਸ਼ਨ ਬਾਗ਼ੀ ਤੇ 2 ਨੰਬਰਦਾਰ ਤੇ ਇਕ ਗਾਰਡ ਹੁੰਦਾ ਸੀ। ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ ਤੋਂ ਅਗਲੇ ਦਿਨ ਅਖ਼ਬਾਰਾਂ ਰਾਹੀਂ ਤੇ 16 ਚੱਕੀਆਂ ਵਿਚਲੇ ਨੰਬਰਦਾਰਾਂ ਰਾਹੀਂ ਸਾਰੀ ਜੇਲ੍ਹ ਵਿੱਚ ਇਹ ਖ਼ਬਰ ਖਿਲਰ ਗਈ ਸੀ ਕਿ



ਪੀ.ਐਸ.ਯੂ. ਦਾ ਲੀਡਰ ਦਰਸ਼ਨ ਬਾਗ਼ੀ ਨਜ਼ਰਬੰਦੀ ਕਾਨੂੰਨ ਹੇਠ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ। ਜੇਲ੍ਹ ਦੇ ਕੈਦੀ ਸਿਆਸੀ ਕੈਦੀਆਂ ਦਾ ਬਹੁਤ ਆਦਰ ਮਾਣ ਕਰਦੇ ਹਨ।

16 ਚੱਕੀਆਂ ਦੇ ਨੰਬਰਦਾਰ, ਦਰਸ਼ਨ ਬਾਗ਼ੀ ਦੇ ਵਤੀਰੇ ਤੇ ਸਲੀਕੇ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹ ਬਹੁਤ ਹਮਦਰਦਾਨਾ ਲਹਿਜੇ ਵਿੱਚ ਜੇਲ੍ਹ ਦੇ ਪ੍ਰਬੰਧਕਾਂ ਤੋਂ ਸਾਵਧਾਨ ਰਹਿਣ ਦੇ ਸੰਕੇਤ ਦਿੰਦੇ। ਉੱਪਰ ਦੱਸੀ ਜਾਣਕਾਰੀ ਦਾ ਸਰੋਤ ਵੀ ਨੰਬਰਦਾਰ ਹੀ ਸਨ। ਇਨਾਂ ਨੰਬਰਦਾਰਾਂ ਨੇ ਗਾਰਡਾਂ ਤੋਂ ਵੀ ਬਚ ਕੇ ਰਹਿਣ ਦਾ ਸੁਝਾ ਵੀ ਦਿੱਤਾ ਕਿ ਇਹ ਮਿੱਠੇ ਪਿਆਰੇ ਹੋ ਕੇ ਤੁਹਾਡੇ ਮਨ ਦੀ ਗੱਲ ਜਾਣ ਕੇ ਅਗੇ ਅਫਸਰਾਂ ਤੱਕ ਉਪੜਦੀ ਕਰਦੇ ਹਨ ਪਰ ਬਹੁਤੇ ਗਾਰਡ ਹਮਦਰਦਾਨਾ ਲਹਿਜਾ ਰੱਖਦੇ ਹਨ। ਸਵੇਰੇ ਸਵੇਰੇ ਨੰਬਰਦਾਰ ਅੰਗਰੇਜ਼ੀ ਦੀ ਟਰਬਿਊਨ ਤੇ ਪੰਜਾਬੀ ਦੀ ਅਖ਼ਬਾਰ ਲੈ ਕੇ ਆ ਜਾਂਦਾ ਤੇ 7 ਵਜੇ ਸਵੇਰੇ ਖਾਣਾ ਬਨਾਉਣ ਵਾਲਾ ਕੈਦੀ ਪਹੁੰਚ ਜਾਂਦਾ। ਇਸ ਕੈਦੀ ਦਾ ਪਟਿਆਲੇ ਬੱਸ ਅੱਡੇ ਤੇ ਹੋਟਲ ਸੀ, ਕੈਦੀ ਦੇ ਦਸਣ ਮੁਤਾਬਕ, ਪੁਲਸ ਨੇ ਝੂਠਾ ਕੇਸ ਬਣਾ ਕੇ 4 ਮਹੀਨੇ ਦੀ ਜੇਲ੍ਹ ਕਰਵਾ ਦਿੱਤੀ ਸੀ। ਟੱਬਰਦਾਰ ਬੰਦਾ ਸੀ, ਘਰਵਾਲੀ ਤੇ ਬੱਚੇ ਸਨ, ਹੋਟਲ ਦਾ ਕੰਮ ਠੱਪ ਹੁੰਦਾ ਜਾਪਦਾ ਸੀ, ਹਰ ਰੋਜ਼ ਬੜਾ ਝੂਰਦਾ ਸੀ ਕਿ ਪਤਨੀ ਭੱਜ ਨੱਠ ਕਰ ਕੇ ਹੋਟਲ ਨੂੰ ਚਲਾ ਰਹੀ ਹੈ, ਪਰ ਬਹੁਤ ਔਖਾ ਹੈ, ਪੁਲਸ ਬਹੁਤ ਤੰਗ ਕਰਦੀ ਹੈ, ਘਰਵਾਲੀ ਨੂੰ ਡਰਾਉਂਦੇ-ਧਮਕਾਉਂਦੇ ਹਨ। ਸਵੇਰੇ 7 ਵਜੇ ਜਦੋਂ ਰੋਟੀ ਪਕਾਉਣ ਵਾਲਾ ਕੈਦੀ ਪਹੁੰਚ ਜਾਂਦਾ ਤਾਂ ਦਰਸ਼ਨ ਬਾਗ਼ੀ ਉਸ ਨਾਲ ਮਿਲ ਕੇ ਚਾਹ ਤੇ ਰੋਟੀ ਆਦਿ ਬਨਾਉਣ ਲੱਗ ਜਾਂਦਾ ਤੇ ਉਹ 6 ਵਜੇ ਸ਼ਾਮ ਤੱਕ 16 ਚੱਕੀਆਂ ਦੇ ਹਾਤੇ ਵਿੱਚ ਹੀ ਰਹਿੰਦਾ। ਸਵੇਰੇ ਇਕ ਨੰਬਰਦਾਰ ਨਾਲ ਜਾ ਕੇ ਖਾਣ ਪਕਾਉਣ ਦੀ ਰਸਦ ਲੈ ਕੇ ਆਉਂਦਾ ਤੇ ਇਹ ਸਵੇਰ ਦੀ ਚਾਹ ਪਰੌਂਠਾ, ਦਾਲ ਸਬਜ਼ੀ, ਘਿਓ, ਦੁੱਧ, ਖੰਡ ਆਦਿ। ਇਹ ਕੈਦੀ ਬੜਾ ਮਿੱਠ ਬੋਲੜਾ ਸੀ ਤੇ ਦਸਦਾ ਕਿ ਉਸ ਨੇ ਕਿਸੇ ਕੇਸ ਵਿੱਚ ਪੁਲਸ ਦਾ ਮੁਖ਼ਬਰ ਬਣਨ ਤੋਂ ਨਾਂਹ ਕਰ ਦਿੱਤੀ ਸੀ ਜਿਸ ਕਰ ਕੇ ਪੁਲਸ ਨੇ ਝੂਠਾ ਕੇਸ ਬਣਾ ਕੇ ਝੂਠੇ ਗੁਆਹ ਅਦਾਲਤ ਵਿੱਚ ਪੇਸ਼ ਕਰ ਕੇ 4 ਮਹੀਨੇ ਦੀ ਜੇਲ੍ਹ ਕਰਵਾ ਦਿੱਤੀ।

ਦਰਸ਼ਨ ਬਾਗ਼ੀ ਨੂੰ ਬੜੇ ਸਰਗਰਮ ਮਾਹੌਲ ਵਿੱਚੋਂ ਚੁੱਕ ਕੇ ਨਜ਼ਰਬੰਦੀ ਦੇ ਵਾਤਾਵਰਨ ਵਿੱਚ, ਜਿਹੜਾ ਕਿ ਉੱਕਾ ਹੀ ਇਕਾਂਤ ਤੇ ਸਰਗਰਮੀ ਰਹਿਤ ਸੀ, ਸੁੱਟ ਦਿੱਤਾ ਸੀ। ਇਸ ਨਵੇਂ ਵਾਤਾਵਰਨ ਨਾਲ ਮਾਨਸਿਕ ਤੇ ਸਰੀਰਕ ਸਾਂਝ ਦਾ ਪਾੜਾ ਮਹਿਸੂਸ ਕਰ ਕੇ ਜਦੋਂ ਮਨ ਕਾਹਲਾ ਪੈਂਦਾ ਤੇ ਚਾਰਦੁਆਰੀ ਮਾਨਸਿਕ ਤੇ ਸਰੀਰਕ ਖੁੱਲ੍ਹ ਨੂੰ ਜਕੜਨ ਦਾ ਅਨੁਭਵ ਪੈਦਾ ਕਰਦੀ ਤਾਂ ਦਰਸ਼ਨ ਬਾਗ਼ੀ, ਰੁੱਖ ਹੇਠ

ਬੈਠਾ ਕੰਬਲ ਤੋਂ ਛਾਲ ਮਾਰ ਕੇ ਉਠਦਾ ਤੇ ਕਾਹਲੀ ਕਾਹਲੀ ਤਿੱਖੀ ਚਾਲ ਟੁਰਨਾ ਅਰੰਭ ਕਰ ਦਿੰਦਾ ਤਾਂ ਘੰਟਾ ਦੋ ਘੰਟੇ ਤਿੱਖੀ ਚਾਲ ਟੁਰਦਾ ਰਹਿੰਦਾ ਤੇ ਫਿਰ ਰੁੱਖ ਹੇਠ ਆ ਕੇ ਕੰਬਲ ਤੇ ਬੈਠ ਜਾਂਦਾ। ਲਗਭਗ ਤਿੰਨ ਕੁ ਹਫਤਿਆਂ ਮਗਰੋਂ ਨਜ਼ਰਬੰਦੀ ਦੀ ਇਕਾਂਤ ਅਤੇ ਦਰਸ਼ਨ ਬਾਗ਼ੀ ਦਾ ਯਾਰਾਨਾ ਪੈ ਗਿਆ, ਪਰ ਪੀ.ਐਸ.ਯੂ. ਦੇ ਮਿੱਥੇ ਟੀਚਿਆਂ ਦੀ ਪੂਰਤੀ ਦਾ ਫਿਕਰ ਉਸ ਦੀ ਉਪਰਾਮਤਾ ਦਾ ਵੱਡਾ ਕਾਰਨ ਸੀ, ਪਰ ਇਹ ਸੋਚ ਕੇ ਉਸ ਦਾ ਤੌਖ਼ਲਾ ਸ਼ਾਂਤ ਹੁੰਦਾ ਕਿ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁਪ ਦੇ ਮੈਂਬਰ ਰਾਜਨੀਤਕ ਟੀਚਾ ਪੂਰਾ ਕਰਨ ਦੇ ਸਮਰੱਥ ਹਨ। ਸਾਥੀਆਂ ਬਾਰੇ ਇਹ ਸੋਚ ਦਰਸ਼ਨ ਬਾਗ਼ੀ ਦੀ ਮਾਨਸਿਕ ਸ਼ਕਤੀ ਤਰੋ-ਤਾਜ਼ਾ ਕਰਦੀ ਤੇ ਓਹਦੇ ਚਿਹਰੇ 'ਤੇ ਕੋਈ ਜੇਤੂ ਮੁਸਕਾਨ ਖਿਲਰ ਜਾਂਦੀ ਤੇ ਉਹ ਸ਼ਾਮ ਨੂੰ ਘਰਾਂ ਨੂੰ ਮੁੜਦੇ ਪੰਛੀਆਂ ਦੀਆਂ ਡਾਰਾਂ ਨੂੰ ਵੇਖਦਾ ਤੇ ਪੰਛੀਆਂ ਦੇ ਵੱਖਰੇ ਕਿਸਮ ਦੇ ਸ਼ੋਰ ਵਿੱਚ ਗੁੰਮ ਜਾਂਦਾ ਤੇ ਉਸ ਦੀ ਬਿਰਤੀ ਓਦੋਂ ਟੁੱਟਦੀ ਜਦੋਂ ਰਸੋਈਆ ਵਾਜ ਮਾਰਦਾ, "ਕਾਮਰੇਡ ਖਾਣਾ ਤਿਆਰ ਹੈ"।

ਦਰਸ਼ਨ ਬਾਗ਼ੀ ਦੀ ਨਜ਼ਰਬੰਦੀ ਤੋਂ 2 ਕੁ ਮਹੀਨੇ ਮਗਰੋਂ ਇਕ ਦਿਨ 10-11 ਵਜੇ ਸਵੇਰੇ ਜੇਲ੍ਹ ਸੁਪਰਇਨਟੈਂਡੈਂਟ ਹਰਨਾਮ ਸਿੰਘ ਤੇ ਡਿਪਟੀ ਬਚਨ ਸਿੰਘ 2 ਗਾਰਡਾਂ ਨੂੰ ਨਾਲ ਲੈ ਕੇ 16 ਚੱਕੀਆਂ ਦੇ ਹਾਤੇ ਵਿੱਚ ਆਣ ਵੜੇ ਤੇ ਸਿੱਧੇ ਦਰਸ਼ਨ ਬਾਗ਼ੀ ਦੀ ਸੈੱਲ ਵਿੱਚ ਜਾ ਖਲੋਤੇ ਤੇ ਗਾਰਡ ਨੇ ਵਾਜ ਮਾਰੀ, "ਬਾਗ਼ੀ ਸਾਹਿਬ ਜ਼ਰਾ ਅੰਦਰ ਆਇਓ, ਸਾਹਿਬ ਨੇ ਬੁਲਾਇਐ"। ਗਾਰਡ ਦੇ ਬੁਲਾਣ ਤੇ ਜਦੋਂ ਦਰਸ਼ਨ ਬਾਗ਼ੀ ਆਪਣੀ ਸੈੱਲ ਵਿੱਚ ਵੜਿਆ ਤਾਂ ਸੁਪਰਇਨਟੈਂਡੈਂਟ ਦੇ ਇਸ਼ਾਰਾ ਕਰਨ ਤੇ ਦੋਹਾਂ ਗਾਰਡਾਂ ਨੇ ਦਰਸ਼ਨ ਬਾਗ਼ੀ ਦਾ ਬਿਸਤਰਾ ਉੱਥਲ-ਪੁੱਥਲ ਕਰ ਦਿੱਤਾ, ਰਜਾਈ ਫਰਸ਼ 'ਤੇ ਸੁੱਟ ਦਿੱਤੀ, ਦਰੀ ਤੇ ਚਾਦਰਾਂ ਵੀ ਏਧਰ-ਓਧਰ ਖਿੰਡਾ ਦਿੱਤੀਆਂ। ਦਰਸ਼ਨ ਬਾਗ਼ੀ ਇਸ ਸਾਰੇ ਕੌਤਕ ਨੂੰ ਬੜੀ ਗੰਭੀਰਤਾ ਨਾਲ ਆਪਣੇ ਜਜ਼ਬਾਤ ਤੇ ਗੁੱਸੇ ਨੂੰ ਪੂਰੇ ਕਾਬੂ ਵਿੱਚ ਰੱਖਦਾ ਹੋਇਆ ਸ਼ਾਂਤ ਸੁਭਾ ਵੇਖਦਾ ਰਿਹਾ। ਜਦੋਂ ਬਿਸਤਰਾ ਪੂਰੀ ਤਰਾਂ ਖਿੰਡ ਪੁੰਡ ਗਿਆ ਤਾਂ ਸੁਪਰਇਨਟੈਂਡੈਂਟ ਨੇ ਗਾਰਡਾਂ ਨੂੰ ਕਿਹਾ ਬੱਸ ਕਰੋ ਤੇ ਸੈੱਲ ਵਿੱਚੋਂ ਜਾਣ ਲੱਗੇ ਤਾਂ ਦਰਸ਼ਨ ਬਾਗ਼ੀ ਨੇ ਬਹੁਤ ਠੰਢੇ ਮਤੇ ਨਾਲ ਸੁਪਰਇਨਟੈਂਡੈਂਟ ਤੇ ਡਿਪਟੀ ਨੂੰ ਸੰਬੋਧਨ ਕੀਤਾ ਤੇ ਕਿਹਾ, "ਸੁਪਰਇਨਟੈਂਡੈਂਟ ਸਾਹਿਬ ਜਾਣ ਤੋਂ ਪਹਿਲਾਂ 2-3 ਮਿੰਟਾਂ ਲਈ ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਨਾ"।

"ਕਹੋ ਜੋ ਵੀ ਕਹਿਣਾ ਚਾਹੁੰਦੇ ਹੋ, ਖੁਲੇ ਦਿਲ ਨਾਲ ਕਹੋ" ਸੁਪਰਇਨਟੈਂਡੈਂਟ ਨੇ ਕਿਹਾ।

ਦਰਸ਼ਨ ਬਾਗ਼ੀ ਨੇ ਕਹਿਣਾ ਸ਼ੁਰੂ ਕੀਤਾ, "ਤੁਹਾਨੂੰ ਪੂਰੀ ਤਰਾਂ ਪਤੈ ਕਿ ਮੇਰੀ



ਨਜ਼ਰਬੰਦੀ ਕਿਸੇ ਜੁਰਮ ਜਰਾਇਮ ਕਰ ਕੇ ਨਹੀਂ। ਤੁਸੀਂ ਜਾਣਦੇ ਹੋ ਕਿ ਮੇਰੀ ਨਜ਼ਰਬੰਦੀ ਰਾਜਨੀਤਕ ਕਾਰਨਾਂ ਕਰਕੇ ਹੈ। ਤੁਹਾਨੂੰ ਪਤੈ ਕਿ ਮੈਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਜਨਰਲ ਸੈਕਟਰੀ ਹਾਂ, ਵਿਦਿਆਰਥੀਆਂ ਨੂੰ ਮਾਰਕਸਵਾਦੀ ਸੋਚ ਦੇ ਅਧਾਰ 'ਤੇ ਜੱਥੇਬੰਦ ਕਰਦਾ ਹਾਂ ਤੇ ਵਿਦਿਆਰਥੀਆਂ ਨੂੰ ਹੱਕ ਤੇ ਸੱਚ ਲਈ ਜੱਥੇਬੰਦ ਹੋਣ ਲਈ ਪਰੇਰਦਾ ਹਾਂ। ਸਰਕਾਰ ਨੇ ਮੇਰੀ ਰਾਜਨੀਤਕ ਸੋਚ ਕਾਰਨ ਮੈਨੂੰ ਨਜ਼ਰਬੰਦ ਕੀਤਾ ਹੈ। ਮੇਰਾ ਤੁਹਾਡੇ ਨਾਲ ਕੋਈ ਵਿਰੋਧ ਨਹੀਂ ਤੇ ਨਾ ਹੀ ਤੁਹਾਡੇ ਨਾਲ ਕੋਈ ਵਿਰੋਧ ਪੈਦਾ ਕਰਨ ਦਾ ਮੇਰਾ ਇਰਾਦਾ ਹੈ। ਪਹਿਲੇ ਦਿਨ ਜਦੋਂ ਪੁਲਸ ਕਪਤਾਨ ਨੇ ਮੇਰੀ ਬਾਂਹ ਤੁਹਾਡੇ ਹੱਥ ਫੜਾਈ ਸੀ ਤੇ ਤੁਹਾਡੇ ਕਹੇ ਸ਼ਬਦ ਮੈਨੂੰ ਪੂਰੀ ਤਰਾਂ ਯਾਦ ਨੇ, ਤੁਸੀਂ ਮੈਨੂੰ ਕਿਹਾ ਸੀ, "ਬਾਗ਼ੀ ਸਾਹਿਬ ਫਿਕਰ ਨਾ ਕਰੋ, ਤੁਸੀਂ ਸਾਡੇ ਮਹਿਮਾਨ ਹੋ, ਤੁਹਾਡੀ ਚੰਗੀ ਤਰਾਂ ਦੇਖਭਾਲ ਕਰਾਂਗੇ"। ਪਿਛਲੇ 2 ਮਹੀਨਿਆਂ ਵਿੱਚ ਮੇਰੀ ਕੋਈ ਮੁਲਾਕਾਤ ਨਹੀਂ ਆਈ, ਜੋ ਸ਼ੱਕ ਪੈਦਾ ਕਰੇ ਕਿ ਹੋ ਸਕਦੈ ਮੈਂ ਕੋਈ ਹਥਿਆਰ ਜਾਂ ਅਫੀਮ ਆਦਿ ਅੰਦਰ ਸਮੱਗਲ ਕੀਤੀ ਹੋਵੇ, ਅਜੇਹੀ ਕੋਈ ਅਵਸਥਾ ਨਹੀਂ ਬਣੀ ਸੁਪਰਇਨਟੈਂਡੈਂਟ ਸਾਹਿਬ, ਰਾਜਨੀਤਕ ਨਜ਼ਰਬੰਦ ਹੋਣ ਕਰਕੇ। ਪੀ.ਐਸ.ਯੂ. ਦਾ ਜਨਰਲ ਸੈਕਟਰੀ ਹੋਣ ਕਰ ਕੇ ਇਕ ਵਿਦਵਾਨ ਹੋਣ ਕਰ ਕੇ, ਇਕ ਇਨਸਾਨ ਹੋਣ ਕਰਕੇ ਮੈਂ ਇੱਜ਼ਤ ਤੇ ਮਾਣ ਦਾ ਹੱਕਦਾਰ ਹਾਂ। ਜਿੰਨਾ ਚਿਰ ਮੈਂ ਤੁਹਾਡੀ ਨਿਗਰਾਨੀ ਵਿੱਚ ਇਸ ਚਾਰਦੀਵਾਰੀ ਵਿੱਚ ਬੰਦ ਹਾਂ, ਇਹ ਸੈੱਲ ਮੇਰਾ ਘਰ ਹੈ। ਮੈਂ ਇਸ ਘਰ ਵਿੱਚ ਅਮਨ ਚੈਨ ਨਾਲ ਰਹਿਣ ਦਾ ਇੱਛਕ ਹਾਂ। 2 ਮਹੀਨੇ ਪਹਿਲਾਂ ਜਦੋਂ ਮੈਂ ਤੁਹਾਨੂੰ ਤੁਹਾਡੇ ਦਫਤਰ ਵਿੱਚ ਮਿਲਿਆ ਤਾਂ ਮੇਰੇ ਮਨ ਵਿੱਚ ਇਕ ਸੂਝਵਾਨ, ਜੇਲ੍ਹ ਦੇ ਅਫ਼ਸਰ ਦਾ ਅਕਾਰ ਸੀ ਤੇ ਮੈਂ ਸੁਪਨੇ ਵਿੱਚ ਨਹੀਂ ਸੀ ਸੋਚ ਸਕਦਾ ਕਿ ਤੁਹਾਡੇ ਵਰਗਾ ਸੂਝਵਾਨ ਅਫਸਰ ਮੇਰੇ ਘਰ ਨੂੰ ਤਹਿਸ਼ ਨਹਿਸ਼ ਕਰੇ ਤੇ ਮੇਰਾ ਅਪਮਾਨ ਕਰੇ। ਮੈਂ ਤੁਹਾਡੇ ਤੋਂ ਮੇਰੇ ਘਰ ਦੀ ਉਥਲ ਪੁਥਲ ਤੇ ਮੇਰਾ ਅਪਮਾਨ ਕਰਨ ਦਾ ਜੁਆਬ ਮੰਗਦਾ ਹਾਂ।"

"ਕਾਮਰੇਡ ਬਾਗ਼ੀ ਸਾਹਿਬ, ਜੋ ਹੋ ਗਈ ਸੋ ਹੋ ਗਈ, ਇਹ ਠੀਕ ਨਹੀਂ ਸੀ, ਮੈਂ ਇਹ ਬਦਲ ਨਹੀਂ ਸਕਦਾ। ਪਰ ਅੱਗੇ ਲਈ ਮੈਂ ਵਾਅਦਾ ਕਰਦਾ ਹਾਂ ਕਿ ਜਿੰਨਾ ਚਿਰ ਤੁਸੀਂ ਸਾਡੀ ਨਿਗਰਾਨੀ ਵਿੱਚ ਹੋ ਅਜੇਹੀ ਕਾਰਵਾਈ ਨਹੀਂ ਕੀਤੀ ਜਾਵੇਗੀ ਤੇ ਰਾਤ ਨੂੰ ਤੁਹਾਡੀ ਸੈਲ ਨੂੰ ਜੰਦਰਾ ਨਹੀਂ ਮਾਰਿਆ ਜਾਵੇਗਾ।" ਇਨਾਂ ਸ਼ਬਦਾਂ ਨਾਲ ਸੁਪਰਇਨਟੈਂਡੈਂਟ ਨੇ ਆਪਣਾ ਸੱਜਾ ਹੱਥ ਅੱਗੇ ਵਧਾਇਆ ਤੇ ਦਰਸ਼ਨ ਬਾਗ਼ੀ ਨੇ ਉਸ ਦੇ ਸੱਜੇ ਹੱਥ ਨੂੰ ਆਪਣੇ ਸੱਜੇ ਹੱਥ ਵਿੱਚ ਲੈ ਲਿਆ। ਤੇ ਫਿਰ ਉਸ ਆਪਣੇ ਡਿਪਟੀ ਬਚਨ ਸਿੰਘ ਨੂੰ ਕਿਹਾ ਕਿ ਗਾਰਡਾਂ ਨੂੰ ਅੰਦਰ ਬਲਾਓ ਤੇ ਜਦੋਂ ਦੋ ਗਾਰਡ ਸੈਲ ਦੇ ਅੰਦਰ ਆਏ ਤਾਂ ਓਨਾਂ ਨੂੰ ਹੁਕਮ ਦਿਤਾ, "ਕਾਮਰੇਡ ਦਾ ਬਿਸਤਰਾ

ਚੰਗੀ ਤਰਾਂ ਠੀਕ ਕਰ ਦਿਓ, ਜਿਵੇਂ ਪਹਿਲਾਂ ਸੀ"। ਉਹ ਆਪ, ਡਿਪਟੀ ਬਚਨ ਸਿੰਘ ਤੇ ਦਰਸ਼ਨ ਬਾਗ਼ੀ ਨੂੰ ਨਾਲ ਲੈ ਕੇ ਸੈਲ ਤੋਂ ਬਾਹਰ ਆ ਗਏ।

## 16 ਚੱਕੀਆਂ ਦੇ ਹਾਤੇ ਤੋਂ 2 ਚੱਕੀਆਂ ਦੇ ਹਾਤੇ ਵਿੱਚ

ਦਸੰਬਰ 1968 ਦੇ ਅਖ਼ੀਰ ਵਿੱਚ ਦਰਸ਼ਨ ਬਾਗੀ ਨੂੰ 16 ਚੱਕੀਆਂ ਦੇ ਹਾਤੇ ਵਿੱਚੋਂ ਬਦਲ ਕੇ ਜੇਲ੍ਹ ਦੇ ਦੱਖਣ ਵਾਲੇ ਖੂੰਜੇ ਵੱਲ 2 ਚੱਕੀਆਂ ਦੇ ਹਾਤੇ ਵਿੱਚ ਬਦਲ ਦਿੱਤਾ। ਇਸ ਹਾਤੇ ਵਿੱਚ ਸਿਰਫ 2 ਚੱਕੀਆਂ ਹੀ ਸਨ। ਪਿਛਵਾੜਾ ਪੱਛਮ ਵੱਲ ਅਤੇ ਹਰ ਸੈੱਲ ਦਾ ਆਪਣਾ-2 ਵਿਹੜਾ ਸੀ। ਇਸ ਹਾਤੇ ਵਿੱਚ ਇਕ ਅੰਬ ਦਾ ਰੁੱਖ ਸੀ, ਜਿਸ ਨੂੰ ਬਸੰਤ ਰੁੱਤ ਵਿੱਚ ਬਹੁਤ ਬੂਰ ਪਿਆ ਸੀ ਤੇ ਅੰਬਾਂ ਦਾ ਰੁੱਖ ਅੰਬਾਂ ਨਾਲ ਲੱਦਿਆ ਗਿਆ। ਅੰਬਾਂ ਨਾਲ ਲੱਦੇ ਰੁੱਖ ਨੂੰ ਵੇਖ ਕੇ ਦਰਸ਼ਨ ਬਾਗ਼ੀ ਦਾ ਮਨ ਖ਼ੁਸ਼ੀ ਨਾਲ ਝੂਮ ਉਠਦਾ। ਓਹ ਹਰ ਰੋਜ਼ ਸਵੇਰੇ ਉਠ ਕੇ ਪਹਿਲੀ ਝਾਤੀ ਅੰਬਾਂ ਦੇ ਰੁੱਖ ਨੂੰ ਮਾਰਦਾ ਤੇ ਉਸ ਨੂੰ ਅੰਬਾਂ ਦਾ ਅਕਾਰ ਪਿਛਲੇ ਦਿਨ ਤੋਂ ਵਧਿਆ ਹੋਇਆ ਜਾਪਦਾ ਤੇ ਓਹ ਮਨ ਹੀ ਮਨ ਸੋਚਦਾ ਕਿ ਅੰਬਾਂ ਨੂੰ ਟਹਿਣੀਆਂ 'ਤੇ ਸੋਨੇ ਰੰਗੇ ਹੁੰਦਿਆਂ ਦੇਖਾਂਗਾ ਕਿਉਂਕਿ ਉਹ ਜੂਨ- ਜੁਲਾਈ ਤਕ ਪੱਕ ਜਾਣਗੇ ਤੇ ਓਦੋਂ ਤਕ ਬਾਗੀ 2 ਚੱਕੀਆਂ (ਸੈਲਾਂ) ਦੇ ਹਾਤੇ ਵਿੱਚ ਹੀ ਹੋਵੇਗਾ ਤਾਂ ਅੰਬ ਚੂਪਣ ਦਾ ਮੌਕਾ ਬਾਗੀ ਨੂੰ ਮਿਲ ਜਾਵੇਗਾ। ਇਸੇ ਭਨਘੜ ਵਿੱਚ ਆਪਣੀ ਤਿੱਖੀ ਵਾਕ ਖ਼ਤਮ ਕਰਕੇ ਤੇ ਰਸੋਈਏ ਦੇ ਆਉਣ ਤੇ ਦੋਵੇਂ ਰਲ ਕੇ ਰੋਟੀ ਪਾਣੀ ਕਰ ਲੈਂਦੇ ਤੇ ਫਿਰ ਦੋਵੇਂ ਇਕੱਠੇ ਚਾਹ ਪੀਂਦੇ ਤੇ ਪਰੌਂਠੇ ਖਾਂਦੇ।

ਦਰਸ਼ਨ ਬਾਗ਼ੀ ਦੇ 2 ਚੱਕੀਆਂ ਦੇ ਹਾਤੇ ਵਿੱਚ ਆਉਣ ਤੋਂ ਪਹਿਲਾਂ, ਪਹਿਲਾ ਰਸੋਈਆ ਆਪਣੀ ਕੈਦ ਕੱਟ ਕੇ ਰਿਹਾ ਹੋ ਚੁੱਕਾ ਸੀ। ਨਵਾਂ ਰਸੋਈਆ ਸੋਹਨ ਲਾਲ 27-28 ਸਾਲ ਦਾ ਨੌਜੁਆਨ ਸੀ, ਪੜ੍ਹਿਆ ਲਿਖਿਆ ਸੀ ਹਾਇਰ ਸੈਕੰਡਰੀ ਤੱਕ ਅਤੇ ਉਸਨੇ ਡਿਪਲੋਮਾ ਵੀ ਕੀਤਾ ਹੋਇਆ ਸੀ ਪਰ ਚੋਰੀਆਂ ਦੇ ਕੇਸ ਵਿੱਚ ਸਜ਼ਾ ਭੁਗਤ ਰਿਹਾ ਸੀ। ਘਰੋਂ ਗ਼ਰੀਬ ਸੀ, ਪਰ ਮਾੜੀ ਸੰਗਤ ਵਿੱਚ ਚੋਰੀਆਂ ਦੇ ਪੇਸ਼ੇ ਵਿੱਚ ਪੈ ਗਿਆ ਸੀ। ਬੜੀ ਤੀਖਣ ਬੁੱਧੀ ਰੱਖਦਾ ਸੀ, ਅਮੀਰੀ ਗ਼ਰੀਬੀ ਦੇ ਫਰਕ ਨੂੰ ਤੇ ਗ਼ਰੀਬੀ ਦੇ ਕਾਰਨ ਤੇ ਆਮ ਲੋਕਾਂ ਦੀਆਂ ਤਕਲੀਫਾਂ ਤੇ ਸੰਕਟਾਂ ਨੂੰ ਸਮਝਦਾ ਸੀ। ਸਵੇਰੇ ਆ ਕੇ ਸਾਰਾ ਦਿਨ ਦਰਸ਼ਨ ਬਾਗ਼ੀ ਕੋਲ ਰਹਿੰਦਾ ਸੀ ਤੇ ਚੰਗੀ ਸਮਝਦਾਰੀ ਵਾਲੇ ਸੁਆਲ ਕਰਦਾ ਸੀ। ਆਮ ਆਦਮੀ ਦੀ ਭਾਸ਼ਾ ਵਿੱਚ ਹਰ ਰੋਜ਼ ਦਰਸ਼ਨ ਬਾਗ਼ੀ ਤੇ ਉਸ ਦੀ ਅਮੀਰੀ, ਗ਼ਰੀਬੀ ਦੇ ਕਾਰਨ, ਪੂੰਜੀਵਾਦ ਤੇ ਸਮਾਜਵਾਦ ਬਾਰੇ ਚਰਚਾ ਹੁੰਦੀ ਤੇ ਉਸ ਦੀ ਗੱਲਬਾਤ ਤੋਂ ਪਤਾ ਲਗਦਾ ਕਿ ਓਹ ਬੜੀ ਲਗਨ ਨਾਲ ਸੁਣਦਾ ਤੇ ਸਮਝਦਾ ਸੀ। ਓਹ ਆਪਣੀ ਹਿੱਕ ਥਾਪੜ ਕੇ ਆਖਦਾ ਕਿ ਓਹ



ਆਪਣੀ ਜ਼ਿੰਦਗੀ ਨੂੰ ਬਦਲੇਗਾ ਤੇ ਆਪਣੀ ਕੈਦ ਭੁਗਤਣ ਮਗਰੋਂ ਦਰਸ਼ਨ ਬਾਗ਼ੀ ਦੀ ਪਾਰਟੀ ਵਿੱਚ ਕੰਮ ਕਰੇਗਾ ਤੇ ਉਹ ਇਹ ਵੀ ਆਖਦਾ ਕਿ ਉਸ ਨੇ ਪਿਛਲੇ ਜਨਮ ਵਿੱਚ ਕੋਈ ਚੰਗਾ ਕਰਮ ਕੀਤਾ ਸੀ ਕਿ ਉਸ ਦੀ ਮਿਲਨੀ ਦਰਸ਼ਨ ਬਾਗ਼ੀ ਨਾਲ ਹੋਈ ਹੈ। ਦਰਸ਼ਨ ਬਾਗ਼ੀ ਦੀ ਛਾਤੀ ਫੁਲ ਜਾਂਦੀ ਤੇ ਉਸ ਨੂੰ ਇੰਝ ਲਗਦਾ ਕਿ ਓਹ ਇਕ ਹੋਰ ਸਿਰਲੱਥ ਸੂਰਮਾ ਤਿਆਰ ਕਰ ਰਿਹਾ ਹੈ ਜਿਹੜਾ ਭਾਰਤੀ ਲੋਕ ਜਮਹੂਰੀਅਤ ਲਈ ਆਪਣੀ ਜਾਨ ਦੀ ਆਹੂਤੀ ਦੇਣ ਲਈ ਤਿਆਰ ਹੋਵੇਗਾ।

ਇਸ ਨਵੇਂ ਰਸੋਈਏ ਤੇ ਦਰਸ਼ਨ ਬਾਗ਼ੀ ਵਿੱਚ ਅਮੀਰੀ ਗ਼ਰੀਬੀ ਦੇ ਫਰਕ ਤੇ ਅਮੀਰਾਂ ਹੱਥੋਂ ਗ਼ਰੀਬਾਂ ਦੀ ਲੁੱਟ ਤੇ ਇਹ ਲੁੱਟ ਕਿਵੇਂ ਖ਼ਤਮ ਕੀਤੀ ਜਾ ਸਕਦੀ ਹੈ, ਇਹ ਗੱਲਬਾਤ ਹਰ ਰੋਜ਼ ਹੁੰਦੀ ਤੇ ਦੂਜੇ ਪਾਸੇ ਦਿਨੋਂ-ਦਿਨੀ ਅੰਬ ਵੱਡੇ ਹੁੰਦੇ ਜਾਂਦੇ। ਅਕਾਰ ਦਿਨ ਬੀਤਣ ਨਾਲ ਵਧਦਾ ਜਾਂਦਾ ਤੇ ਇਨਾਂ ਅੰਬਾਂ ਦੇ ਸੋਨੇ ਰੰਗੇ ਹੋਣ ਦੇ ਦਿਨ ਵੀ ਨੇੜੇ ਆ ਰਹੇ ਸਨ। ਪਰ ਹੋਇਆ ਇਹ ਕਿ ਜਦੋਂ ਅੰਬ ਕਾਫੀ ਵੱਡੇ ਹੋ ਗਏ ਸਨ ਇਨਾਂ ਦਾ ਅਚਾਰ ਪਾਇਆ ਜਾ ਸਕਦਾ ਸੀ। ਮਈ ਦਾ ਮਹੀਨਾ ਅੱਧ ਤੋਂ ਟੱਪ ਰਿਹਾ ਸੀ ਤੇ ਸਵੇਰੇ 10 ਵਜੇ ਦੇ ਕਰੀਬ ਡਿਪਟੀ ਬਚਨ ਸਿੰਘ ਆਣ ਟਪਕਿਆ। ਸਤਿ ਸਿਰੀ ਅਕਾਲ ਤੋਂ ਮਗਰੋਂ ਠਾਹ ਕਰਦਾ ਹੁਕਮਨਾਮਾ ਮਾਰਿਆ ਕਿ ਕਾਮਰੇਡ ਇਸ ਹਫਤੇ ਦੇ ਅਖ਼ੀਰ ਵਿੱਚ ਤੁਹਾਨੂੰ ਨਵੇਂ ਘਰ ਵਿੱਚ ਭੇਜਿਆ ਜਾਵੇਗਾ ਤੇ ਇਸ ਹਫਤੇ ਵਿੱਚ ਤਿੰਨ ਦਿਨ ਰਹਿੰਦੇ ਸਨ। ਅਗਲੇ ਦਿਨ ਚਾਰ ਪੰਜ ਗਾਰਡਾਂ ਦੀ ਹੇੜ ਆਣ ਵੜੀ ਤੇ ਓਨਾਂ ਨੇ ਦੋ-ਤਿੰਨ ਘੰਟਿਆਂ ਵਿੱਚ ਅੰਬ ਦੇ ਰੁੱਖ ਨੂੰ ਬੇਔਲਾਦ ਕਰ ਦਿੱਤਾ ਤੇ ਅੰਬ ਤੋੜਨ ਤੋਂ ਪਹਿਲਾਂ ਓਨਾਂ ਦਰਸ਼ਨ ਬਾਗ਼ੀ ਤੋਂ ਖਿਮਾ ਮੰਗੀ ਇਹ ਕਹਿ ਕੇ ਕਿ "ਅਸੀਂ ਸਾਰੇ ਗ਼ਰੀਬ ਮੁਲਾਜ਼ਮ ਹਾਂ, ਬਾਜ਼ਾਰ ਵਿੱਚ ਅਚਾਰੀ ਅੰਬ ਬਹੁਤ ਮਹਿੰਗਾ ਹੈ। ਕਾਮਰੇਡ, ਤੁਹਾਡੀ ਆਗਿਆ ਨਾਲ ਅਚਾਰ ਵਾਸਤੇ ਅੰਬ ਤੋੜ ਲਈਏ ?"

"ਤੁਹਾਡਾ ਅੰਬ ਦਾ ਰੁੱਖ ਤੇ ਅੰਬ ਵੀ ਤੁਹਾਡੇ, ਮੇਰੀ ਤਾਂ ਇੱਕ ਸੈੱਲ ਹੈ। ਖ਼ੁਸ਼ੀ ਨਾਲ ਤੋੜੋ ਤੇ ਅਚਾਰ ਪਾਓ" ਦਰਸ਼ਨ ਬਾਗ਼ੀ ਨੇ ਹੱਸਦਿਆਂ ਕਿਹਾ। ਤਿੰਨਾਂ ਦਿਨਾਂ ਬਾਦ, ਅੰਬਾਂ ਨੂੰ ਸੋਨੇ ਰੰਗੇ ਹੋਣ ਤੋਂ ਪਹਿਲਾਂ ਹੀ ਦਰਸ਼ਨ ਬਾਗ਼ੀ ਨੂੰ ਗਲੀ ਦੇ ਦੂਜੇ ਪਾਸੇ 2 ਸੈਲਾਂ ਦੇ ਹਾਤੇ ਵਿੱਚ ਬਦਲ ਦਿੱਤਾ। ਇਹ 2 ਸੈਲਾਂ ਦਾ ਹਾਤਾ, ਪਹਿਲੇ ਨਾਲੋਂ ਥੋੜਾ ਵੱਡਾ ਸੀ, ਬਹੁਤ ਵੱਡਾ ਨਿੰਮ ਦਾ ਰੁੱਖ ਸੀ, 2 ਸੈਲਾਂ ਦੇ ਅੱਗੇ ਤੇ ਸੱਜੇ ਹੱਥ ਅਮਰੂਦ ਦਾ ਬੂਟਾ ਸੀ ਜਿਹੜਾ ਅਮਰੂਦਾਂ ਨਾਲ ਲੱਦਿਆ ਹੋਇਆ ਸੀ, ਸੈਲਾਂ ਦੇ ਮਗਰਲੇ ਪਾਸੇ ਵੱਡਾ ਸਾਰਾ ਅੰਬ ਦਾ ਬੂਟਾ ਸੀ ਜਿਸ ਤੋਂ ਸਾਰੇ ਅੰਬ ਜੇਲ੍ਹ ਦੇ ਕਰਮਚਾਰੀਆਂ ਨੇ ਘਰੀਂ ਅਚਾਰ ਪਾਣ ਲਈ ਪਹਿਲਾਂ ਹੀ ਤੋੜ ਕੇ ਅੰਬ ਦੇ ਰੁੱਖ ਨੂੰ ਸਫਾ ਚੱਟ ਕਰ ਦਿੱਤਾ ਹੋਇਆ ਸੀ।

## ਚੰਡੀਗੜ੍ਹ ਅਪੀਲ ਦੀ ਤਾਰੀਖ਼ ਤੇ ਬਲਤਾਰ ਸਿੰਘ ਬਰਾੜ

ਪੀ.ਐਸ.ਯੂ. ਐਗਜੈਕਟਿਵ ਦੀ ਮੈਂਬਰ ਕਸ਼ਮੀਰ ਕੌਰ ਨੇ, ਜਿਹੜੀ ਪੰਜਾਬ ਹਾਈ ਕੋਰਟ ਵਿੱਚ ਕੰਮ ਕਰਦੀ ਸੀ, ਦਰਸ਼ਨ ਬਾਗ਼ੀ ਨੂੰ ਮਿਲਣ ਤੋਂ ਮਗਰੋਂ ਹਾਈਕੋਰਟ ਦੇ ਵਕੀਲ ਬਲਦੇਵ ਸਿੰਘ ਖੋਜੀ ਨੂੰ ਸੁਨੇਹਾ ਦਿੱਤਾ ਕਿ ਦਰਸ਼ਨ ਬਾਗ਼ੀ ਪਟਿਆਲੇ ਜੇਲ੍ਹ ਵਿੱਚ ਨਜ਼ਰਬੰਦ ਹੈ। ਇਹ ਖ਼ਬਰ ਮਿਲਣ ਤੋਂ ਮਗਰੋਂ ਬਲਦੇਵ ਸਿੰਘ ਖੋਜੀ ਨੇ ਦਰਸ਼ਨ ਬਾਗ਼ੀ ਦੀ ਹੈਬੀਅਸ ਕਾਰਪਸ ਦੀ ਅਪੀਲ ਪੰਜਾਬ ਹਾਈਕੋਰਟ ਵਿੱਚ ਕਰ ਦਿੱਤੀ। ਇਹ ਜ਼ਿਕਰ 30 ਅਪਰੈਲ 1969 ਤੋਂ ਮਗਰੋਂ ਦਾ ਹੈ ਜਦੋਂ ਨਕਸਲੀ ਪਾਰਟੀ ਨੇ ਚਮਕੌਰ ਸਾਹਿਬ ਥਾਣੇ 'ਤੇ ਹਮਲਾ ਕੀਤਾ ਸੀ। ਪੰਜਾਬ ਪੁਲਸ ਦਰਸ਼ਨ ਬਾਗ਼ੀ ਨੂੰ ਪਟਿਆਲਾ ਜੇਲ੍ਹ ਵਿੱਚੋਂ ਲੈ ਕੇ ਚੰਡੀਗੜ੍ਹ ਹਾਈਕੋਰਟ ਵਿੱਚ ਹੈਬੀਅਸ ਕਾਰਪਸ ਦੀ ਤਾਰੀਖ਼ ਤੇ ਲੈ ਕੇ ਗਈ ਸੀ।

ਤਾਰੀਖ਼ ਭੁਗਤਨ ਤੋਂ ਮਗਰੋਂ ਬਾਦ ਦੁਪਿਹਰ ਇਕ ਵਜੇ ਪੰਜਾਬ ਹਾਈਕੋਰਟ ਵਿੱਚੋਂ ਦਰਸ਼ਨ ਬਾਗ਼ੀ ਨੂੰ ਲੈ ਕੇ ਪੁਲਸ ਵਾਪਸ ਪਟਿਆਲੇ ਨੂੰ ਚੱਲ ਪਈ ਤੇ ਅੰਦਾਜ਼ਨ ਦੋ-ਢਾਈ ਬਾਦ-ਦੁਪਿਹਰ ਰਾਜਪੁਰੇ ਪਹੁੰਚ ਗਏ। ਰਾਜਪੁਰੇ ਤੋਂ ਪਟਿਆਲਾ ਸੜਕ 'ਤੇ ਇਕ ਹੋਟਲ ਤੇ ਪੁਲਸ ਨੇ ਜੀਪ ਖੜੀ ਕਰ ਲਈ ਤੇ ਦਰਸ਼ਨ ਬਾਗ਼ੀ ਨੂੰ ਕਿਹਾ, "ਇਥੇ ਜੇ ਚਾਹ ਪੀ ਲਈਏ ਤਾਂ ਤੁਹਾਨੂੰ ਕੋਈ ਇਤਰਾਜ਼ ਹੈ?" "ਮੈਨੂੰ ਕੋਈ ਇਤਰਾਜ਼ ਨਹੀਂ, ਚਾਹ ਪੀਓ ਭਾਵੇਂ ਖਾਣਾ ਖਾਓ।" ਜਿਉਂ ਹੀ ਦਰਸ਼ਨ ਬਾਗ਼ੀ, ਪੁਲਸ ਇੰਸਪੈਕਟਰ ਤੇ ਪੰਜ ਸਿਪਾਹੀਆਂ ਨਾਲ ਹੋਟਲ ਦੇ ਅੰਦਰ ਦਾਖ਼ਲ ਹੋਇਆ ਅੱਗੇ ਬਲਤਾਰ ਸਿੰਘ ਬਰਾੜ ਖਲੋਤਾ ਸੀ ਤੇ ਉਹ ਭੱਜ ਕੇ ਦਰਸ਼ਨ ਬਾਗ਼ੀ ਨੂੰ ਮਿਲਣ ਲਈ ਅਗੇ ਵਧਿਆ ਪਰ ਪੁਲਸ ਨੇ ਰੋਕ ਦਿਤਾ। ਬਲਤਾਰ ਸਿੰਘ ਬਰਾੜ ਕਿਹੜਾ ਹਾਰ ਮੰਨਣ ਵਾਲਾ ਸੀ, ਉਹ ਸਿਧਾ ਪੁਲਸ ਇੰਸਪੈਕਟਰ ਕੋਲ ਪੁੱਜਾ ਤੇ ਕਿਹਾ, "ਤੁਹਾਡੀ ਸਾਰੀ ਟੀਮ ਦਾ ਖਾਣਾ ਮੇਰੇ ਜ਼ੁੰਮੇ ਹੈ, ਮੈਂ ਇਥੇ ਕਾਲਜ ਵਿੱਚ ਪ੍ਰੋਫੈਸਰ ਹਾਂ, ਦਰਸ਼ਨ ਤੇ ਮੈਂ ਇਕੱਠੇ ਪੰਜਾਬ ਯੂਨੀਵਰਸਟੀ ਵਿੱਚ ਪੜਦੇ ਹੁੰਦੇ ਸੀ ਤੇ ਬੜੇ ਚੰਗੇ ਮਿਤਰ ਹਾਂ, ਤੁਸੀਂ ਖਾਣਾ ਖਾਓ ਤੇ ਅਸੀਂ ਦੋਸਤ ਮਿਲ ਲੈਂਦੇ ਹਾਂ।" ਇੰਨੇ ਨੂੰ ਬਲਤਾਰ ਸਿੰਘ ਬਰਾੜ ਨੇ ਹੋਟਲ ਮੈਨੇਜਰ ਨੂੰ ਕਹਿ ਦਿੱਤਾ ਕਿ ਸਾਰੀ ਪੁਲਸ ਪਾਰਟੀ ਨੂੰ ਖ਼ੂਬ ਚੰਗਾ ਖਾਣਾ ਦੇਵੇ। ਪੁਲਸ ਇਨਸਪੇਟਰ ਨੇ ਬਲਤਾਰ ਸਿੰਘ ਬਰਾੜ ਨੂੰ ਕਿਹਾ ਕਿ ਉਹ ਦਰਸ਼ਨ ਬਾਗ਼ੀ ਨਾਲ ਇਕ ਖੂੰਜੇ ਵਿੱਚ ਬੈਠ ਜਾਵੇ, ਜਿਥੇ



ਆਮ ਪਬਲਿਕ ਨੂੰ ਜਾਂ ਪੁਲਸ ਨੂੰ ਨਾ ਦਿਸੇ ਕਿਉਂਕਿ ਕਾਮਰੇਡ ਵੱਡਾ ਲੀਡਰ ਹੈ, ਤੇ ਹੈ ਵੀ ਨਜ਼ਰਬੰਦ ਤੇ ਸਾਡੀਆਂ ਨੌਕਰੀਆਂ ਦਾ ਪੱਤਾ ਕੱਟਿਆ ਜਾ ਸਕਦਾ ਹੈ, ਜੇ ਪਬਲਿਕ ਜਾਂ ਸੀ.ਆਈ.ਡੀ. ਵੇਖ ਲਵੇ ਕਿ ਪਬਲਿਕ ਦਾ ਬੰਦਾ ਨਜ਼ਰਬੰਦ ਨੂੰ ਮਿਲ ਰਿਹਾ ਹੈ।

ਇਕ ਖੂੰਜੇ ਵਿੱਚ ਬੈਠ ਕੇ ਦਰਸ਼ਨ ਬਾਗ਼ੀ ਤੇ ਬਲਤਾਰ ਸਿੰਘ ਬਰਾੜ, ਦੋਹਾਂ ਦੋਸਤਾਂ ਨੇ ਚਾਹ ਪੀਤੀ ਤੇ ਰੱਜ ਕੇ ਗੱਲਾਂ ਕੀਤੀਆਂ। ਦਰਸ਼ਨ ਬਾਗ਼ੀ ਦੇ ਕਹਿਣ ਅਨੁਸਾਰ ਇਹ ਬਲਤਾਰ ਬਰਾੜ ਹੀ ਅਜਿਹਾ ਕਰ ਸਕਦਾ ਸੀ। ਇਹ ਜਾਣਦਿਆਂ ਹੋਇਆਂ ਕਿ ਦਰਸ਼ਨ ਬਾਗ਼ੀ ਪੁਲਸ ਦੀ ਹਿਰਾਸਤ ਵਿੱਚ ਸੀ ਤੇ ਉਹ ਵੀ ਇਸ ਹੈਸੀਅਤ ਵਿੱਚ ਕਿ ਉਹ ਨਜ਼ਰਬੰਦ ਸੀ ਤੇ ਪਬਲਿਕ ਦਾ ਕੋਈ ਵੀ ਬੰਦਾ ਉਸ ਦੇ ਨੇੜੇ ਨਹੀਂ ਸੀ ਆ ਸਕਦਾ ਤੇ ਉਸ ਦੌਰ ਵਿੱਚ ਜਦੋਂ ਪੁਲਸ ਦੇ ਜਬਰ ਤੇ ਤਸ਼ੱਦਦ ਦਾ ਦੌਰ ਸੀ ਤੇ ਇਹ ਬਲਤਾਰ ਸਿੰਘ ਬਰਾੜ ਦੀ ਦਲੇਰਾਨਾ ਜੁਰਤ ਸੀ ਕਿ ਉਸ ਨੇ ਅਜਿਹੇ ਹਾਲਾਤ ਵਿੱਚ ਆਪਣੇ ਮਿੱਤਰ ਦਰਸ਼ਨ ਬਾਗ਼ੀ ਨੂੰ ਮਿਲਣ ਦਾ ਹੌਸਲਾ ਕੀਤਾ।

ਖਾਣੇ ਤੋਂ ਮਗਰੋਂ ਜਦੋਂ ਬਲਤਾਰ ਸਿੰਘ ਬਰਾੜ ਦਾ ਸ਼ੁਕਰੀਆ ਕਰਕੇ ਪੁਲਸ ਦੀ ਜੀਪ ਟੁਰੀ ਤੇ ਇੰਸਪੈਕਟਰ ਨੇ ਕਿਹਾ "ਕਾਮਰੇਡ ਤੁਹਾਨੂੰ ਕੋਈ ਇਤਰਾਜ਼ ਹੈ ਜੇ ਤੁਹਾਨੂੰ ਪੰਜ ਵਜੇ ਤੋਂ ਮਗਰੋਂ ਜੇਲ੍ਹ ਛੱਡੀਏ, ਸਾਡੇ ਚਾਰ ਪੈਸੇ ਬਣ ਜਾਣਗੇ?" "ਮੈਨੂੰ ਕੋਈ ਇਤਰਾਜ਼ ਨਹੀਂ ਜਿਵੇਂ ਤੁਹਾਡੀ ਮਰਜੀ।" ਦਰਸ਼ਨ ਬਾਗ਼ੀ ਨੇ ਕਿਹਾ। ਸੜਕ ਤੋਂ ਜੀਪ ਲਾਹ ਕੇ ਪੁਲਸ ਇਕ ਪਿੰਡ ਜਾ ਵੜੀ ਤੇ 2-3 ਘੰਟੇ ਬਿਤਾਣ ਮਗਰੋਂ ਪਟਿਆਲੇ ਨੂੰ ਚੱਲ ਪਏ ਤੇ ਠੀਕ 6 ਵਜੇ ਸ਼ਾਮ ਦੇ ਪੁਲਸ ਨੇ ਦਰਸ਼ਨ ਬਾਗ਼ੀ ਨੂੰ ਪਟਿਆਲੇ ਜੇਲ੍ਹ ਵਿੱਚ ਅੱਪੜਦਾ ਕੀਤਾ। ਇਸ ਸਾਰੇ ਸਫ਼ਰ ਵਿੱਚ ਬਲਤਾਰ ਸਿੰਘ ਬਰਾੜ ਨਾਲ ਇਹ ਇਤਿਹਾਸਕ ਮਿਲਣੀ ਸੀ ਤੇ ਬਲਤਾਰ ਸਿੰਘ ਬਰਾੜ ਦੀ ਦਲੇਰੀ ਤੇ ਜੁਰਅਤ ਦੀ ਦਾਸਤਾਨ ਦਰਸ਼ਨ ਬਾਗ਼ੀ ਆਮ ਦੋਸਤਾਂ ਨੂੰ ਬੜੇ ਫ਼ਖ਼ਰ ਨਾਲ ਦੱਸਿਆ ਕਰਦਾ ਹੈ।

## ਦਰਸ਼ਨ ਬਾਗ਼ੀ ਦੀ ਪਾਰਟੀ ਦੀ ਲਾਈਨ ਬਾਰੇ ਸੋਚ

ਜਦੋਂ ਵੀ ਕਦੇ ਦਰਸ਼ਨ ਬਾਗ਼ੀ ਮਾਨਸਿਕ ਇਕੱਲਪਣ ਜਾਂ ਤਿੱਖੀ ਵਾਕ ਦੇ ਰੌਅ ਵਿੱਚ ਹੁੰਦਾ ਤਾਂ 8 ਅਗਸਤ 1968 ਨੂੰ ਕਲਕੱਤੇ ਹੋਈ ਆਲ ਇੰਡੀਆ ਕੁਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਪਹੁੰਚ ਜਾਂਦਾ, ਜਿਸ ਮੀਟਿੰਗ ਨੂੰ ਕਾਮਰੇਡ ਚਾਰੂ ਮਜ਼ੂਮਦਾਰ ਨੇ ਚਲਾਇਆ ਸੀ ਤੇ ਹੇਠ ਲਿਖੇ ਸਿਧਾਂਤਕ ਮਸਲਿਆਂ ਦੀ ਵਜ਼ਾਹਤ ਕੀਤੀ ਸੀ :

ਭਾਰਤ ਵਰਗੇ ਅਰਧ-ਜਗੀਰੂ ਤੇ ਅਰਧ-ਬਸਤੀਵਾਦੀ ਦੇਸ਼ ਵਿੱਚ, ਗੁਰੀਲਾ ਯੁੱਧ ਹੀ ਇੱਕੋ ਇੱਕ ਲੜਾਈ ਦਾ ਤਰੀਕਾ ਹੈ।

ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਸੋਧਵਾਦੀ ਰੁਚੀਆਂ ਪੈਦਾ ਕਰਦੇ ਹਨ ਇਸ ਲਈ ਜਨਤਕ ਸੰਘਰਸ਼ਾਂ ਵਿੱਚ ਸ਼ਮੂਲੀਅਤ ਉਕਾ ਹੀ ਬੰਦ ਹੋਣੀ ਚਾਹੀਦੀ ਹੈ, ਕਿਉਂਕਿ ਜਨਤਕ ਜੱਥੇਬੰਦੀਆਂ ਨੂੰ ਉਸਾਰਨਾ ਸੋਧਵਾਦ ਨੂੰ ਉਸਾਰਨਾ ਹੈ ਤੇ ਜਨਤਕ ਸੰਘਰਸ਼ ਕਰਨਾ ਸੋਧਵਾਦ 'ਤੇ ਅਮਲ ਕਰਨਾ ਹੈ।

ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਮੁਹਿੰਮ ਸ਼ੁਰੂ ਹੋਣੀ ਚਾਹੀਦੀ ਹੈ। ਇਨਕਲਾਬੀ ਗੁਰੀਲਾ ਯੂਨਿਟ ਜਦੋਂ ਜਮਾਤੀ ਦੁਸ਼ਮਣ ਨੂੰ ਲੱਭ ਲਵੇ ਤਾਂ ਉਸ ਦਾ ਸਫਾਇਆ ਆਮ ਦਿਹਾਤੀ ਹਥਿਆਰਾਂ ਨਾਲ ਕੀਤਾ ਜਾਵੇ। ਜਮਾਤੀ ਦੁਸ਼ਮਣ ਦੇ ਸਫ਼ਾਏ ਦੀ ਮੁਹਿੰਮ ਲੋਕਾਂ ਵਿੱਚ ਉਭਾਰ ਪੈਦਾ ਕਰੇਗੀ।

ਚੀਨ ਦਾ ਚੇਅਰਮੈਨ ਸਾਡਾ ਚੇਅਰਮੈਨ।

ਹਰ ਕਿਸਮ ਦੀਆਂ ਚੋਣਾਂ ਦਾ ਬਾਈਕਾਟ, ਸੂਬਾ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਸੀਟਾਂ ਤੋਂ ਅਸਤੀਫੇ ਦਿੱਤੇ ਜਾਣ।

ਇਸ ਮੀਟਿੰਗ ਵਿੱਚ ਬਿਹਾਰ ਤੋਂ ਐਸ.ਐਨ. ਸਿਨਹਾ, ਯੂ.ਪੀ. ਤੋਂ ਮਿਸ਼ਰਾ, ਆਂਧਰਾ ਪ੍ਰਦੇਸ਼ ਤੋਂ ਨਾਗੀ ਰੈਡੀ ਤੇ ਸਾਥੀ, ਤਾਮਿਲਨਾਡੂ ਤੋਂ ਅਪੂ ਤੇ ਸਾਥੀ, ਬੰਗਾਲ ਤੋਂ ਚਾਰੂ ਤੇ ਸੁਸ਼ੀਤਲ ਰਾਏ ਚੌਧਰੀ, ਪੰਜਾਬ ਤੋਂ ਦਰਸ਼ਨ ਬਾਗ਼ੀ ਤੇ ਗੰਧਰਵ ਸੈਨ ਕੋਛੜ। ਦਰਸ਼ਨ ਬਾਗ਼ੀ ਸਾਰੇ ਡੈਲੀਗੇਟਾਂ ਤੋਂ ਉਮਰ ਵਿੱਚ ਛੋਟਾ ਸੀ।

ਮੀਟਿੰਗ ਬਾਰੇ ਸੋਚਦਾ ਕਿ ਉਸ ਨੇ ਹੀ ਕਾਮਰੇਡ ਚਾਰੂ ਨੂੰ ਸਭ ਤੋਂ ਬਹੁਤੇ ਸੁਆਲ ਪੁੱਛੇ ਸਨ।

"ਕਾਮਰੇਡ ਚਾਰੂ, ਚੇਅਰਮੈਨ ਮਾਓ ਅਨੁਸਾਰ, "ਅਰਧ-ਬਸਤੀਵਾਦ ਤੇ



ਅਰਧ-ਜਗੀਰੂ ਦੇਸ਼ ਵਿੱਚ ਫੌਜ ਮੁੱਖ ਜੱਥੇਬੰਦੀ ਹੁੰਦੀ ਹੈ ਪਰ ਦੂਜੀ ਕਿਸਮ ਦੀਆਂ ਜੱਥੇਬੰਦੀਆਂ ਤੇ ਸੰਘਰਸ਼ ਬਹੁਤ ਹੀ ਜ਼ਰੂਰੀ ਹਨ ਅਤੇ ਓਨਾ 'ਤੇ ਬਹੁਤ ਨਿਰਭਰ ਕੀਤਾ ਜਾਂਦਾ ਹੈ, ਅਤੇ ਇਹ ਕਿਸੇ ਵੀ ਹਾਲਤ ਵਿੱਚ ਅੱਖੋਂ ਪਰੋਖੇ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਪਰ ਤੁਸੀਂ ਆਖਦੇ ਹੋ ਕਿ ਭਾਰਤ ਵਰਗੇ ਅਰਧ-ਬਸਤੀਵਾਦੀ ਤੇ ਅਰਧ-ਜਗੀਰੂ ਦੇਸ਼ ਵਿੱਚ ਗੁਰੀਲਾ ਯੁੱਧ ਹੀ ਇੱਕੋ-ਇੱਕ ਲੜਾਈ ਦਾ ਤਰੀਕਾ ਹੈ ਤੇ ਗੁਰੀਲਾ ਯੂਨਿਟ ਹੀ ਮੁੱਖ ਜੱਥੇਬੰਦੀ ਹੈ ਤੇ ਜਨਤਕ ਜੱਥੇਬਦੀਆਂ ਤੇ ਜਨਤਕ ਸੰਘਰਸ਼ਾਂ ਵਿੱਚ ਹਿੱਸਾ ਲੈਣਾ ਸੋਧਵਾਦੀ ਅਮਲ ਹੈ। ਜਨਤਕ ਸੰਘਰਸ਼ਾਂ ਵਿੱਚ ਹਿੱਸਾ ਲੈਣਾ ਸੋਧਵਾਦ ਦਾ ਸ਼ਿਕਾਰ ਹੋਣਾ ਹੈ ਇਸ ਲਈ ਇਨਾਂ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ। ਜੇ ਲਿਨ ਪਿਆਓ ਦਾ ਨਵੀਂ ਯੁੱਧ ਨੀਤੀ ਦਾ ਲੇਖ ਪਾਰਟੀ ਦੇ ਅਖ਼ਬਾਰ ਵਿੱਚ ਛਪਿਆ ਹੈ ਤਾਂ ਇਸ ਦਾ ਅਰਥ ਹੈ ਕਿ ਪਾਰਟੀ ਤੇ ਚੇਅਰਮੈਨ ਮਾਓ ਦੀ ਪਰਵਾਨਗੀ ਤਾਂ ਹੋਵੇਗੀ ਹੀ?"

"ਤੁਹਾਡੀ ਸੋਚ ਅਨੁਸਾਰ ਇਹ ਲਿਨ ਪਿਆਓ ਦੀ ਯੁੱਧ ਨੀਤੀ ਮਾਓ ਦੀ ਯੁਧ ਨੀਤੀ ਦੀ ਸੋਧ ਹੈ" ਦਰਸ਼ਨ ਬਾਗ਼ੀ ਨੇ ਸੁਆਲ ਵਗਾਹ ਮਾਰਿਆ, ਪਰ ਕਾਮਰੇਡ ਚਾਰੂ ਨੇ ਰੁਖ਼ੀ ਤੇ ਖਰਵੀਂ ਟੋਨ ਵਿੱਚ ਜੁਆਬ ਦਿਤਾ "ਕਿ ਸੀ.ਪੀ.ਸੀ. ਦੇ ਵਾਈਸ ਚੇਅਰਮੈਨ ਲਿਨ ਪਿਆਓ ਨੇ ਨਵੀਂ ਯੁੱਧ ਨੀਤੀ ਦਿੱਤੀ ਹੈ ਤੇ ਆਲ ਇੰਡੀਆ ਕੁਆਰਡੀਨੇਸ਼ਨ ਕਮੇਟੀ ਇਸ ਯੁੱਧ ਨੀਤੀ ਨੂੰ ਠੀਕ ਮੰਨਦੀ ਹੈ ਤੇ ਇਸ ਵਿਸ਼ੇ 'ਤੇ ਹੋਰ ਬਹਿਸ ਨਹੀਂ ਹੋਵੇਗੀ।"

"ਜਨਤਕ ਜਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਰਾਹੀਂ ਪਾਰਟੀ ਨੂੰ ਇਨਕਲਾਬੀ ਸਰਗਰਮੀਆਂ ਲਈ ਕਾਡਰ ਮਿਲਦਾ ਹੈ, ਇਕੱਲੇ ਗੁਰੀਲਾ ਕਾਰਵਾਈਆਂ ਨਾਲ ਪਾਰਟੀ ਲੋਕਾਂ ਨਾਲੋਂ ਟੁੱਟ ਜਾਵੇਗੀ। ਦੂਜੀ ਗੱਲ ਤੁਸੀਂ ਆਖਦੇ ਹੋ ਕਿ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਮੁਹਿੰਮ ਲੋਕਾਂ ਵਿਚ ਉਭਾਰ ਪੈਦਾ ਕਰੇਗੀ, ਪਰ ਇਹੀ ਗੱਲ ਚੀ ਗੁਵੇਰਾ ਆਪਣੀ ਗੁਰੀਲਾ ਫੋਕੋ ਦੀ ਨੀਤੀ ਵਿੱਚ ਆਖਦਾ ਹੈ। ਜਮਾਤੀ ਦੁਸ਼ਮਨ ਦੇ ਸਫਾਏ ਮਗਰੋਂ ਪੁਲਸ ਦਾ ਤਸ਼ੱਦਦ ਵਧੇਗਾ, ਜੇ ਪਾਰਟੀ ਦਾ ਜਨਤਕ ਅਧਾਰ ਹੀ ਨਾ ਹੋਵੇ ਤਾਂ ਗੁਰੀਲਾ ਯੂਨਿਟ ਪਨਾਹ ਕਿੱਥੇ ਲਵੇਗਾ?" ਇਨ੍ਹਾਂ ਸਾਰੇ ਸੁਆਲਾਂ ਦੇ ਨਾਲ ਹੀ ਦਰਸ਼ਨ ਬਾਗ਼ੀ ਨੇ ਪਿਛਲੇ 2 ਕੁ ਵਰਿਆਂ ਵਿੱਚ ਹੀ ਪੀ. ਐਸ. ਯੂ. ਦਾ ਉਭਾਰ ਤੇ ਸੰਘਰਸ਼ਾਂ ਦੀ ਜਿੱਤ ਦਾ ਹਵਾਲਾ ਦਿੱਤਾ। ਪਰ ਕਾਮਰੇਡ ਚਾਰੂ ਨੇ ਤਹਿ ਸ਼ੁਦਾ ਪਾਲਿਸੀ 'ਤੇ ਹੀ ਜ਼ੋਰ ਦਿੱਤਾ ਤੇ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਨੂੰ ਤਿਲਾਂਜਲੀ ਦੇਣ 'ਤੇ ਜ਼ੋਰ ਦਿੱਤਾ ਤੇ ਚਿਤਾਵਨੀ ਵੀ ਦਿਤੀ ਕਿ ਜਿਹੜੇ ਕੁਆਰਡੀਨੇਸ਼ਨ ਕਮੇਟੀ ਦੀ ਲਾਈਨ ਨੂੰ ਨਹੀਂ ਮੰਨਣਗੇ ਉਹਨਾਂ ਨੂੰ ਜਥੇਬੰਦੀ ਵਿੱਚੋਂ ਕੱਢ ਦਿੱਤਾ ਜਾਵੇਗਾ।

ਕਾਮਰੇਡ ਨਾਗੀ ਰੈਡੀ ਆਂਧਰਾ ਪ੍ਰਦੇਸ਼ ਅਸੈਂਬਲੀ ਦਾ ਮੈਂਬਰ ਸੀ ਤੇ ਨਾਗੀ ਰੈਡੀ ਗਰੁੱਪ ਦੇ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਹੀ ਕਾਮਰੇਡ ਚਾਰੂ ਨੇ ਪ੍ਰਸਤਾਵ ਰੱਖਿਆ ਕਿ ਕਾਮਰੇਡ ਨਾਗੀ ਰੈਡੀ ਨੂੰ ਪੁੱਛਿਆ ਜਾਵੇ ਕਿ ਉਸ ਦੀ ਅਸੈਂਬਲੀ ਮੈਂਬਰੀ ਬਾਰੇ ਕੀ ਸੋਚ ਹੈ ਕਿ ਓਹ ਅਸੈਂਬਲੀ ਮੈਂਬਰ ਰਹਿਣ ਕਿ ਨਾ? ਇਸ ਸੁਆਲ ਦੇ ਉਤਰ ਵਿੱਚ ਕਾਮਰੇਡ ਨਾਗੀ ਰੈਡੀ ਨੇ ਸਪੱਸ਼ਟ ਕਿਹਾ ਕਿ ਵਾਪਸ ਜਾ ਕੇ ਓਹ ਐਮ.ਐਲ.ਏ. ਦੀ ਪਦਵੀ ਤੋਂ ਅਸਤੀਫਾ ਦੇ ਰਿਹਾ ਹੈ। ਮਗਰੋਂ ਕਾਮਰੇਡ ਨਾਗੀ ਰੈਡੀ ਨੇ ਕਲਕੱਤੇ ਦ਼ੀ ਮੀਟਿੰਗ ਤੋਂ ਆਂਧਰਾ ਵਾਪਸ ਜ਼ਾ ਕੇ ਅਸੈਂਬਲੀ ਵਿੱਚੋਂ ਅਸਤੀਫਾ ਦੇ ਦਿੱਤਾ ਸੀ। 8 ਅਗਸਤ 1968 ਵਾਲੀ ਕਲਕੱਤੇ ਆਲ ਇੰਡੀਆ ਕੁਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਦਾ ਪ੍ਰਭਾਵ ਸੀ ਕਿ ਨਕਸਲਬਾੜੀ ਲਹਿਰ ਖੱਬੀ ਸੈਕਟੇਰੀਅਨ ਦਿਸ਼ਾ ਨੂੰ ਜਾ ਰਹੀ ਹੈ।

ਦਸੰਬਰ 8, 1968 ਨੂੰ ਭੀਖੀ ਪਿੰਡ ਵਿੱਚ ਢੋਲ ਵਜਾ ਕੇ ਸ਼ਾਹਾਂ ਦੀ ਜ਼ਮੀਨ 'ਤੇ ਕਬਜ਼ੇ ਦਾ ਸਾਕਾ ਹੋ ਚੁੱਕਾ ਸੀ ਤੇ 12 ਦਸੰਬਰ 1968 ਨੂੰ ਪੰਜਾਬ ਪੁਲਸ ਦੀ ਧਾੜ ਨੇ ਜਬਰ ਸ਼ੁਰੂ ਕੀਤਾ। ਓਧਰ ਇਸ ਸਾਕੇ ਦੇ ਸਾਰੇ ਲੀਡਰ ਹਾਕਮ ਸਿੰਘ ਸਮਾਉਂ ਸਮੇਤ ਅੰਡਰਗਰਾਊਂਡ ਹੋ ਗਏ ਪਰ ਪੁਲਸ ਤਸ਼ਦਦ ਦਾ ਸ਼ਿਕਾਰ ਬਣੇ ਬੇਜ਼ਮੀਨੇ ਖੇਤ ਮਜ਼ਦੂਰ। ਭੀਖੀ, ਸਮਾਉਂ ਤੇ ਹੋਰ ਪਿੰਡਾਂ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਤੇ ਬਹੁਤ ਸਾਰੇ ਬੰਦੇ ਗ੍ਰਿਫਤਾਰ ਕੀਤੇ ਗਏ ਤੇ ਉਹਨਾਂ ਗ੍ਰਿਫਤਾਰ ਬੰਦਿਆਂ ਵਿੱਚੋਂ ਦੋ ਤਿੰਨ ਪਟਿਆਲਾ ਜੇਲ੍ਹ ਵਿੱਚ ਸਨ ਜਿਨਾਂ ਨੂੰ ਵਾਅਦਾ ਮੁਆਫ ਗੁਆਹ ਦੇ ਤੌਰ ਤੇ ਤਿਆਰ ਕੀਤਾ ਜਾ ਰਿਹਾ ਸੀ। ਇਨਾਂ ਵਿੱਚੋਂ ਦੋ ਜਣੇ ਦਰਸ਼ਨ ਬਾਗ਼ੀ ਦੇ ਹਾਤੇ ਵਿੱਚ ਸਫਾਈ ਕਰਨ ਲਈ ਆਉਂਦੇ ਸਨ ਤੇ ਇਕ ਦਿਨ ਨੰਬਰਦਾਰ ਨੇ ਅੱਖ ਬਚਾ ਕੇ ਇਕ ਨੂੰ ਦਰਸ਼ਨ ਬਾਗ਼ੀ ਕੋਲ ਭੇਜ ਦਿੱਤਾ ਤੇ ਉਸ ਨੇ ਇਧਰ ਓਧਰ ਵੇਖ ਕੇ ਤੁਰਤ ਹੀ ਤਿੰਨ ਬੰਦਿਆਂ ਦੇ ਨਾਂ ਤੇ ਪਿੰਡ ਦਰਸ਼ਨ ਬਾਗ਼ੀ ਨੂੰ ਦੱਸ ਦਿਤੇ ਜਿਹੜੇ ਪੁਲਸ ਨੇ ਵਾਹਦਾ ਮੁਆਫ ਗੁਆਹ ਬਣਾਏ ਹੋਏ ਸਨ।

ਕਰਤਾਰ ਸਿੰਘ ਨੰਬਰਦਾਰ ਜਿਹੜਾ ਮਾਨਸਾ ਇਲਾਕੇ ਤੋਂ ਸੀ ਤੇ ਕਤਲ ਦੇ ਕੇਸ ਵਿਚ ਉਮਰ ਕੈਦ ਕਟ ਰਿਹਾ ਸੀ, ਨੇ ਬੀ. ਏ. ਦੀ ਡਿਗਰੀ ਕੀਤੀ ਹੋਈ ਸੀ, 35-36 ਸਾਲ ਦੇ ਗੇੜ ਵਿੱਚ ਉਮਰ ਸੀ ਤੇ ਚੰਗੀ ਰਾਜਨੀਤਕ ਸੂਝ ਰੱਖਦਾ ਸੀ, ਮਾਰਕਸਵਾਦ ਦੀ ਸੂਝ ਵੀ ਚੰਗੀ ਸੀ, ਆਪਣੇ ਇਲਾਕੇ ਵਿੱਚ ਓਹ ਮਾਰਕਸਵਾਦੀ ਪਾਰਟੀ ਦਾ ਚੰਗਾ ਪਹਿਰੇਦਾਰ ਹੁੰਦਾ ਸੀ। ਓਹ ਦਰਸ਼ਨ ਬਾਗ਼ੀ ਦਾ ਚੰਗਾ ਕਦਰਦਾਨ ਸੀ ਤੇ ਦਰਸ਼ਨ ਬਾਗ਼ੀ ਦੇ ਹਾਤੇ ਵਿੱਚ ਆਉਂਦਾ ਹੁੰਦਾ ਸੀ ਤੇ ਜੇਲ੍ਹ ਦੀ ਆਮ ਰੋਜ਼ਮਰਾ ਦੀ ਖ਼ਬਰ ਦਿੰਦਾ ਰਹਿੰਦਾ ਸੀ। ਕਰਤਾਰ ਸਿੰਘ ਨੰਬਰਦਾਰ ਨੇ ਹੀ ਦੱਸਿਆ ਸੀ ਕਿ ਓਨਾਂ ਦਿਨਾਂ ਵਿੱਚ ਗੁਰਮੀਤ ਸਿੰਘ ਦਿੱਤੂਪੁਰ ਵਾਲਾ ਜਿਹੜਾ ਪੰਜਾਬ



ਕਿਸਾਨ ਸਭਾ ਦਾ ਆਗੂ ਸੀ, ਪਟਿਆਲਾ ਜੇਲ੍ਹ ਵਿੱਚ ਸੀ ਤੇ ਉਸ ਤੇ ਪੁਲਸ ਨੇ ਕਈ ਕੇਸ ਦਰਜ ਕੀਤੇ ਹੋਏ ਸਨ। ਗੁਰਮੀਤ ਸਿੰਘ, ਦਰਸ਼ਨ ਬਾਗ਼ੀ ਦੇ ਹਾਤੇ ਤੋਂ ਦੂਜੇ ਪਾਸੇ ਬੰਦ ਸੀ ਤੇ ਅਗਲੇ ਦਿਨ ਉਸ ਨੇ ਅਦਾਲਤ ਵਿੱਚ ਪੇਸ਼ ਹੋਣਾ ਸੀ ਤੇ ਦਰਸ਼ਨ ਬਾਗ਼ੀ ਪੁਲਸ ਦੇ ਵਾਅਦਾ ਮੁਆਫ ਗੁਆਹਾਂ ਦੇ ਨਾਂ 'ਤੇ ਪਿੰਡ ਕਾਮਰੇਡ ਗੁਰਮੀਤ ਸਿੰਘ ਰਾਹੀਂ ਬਾਹਰ ਭੇਜਣਾ ਚਾਹੁੰਦਾ ਸੀ। ਪਰ ਕਰਤਾਰ ਸਿੰਘ ਨੰਬਰਦਾਰ ਨੂੰ ਖ਼ਤਰੇ ਵਿੱਚ ਨਹੀਂ ਸੀ ਪਾਉਣਾ ਚਾਹੁੰਦਾ ਕਿਉਂਕਿ ਜੇ ਕਰਤਾਰ ਸਿੰਘ ਨੰਬਰਦਾਰ ਤੋਂ ਨਾਵਾਂ ਵਾਲਾ ਰੁੱਕਾ ਫੜਿਆ ਜਾਵੇ ਤਾਂ ਇਸ ਹਾਲਤ ਵਿੱਚ ਉਸ ਤੇ ਜੇਲ੍ਹ ਦਾ ਕਾਨੂੰਨ ਤੋੜਣ ਦਾ ਦੋਸ਼ ਲੱਗੇਗਾ ਤੇ ਉਸ ਦੀ ਨੰਬਰਦਾਰੀ ਜਾਂਦੀ ਰਹੇਗੀ ਤੇ ਹੋਰ ਸਜ਼ਾ ਵੀ ਮਿਲੇਗੀ।

ਜੇਲ੍ਹ ਦੇ ਮੁੱਖ ਦਰਵਾਜ਼ੇ 'ਤੇ ਜਾਣ ਲਈ ਕਾਮਰੇਡ ਨੇ ਦਰਸ਼ਨ ਬਾਗ਼ੀ ਦੇ ਗੇਟ ਅੱਗੋਂ ਦੀ ਲੰਘਣਾ ਸੀ। ਨਵੀਂ ਤੇ ਸੁਰੱਖਿਅਤ ਸਕੀਮ ਅਨੁਸਾਰ ਕਰਤਾਰ ਸਿੰਘ ਨੰਬਰਦਾਰ ਦੇ ਅਨੁਸਾਰ ਕਾਮਰੇਡ ਗੁਰਮੀਤ ਸਿੰਘ ਨੇ ਦਰਸ਼ਨ ਬਾਗ਼ੀ ਦੇ ਗੇਟ ਤੇ ਦਸਤਕ ਦਿੱਤੀ ਤੇ ਤੁਰਤ ਹੀ ਗੇਟ ਖੁੱਲਿਆ ਤੇ ਦਰਸ਼ਨ ਬਾਗ਼ੀ ਤੋਂ ਰੁੱਕਾ ਕਾਮਰੇਡ ਗੁਰਮੀਤ ਦੀ ਮੁੱਠੀ ਵਿੱਚ ਚਲਾ ਗਿਆ ਤੇ ਗੇਟ ਬੰਦ ਹੋ ਗਿਆ।

ਨਵੇਂ-2 ਚੱਕੀਆਂ ਦੇ ਹਾਤੇ ਵਿੱਚ ਆ ਕੇ ਇਕ ਦਿਹਾੜੇ ਸਵੇਰੇ ਰੋਜ਼ਾਨਾ ਦੀ ਤਿੱਖੀ ਟੋਰ ਦੀ ਕਸਰਤ ਵੇਲੇ ਦਰਸ਼ਨ ਬਾਗ਼ੀ ਨੇ ਨਕਸਲਬਾੜੀ ਦੇ ਇਤਿਹਾਸ ਨੂੰ ਕਵਿਤਾ ਦੇ ਰੂਪ ਵਿੱਚ ਚਿੱਤਰਨਾ ਅਰੰਭ ਦਿਤਾ। ਦਰਸ਼ਨ ਬਾਗ਼ੀ ਨੂੰ 1952 ਦੇ ਓਹ ਦਿਨ ਯਾਦ ਆਏ ਜਦੋਂ ਦਸਵੀਂ ਜਮਾਤ ਦੇ ਇਮਤਿਹਾਨ ਦੀ ਤਿਆਰੀ ਲਈ ਆਪਣੇ ਜਮਾਤੀ ਕੁਲਵੰਤ ਨਾਲ ਨਾਭੇ ਛਾਉਣੀ ਦੇ ਬਾਹਰ ਢੁਲੱਦੀ ਦਰਵਾਜ਼ੇ ਇਕ ਮੰਦਰ ਵਿੱਚ ਰਹਿ ਰਿਹਾ ਸੀ ਕਿਉਂਕਿ ਗ਼ਰੀਬੀ ਕਾਰਨ ਕਿਰਾਏ 'ਤੇ ਕਮਰਾ ਲੈਣਾ ਔਖਾ ਸੀ। ਕੁਲਵੰਤ ਦਾ ਬਾਪ ਪਟਵਾਰੀ ਸੀ, ਇਸ ਕਰਕੇ ਮੰਦਰ ਦੇ ਪੁਜਾਰੀ ਨੂੰ ਕਹਿ ਕੇ ਦੋਹਾਂ ਨੂੰ ਬਿਨਾਂ ਕਿਰਾਏ ਤੋਂ ਕਮਰਾ ਮਿਲ ਗਿਆ ਸੀ। ਸ਼ਾਮ ਨੂੰ ਕੁਲਵੰਤ ਤੇ ਦਰਸ਼ਨ ਬਾਗ਼ੀ ਨੂੰ ਪਰਕਰਮਾ ਕਰਨੀ ਪੈਂਦੀ ਸੀ ਪੁਜਾਰੀ ਦੇ ਨਾਲ। ਖ਼ਾਸ ਕਰ ਕੇ ਇਸ ਪਰਕਰਮਾ ਦੌਰਾਨ ਦਰਸ਼ਨ ਬਾਗ਼ੀ ਇਤਿਹਾਸ ਤੇ ਜੋਗਰਾਫੀ ਨੂੰ ਕਵਿਤਾ ਵਿੱਚ ਬੋਲਦਾ ਹੁੰਦਾ ਸੀ ਤੇ ਉਸਦੀ ਕਵਿਤਾ ਛੰਦਬੰਦ ਵਾਰ ਦੇ ਰੂਪ ਵਿੱਚ ਹੁੰਦੀ ਸੀ। ਇਤਿਹਾਸ ਤੇ ਜੋਗਰਾਫੀ ਦੀ ਕਵਿਤਾ ਨੇ ਲਿਖਤੀ ਰੂਪ ਧਾਰਨ ਨਹੀਂ ਸੀ ਕੀਤਾ। ਪਰ 1969 ਦੀ ਤਿੱਖੀ ਤੋਰ ਤੇ ਜਜ਼ਬਾਤ ਵਿੱਚੋਂ ਚਸ਼ਮੇ ਵਾਂਗ ਫੁਟੀ ਕਵਿਤਾ ਨੇ ਲਿਖਤੀ ਰੂਪ ਧਾਰਨ ਕੀਤਾ। ਓਨਾਂ ਦਿਨਾਂ ਵਿੱਚ ਨਕਸਲਬਾੜੀ ਦਾ ਇਤਿਹਾਸ ਦਰਸ਼ਨ ਬਾਗੀ ਦੇ ਦਿਮਾਗ਼ ਵਿੱਚ ਤਰੋ-ਤਾਜ਼ਾ ਸੀ ਤੇ ਮਾਓ ਵਿਚਾਰਧਾਰਾ ਉਸ ਦੇ ਰੋਮ-ਰੋਮ ਵਿੱਚ ਰਚੀ ਹੋਈ ਸੀ। ਵਾਰ ਜਜ਼ਬਾਤੀ ਤਾਲ ਨਾਲ ਭਰਪੂਰ,

ਮਾਓ ਵਿਚਾਰਧਾਰਾ ਨਾਲ ਪੂਰੀ ਤਰਾਂ ਲੈਸ ਤੇ ਸੁਣਨ ਤੇ ਪੜਣ ਵਾਲੇ ਦੇ ਜਜ਼ਬਾਤ ਟੁੰਬਦੀ ਸੀ।

ਹਰ ਰੋਜ਼ ਦਰਸ਼ਨ ਬਾਗ਼ੀ ਉਸ ਦਿਨ ਦੀ ਲਿਖੀ ਵਾਰ ਆਪਣੇ ਰਸੋਈਏ ਨੂੰ ਸੁਣਾਉਂਦਾ ਤੇ ਕਰਤਾਰ ਸਿੰਘ ਨੰਬਰਦਾਰ ਵੀ ਹਰ ਰੋਜ਼ ਦਰਸ਼ਨ ਬਾਗ਼ੀ ਦੇ ਹਾਤੇ ਵਿੱਚ ਆਣ ਟਪਕਦਾ। ਕਰਤਾਰ ਸਿੰਘ ਨੰਬਰਦਾਰ ਸਰੀਰ ਦਾ ਭਾਰਾ ਸੀ ਚੰਗਾ ਗੁੰਦਿਆ ਹੋਇਆ, ਪਰ ਮੋਟਾ ਨਹੀਂ ਸੀ ਕਿਹਾ ਜਾ ਸਕਦਾ। ਉਸ ਦੀ ਉਕਸੁਕਤਾ ਏਨੀ ਸੀ ਕਿ ਅੱਗੇ ਕੀ ਹੋਇਆ ਤੇ ਓਹ ਆ ਕੇ ਆਖਦਾ,ਕਾਮਰੇਡ ਦੱਸੋ ਅੱਗੇ ਵਾਰ ਕੀ ਬੋਲਦੀ ਏ ? ਕਈ ਵਾਰ ਓਹ ਭੈਣ ਦੀ ਗਾਲ ਕੱਢ ਕੇ ਆਖਦਾ "ਸਰਕਾਰ ਕੀ ਭੈਣ ਚੋ...ਦਵੇ ਜੇ ਤੁਹਾਨੂੰ ਬੰਦ ਨਾ ਕਰੇ ਤਾਂ ਹੋਰ ਕੀ ਕਰੇ। ਜਦੋਂ ਤੁਸੀਂ ਅੱਗ ਉਗਲਦੀ ਇਸ ਤਰਾਂ ਦੀ ਕਵਿਤਾ ਲਿਖਦੇ ਹੋ।" ਰਸੋਈਆ ਸੋਹਨ ਲਾਲ ਵੀ ਹਰ ਰੋਜ਼ ਬੜੇ ਉਤਸ਼ਾਹ ਨਾਲ ਨਕਸਲਬਾੜੀ ਦੀ ਵਾਰ ਨੂੰ ਸੁਣਦਾ। ਅਗਸਤ 1969 ਦੇ ਅੱਧ ਤੱਕ ਦਰਸ਼ਨ ਬਾਗ਼ੀ ਨੇ ਨਕਸਲਬਾੜੀ ਦੀ ਵਾਰ ਦਾ ਮਹਾਂਕਾਵ ਸਮਾਪਤ ਕੀਤਾ।

ਹਰ ਰੋਜ਼ ਲਗਪਗ 11 ਵਜੇ ਸਵੇਰੇ ਦੋ ਕੈਦੀ ਭੁੱਜੇ ਹੋਏ ਛੋਲੇ ਦੇਣ ਆ ਜਾਂਦੇ ਤੇ ਓਦੋਂ ਤਕ ਸਵੇਰ ਦੀ ਚਾਹ-ਪਾਣੀ ਤੇ ਪਰੌਂਠਾ ਖਾ ਕੇ ਨਿੰਮ ਦੇ ਹੇਠ ਕੰਬਲ ਵਿਛਾ ਕੇ ਦਰਸ਼ਨ ਬਾਗ਼ੀ ਤੇ ਸੋਹਨ ਲਾਲ ਰਸੋਈਆ ਆਮ ਵਾਰਤਾਲਾਪ ਵਿੱਚ ਗਲਤਾਨ ਹੁੰਦੇ ਤੇ ਏਨੇ ਚਿਰ ਨੂੰ ਇਨਾਂ ਦੇ 2 ਮਹਿਮਾਨ ਨਿੰਮ ਤੋਂ ਹੇਠਾਂ ਉਤਰ ਕੇ ਟਪੂਸੀਆਂ ਮਾਰਦੇ-2 ਗਾਹਲੜ ਕੰਬਲ ਦੇ ਨੇੜੇ ਬਿਨਾਂ ਕਿਸੇ ਡਰ ਤੋਂ ਆਉਂਦੇ ਤੇ ਚੌਕੜੀ ਮਾਰ ਕੇ ਆਪਣੇ ਅਗਲਿਆਂ ਪਹੁੰਚਿਆਂ ਵਿੱਚ ਫੜ ਕੇ ਛੋਲਿਆਂ ਦੇ ਦਾਣੇ ਨੂੰ ਮੌਜ ਨਾਲ ਖਾਂਦੇ ਤੇ ਜਦੋਂ ਦਾਣਾ ਮੁਕ ਜਾਂਦਾ ਤਾਂ ਫਿਰ ਓਹ ਹੋਰ ਦਾਣਾ ਮੰਗਦੇ ਤੇ ਇਹ ਕੌਤਕ ਓਨਾ ਚਿਰ ਚਲਦਾ ਰਹਿੰਦਾ ਜਿੰਨਾ ਚਿਰ ਓਹ ਪੂਰੀ ਤਰਾਂ ਰੱਜ ਨਾ ਜਾਂਦੇ। ਦਰਸ਼ਨ ਬਾਗ਼ੀ ਨੇ ਪਿਛਲੇ 2-3 ਮਹੀਨਿਆਂ ਤੋਂ ਇਨਾਂ ਗਾਹਲੜਾਂ ਨਾਲ ਇਹ ਖੇਡ ਅਰੰਭ ਕੀਤੀ ਸੀ। ਉਦੋਂ ਇਹ ਗਾਹਲੜ ਨੇੜੇ ਨਹੀਂ ਸਨ ਆਉਂਦੇ ਤੇ ਹੌਲੀ-ਹੌਲੀ ਜਿਉਂ-ਜਿਉਂ ਦਿਨ ਬੀਤਦੇ ਗਏ, ਗਾਹਲੜਾਂ ਦੇ ਹੌਸਲੇ ਵਧਦੇ ਗਏ ਤੇ ਇਨਾਂ ਨੂੰ ਦਰਸ਼ਨ ਬਾਗ਼ੀ ਤੇ ਸੋਹਨ ਲਾਲ ਤੋਂ ਕੋਈ ਜਾਨੀ ਖ਼ਤਰਾ ਨਹੀਂ ਸੀ ਲਗਦਾ। ਇਸੇ ਕਰ ਕੇ ਹੀ ਓਹ ਇਨਾਂ ਦੇ ਨੇੜੇ ਹੋ ਕੇ ਛੋਲੇ ਖਾਣ ਦੇ ਆਦੀ ਹੋ ਗਏ। ਇਨਾਂ ਗਾਹਲੜਾਂ ਨਾਲ ਯਾਰੀ ਪਾਉਣ ਦੀ ਇਹ ਖੇਡ ਦਿਲ ਪਰਚਾਵੇ ਲਈ ਤੇ ਵਕਤ ਕਟੀ ਕਰਨ ਦਾ ਬਹੁਤ ਚੰਗਾ ਸਾਧਨ ਬਣ ਗਿਆ ਸੀ।



## ਦਰਸ਼ਨ ਬਾਗ਼ੀ ਨੂੰ ਬਾਪ ਦਾ ਸੁਨੇਹਾ

ਇਸੇ ਖੇਡ ਦੇ ਦੌਰਾਨ ਇਕ ਦਿਨ ਬਾਦ ਦੁਪਹਿਰ 2 ਕੁ ਵਜੇ ਇਕ ਜੇਲ੍ਹ ਕਰਮਚਾਰੀ ਨੇ ਆਕੇ ਕਿਹਾ, "ਕਾਮਰੇਡ ਬਾਗ਼ੀ ਸਾਹਿਬ ਤੁਹਾਡੀ ਮੁਲਾਕਾਤ ਆਈ ਹੈ।" ਜਦੋਂ ਦਰਸ਼ਨ ਬਾਗ਼ੀ ਜੇਲ੍ਹ ਦੀ ਡਿਊੜੀ ਵਿੱਚ ਗਿਆ ਓਥੇ ਉਹਦਾ ਛੋਟਾ ਭਰਾ ਤਰਲੋਕ ਸਿੰਘ ਉਡੀਕ ਰਿਹਾ ਸੀ। ਤਰਲੋਕ ਨੇ ਦੱਸਿਆ ਕਿ ਓਨਾਂ ਦਾ ਪਿਤਾ ਲਾਭ ਸਿੰਘ ਰਾਜਿੰਦਰਾ ਹਸਪਤਾਲ ਵਿੱਚ ਹੈ ਤੇ ਉਸ ਨੂੰ ਫੇਫੜਿਆਂ ਦਾ ਕੈਂਸਰ ਹੈ ਤੇ ਕੈਂਸਰ ਸਾਰੇ ਸਰੀਰ ਵਿੱਚ ਫੈਲ ਚੁਕਾ ਏ, ਬਚਣ ਦੀ ਕੋਈ ਆਸ ਨਹੀਂ। ਅਸਲ ਵਿੱਚ ਭਾਈਆ ਜੀ ਕੁਝ ਦਿਨਾਂ ਦਾ ਹੀ ਪ੍ਰਾਹੁਣਾ ਹੈ ਤੇ ਤਰਲੋਕ ਨੇ ਕਿਹਾ ਕਿ ਭਾਈਆ ਜੀ ਨੇ ਮੈਨੂੰ ਭੇਜਿਆ ਹੈ ਕਿ "ਜਾਹ ਵੇਖ ਕੇ ਆ ਕਿ ਮੇਰਾ ਬਾਗੀ ਪੁੱਤਰ ਕਿਵੇਂ ਹੈ ਤੇ ਉਸ ਨੂੰ ਆਖੀਂ ਕਿ ਮੇਰੀ ਹਾਲਤ ਸੁਣ ਕੇ ਬਾਹਰ ਆਉਣ ਦੀ ਅਰਜ਼ੀ ਨਾ ਦੇਵੇ ਤੇ ਡਟਿਆ ਰਹੇ ਮਰਦ ਦਾ ਪੁੱਤਰ ਬਣ ਕੇ।" ਤਰਲੋਕ ਨੇ ਇਹ ਵੀ ਦੱਸਿਆ ਕਿ ਭਾਈਆ ਜੀ ਨੇ ਜੋਗਿੰਦਰ ਨੂੰ ਸੱਦਿਆ ਹੈ ਕਿ ਆਖ਼ਰੀ ਵੇਲੇ ਜੇ ਬਾਗ਼ੀ ਨਹੀਂ ਤਾਂ ਘਟੋ ਘਟ ਜੋਗਿੰਦਰ ਤਾਂ ਹੋਵੇ। ਜੋਗਿੰਦਰ, ਦਰਸ਼ਨ ਬਾਗ਼ੀ ਦੇ ਚਾਚੇ ਦਾ ਪੁੱਤਰ ਹੈ ਤੇ ਭਾਈਆ ਜੀ ਨੂੰ ਇਹ ਵਿਸ਼ਵਾਸ ਸੀ ਕਿ ਜੋਗਿੰਦਰ ਦਰਸ਼ਨ ਬਾਗ਼ੀ ਦੀਆਂ ਲੀਹਾਂ ਤੇ ਚਲਦਾ ਹੈ ਤੇ ਇਸ ਕਰ ਕੇ ਭਾਈਆ ਜੀ ਨੂੰ ਜੋਗਿੰਦਰ, ਦਰਸ਼ਨ ਬਾਗ਼ੀ ਦਾ ਹੀ ਰੂਪ ਜਾਪਦਾ ਸੀ ਤੇ ਇਸੇ ਕਰਕੇ ਹੀ ਆਖ਼ਰੀ ਦਮ ਵੇਲੇ ਭਾਈਆ ਜੀ ਆਪਣੇ ਪੁੱਤਰ ਦਰਸ਼ਨ ਬਾਗ਼ੀ ਨੂੰ ਜੋਗਿੰਦਰ ਵਿੱਚੋਂ ਵੇਖ ਕੇ ਇਸ ਸੰਸਾਰ ਨੂੰ ਅਲਵਿਦਾ ਕਹਿਣਾ ਚਾਹੁੰਦੇ ਸੀ। ਹੋਇਆ ਵੀ ਇਸੇ ਤਰਾਂ ਹੀ, ਜਦੋਂ ਮੁਲਾਕਾਤ ਮਗਰੋਂ ਤਰਲੋਕ ਨੇ ਹਸਪਤਾਲ ਜਾ ਕੇ ਦੱਸਿਆ ਕਿ ਭਾਈਆ ਜੀ ਦੇ ਪੁੱਤਰ ਨੇ ਆਪਣੇ ਬਾਪ ਨੂੰ ਸੁਨੇਹਾ ਭੇਜਿਆ ਹੈ ਕਿ "ਭਾਈਆ ਜੀ ਫਿਕਰ ਨਾ ਕਰੀ ਤੇਰਾ ਪੁੱਤਰ, ਜਾਨ ਦੀ ਬਾਜ਼ੀ ਲਾ ਕੇ ਵੀ ਤੇਰੇ ਬੋਲਾਂ ਤੇ ਪਹਿਰਾ ਦੇਵੇਗਾ।" ਦਰਸ਼ਨ ਬਾਗ਼ੀ ਤੋਂ ਇਹ ਸੁਨੇਹਾ ਮਿਲਣ ਤੇ ਭਾਈਆ ਜੀ ਨੇ ਕਿਹਾ, "ਚੰਗਾ ਫਿਰ ਅਸੀਂ ਚਲਦੇ ਹਾਂ" ਆਖ਼ਰੀ ਵਾਰ ਪਾਣੀ ਜੋਗਿੰਦਰ ਨੇ ਹੀ ਭਾਈਆ ਜੀ ਦੇ ਮੂੰਹ ਵਿੱਚ ਪਾਇਆ ਸੀ।

ਮੁਲਾਕਾਤ ਵਾਲੇ ਦਿਨ ਹੀ, ਜੇਲ੍ਹ ਸੁਪਰਇਨਟੈਨਡੈਂਟ ਨੇ ਦਰਸ਼ਨ ਬਾਗ਼ੀ ਨੂੰ ਆਪਣੇ ਦਫ਼ਤਰ ਵਿੱਚ ਸੱਦਿਆ ਤੇ ਕਿਹਾ ਕਿ "ਸਾਨੂੰ ਪਤਾ ਲਗਿਐ ਕਿ ਤੁਹਾਡਾ

ਬਾਪ ਹਸਪਤਾਲ ਵਿੱਚ ਹੈ ਤੇ ਓਹ ਆਖ਼ਰੀ ਦਮਾਂ 'ਤੇ ਹੈ, ਤੁਸੀਂ ਅਰਜ਼ੀ ਦਿਓ ਕਿ ਤੁਹਾਨੂੰ ਰਿਹਾ ਕੀਤਾ ਜਾਵੇ ਤਾਂ ਕਿ ਤੁਸੀਂ ਆਪਣੇ ਬਾਪ ਨੂੰ ਆਖ਼ਰੀ ਵਕਤ ਮਿਲ ਸਕੋ ਤੇ ਮੈਂ ਤੁਹਾਡੀ ਅਰਜ਼ੀ ਮਨੁੱਖੀ ਅਧਾਰ 'ਤੇ ਸਿਫ਼ਾਰਸ਼ ਕਰਕੇ ਚੰਡੀਗੜ੍ਹ ਭੇਜ ਦਿੰਦਾ ਹਾਂ ਕਿ ਮਨੁੱਖੀ ਅਧਾਰ 'ਤੇ ਤੁਹਾਨੂੰ ਤੁਰਤ ਹੀ ਰਿਹਾ ਕੀਤਾ ਜਾਵੇ।"

"ਸਰਕਾਰ ਨੂੰ ਪਤੈ ਕਿ ਮੇਰਾ ਬਾਪ ਆਖ਼ਰੀ ਦਮਾਂ 'ਤੇ ਹਸਪਤਾਲ ਵਿੱਚ ਹੈ ਤੇ ਸਰਕਾਰ ਆਪਣੇ ਆਪ ਹੀ ਫੈਸਲਾ ਕਿਉਂ ਨਹੀਂ ਕਰਦੀ?" ਦਰਸ਼ਨ ਬਾਗ਼ੀ ਨੇ ਕਿਹਾ।

"ਸਰਕਾਰ ਚਾਹੁੰਦੀ ਹੈ ਕਿ ਤੁਸੀਂ ਸਾਰੇ ਹਾਲਾਤ ਦੱਸ ਕੇ ਰਿਹਾਈ ਲਈ ਅਰਜ਼ੀ ਦਿਓ" ਸੁਪਰਇਨਟੈਂਨਡੈਂਟ ਨੇ ਕਿਹਾ।

ਦਰਸ਼ਨ ਬਾਗ਼ੀ ਨੇ ਅਰਜ਼ੀ ਦੇਣ ਤੋਂ ਨਾਂਹ ਕਰ ਦਿੱਤੀ ਤੇ ਵਾਪਸ ਆਪਣੇ ਸੈਲ ਦੇ ਹਾਤੇ ਵਿੱਚ ਮੁੜ ਆਇਆ ਤੇ ਇਉਂ ਆਪਣੇ ਬਾਪ ਦੇ ਬੋਲਾਂ 'ਤੇ ਪਹਿਰਾ ਦਿੱਤਾ।

ਇਸ ਘਟਨਾ ਤੋਂ 2 ਹਫਤੇ ਮਗਰੋਂ 6 ਸਤੰਬਰ 1969 ਨੂੰ ਦਰਸ਼ਨ ਬਾਗ਼ੀ ਇਕ ਸਾਲ ਦੀ ਨਜ਼ਰਬੰਦੀ ਮਗਰੋਂ ਰਿਹਾਅ ਕਰ ਦਿੱਤਾ ਗਿਆ, ਪਰ ਉਸ ਦਾ ਬਾਪ ਉਸ ਦੀ ਰਿਹਾਈ ਤੋਂ ਪਹਿਲਾਂ ਹੀ ਹਸਪਤਾਲ ਵਿੱਚ ਚਲਾਣਾ ਕਰ ਗਿਆ ਸੀ।



## ਨਕਸਲੀ ਲਹਿਰ ਵਿੱਚ ਫੁੱਟ ਤੇ ਲਾਵਾਰਸ ਪੀ.ਐਸ.ਯੂ.

7 ਸਤੰਬਰ 1968 ਨੂੰ ਜਦੋਂ ਦਰਸ਼ਨ ਬਾਗ਼ੀ Preventive Detention Act ਦੇ ਤਹਿਤ ਨਜ਼ਰਬੰਦ ਕੀਤਾ ਗਿਆ ਉਦੋਂ ਨਕਸਲਾਈਟ ਲਹਿਰ ਬੜੇ ਚੜ੍ਹਾਅ ਤੇ ਸੀ ਹਰ ਸੂਬੇ ਵਿੱਚ ਕਮਿਊਨਿਸਟ ਇਨਕਲਾਬੀ ਇਸ ਲਹਿਰ ਦੀਆਂ ਸਫ਼ਾਂ ਵਿੱਚ ਆ ਰਹੇ ਸਨ ਤੇ ਇਸ ਤਰਾਂ ਜਾਪਦਾ ਸੀ ਕਿ ਭਾਰਤ ਵਿੱਚ ਲੋਕ ਜਮਹੂਰੀ ਇਨਕਲਾਬ ਦੀ ਜਿੱਤ ਲਈ, ਚੀਨ ਵਾਂਗ ਇਸ ਦੇਸ਼ ਵਿੱਚ ਵੀ ਛੇਤੀ ਹੀ ਲਾਲ ਫੌਜ ਮਾਰਚ ਕਰਦੀ ਹੋਈ ਨਜ਼ਰ ਆਵੇਗੀ। ਇਸੇ ਤਰਾਂ ਹੀ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ 1964 ਵਿੱਚ ਗੁੰਡਾਗਰਦੀ ਵਿਰੁੱਧ ਬੇਮਿਸਾਲ ਸੰਘਰਸ਼ ਲੜਿਆ, 1967 ਵਿੱਚ ਪੰਜਾਬੀ ਯੂਨੀਵਰਸਟੀ ਪਟਿਆਲਾ ਵਿੱਚ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਮੁਦਾਖ਼ਲਤ ਨਾਲ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਇਸੇ ਤਰਾਂ 1968 ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਬੇਨਤੀ ਤੇ ਪੰਜਾਬ ਗੁਵਰਨਰ ਪਾਵਟੇ ਦੀ ਮੁਦਾਖ਼ਲਤ ਨਾਲ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਇਤਿਹਾਸਕ ਜਿੱਤ, ਰਾਜਿੰਦਰਾ ਕਾਲਜ ਬਠਿੰਡਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਤੇ ਖ਼ਾਸ ਕਰਕੇ ਕਾਲਜ ਦੀਆਂ ਕੁੜੀਆਂ ਦਾ ਇਤਿਹਾਸਕ ਮਾਰਚ ਤੇ ਐਸ. ਪੀ. ਪੁਲਸ ਨਾਲ ਝੜਪ ਤੇ ਵਿਦਿਆਰਥੀਆਂ ਦੀ ਜਿੱਤ ਵੀ ਬੇਮਿਸਾਲ ਸੀ।

ਸਰਕਾਰੀ ਕਾਲਜ ਲੁਧਿਆਣੇ ਦੇ ਵਿਦਿਆਰਥੀਆਂ ਦੇ ਸੰਘਰਸ਼ ਵਿੱਚ ਪੰਜਾਬ ਦੇ ਵਿਦਿਆਰਥੀ ਰੋਹ ਵਿੱਚ ਭੜਕ ਉੱਠੇ। ਅੰਮ੍ਰਿਤਸਰ, ਬੰਗਾ, ਸਠਿਆਲਾ, ਤਰਨਤਾਰਨ, ਬਠਿੰਡਾ, ਬਰਨਾਲਾ, ਨਾਭਾ, ਗੁਰੂਸਰ ਸੁਧਾਰ ਜਿਥੇ ਸ਼ਹੀਦ ਜਗਤਾਰ ਸਿੰਘ ਨੇ ਆਪਣੀ ਜਾਨ ਦੀ ਬਲੀ ਦਿੱਤੀ ਤੇ ਤਰਨਤਾਰਨ ਕਾਲਜ ਦੇ ਵਿਦਿਆਰਥੀ ਪੁਲਸ ਦੀਆਂ ਗੋਲੀਆਂ ਨਾਲ ਜ਼ਖ਼ਮੀ ਹੋਏ ਤੇ ਹੋਰ ਅਨੇਕ ਕਾਲਜਾਂ ਦੇ ਵਿਦਿਆਰਥੀਆਂ ਦੇ ਰੋਹ ਅਗੇ ਆਖ਼ਿਰ ਪੰਜਾਬ ਦੇ ਪ੍ਰਸ਼ਾਸ਼ਨ ਨੇ ਗੋਡੇ ਟੇਕੇ। ਪਰ ਪੰਜਾਬ ਦੇ ਵਿਦਿਆਰਥੀਆਂ ਦੇ ਤੂਫ਼ਾਨ ਨੂੰ ਠੱਲ ਪਾਣ ਲਈ 7 ਸਤੰਬਰ 1968 ਨੂੰ ਕਾਲੇ ਕਾਨੂੰਨ ਦੀ ਵਰਤੋਂ ਕਰ ਕੇ ਦਰਸ਼ਨ ਬਾਗ਼ੀ ਨੂੰ ਇਕ ਸਾਲ ਲਈ ਨਜ਼ਰਬੰਦ ਕੀਤਾ।

## ਰਿਹਾਅ ਹੋਣ ਮਗਰੋਂ ਪਿੰਡ

ਦਰਸ਼ਨ ਬਾਗ਼ੀ ਅਜੇ ਨਜ਼ਰਬੰਦ ਹੀ ਸੀ ਜਦੋਂਕਿ ਅਗਸਤ 1969 ਦੇ ਅਖ਼ੀਰਲੇ ਹਫਤੇ ਵਿੱਚ, ਉਸ ਦਾ ਬਾਪ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਕੈਂਸਰ ਦੀ ਬਿਮਾਰੀ ਕਾਰਨ ਚਲਾਣਾ ਕਰ ਗਿਆ। 6 ਸਤੰਬਰ 1969 ਨੂੰ ਰਿਹਾਅ ਹੋਣ ਮਗਰੋਂ ਪਟਿਆਲੇ ਤੋਂ ਬੱਸ ਫੜ ਕੇ ਨਾਭੇ ਉਤਰ ਕੇ ਪੈਦਲ ਹੀ ਆਪਣੇ ਘਰ, ਪਿੰਡ ਬੀਮੜੀ ਪੁੱਜਾ। ਉਸ ਦੇ ਘਰ ਦੇ ਵਿਹੜੇ ਦੇ ਵਿਚਕਾਰ ਕਪਾਹ ਦਾ ਬਹੁਤ ਹੀ ਵਡਾ ਢੇਰ ਲਗਾ ਹੋਇਆ ਸੀ। ਗਰਮੀ ਹੋਣ ਕਰ ਕੇ, ਘਰ ਦਾ ਕੋਈ ਵੀ ਜੀ ਵਿਹੜੇ ਵਿੱਚ ਨਹੀਂ ਸੀ। ਅਜੇ ਅੱਧਾ ਦਿਨ ਰਹਿੰਦਾ ਸੀ ਜਦੋਂ ਦਰਸ਼ਨ ਬਾਗ਼ੀ ਵਿਹੜੇ ਵਿੱਚ ਵੜਿਆ ਤੇ ਉਹ ਕਪਾਹ ਦੇ ਢੇਰ ਦੇ ਇਕ ਪਾਸੇ ਸੀ ਤੇ ਦੂਜੇ ਪਾਸੇ ਦਰਸ਼ਨ ਬਾਗ਼ੀ ਤੋਂ ਛੋਟੇ ਭਰਾ ਦੇ ਘਰ ਸਾਰੇ ਜੀ ਚਾਹ ਪੀ ਰਹੇ ਸਨ। ਸਾਰਿਆਂ ਤੋਂ ਛੋਟੇ ਭਰਾ ਨੇ ਚਾਹ ਦੀ ਘੁਟ ਭਰ ਕੇ ਕਿਹਾ ਮੈਨੂੰ ਇੰਝ ਲਗਦੈ ਜਿਵੇਂ ਕਪਾਹ ਦੇ ਢੇਰ ਦੇ ਦੂਜੇ ਪਾਸੇ ਵੱਡਾ ਭਰਾ ਖਲੋਤਾ ਹੋਵੇ। "ਏਨੂੰ ਵਡੇ ਭਰਾ ਦੇ ਸੁਪਨੇ ਹੀ ਆਉਂਦੇ ਰਹਿੰਦੇ ਨੇ, ਓਨਾਂ ਸਾਲਿਆਂ ਨੇ ਅਜੇ ਓਨੂੰ ਕਿਹੜਾ ਰਿਹਾ ਕੀਤਾ ਹੋਣੈਂ।" ਉਸ ਨੂੰ ਕਪਾਹ ਦੇ ਢੇਰ ਕੋਲ ਖਲੋਤੇ ਨੂੰ ਅਜੇ ਇੱਕ ਦੋ ਮਿੰਟ ਹੀ ਹੋਏ ਹੋਣਗੇ ਕਿ ਉਸ ਦੀ ਧੀ ਵੱਡੇ ਸਾਰੇ ਕੱਚੇ ਕੋਠੇ ਦੇ ਬੂਹੇ 'ਚੋਂ ਜਿਹੜਾ ਕਿ ਵੱਡੇ ਵਿਹੜੇ ਵਿੱਚ ਖੁਲਦਾ ਸੀ, ਬਾਹਰ ਨਿਕਲੀ ਤੇ ਉਸ ਦੀ ਨਿਗਾਹ ਆਪਣੇ ਬਾਪ 'ਤੇ ਟਿਕੀ ਤੇ ਉਸ ਦੇ ਜਜ਼ਬਾਤ, ਉਸ ਤੋਂ ਕਾਬੂ ਨਾ ਹੋ ਸਕੇ ਤੇ ਉਸ ਭਾਵੁਕਤਾ ਤੇ ਜਜ਼ਬਾਤ ਦੇ ਤੂਫ਼ਾਨ ਵਿੱਚ ਚੀਕ ਮਾਰੀ ਤੇ ਦਾਦੀ ਨੂੰ ਸੰਬੋਧਨ ਕਰਦਿਆਂ ਕਿਹਾ, "ਨੀ ਬੇਬੇ ਮੇਰਾ ਪਾਪਾ ਆ ਗਿਆ" ਤੇ ਭੱਜ ਕੇ ਆਪਣੇ ਬਾਪ ਦੇ ਸੰਗ ਲਿਪਟ ਗਈ। ਧੀ ਦੀ ਚੀਕ ਨੂੰ ਸੁਣ ਕੇ ਉਸ ਦਾ ਭਰਾ ਕੱਚੇ ਕੋਠੇ ਵਿੱਚੋਂ ਸ਼ੂਟ ਵੱਟ ਕੇ ਬਾਹਰ ਨਿਕਲਿਆ ਤੇ ਛੋਟੀ ਭੈਣ ਸਮੇਤ ਆਪਣੇ ਬਾਪ ਨੂੰ ਆਪਣੀਆਂ ਬਾਹਾਂ ਵਿੱਚ ਲੈ ਲਿਆ। ਧੀ ਦੀ ਚੀਕ ਨੇ ਸਾਰੇ ਟੱਬਰ ਨੂੰ ਵਿਹੜੇ ਵਿੱਚ ਇਕੱਠਿਆਂ ਕਰ ਲਿਆ, ਬਿਰਧ ਮਾਂ ਨੇ ਆਪਣੇ ਪਲੇਠੀ ਦੇ ਪੁੱਤਰ ਦਾ ਮੱਥਾ ਚੁੰਮਿਆ ਤੇ ਗਲਵੱਕੜੀਆਂ ਵਿੱਚ ਲਿਆ ਤੇ ਉਦਾਸ ਅੱਖੀਆਂ ਹੰਝੂਆਂ ਤੋਂ ਖ਼ਾਲੀ ਸਨ ਪਰ ਬੁੱਲ ਕੰਬਦੇ ਰਹੇ ਤੇ ਭਰਾਵਾਂ ਤੇ ਮਾਂ ਨੇ ਦਸਿਆ ਕਿ ਬਾਪੂ ਤੈਨੂੰ ਬਹੁਤ ਯਾਦ ਕਰਦਾ ਸੀ। ਉਸ ਦੇ ਪੰਜੇ ਭਰਾ-ਭੈਣ, ਵਿਆਹੇ ਹੋਏ ਭਰਾਵਾਂ ਦੀਆਂ ਪਤਨੀਆਂ ਤੇ ਪੁੱਤਰ, ਧੀਆਂ, ਪੁੱਤਰ, ਧੀ ਸਾਰਾ ਪਰਿਵਾਰ ਬੈਠ ਕੇ ਸ਼ਾਮ ਤੱਕ ਦੁੱਖ



ਸੁੱਖ ਸਾਂਝਾ ਕਰਦਾ ਰਿਹਾ ਤੇ ਵਿਛੋੜਾ ਦੇ ਗਏ ਬਾਪ ਦੀਆਂ ਗੱਲਾਂ ਕਰਦੇ ਹੋਏ, ਗੱਲਾਂ ਵਿਚਾਲੇ ਰੋਅ ਵੀ ਪੈਂਦੇ ਸਨ।

ਜਿਉਂ-ਜਿਉਂ ਪਿੰਡ ਵਿੱਚ ਉਸ ਦੇ ਰਿਹਾ ਹੋ ਕੇ ਘਰ ਪੁਜਣ ਦੀ ਖ਼ਬਰ ਫੈਲੀ, ਪਿੰਡ ਦੇ ਸਾਰੇ ਲੋਕ ਉਸ ਦੇ ਬਾਪ ਦੀ ਮੌਤ ਦਾ ਅਫਸੋਸ ਕਰਨ ਆਏ। ਉਸ ਦੇ ਪਿੰਡ ਪਹੁੰਚਣ ਤੋਂ ਅਗਲੇ ਦਿਨ ਸਵੇਰੇ ਹੀ CID ਦਾ ਬੰਦਾ ਪਿੰਡ ਆਣ ਟਪਕਿਆ ਤੇ ਪਹਿਲੇ ਦਿਨ ਉਹ ਪਿਆਰਾ ਸਿੰਘ ਵਕੀਲ ਨੂੰ ਮਿਲਿਆ ਤੇ ਪਿਆਰਾ ਸਿੰਘ ਨੇ ਗੱਲ ਆਈ ਗਈ ਕਰ ਛੱਡੀ ਤੇ ਅਗਲੇ ਦਿਨ ਫਿਰ CID ਵਾਲਾ ਪਿਆਰਾ ਸਿੰਘ ਵਕੀਲ ਕੋਲ ਆਇਆ ਤੇ ਪਿਆਰਾ ਸਿੰਘ ਵਕੀਲ ਤੇ ਕੁੱਝ ਹੋਰ ਪਿੰਡ ਤੇ ਮੋਹਤਬਰ ਬੰਦੇ ਪਿੰਡ ਦੇ ਸਕੂਲ ਕੋਲ ਖਲੋਤੇ ਪਿੰਡ ਦੇ ਕਿਸੇ ਮਸਲੇ ਤੇ ਵਿਚਾਰ ਕਰ ਰਹੇ ਸਨ ਜਦੋਂ CID ਵਾਲੇ ਨੇ ਪਿਆਰਾ ਸਿੰਘ ਵਕੀਲ ਨੂੰ ਸੰਬੋਧਨ ਕਰ ਕੇ ਪੁੱਛਿਆ ਕਿ "ਪਿੰਡ ਤੋਂ ਬਾਹਰਲੇ ਕੋਈ ਬੰਦੇ ਦਰਸ਼ਨ ਸਿੰਘ ਬਾਗ਼ੀ ਨੂੰ ਮਿਲਣ ਆਏ ਹੋਣ?" ਇਸ ਦੇ ਉਤਰ ਵਿੱਚ ਪਿਆਰਾ ਸਿੰਘ ਵਕੀਲ ਨੇ ਕਿਹਾ, "ਸਰਦਾਰ ਜੀ ਤੁਹਾਨੂੰ ਕੱਲ ਬੇਨਤੀ ਕੀਤੀ ਸੀ ਕਿ ਦਰਸ਼ਨ ਬਾਰੇ ਮੈਥੋਂ ਕੁੱਝ ਨਾ ਪੁੱਛੋ ਤੇ ਅੱਜ ਫਿਰ ਤੁਸੀਂ ਉਹੀ ਸੁਆਲ ਪੁੱਛ ਰਹੇ ਹੋ। ਮੈਂ ਇੱਕ ਗਲ ਸਪਸ਼ਟ ਕਰ ਦਿਆਂ ਕਿ ਮੈਂ ਦਰਸ਼ਨ ਦੇ ਵਿਚਾਰਾਂ ਨਾਲ ਭਾਵੇਂ ਸਹਿਮਤ ਨਾ ਹੋਵਾਂ ਪਰ ਉਸ ਮਰਦ ਦੇ ਪੁੱਤਰ ਨੇ ਬਹਾਦਰਾਂ ਵਾਂਗ ਸਰਕਾਰ ਨਾਲ ਟੱਕਰ ਲਈ ਹੈ ਤੇ ਓਹ ਮੇਰੇ ਪਿੰਡ ਦੀ ਸ਼ਾਨ ਹੈ, ਤੁਸੀਂ ਸੋਚਦੇ ਹੋਵੋਗੇ ਕਿ ਮੈਂ ਆਪਣੇ ਪਿੰਡ ਦੇ ਬਹਾਦਰ ਪੁੱਤਰ ਦੇ ਖ਼ਿਲਾਫ਼ ਮੁਖ਼ਬਰੀ ਕਰਾਂਗਾ, ਇਹੋ ਜਿਹਾ ਕਮੀਨਾ ਕੰਮ ਮੇਰੇ ਅਸੂਲਾਂ ਦੇ ਖ਼ਿਲਾਫ਼ ਹੈ। ਓਹ ਆਪਣੀ ਬੈਠਕ ਦੇ ਅਗੇ ਬੈਠੈ ਹੋ ਉਸ ਨੂੰ ਜਾ ਕੇ ਪੁੱਛ ਲਵੋ ਜੋ ਪੁਛਣੈ, ਪਰ ਅੱਜ ਤੋਂ ਮੇਰੇ ਕੋਲ ਨਹੀਂ ਆਉਣਾ ਹੋਵੇਗਾ।"

ਪਿੰਡ ਆਉਣ ਤੋਂ ਤਕਰੀਬਨ ਇੱਕ ਹਫਤਾ ਮਗਰੋਂ ਦਰਸ਼ਨ ਬਾਗ਼ੀ ਆਪਣੇ ਚਾਚੇ ਨੂੰ, ਜਿਹੜਾ ਕਿ ਪਿੰਡ ਦਾ ਨੰਬਰਦਾਰ ਸੀ, ਇਕੱਲਾ ਮਿਲਿਆ ਤੇ ਕਿਹਾ ਕਿ ਪਾਰਟੀ ਦਾ ਸੱਦਾ ਆਉਣ ਤੇ, ਉਸ ਨੇ ਪਿੰਡ ਛੱਡ ਕੇ ਚਲੇ ਜਾਣੈ ਤੇ ਫਿਰ ਪਤਾ ਨਹੀਂ ਕਿ ਕਦੋਂ ਮੁੜਿਆ ਜਾਵੇ, ਜਿਉਂਦਿਆਂ ਮੁੜਿਆ ਜਾਵੇ ਜਾਂ ਕਿ ਲਾਸ਼ ਹੀ ਮੁੜੇ। ਇਸ ਲਈ ਪਿੰਡ ਛੱਡਣ ਤੋਂ ਪਹਿਲਾਂ ਓਹ ਆਪਣੇ ਭਰਾਵਾਂ ਤੋਂ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਪੁਤਰ ਤੇ ਧੀ ਦੇ ਨਾਂ ਅੱਧੀ ਅੱਧੀ ਲਵਾਉਣੀ ਚਾਹੁੰਦੇ। ਇਸ ਗੱਲਬਾਤ ਤੋਂ ਇਕ ਦੋ ਦਿਨ ਮਗਰੋਂ ਦਰਸ਼ਨ ਬਾਗ਼ੀ ਆਪਣੇ ਨੰਬਰਦਾਰ ਚਾਚੇ ਤੇ 2 ਭਰੋਸੇਯੋਗ ਗਵਾਹਾਂ ਨੂੰ ਨਾਲ ਲਿਜਾ ਕੇ ਸੰਗਰੂਰ ਤਹਿਸੀਲ ਵਿੱਚ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਪੁੱਤਰ ਤੇ ਧੀ ਦੇ ਨਾਂ ਲਵਾ ਦਿੱਤੀ ਤੇ ਪਾਰਟੀ ਦਾ ਸੱਦਾ ਆਉਣ ਤੇ ਪਿੰਡ ਛੱਡਣ ਲਈ ਤਿਆਰ ਹੋ ਕੇ ਸੱਦੇ ਦੀ ਉਡੀਕ ਕਰਨ ਲੱਗਾ।

ਇਸ ਉਪਰਲੇ ਕੰਮ ਨੂੰ ਸਿਰੇ ਚਾੜ੍ਹਨ ਤੋਂ ਚਾਰ ਕੁ ਦਿਨਾਂ ਮਗਰੋਂ ਇਕ ਸਵੇਰ ਇਕ ਦਮ ਤਿਆਰ ਹੋ ਕੇ ਉਸ ਪੁੱਤਰ ਤੇ ਧੀ ਨੂੰ ਗਲਵਕੜੀ ਵਿੱਚ ਲਿਆ, ਦੋਹਾਂ ਦਾ ਮੱਥਾ ਚੁੰਮਿਆ ਤੇ ਕਿਹਾ ਓਹ ਚਾਰ ਪੰਜ ਦਿਨਾਂ ਮਗਰੋਂ ਮੁੜੇਗਾ ਤੇ ਕਾਹਲੀ ਕਾਹਲੀ ਬੱਸ ਅੱਡੇ ਵੱਲ ਚਲ ਪਿਆ ਤੇ ਧੀ ਨੇ ਉਸ ਦਾ ਹੱਥ ਫੜ ਕੇ ਰੋਕਿਆ ਤੇ ਹੰਝੂ ਭਰੀਆਂ ਅੱਖਾਂ ਨਾਲ ਤਰਲਾ ਲਿਆ, "ਪਾਪਾ ਜ਼ਰੂਰ ਘਰ ਮੁੜੀਂ ਤੇਰੇ ਬਿਨਾਂ ਜਿਉਣਾ ਬਹੁਤ ਔਖੇ" ਤੇ ਪੁੱਤਰ ਨੇ ਚਿਹਰਾ, ਡੁੱਬ-ਡਬਾਈਆਂ ਅੱਖਾਂ ਨਾਲ ਦੂਜੇ ਪਾਸੇ ਕਰ ਲਿਆ। ਨਾਭੇ ਤੋਂ ਲੁਧਿਆਣੇ ਜਾਣ ਵਾਲੀ ਬੱਸ ਵਿੱਚ ਸੁਆਰ ਹੋ ਗਿਆ ਤੇ ਬਸ ਵਿੱਚ ਬੈਠਿਆਂ, ਉਸ ਦੀਆਂ ਅੱਖਾਂ ਅਗੇ ਉਸ ਦੇ ਉਦਾਸ ਪੁੱਤਰ ਤੇ ਧੀ ਦੇ ਚਿਹਰੇ ਘੁੰਮਦੇ ਰਹੇ। ਬੱਸ ਕੰਡਕਟਰ ਦੀ "ਗੁਰੂ ਨਾਨਕ ਇੰਜਨੀਅਰਿੰਗ ਕਾਲਜ" ਆਵਾਜ਼ ਨੇ ਜਿਵੇਂ ਦਰਸ਼ਨ ਬਾਗ਼ੀ ਨੂੰ ਡੂੰਘੀ ਨੀਂਦ ਤੋਂ ਜਗਾ ਦਿੱਤਾ ਤੇ ਓਹ ਕਾਹਲੀ ਕਾਹਲੀ ਬੱਸ ਤੋਂ ਉੱਤਰਿਆ।



## ਗੁਰੂ ਨਾਨਕ ਇੰਜਨੀਅਰਿੰਗ ਕਾਲਜ ਤੇ ਸਾਥੀਆਂ ਨੂੰ ਮਿਲਣ ਦਾ ਸਫ਼ਰ

ਪੀ.ਐਸ.ਯੂ. ਦੇ ਮਾਰਕਸਵਾਦੀ ਗਰੁਪ ਤੇ ਨਾ ਹੀ ਪੰਜਾਬ ਦੀ ਨਕਸਲਾਈਟ ਕੁਆਰਡੀਨੇਸ਼ਨ ਕਮੇਟੀ 'ਚੋਂ ਕਿਸੇ ਨੇ ਰਿਹਾਅ ਹੋਣ ਤੋਂ ਮਗਰੋਂ ਦਰਸ਼ਨ ਬਾਗ਼ੀ ਨਾਲ ਸੰਪਰਕ ਪੈਦਾ ਕੀਤਾ ਤੇ 10 ਦਿਨਾਂ ਦੇ ਬੀਤਣ ਮਗਰੋਂ ਉਹ ਚਿੰਤਾਜਨਕ ਤੇ ਉਪਰਾਮਤਾ ਜਿਹੀ ਮਹਿਸੂਸ ਕਰਨ ਲੱਗ ਪਿਆ। ਅਖ਼ੀਰ ਕਾਫੀ ਉਡੀਕ ਮਗਰੋਂ ਪੀ.ਐਸ.ਯੂ. ਦੇ ਮਾਰਕਸਵਾਦੀ ਗਰੁੱਪ ਤੇ ਪੀ.ਐਸ.ਯੂ. ਦੀ ਸੂਬਾ ਕਮੇਟੀ ਦੇ ਅਹੁਦੇਦਾਰਾਂ ਤੇ ਪੰਜਾਬ ਨਕਸਲਾਈਟ ਕੁਆਰਡੀਨੇਸ਼ਨ ਕਮੇਟੀ ਨਾਲ ਤਾਲਮੇਲ ਕਰਨ ਲਈ ਆਪਣਾ ਸਫ਼ਰ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਤੋਂ ਸ਼ੁਰੂ ਕੀਤਾ, ਜਿਸ ਨੂੰ ਪੀ.ਐਸ.ਯੂ. ਦਾ ਲੈਨਿਨ ਗਰਾਡ ਕਿਹਾ ਜਾਂਦਾ ਸੀ। ਬੱਸ ਤੋਂ ਉਤਰ ਕੇ ਉਸ ਤਿੱਖੀ ਚਾਲ ਸਿੱਧਾ ਕੁਲਦੀਪ ਹਾਂਸਰੇ ਦੇ ਕਮਰੇ ਅਗੇ ਜਾ ਕੇ ਦਸਤਕ ਦਿੱਤੀ ਪਰ ਕਮਰੇ ਵਿੱਚੋਂ ਕੋਈ ਹੁੰਗਾਰਾ ਨਾ ਮਿਲਿਆ ਤੇ ਖ਼ੁਸ਼-ਕਿਸਮਤੀ ਹੀ ਸਮਝੋ ਕਿ ਰਾਜਿੰਦਰ ਹਾਂਸ ਹਾਲ ਵਿੱਚ ਹੀ ਮਿਲ ਗਿਆ ਤੇ ਵੇਖਣ ਸਾਰ ਹੀ ਉਸ ਨੇ ਦਰਸ਼ਨ ਬਾਗ਼ੀ ਨੂੰ ਗਲਵਕੜੀ ਵਿੱਚ ਲੈ ਲਿਆ ਤੇ ਕੁਝ ਹੋਰ ਵਿਦਿਆਰਥੀ ਇਕੱਠੇ ਹੋ ਗਏ, ਜਿਹੜੇ ਦਰਸ਼ਨ ਬਾਗ਼ੀ ਦੇ ਸਟੱਡੀ ਸਰਕਲਾਂ ਵਿੱਚ ਆਇਆ ਕਰਦੇ ਸਨ। ਵਿਦਿਆਰਥੀ ਬੜੀ ਦਿਲਚਸਪੀ ਨਾਲ ਉਸ ਤੋਂ ਜੇਲ੍ਹ ਦੇ ਜੀਵਨ ਬਾਰੇ ਸੁਆਲ ਪੁੱਛਦੇ ਰਹੇ ਤੇ ਬੜੇ ਚਾਅ ਤੇ ਗਰਮਜੋਸ਼ੀ ਨਾਲ ਉਸ ਨੂੰ ਮਿਲੇ।

ਚਾਹ ਪਾਰਟੀ ਤੇ ਉਸ ਤੋਂ ਮਗਰੋਂ ਰਾਜਿੰਦਰ ਹਾਂਸ ਨੇ ਬੜੇ ਵਿਸਥਾਰ ਨਾਲ ਦੱਸਿਆ ਕਿ ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ ਮਗਰੋਂ ਦਰਸ਼ਨ ਸਿੰਘ ਕੂਹਲੀ ਕਾਲਜ ਦੇ ਹੋਸਟਲ ਵਿੱਚ ਬਹੁਤ ਮੀਟਿੰਗਾਂ ਕਰਿਆ ਕਰਦਾ ਸੀ ਤੇ ਉਸ ਨੇ ਐਲਾਨ ਕੀਤਾ ਕਿ ਪਾਰਟੀ ਦੀ ਨਵੀਂ ਯੁੱਧ-ਨੀਤੀ ਅਨੁਸਾਰ ਸਾਰੀਆਂ ਜਨਤਕ ਜੱਥੇਬੰਦੀਆਂ ਸਮੇਤ ਪੀ.ਐਸ.ਯੂ. ਤੋੜ ਦਿੱਤੀਆਂ ਗਈਆਂ ਹਨ ਤੇ ਸਾਰੇ ਪੀ.ਐਸ.ਯੂ. ਦੇ ਸਰਗਰਮ ਸਾਥੀਆਂ ਅਤੇ ਮੈਨੂੰ ਪਾਰਟੀ ਵੱਲੋਂ ਸੱਦਾ ਹੈ ਕਿ ਉਹ ਪਾਰਟੀ ਵਿੱਚ ਕੁਲਵਕਤੀ ਰੂਪ ਵਿੱਚ ਸਰਗਰਮ ਗੁਰੀਲੇ ਦੇ ਰੂਪ ਵਿੱਚ ਸ਼ਾਮਲ ਹੋਣ। ਇਸ ਕਾਲਜ ਵਿੱਚੋਂ 5 ਵਿਦਿਆਰਥੀ, ਮੇਜਰ ਸਿੰਘ, ਗੋਬਿੰਦਰ ਸਿੰਘ (ਅਜਮੇਰ ਸਿੰਘ), ਕੁਲਦੀਪ ਸਿੰਘ ਹਾਂਸਰਾ ਤੇ ਬਖ਼ਸ਼ੀਸ਼ ਸਿੰਘ ਤੇ ਸ਼ਿਵ ਲਾਲ ਤੇ ਸਰਬਣ ਸੈਣੀ ਪੜ੍ਹਾਈ ਛੱਡ ਕੇ

ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਇਹ ਸੁਣ ਕੇ ਦਰਸ਼ਨ ਬਾਗ਼ੀ ਦੇ ਲੂੰ-ਕੰਡੇ ਖੜੇ ਹੋ ਗਏ ਤੇ ਆਪਮੁਹਾਰੇ ਹੀ ਉਸ ਦੇ ਮੂੰਹੋਂ ਨਿਕਲਿਆ, "ਓਹੀ ਕੁਝ ਹੋ ਗਿਆ ਜਿਸ ਦਾ ਡਰ ਸੀ, ਪਾਰਟੀ ਖੱਬਾ ਸੈਕਟੇਰੀਅਨ ਮੋੜ ਮੁੜ ਗਈ ਹੈ, ਮਾਓ ਵਿਚਾਰਧਾਰਾ ਤੋਂ ਉਲਟੇ ਪਾਸੇ।" ਰਾਜਿੰਦਰ ਹਾਂਸ ਦੇ ਪੁੱਛਣ ਤੇ, ਦਰਸ਼ਨ ਬਾਗ਼ੀ ਨੇ ਖੱਬੇ ਮੋੜ ਦੀ ਵਿਆਖਿਆ ਕੀਤੀ। ਰਾਜਿੰਦਰ ਹਾਂਸ ਨੇ ਇਹ ਵੀ ਦੱਸਿਆ ਕਿ ਪਾਰਟੀ ਤੇ ਪਾਰਟੀ ਦੇ ਸਾਰੇ ਸਰਗਰਮ ਵਰਕਰ ਹੁਣ ਗੁਪਤਵਾਸ ਹਨ ਤੇ ਇਸ ਕਾਰਨ ਹੁਣ ਪਾਰਟੀ ਵਾਲਿਆਂ ਦਾ ਕਾਲਜ ਵਿੱਚ ਚੱਕਰ ਕਦੇ ਕਦਾਈਂ ਹੀ ਲਗਦਾ ਹੈ। ਦੋਹਾਂ ਵਿੱਚ ਕਾਫੀ ਰਾਤ ਤਕ ਗੱਲਾਂ ਚਲਦੀਆਂ ਰਹੀਆਂ ਤੇ ਬਾਕੀ ਰਾਤ ਆਮ ਤੌਰ ਤੇ ਦਰਸ਼ਨ ਬਾਗ਼ੀ ਨੇ ਅੱਖਾਂ ਵਿੱਚ ਹੀ ਲੰਘਾਈ, ਖੱਬੇ ਮੋੜ ਦੇ ਸਿੱਟਿਆਂ ਦੇ ਅਟੇ-ਸੱਟੇ ਲਾਂਦਿਆਂ ਹੀ।

ਅਗਲੀ ਸਵੇਰ ਉਦਾਸੀ ਭਰੇ ਮਨ ਨਾਲ ਉਠ ਕੇ ਤਿਆਰ ਹੋ ਕੇ ਰਾਜਿੰਦਰ ਹਾਂਸ ਤੇ ਕੁਝ ਹੋਰ ਵਿਦਿਆਰਥੀਆਂ ਨਾਲ ਨਾਸ਼ਤਾ ਕਰਨ ਤੋਂ ਮਗਰੋਂ ਜਾਣ ਦੀ ਆਗਿਆ ਲੈ ਕੇ ਦਰਸ਼ਨ ਬਾਗ਼ੀ ਨੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਨੂੰ ਤੇ ਸੁਹਿਰਦ ਵਿਦਿਆਰਥੀਆਂ ਨੂੰ ਅਲਵਿਦਾ ਆਖੀ ਤੇ ਬੱਸ ਅੱਡੇ ਨੂੰ ਚੱਲ ਪਿਆ। ਉਸ ਦੀ ਚਾਲ ਵਿੱਚ ਜੁੰਬਸ਼ ਸੀ ਤੇ ਇਸ ਤਰਾਂ ਜਾਪਦਾ ਸੀ ਕਿ ਉਸ ਦੇ ਪੈਰਾਂ ਨਾਲ ਮਣਾਂ ਮੂੰਹੀਂ ਭਾਰ ਬੱਝਿਆ ਹੋਇਆ ਸੀ, ਇਸ ਤਰਾਂ ਜਾਪਦਾ ਸੀ ਕਿ ਓਹ ਆਪਣੇ ਪੈਰ ਘੜੀਸ ਰਿਹਾ ਸੀ। ਪਿਛਲੇ ਦਿਨ ਜਦੋਂ ਓਹ ਬੱਸ ਤੋਂ ਉਤਰ ਕੇ ਕਾਲਜ ਵੱਲ ਟੁਰਿਆ ਤਾਂ ਓਹ ਹਵਾ ਵਿੱਚ ਉੱਡਦਾ ਜਾਪਦਾ ਸੀ ਤੇ ਅੱਜ ਓਹ ਕਿਸੇ ਉਦਾਸੀ ਦੇ ਭਾਰ ਹੇਠ ਦੱਬਿਆ ਹੋਇਆ ਜਾਪਦਾ ਸੀ।



## ਹਰਭਜਨ ਹਲਵਾਰਵੀ ਤੇ ਸ਼ੇਰੀ ਦੀ ਤਲਾਸ਼

ਕਾਲਜ ਦੇ ਬੱਸ ਅੱਡੇ ਤੋਂ ਉਸ ਨੇ ਬੱਸ ਫੜੀ ਤੇ 2 ਘੰਟਿਆਂ ਮਗਰੋਂ ਹਰਭਜਨ ਹਲਵਾਰਵੀ ਦੀ ਭੂਆ ਦੇ ਦਰਵਾਜ਼ੇ 'ਤੇ ਜਾ ਦਸਤਕ ਦਿੱਤੀ, ਦਰਵਾਜ਼ਾ ਖੁੱਲਾ ਤੇ ਭੂਆ ਨੇ ਜੀ ਆਇਆਂ ਆਖਿਆ ਤੇ ਤੁਰਤ ਹੀ ਚਾਹ ਦਾ ਕੱਪ ਫੜਾਂਦਿਆਂ ਨਾਲ ਦੀ ਕੁਰਸੀ ਤੇ ਬੈਠ ਗਈ। ਚਾਹ ਦਾ ਘੁੱਟ ਭਰ ਕੇ ਦਰਸ਼ਨ ਬਾਗ਼ੀ ਨੇ ਭੂਆ ਨੂੰ ਹਰਭਜਨ ਹਲਵਾਰਵੀ ਬਾਰੇ ਪੁਛਿਆ ਤਾਂ ਭੂਆ ਨੇ ਦੋ ਹਰਫੀ ਉੱਤਰ ਦਿਤਾ ਕਿ ਹਰਭਜਨ ਤਾਂ ਪਾਰਟੀ ਵਿੱਚ ਰਲ ਗਿਆ ਹੈ, ਪਰ ਓਬੜ ਬੰਦੇ ਨੂੰ ਤਾਂ ਕਹਿੰਦੇ ਹਾਂ ਕਿ ਰਿਸ਼ਤੇਦਾਰੀ ਵਿੱਚ ਗਿਆ ਹੋਇਆ ਹੈ ਕੁਝ ਦਿਨਾਂ ਲਈ। ਹਰਭਜਨ ਹਲਵਾਰਵੀ ਦੀ ਇਹ ਖ਼ਬਰ ਦਰਸ਼ਨ ਬਾਗ਼ੀ ਲਈ ਇਕ ਹੋਰ ਨਸ਼ਤਰ ਸੀ, ਚਾਹ ਪੀਣ ਮਗਰੋਂ ਦਰਸ਼ਨ ਬਾਗ਼ੀ ਨੇ ਭੂਆ ਤੋਂ ਜਾਣ ਦੀ ਆਗਿਆ ਮੰਗੀ ਤੇ ਇਕ ਰੁੱਕਾ ਭੂਆ ਨੂੰ ਦਿੱਤਾ ਤੇ ਕਿਹਾ ਕਿ ਜੇ ਹਰਭਜਨ ਆਵੇ ਤਾਂ ਉਸ ਨੂੰ ਕਹਿਣਾ ਕਿ ਉਹ ਇਸ ਪਤੇ 'ਤੇ ਤੁਰਤ ਹੀ ਸੰਪਰਕ ਕਰਨ ਦੀ ਕੋਸ਼ਿਸ਼ ਕਰੇ ਤੇ ਭੂਆ ਨੂੰ ਸਤਿ ਸ੍ਰੀ ਅਕਾਲ ਆਖ ਕੇ ਵਿਦਾ ਲਈ।

### ਸ਼ੇਰੀ ਨੂੰ ਫੜਨ ਦੀ ਕਾਹਲ

ਫਿਰ ਦਰਸਨ ਬਾਗ਼ੀ ਸਿੱਧਾ ਸਰਕਾਰੀ ਕਾਲਜ ਲੁਧਿਆਣਾ ਦੇ ਹੋਸਟਲ ਪੁੱਜਾ। ਪੀ.ਐਸ.ਯੂ. ਦੇ ਪ੍ਰਧਾਨ ਸ਼ੇਰੀ ਨੂੰ ਫੜਣ ਲਈ, ਉਸ ਦੀ ਟੋਰ ਤਿੱਖੀ ਸੀ, ਦਿਲ ਦੀ ਧੜਕਣ ਵਧੀ ਹੋਈ ਸੀ ਤੇ ਓਹ ਉਡ ਕੇ ਹੋਸਟਲ ਪਹੁੰਚਣਾ ਚਾਹੁੰਦਾ ਸੀ ਜਿਵੇਂ ਓਹ ਦਿੱਤੇ ਵਕਤ ਦੀ ਮੁਲਾਕਾਤ ਤੋਂ ਖੁੰਝਣਾ ਨਹੀਂ ਸੀ ਚਾਹੁੰਦਾ। ਓਹ ਇਹ ਆਪਣੇ ਮਨ ਨਾਲ ਹੀ ਭੰਨ-ਕੱਟ ਕਰਦਾ ਜਾ ਰਿਹਾ ਸੀ ਕਿ ਸ਼ੇਰੀ ਨਕਸਲਾਈਟ ਪਾਰਟੀ ਵਿੱਚ ਕੁਲਵਕਤੀ ਬਣਨ ਤੋਂ ਪਹਿਲਾਂ ਦਰਸ਼ਨ ਬਾਗ਼ੀ ਦੀ ਰਾਏ ਦੀ ਉਡੀਕ ਜ਼ਰੂਰ ਕਰੇਗਾ। ਪਰ ਜਦੋਂ ਓਹ ਸ਼ੇਰੀ ਦੇ ਕਮਰੇ ਅਗੇ ਪਹੁੰਚਾ ਤਾਂ ਬੰਦ ਦਰਵਾਜ਼ੇ ਨੇ ਜਿਵੇਂ ਉਸ ਦਾ ਮੂੰਹ ਚੜਾਇਆ ਹੋਵੇ। ਕੋਲੋਂ ਲੰਘਦੇ ਇਕ ਵਿਦਿਆਰਥੀ ਨੇ ਰੁਕ ਕੇ ਕਿਹਾ, "ਬਾਗ਼ੀ ਸਾਹਿਬ ਤੁਸੀਂ ਸ਼ੇਰੀ ਨੂੰ ਮਿਲਨਾ ਚਾਹੁੰਦੇ ਹੋ ਪਰ ਓਹ ਤਾਂ ਇਕ ਦੋ ਮਹੀਨਿਆਂ ਤੋਂ ਕਾਲਜ ਛੱਡ ਕੇ ਨਕਸਲਾਈਟ ਪਾਰਟੀ ਵਿੱਚ ਰਲ ਗਿਆ ਹੈ, ਆਓ ਤੁਹਾਨੂੰ ਚਾਹ ਪਾਣੀ ਪਿਆਈਏ।" ਉਸ ਵਿਦਿਆਰਥੀ ਦੇ ਮੋਢੇ 'ਤੇ ਥਾਪੜਾ

ਦੇ ਕੇ ਧੰਨਵਾਦ ਕਰਦਿਆਂ ਦਰਸ਼ਨ ਬਾਗ਼ੀ ਨੇ ਕਾਹਲ ਵਿੱਚ ਹੋਣ ਕਰ ਕੇ ਖਿਮਾ ਮੰਗੀ ਤੇ ਗੰਭੀਰ ਰੋਹ ਤੇ ਉਦਾਸੀ ਦਾ ਮਣਾਂ ਮੂੰਹੀਂ ਭਾਰ ਚੁੱਕੀ ਸ਼ੇਰੀ ਦੇ ਕਮਰੇ ਅੱਗੋਂ ਪਿੱਛੇ ਨੂੰ ਮੁੜਿਆ। ਇਸ ਤਰਾਂ ਜਾਪਦਾ ਸੀ ਉਸ ਦਾ ਦਿਲ ਇੱਕ ਅਕਾਸ਼ ਨੂੰ ਚੀਰ ਦੇਣ ਵਾਲੀ ਚੀਕ ਮਾਰਨੀ ਚਾਹੁੰਦਾ ਸੀ, ਪਰ ਹੁਣ ਚੁੱਪ ਚਾਂਦ ਵਾਹੋ ਦਾਹੀ ਬੱਸ ਅੱਡੇ ਵੱਲ ਜਾ ਰਿਹਾ ਸੀ।



## ਲੱਭਣ ਟੁਰਿਆ ਦਰਸ਼ਨ ਖਟਕੜ ਨੂੰ

ਦਰਸ਼ਨ ਬਾਗ਼ੀ ਦੀਆਂ ਅੱਖਾਂ ਅਗੇ ਸ਼ਾਂਤ ਸੁਭਾ ਚਿੱਤ, ਲਗਭਗ 6 ਫੁੱਟ ਲੰਮਾ ਜੁਆਨ ਸਿੱਖ ਨੈਸ਼ਨਲ ਕਾਲਜ ਦੇ ਅੱਗੇ ਦਰਸ਼ਨ ਬਾਗ਼ੀ ਨੂੰ ਬਗ਼ਲਗੀਰ ਹੋਣ ਲਈ ਦੋਵੇ ਬਾਹਾਂ ਖੋਲ ਕੇ ਦਰਸ਼ਨ ਖਟਕੜ ਖਲੋਤਾ ਨਜ਼ਰ ਆ ਰਿਹਾ ਸੀ। ਦਰਸ਼ਨ ਖਟਕੜ ਪੀ.ਐਸ.ਯੂ. ਦੇ ਮਾਰਕਸਵਾਦੀ ਗਰੁੱਪ ਦਾ ਅਤੇ ਪੀ.ਐਸ.ਯੂ. ਦਾ ਵਾਈਸ ਪਰੈਜ਼ੀਡੈਂਟ ਸੀ। ਲੁਧਿਆਣੇ ਦਾ ਬੱਸ ਅੱਡਾ ਲੋਕਾਂ ਨਾਲ ਭਰਿਆ ਪਿਆ ਸੀ ਏਨੀ ਭੀੜ ਸੀ ਕਿ ਇਕ ਪਾਸੇ ਤੋਂ ਦੂਜੇ ਪਾਸੇ ਜਾਣਾ ਵੀ ਮੁਹਾਲ ਸੀ, ਲੁਧਿਆਣੇ ਤੋਂ ਜਲੰਧਰ ਵਾਲੀ ਟਿਕਟਾਂ ਦੀ ਖਿੜਕੀ ਅਗੇ ਬਹੁਤ ਲੰਮੀ ਲਾਈਨ ਲਗੀ ਹੋਈ ਸੀ ਤੇ ਦਰਸ਼ਨ ਬਾਗ਼ੀ ਵੀ ਲਾਈਨ ਵਿੱਚ ਲਗ ਗਿਆ ਤੇ ਜਲੰਧਰ ਜਾਣ ਵਾਲੀ ਬਸ ਫੜੀ ਤੇ ਬੰਗੇ ਪਹੁੰਚਣ ਤਕ ਦਰਸ਼ਨ ਬਾਗ਼ੀ ਦੇ ਦਿਮਾਗ਼ ਵਿੱਚ ਸ਼ੇਰੀ ਤੇ ਹਰਭਜਨ ਹਲਵਾਰਵੀ ਜਿਹੜੇ ਪੀ.ਐਸ.ਯੂ. ਦੇ ਕ੍ਰਮਵਾਰ ਪਰੈਜ਼ੀਡੈਂਟ, ਜੁਆਇੰਟ ਸੈਕਟਰੀ ਤੇ ਮਾਰਕਸਵਾਦੀ ਗਰੁਪ ਦੇ ਮੈਂਬਰ ਸਨ ਤੇ ਓਹ ਦੋਵੇਂ ਹੀ ਨਕਸਲਾਈਟ ਪਾਰਟੀ ਵਿੱਚ ਸਰਗਰਮ ਹੋਣ ਨਾਲ ਇਹ ਪੀ.ਐਸ.ਯੂ. ਦੀ  ਘਾਟ ਕਿਵੇਂ ਪੂਰੀ ਹੋਵੇਗੀ। ਇਹ ਭੰਨਕੱਟ ਕਰਦਿਆਂ ਬੱਸ ਬੰਗੇ ਪਹੁੰਚ ਗਈ ਤੇ ਬੱਸ ਅੱਡੇ ਤੋਂ ਸਿੱਖ ਨੈਸ਼ਨਲ ਕਾਲਜ ਵੱਲ ਜਾਂਦਿਆਂ ਉਸ ਨੂੰ ਬੜਾ ਭਰੋਸਾ ਤੇ ਵਿਸ਼ਵਾਸ ਸੀ ਕਿ ਦਰਸ਼ਨ ਖਟਕੜ ਦਰਸ਼ਨ ਬਾਗ਼ੀ ਨੂੰ ਜ਼ਰੂਰ ਮਿਲੇਗਾ।

ਬੱਸ ਤੋਂ ਉਤਰ ਕੇ ਦਰਸ਼ਨ ਬਾਗ਼ੀ ਸਿੱਖ ਨੈਸ਼ਨਲ ਕਾਲਜ ਵਿੱਚ ਦਾਖ਼ਲ ਹੋਇਆ ਤੇ ਢੂੰਡਣ ਲਗਾ ਤੇ ਅਖ਼ੀਰ ਉਸ ਦੇ ਅੰਦਰੋਂ ਹੀ ਇਕ ਸੋਚ ਨੇ ਸੁਝਾ ਦਿਤਾ। ਉਸ ਨੂੰ 7-8 ਵਿਦਿਆਰਥੀਆਂ ਦਾ ਗਰੁਪ ਇਕ ਥਾਵੇਂ ਨਜ਼ਰ ਪਿਆ, ਇਸ ਤਰਾਂ ਲਗਦਾ ਸੀ ਕਿ ਉਹ ਆਪਸ ਵਿੱਚ ਕਿਸੇ ਗੰਭੀਰ ਵਿਸ਼ੇ 'ਤੇ ਬਹਿਸ ਕਰਦੇ ਜਾਪਦੇ ਸਨ ਤੇ ਇਸ ਦਾ ਅਰਥ ਸੀ ਕਿ ਓਹ ਸੂਝਵਾਨ ਤੇ ਗੰਭੀਰ ਸੁਭਾ ਦੇ ਲਗਦੇ ਸਨ। ਦਰਸ਼ਨ ਬਾਗ਼ੀ ਨੇ ਵਿਦਿਆਰਥੀਆਂ ਦੇ ਉਸ ਗਰੁਪ ਕੋਲ ਜਾ ਕੇ ਇਸ ਤਰਾਂ ਆਪਣੀ ਜਾਣ-ਪਛਾਣ ਕਰਾਈ, "ਸਤਿ ਸ੍ਰੀ ਅਕਾਲ ਨੌਜੁਆਨ ਵਿਦਿਆਰਥੀਓ, ਮੇਰਾ ਨਾਂ ਦਰਸ਼ਨ ਬਾਗ਼ੀ ਹੈ ਤੇ ਮੈਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਜਨਰਲ ਸੈਕਟਰੀ ਹਾਂ ਤੇ ਮੈਂ ਦਰਸ਼ਨ ਖਟਕੜ ਨੂੰ ਮਿਲਣਾ ਚਾਹੁੰਦਾ ਹਾਂ ਜਿਹੜਾ ਤੁਹਾਡੇ ਕਾਲਜ ਦਾ ਵਿਦਿਆਰਥੀ ਹੈ ਤੇ ਓਹ ਪੰਜਾਬ ਸਟੂਡੈਂਟਸ ਯੂਨੀਅਨ ਦਾ

ਵਾਈਸ ਪਰੈਜ਼ੀਡੈਂਟ ਹੈ। ਮੈਂ ਇਕ ਸਾਲ ਲਈ ਨਜ਼ਰਬੰਦ ਸੀ ਤੇ 2 ਕੁ ਹਫਤੇ ਹੋਏ ਹਨ ਜੇਲ੍ਹ 'ਚੋਂ ਰਿਹਾ ਹੋਏ ਨੂੰ, ਹੁਣ ਮੈਂ ਯੂਨੀਅਨ ਦੇ ਆਗੂਆਂ ਨਾਲ ਤਾਲਮੇਲ ਕਰ ਰਿਹਾ ਹਾਂ। ਸਰਕਾਰੀ ਕਾਲਜ ਲੁਧਿਆਣੇ ਦੇ ਵਿਦਿਆਰਥੀਆਂ ਦੇ ਸੰਘਰਸ਼ ਵੇਲੇ ਤੁਹਾਡੇ ਕਾਲਜ ਦੇ ਵਿਦਿਆਰਥੀਆਂ ਨੇ ਬੇਮਿਸਾਲ ਸਾਥ ਦਿਤਾ ਸੀ।" ਇਹ ਸੁਣ ਕੇ ਓਨਾਂ ਵਿਦਿਆਰਥੀਆਂ ਦੀਆਂ ਅੱਖਾਂ ਰੁਸ਼ਨਾਂ ਗਈਆਂ ਤੇ ਸਾਰਿਆਂ ਨੇ ਬੜੀ ਗਰਮਜੋਸ਼ੀ ਨਾਲ ਦਰਸ਼ਨ ਬਾਗ਼ੀ ਨਾਲ ਹੱਥ ਮਿਲਾਏ ਤੇ ਇਕ ਵਿਦਿਆਰਥੀ ਜਿਸ ਦਾ ਨਾਂ ਜਤਿੰਦਰ ਸਿੰਘ ਸੀ ਨੇ ਸੁਝਾ ਦਿਤਾ ਕਿ ਇਥੇ ਖਲੋਣ ਦੀ ਬਜਾਏ ਕੰਟੀਨ 'ਤੇ ਬੈਠ ਕੇ ਗੱਲਬਾਤ ਕਰਦੇ ਹਾਂ ਤੇ ਸਾਰਾ ਗਰੁੱਪ ਕੰਟੀਨ 'ਤੇ ਆ ਗਿਆ ਤੇ ਜਤਿੰਦਰ ਸਿੰਘ ਨੇ 10 ਕੱਪ ਚਾਹ ਲਈ ਕਹਿ ਦਿਤਾ। ਜਤਿੰਦਰ ਨੇ ਦਰਸ਼ਨ ਬਾਗ਼ੀ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਤੁਹਾਡੇ ਬਾਰੇ ਸੁਣਿਆ ਤੇ ਬਹੁਤ ਸੀ ਪਰ ਅੱਜ ਮਿਲ ਕੇ ਬਹੁਤ ਖ਼ੁਸ਼ੀ ਹੋਈ। ਗਲ ਚਾਲੂ ਰੱਖਦਿਆਂ ਉਸ ਨੇ ਕਿਹਾ ਕਿ ਸਾਰੇ ਦਰਸ਼ਨ ਖਟਕੜ ਦੇ ਹੀ ਸਾਥੀ ਹਾਂ ਤੇ ਸਟੂਡੈਂਟਸ ਯੂਨੀਅਨ ਦੇ ਅਸੂਲਾਂ ਦੇ ਪੱਕੇ ਪਹਿਰੇਦਾਰ ਹਾਂ। ਰਹੀ ਗਲ ਦਰਸ਼ਨ ਖਟਕੜ ਨੂੰ ਮਿਲਣ ਦੀ ਉਹ ਇਸ ਤਰਾਂ ਹੈ ਕਿ ਇਸ ਕਾਲਜ ਦੇ ਤਿੰਨ ਵਿਦਿਆਰਥੀ, ਇਕਬਾਲ ਸਿੰਘ, ਦਰਸ਼ਨ ਖਟਕੜ ਤੇ ਇਕਬਾਲ ਖ਼ਾਨ ਸਮੇਤ ਨਕਸਲਾਈਟ ਪਾਰਟੀ ਵਿੱਚ ਰਲ ਗਏ ਹਨ ਆਪਣੀ ਪੜ੍ਹਾਈ ਨੂੰ ਤਲਾਂਜਲੀ ਦੇ ਕੇ ਤੇ ਹੁਣ ਉਹ ਤਿੰਨੋ ਗੁਪਤਵਾਸ ਹਨ, ਤੀਜਾ ਵਿਦਿਆਰਥੀ ਇਕਬਾਲ ਖਾਨ 1968 ਦੀ ਲੁਧਿਆਣੇ ਵਾਲੀ ਹੜਤਾਲ ਵੇਲੇ ਬਸ ਸਾੜਨ ਦੇ ਕੇਸ ਵਿੱਚ ਪੁਲਸ ਨੇ ਕੇਸ ਬਣਾ ਕੇ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਇਹ ਸੁਣ ਕੇ ਦਰਸ਼ਨ ਬਾਗ਼ੀ ਦੇ ਪੈਰਾਂ ਹੇਠੋਂ ਜਿਵੇਂ ਧਰਤੀ ਖਿਸਕ ਗਈ ਹੋਵੇ ਤੇ ਚਾਹ ਦਾ ਭਰਿਆ ਘੁੱਟ ਜਿਵੇਂ ਗਲੇ ਵਿੱਚ ਹੀ ਰਹਿ ਗਿਆ ਹੋਵੇ ਤੇ ਉਸ ਨੂੰ ਹੁੱਥੂ ਆ ਗਿਆ ਸੀ ਤੇ ਇਹ ਵਿਚਾਰ ਬਿਜਲੀ ਦੇ ਕਰੰਟ ਵਾਂਗ ਉਸ ਦੇ ਦਿਮਾਗ਼ ਵਿੱਚੋਂ ਗੁਜ਼ਰ ਗਿਆ ਕਿ, "ਨਕਸਲਾਈਟ ਲਹਿਰ ਸੈਕਟੇਰੀਅਨ ਖੱਬਾ ਮੋੜ ਮੁੜ ਗਈ ਹੈ ਤੇ ਸਿੱਟੇ ਭਿਆਨਕ ਹੋਣਗੇ।" ਇਸ ਮਾੜੀ ਖ਼ਬਰ ਦੇ ਸਦਮੇ ਤੋਂ ਸੰਭਲ ਕੇ ਦਰਸ਼ਨ ਬਾਗ਼ੀ ਨੇ ਆਪਣਾ ਪਤਾ ਲਿਖ ਕੇ ਜਤਿੰਦਰ ਸਿੰਘ ਨੂੰ ਦਿਤਾ ਕਿ ਜੇ ਦਰਸ਼ਨ ਖਟਕੜ ਨਾਲ ਮੇਲ ਹੋ ਜਾਵੇ ਤਾਂ ਉਸ ਨੂੰ ਕਹਿਣਾ ਕਿ ਓਹ ਦਰਸ਼ਨ ਬਾਗ਼ੀ ਨੂੰ ਮਿਲਣ ਦਾ ਯਤਨ ਕਰੇ। ਇਹ ਕਹਿ ਕੇ ਉਸ ਨੇ ਓਨਾ ਵਿਦਿਆਰਥੀਆਂ ਤੋਂ ਛੁੱਟੀ ਲਈ ਕਿ ਉਸ ਨੇ ਅੰਮ੍ਰਿਤਸਰ ਪੀ.ਐਸ.ਯੂ. ਦੇ ਸੀਨੀਅਰ ਵਾਈਸ ਪਰੈਜ਼ੀਡੈਂਟ ਸੁਰਿੰਦਰ ਸਿੰਘ ਚਾਹਲ ਨੂੰ ਅੱਜ ਹੀ ਮਿਲਣਾ ਹੈ।

ਸਿੱਖ ਨੈਸ਼ਨਲ ਕਾਲਜ ਦੇ ਓਨਾਂ ਵਿਦਿਆਰਥੀਆਂ ਤੋਂ ਵਿਦਾਇਗੀ ਬੜੀ ਜਜ਼ਬਾਤੀ ਤੇ ਭਾਵੁਕ ਸੀ ਕਿਉਂਕਿ ਓਨਾ ਨਿੱਘ, ਸਤਿਕਾਰ ਤੇ ਪੀ.ਐਸ.ਯੂ. ਲਈ



ਬੜੀ ਲਗਨ ਦਾ ਪ੍ਰਗਟਾਵਾ ਕੀਤਾ ਸੀ। ਆਖ਼ਿਰ ਦਰਸ਼ਨ ਖਟਕੜ ਤੇ ਉਸ ਦੇ ਸਾਥੀਆਂ ਦੀ ਦੁਖਦਾਈ ਖ਼ਬਰ ਦਾ ਭਾਰ ਚੁੱਕੀ ਆਪਣੇ ਪੈਰਾਂ ਨੂੰ ਘੜੀਸਦੇ ਹੋਏ ਕਾਲਜ 'ਚੋਂ ਬਾਹਰ ਆ ਕੇ ਬੱਸ ਅੱਡੇ ਤੋਂ ਬੱਸ ਫੜੀ।

## ਫਿਰ ਨੱਠਿਆ ਟਾਂਗਰੇ ਸੁਰਿੰਦਰ ਸਿੰਘ ਚਾਹਲ ਲਈ

ਪਿੰਡ ਟਾਂਗਰੇ ਪੁੱਜਾ ਤੇ ਉਸ ਘਰ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਜਿਥੇ ਸੁਰਿੰਦਰ ਚਾਹਲ ਆਪਣੀ ਪਤਨੀ ਪਰਗਟ ਨਾਲ ਰਹਿ ਰਿਹਾ ਸੀ ਤੇ ਇਹ ਉਹ ਘਰ ਸੀ ਜਿੱਥੇ ਦਰਸ਼ਨ ਬਾਗ਼ੀ ਤੇ ਭੂਪਿੰਦਰ ਸਿੰਘ ਨੇ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਅਨੇਕਾਂ ਸਕੂਲ ਲਾਏ ਸਨ। ਦਰਵਾਜ਼ੇ ਤੇ ਕਈ ਵਾਰੀ ਦਸਤਕ ਦਿੱਤੀ ਪਰ ਅੰਦਰੋਂ ਕੋਈ ਉਤਰ ਨਾ ਆਇਆ ਤੇ ਅਖ਼ੀਰ ਗੁਆਂਢੀ ਨੇ ਆਪਣਾ ਦਰਵਾਜ਼ਾ ਖੋਲਿਆ ਤੇ ਦੱਸਿਆ ਕਿ ਇਸ ਘਰ ਵਾਲੇ ਕਿਤੇ ਗਏ ਹੋਏ ਹਨ ਤੇ ਪਤਾ ਨਹੀਂ ਉਹ ਕਦੋਂ ਵਾਪਸ ਮੁੜਣਗੇ। ਦਰਸ਼ਨ ਬਾਗ਼ੀ ਨੇ ਉਦਾਸ ਮਨ ਨਾਲ ਵੱਡਾ ਸਾਰਾ ਹੌਕਾ ਲਿਆ ਤੇ ਸੁਰਿੰਦਰ ਚਾਹਲ ਦੇ ਘਰ ਅੱਗੋਂ ਚੱਲ ਕੇ ਬੱਸ ਅੱਡੇ ਤੋਂ ਬੱਸ ਫੜ ਕੇ ਲੁਧਿਆਣੇ ਪੁੱਜਾ ਤੇ ਲੁਧਿਆਣੇ ਤੋਂ ਆਖਰੀ ਬੱਸ ਲੈ ਕੇ ਨਾਭੇ ਬੋੜਾਂਵਾਲੇ ਦਰਵਾਜ਼ੇ ਬੱਸ ਤੋਂ ਉਤਰ ਕੇ ਪੈਦਲ ਹੀ ਲੇਟ ਰਾਤ ਨੂੰ 2 ਦਿਨਾਂ ਦੀ ਅਸਫ਼ਲ ਘਾਲਣਾ ਮਗਰੋਂ ਪਿੰਡ ਬੀਬੜੀ ਮੁੜਿਆ।

ਸਾਰੀ ਰਾਤ ਉਹ ਉਸਲਵੱਟੇ ਲੈਂਦਾ ਰਿਹਾ, ਪੀ.ਐਸ.ਯੂ. ਉਸ ਦੇ ਦਿਲੋ-ਦਿਮਾਗ਼ ਵਿੱਚ ਘੁੰਮਦੀ ਰਹੀ, 1966 ਤੋਂ ਲੈ ਕੇ 1968 ਤਕ ਦੀ ਘਾਲਣਾ ਨਾਲ ਪੰਜਾਬ ਵਿੱਚ ਵਿਦਿਆਰਥੀਆਂ ਦੀ ਇਕ ਸ਼ਕਤੀਸ਼ਾਲੀ ਜੱਥੇਬੰਦੀ (ਪੰਜਾਬ ਸਟੂਡੈਂਟਸ ਯੂਨੀਅਨ) ਦੀ ਉਸਾਰੀ ਜਿਸ ਨੇ ਪੰਜਾਬ ਦੇ ਵਿਦਿਆਰਥੀਆਂ ਦੇ ਮਹਾਨ ਸੰਘਰਸ਼ ਲੜੇ ਤੇ ਵਿਦਿਆਰਥੀ ਸ਼ਕਤੀ ਅੱਗੇ ਪੰਜਾਬ ਸਰਕਾਰ ਦੇ ਸਿੰਘਾਸਨ ਨੇ ਅਖ਼ੀਰ ਸੀਸ ਨਿਵਾਏ ਸਨ ਤੇ ਅੱਜ ਸੈਕਟੇਰੀਅਨ ਖੱਬੀ ਰਾਜਨੀਤੀ ਕਾਰਨ ਉਸ ਮਹਾਨ ਜੱਥੇਬੰਦੀ ਦਾ ਵਜੂਦ ਹੀ ਗ਼ਾਇਬ ਹੋ ਰਿਹਾ ਹੈ, ਇਨਾਂ ਹੀ ਸੋਚਾਂ ਵਿੱਚ ਉਸ ਨੇ ਜਾਗੋ ਮੀਟੀ ਵਿੱਚ ਰਾਤ ਲੰਘਾਈ। ਅਗਲੀ ਸਵੇਰ ਉਹ ਕਾਹਲੀ ਵਿੱਚ ਤਿਆਰ ਹੋ ਗਿਆ ਤੇ ਜਦੋਂ ਮਾਂ ਤੇ ਭਰਾਵਾਂ ਨੇ ਉਤਸੁਕਤਾ ਨਾਲ ਪੁੱਛਿਆ ਕਿ ਅਜੇ ਰਾਤ ਤਾਂ ਆਇਆ ਸੀ। ਆਵਾਂਗਾ ਕਹਿ ਕੇ ਆਪਣੇ ਪੁੱਤਰ ਤੇ ਧੀ ਦੇ ਨਾਲ ਹੀ ਨਾਭੇ ਪੁੱਜਾ ਤੇ ਪਟਿਆਲੇ ਜਾਣ ਵਾਲੀ ਬੱਸ ਦੀ ਟਿਕਟ ਲੈ ਕੇ ਚੁੱਪ-ਚਾਪ ਆਪਣੀ ਸੀਟ 'ਤੇ ਬੈਠ ਗਿਆ ਤੇ ਸਾਰੇ ਰਾਹ ਉਸ ਦੀਆਂ ਅੱਖਾਂ ਅੱਗੇ ਇੰਦਰਜੀਤ ਬਿੱਟੂ ਦਾ ਪਿਆਰਾ ਜਿਹਾ ਹੱਸਮੁਖ ਚਿਹਰਾ ਆਣ ਖਲੋਤਾ ਤੇ ਤਿੰਨ ਕੁ ਘੰਟਿਆਂ ਮਗਰੋਂ ਦਰਸ਼ਨ ਬਾਗ਼ੀ ਇੰਦਰਜੀਤ ਬਿੱਟੂ ਨਾਲ ਪੰਜਾਬੀ ਯੂਨੀਵਰਸਟੀ ਵਿੱਚ ਬਗ਼ਲਗੀਰ



ਸੀ। ਰਿਹਾ ਹੋਣ ਮਗਰੋਂ ਪਹਿਲੀ ਮਿਲਣੀ ਸੀ, ਦੋਹਾਂ ਸਾਥੀਆਂ ਨੇ ਇਸ ਜੁਦਾਈ 'ਤੇ ਦੁੱਖ ਪ੍ਰਗਟ ਕੀਤਾ ਤੇ ਇਸ ਦੁੱਖ-ਸੁੱਖ ਮਗਰੋਂ ਦਰਸ਼ਨ ਬਾਗ਼ੀ ਆਪਣੇ ਪਿੰਡ ਮੁੜ ਆਇਆ।

## ਹਾਕਮ ਸਮਾਉਂ, ਬੈਰਾਗੀ ਤੇ ਹਲਵਾਰਵੀ ਨਾਲ ਮੀਟਿੰਗ

ਇੰਦਰਜੀਤ ਸਿੰਘ ਬਿੱਟੂ ਨੂੰ ਮਿਲਣ ਤੋਂ ਇੱਕ ਹਫਤਾ ਮਗਰੋਂ ਕੋਈ ਗਿਆਰਾਂ ਕੁ ਵਜੇ ਸਵੇਰ ਦੇ ਕੁਲਦੀਪ ਸਿੰਘ ਹਾਂਸਰਾ ਤੇ ਸਰਬਣ ਸੈਣੀ, ਦਰਸ਼ਨ ਬਾਗ਼ੀ ਦੇ ਪਿੰਡ ਆਏ ਤੇ ਆਣ ਕੇ ਕਿਹਾ ਕਿ ਦਰਸ਼ਨ ਬਾਗ਼ੀ ਨੂੰ ਪਾਰਟੀ ਨੇ ਸੱਦਿਆ ਹੈ। ਦਰਸ਼ਨ ਬਾਗ਼ੀ ਤੁਰਤ ਹੀ ਤਿਆਰ ਹੋ ਕੇ ਓਨਾਂ ਦੇ ਨਾਲ ਚੱਲ ਪਿਆ ਤੇ ਸਾਰੇ ਰਾਹ ਪਾਰਟੀ ਤੇ ਜੇਲ੍ਹ ਦੇ ਜੀਵਨ ਦੀਆਂ ਗੱਲਾਂ ਚਲਦੀਆਂ ਰਹੀਆਂ। ਕੁਲਦੀਪ ਹਾਂਸਰੇ ਨੇ ਕਿਹਾ ਕਿ ਉਹ ਪਾਰਟੀ ਦਾ ਕੁਲਵਕਤੀ ਸਰਗਰਮ ਮੈਂਬਰ ਬਣ ਗਿਆ ਹੈ। ਜਿਸ ਟਿਕਾਣੇ 'ਤੇ ਲੁਧਿਆਣੇ ਪਹੁੰਚੇ ਉਥੇ ਅੱਗੋਂ ਹਰਭਜਨ ਹਲਵਾਰਵੀ ਨੇ ਕਲਾਵੇ ਵਿੱਚ ਲੈ ਕੇ ਦਰਸ਼ਨ ਬਾਗ਼ੀ ਦਾ ਸੁਆਗਤ ਕੀਤਾ ਤੇ ਕਿਹਾ ਚੱਲ ਫਿਰ ਕਾਮ੍ਰੇਡ ਚਲੀਏ। ਅੱਗੇ ਦਰਸਨ ਬਾਗ਼ੀ ਨੂੰ ਦੱਸਦਾ ਗਿਆ ਕਿ ਕੁਲਵਕਤੀ ਪਾਰਟੀ ਵਿੱਚ ਆਉਣ ਮਗਰੋਂ ਪਾਰਟੀ ਨੇ ਉਸ ਨੂੰ ਵਿਦਿਆਰਥੀ ਮੁਹਾਜ 'ਤੇ ਲਾਇਆ ਹੈ। ਫਿਰ ਬਸ ਤੋਂ ਉਤਰ ਕੇ 4-5 ਕਿਲੋਮੀਟਰ ਪੈਦਲ ਤੁਰ ਕੇ ਹਨੇਰੇ ਵਿੱਚ ਕਿਸੇ ਪਿੰਡ ਪੁੱਜੇ ਤੇ ਸਾਡੇ ਪਹੁੰਚਣ ਤੋਂ ਪਹਿਲਾਂ ਪਿੰਡ ਦੇ ਬਾਹਰਲੇ ਪਾਸੇ ਇਕ ਮਕਾਨ ਵਿੱਚ ਬਾਬੂ ਰਾਮ ਬੈਰਾਗੀ, ਹਾਕਮ ਸਿੰਘ ਸਮਾਉਂ ਪਹਿਲਾਂ ਹੀ ਹਾਜ਼ਰ ਸਨ, ਓਨਾਂ ਦੋਹਾਂ ਉਸ ਮਕਾਨ ਤੇ ਦਰਸ਼ਨ ਬਾਗ਼ੀ ਦੀ ਚੰਗੀ ਆਓ ਭਗਤ ਕੀਤੀ, ਗੱਲਵਕੜੀਆਂ ਪਾ ਕੇ ਮਿਲੇ। ਬਾਬੂ ਰਾਮ ਬੈਰਾਗੀ ਨੇ ਮੀਟਿੰਗ ਸ਼ੁਰੂ ਕੀਤੀ ਤੇ ਦਰਸ਼ਨ ਬਾਗ਼ੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਲ ਇੰਡੀਆ ਕੁਆਰਡੀਨੇਸ਼ਨ ਕਮੇਟੀ ਆਫ਼ ਕਮਿਊਨਿਸਟ ਰੈਵੋਲੂਸ਼ਨਰੀਜ਼ (AICCCR) ਵਿੱਚ ਫੁੱਟ ਪੈ ਚੁੱਕੀ ਹੈ, ਨਾਗੀ ਰੈਡੀ ਬਾਹਰ ਨਿਕਲ ਗਿਆ ਹੈ ਤੇ ਪ੍ਰੋਫੈਸਰ ਹਰਭਜਨ ਸੋਹੀ ਗਰੁਪ ਨਾਗੀ ਰੈਡੀ ਨਾਲ ਮਿਲ ਗਿਆ ਹੈ। ਪੰਜਾਬ ਦੀ ਕੁਆਰਡੀਨੇਸ਼ਨ ਕਮੇਟੀ ਵਿੱਚ ਫੁੱਟ ਪੈ ਚੁਕੀ ਹੈ। ਜਗਜੀਤ ਸਿੰਘ ਸੋਹਲ, ਦਇਆ ਸਿੰਘ ਤੇ ਬਾਬਾ ਬੂਝਾ ਸਿੰਘ ਦਾ ਗਰੁੱਪ ਹੈ। ਬਹੁਗਿਣਤੀ ਸਾਡੇ ਕੋਲ ਹੈ ਪਰ ਸੈਂਟਰ ਮਾਨਤਾ ਜਗਜੀਤ ਸੋਹਲ ਤੇ ਦਇਆ ਸਿੰਘ ਨੂੰ ਦੇ ਰਿਹਾ ਹੈ। ਬਾਬੂ ਰਾਮ ਬੈਰਾਗੀ ਤੇ ਹਾਕਮ ਸਿੰਘ ਸਮਾਉਂ ਨੇ ਦਰਸ਼ਨ ਬਾਗ਼ੀ ਨੂੰ ਕਿਹਾ ਕਿ ਉਹ ਓਨਾਂ ਦੇ ਗਰੁਪ ਨਾਲ ਰਲੇ ਤੇ ਹਰਭੰਜਨ ਹਲਵਾਰਵੀ ਨੇ ਵੀ ਬੜੇ ਜ਼ੋਰ ਨਾਲ ਕਿਹਾ ਕਿ ਦਰਸ਼ਨ ਬਾਗ਼ੀ ਓਨਾਂ ਦੇ ਗਰੁੱਪ ਦਾਂ ਅੰਗ ਬਣੇ। ਬਾਬੂ ਰਾਮ ਬੈਰਾਗੀ ਤੇ ਹਾਕਮ ਸਿੰਘ ਸਮਾਉਂ ਨੇ ਕਿਹਾ ਓਨਾਂ ਦੇ ਗਰੁੱਪ ਨੇ ਸੈਂਟਰ (AICCCR)) ਦੀ ਜਮਾਤੀ



ਦੁਸ਼ਮਨਾਂ ਦੇ ਸਫਾਏ ਦੀ ਰਾਜਸੀ ਨੀਤੀ ਲਾਗੂ ਕੀਤੀ ਹੋਈ ਹੈ ਤੇ ਓਹ ਇਸ ਨੀਤੀ ਨੂੰ ਠੀਕ ਮੰਨਦੇ ਹਨ। ਇਹ ਜਮਾਤੀ ਦੁਸ਼ਮਨਾਂ ਦੇ ਸਫਾਏ ਦੀ ਨੀਤੀ, ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਨੂੰ ਤਿਲਾਂਜਲੀ ਦੇਣਾ ਕੀ ਇਹ ਮਾਓ ਵਿਚਾਰਧਾਰਾ ਹੈ ? ਇਸ 'ਤੇ ਗੰਭੀਰ ਵਿਚਾਰ ਹੋਈ।

# ਜਗਜੀਤ ਸੋਹਲ, ਦਇਆ ਸਿੰਘ ਤੇ ਦਰਸ਼ਨ ਬਾਗ਼ੀ ਦੀ ਮੀਟਿੰਗ

ਇਸ ਮੀਟਿੰਗ ਤੋਂ ਇਕ ਹਫਤਾ ਮਗਰੋਂ ਨਾਭੇ ਤੋਂ ਇਕ ਜਾਣਕਾਰ ਵਕੀਲ ਨੇ ਦਰਸ਼ਨ ਬਾਗ਼ੀ ਨੂੰ ਆਣ ਕੇ ਸੁਨੇਹਾ ਦਿੱਤਾ ਕਿ ਦਇਆ ਸਿੰਘ ਉਸ ਨੂੰ ਮਿਲਨਾ ਚਾਹੁੰਦਾ ਹੈ। ਉਸੇ ਰਾਤ ਨਿਸ਼ਚਤ ਥਾਂ 'ਤੇ ਦਰਸ਼ਨ ਬਾਗ਼ੀ ਤੇ ਦਇਆ ਸਿੰਘ ਨਾਭੇ ਮਿਲੇ ਤੇ ਦਇਆ ਸਿੰਘ ਨੇ ਹੀ ਬਾਬੂ ਰਾਮ ਬੈਰਾਗੀ ਵਾਂਗ ਮੀਟਿੰਗ ਅਰੰਭ ਕੀਤੀ ਕਿ (AICCCR) ਵਿੱਚ ਫੁਟ ਪੈ ਚੁਕੀ ਹੈ, ਨਾਗੀ ਰੈਡੀ ਅੱਡ ਹੋ ਗਿਆ ਹੈ, ਪ੍ਰੋਫੈਸਰ ਹਰਭਜਨ ਸਿੰਘ ਸੋਹੀ ਦਾ ਗਰੁਪ ਨਾਗੀ ਰੈਡੀ ਨਾਲ ਮਿਲ ਗਿਆ ਹੈ। ਹਾਕਮ ਸਿੰਘ ਸਮਾਉਂ ਤੇ ਬਾਬੂ ਰਾਮ ਬੈਰਾਗੀ ਹੁਰਾਂ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਹੈ ਤੇ ਓਨਾਂ ਨੇ ਆਪਣੀ ਅੱਡ ਕਮੇਟੀ ਬਣਾ ਲਈ ਹੈ ਪਰ ਸੈਂਟਰ ਪੰਜਾਬ ਦੀ ਮੁੱਢਲੀ ਕਮੇਟੀ ਨੂੰ ਹੀ ਮਾਨਤਾ ਦਿੰਦਾ ਹੈ। ਦਰਸ਼ਨ ਬਾਗ਼ੀ ਤੇ ਦਇਆ ਸਿੰਘ ਵਿਚਕਾਰ ਨਕਸਲਾਈਟ ਪਾਰਟੀ ਦੀ ਜਮਾਤੀ ਦੁਸ਼ਮਨਾਂ ਦੇ ਸਫਾਏ ਦੀ ਨੀਤੀ, ਜਨਤਕ ਸੰਘਰਸ਼ ਤੇ ਜਨਤਕ ਜੱਥੇਬੰਦੀਆਂ ਦਾ ਬਾਈਕਾਟ ਤੇ ਕੀ ਇਹ ਮਾਓ ਵਿਚਾਰਧਾਰਾ ਹੈ? ਇਸ 'ਤੇ ਡੂੰਘੀ ਵਿਚਾਰ ਹੋਈ।

### ਦਰਸ਼ਨ ਬਾਗ਼ੀ ਤੇ ਜਗਜੀਤ ਸਿੰਘ ਸੋਹਲ ਦੀ ਮੀਟਿੰਗ

ਇਹ ਮੀਟਿੰਗ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿੱਚ ਹੋਈ ਤੇ ਇਹ ਮੀਟਿੰਗ ਦਰਸ਼ਨ ਬਾਗ਼ੀ ਨੇ ਅਰੰਭ ਕੀਤੀ ਤੇ ਦੱਸਿਆ ਕਿ ਓਹ ਦਇਆ ਸਿੰਘ ਤੇ ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ ਤੇ ਹਰਭਜਨ ਹਲਵਾਰਵੀ ਨੂੰ ਮਿਲ ਚੁਕਾ ਹੈ ਤੇ ਨਕਸਲਾਈਟ ਪਾਰਟੀ ਵਿੱਚ ਫੁਟ ਤੇ ਨਵੀਂ ਗਰੁੱਪਬੰਦੀ ਤੋਂ ਜਾਣੂ ਹੈ। ਦੋਹਾਂ ਵਿੱਚ ਇਸ ਮਸਲੇ ਤੇ ਕਿ ਇਕ ਅਰਧ-ਬਸਤੀਵਾਦੀ ਤੇ ਅਰਧ-ਜਾਗੀਰੂ ਦੇਸ਼ ਵਿੱਚ ਗੁਰੀਲਾ ਲੜਾਈ ਹੀ ਇਕੋ ਇਕ ਤਰੀਕਾ ਹੈ, ਜਮਾਤੀ ਦੁਸ਼ਮਨਾਂ ਦੇ ਸਫਾਏ ਦੀ ਨੀਤੀ, ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਦਾ ਬਾਈਕਾਟ ਕੀ ਇਹ ਮਾਓ ਵਿਚਾਰਧਾਰਾ ਹੈ, ਉੱਪਰ ਬਹਿਸ ਹੋਈ।

ਇਨਾਂ ਉਪਰਲੀਆਂ ਤਿੰਨਾਂ ਮੀਟਿੰਗਾਂ ਵਿੱਚ, ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ, ਹਰਭਜਨ ਹਲਵਾਰਵੀ, ਦਇਆ ਸਿੰਘ ਤੇ ਜਗਜੀਤ ਸਿੰਘ ਸੋਹਲ



ਨੇ ਕਿਹਾ ਕਿ AICCCR ਦੀ ਰਾਜਸੀ ਨੀਤੀ ਅਨੁਸਾਰ ਭਾਰਤ ਵਰਗੇ ਅਰਧ ਬਸਤੀਵਾਦ, ਅਰਧ-ਜਗੀਰੂ ਦੇਸ਼ ਵਿੱਚ ਜਮਾਤੀ ਦੁਸ਼ਮਨਾਂ ਦਾ ਸਫਾਇਆ ਤੇ ਗੁਰੀਲਾ ਯੁੱਧ ਹੀ ਇੱਕੋ-ਇੱਕ ਯੁੱਧਨੀਤੀ ਹੈ ਤੇ ਲੜਾਈ ਤੇ ਹੋਰ ਤਰੀਕੇ ਜਿਵੇਂ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਬੇਲੋੜੇ ਹਨ ਤੇ ਭਾਰਤ ਦੇ ਵਰਤਮਾਨ ਹਾਲਾਤ ਵਿੱਚ ਅਸੀਂ ਇਸ ਨੀਤੀ ਨੂੰ ਠੀਕ ਮੰਨਦੇ ਹਾਂ ਤੇ ਇਹ ਮਾਓ ਵਿਚਾਰਧਾਰਾ ਦੇ ਅਨੁਕੂਲ ਹੈ ਤੇ ਸੈਂਟਰ ਦੀ ਇਸ ਨੀਤੀ ਨੂੰ ਅਸੀਂ ਅਪਨਾਇਆ ਹੋਇਆ ਹੈ।

ਦਰਸ਼ਨ ਬਾਗ਼ੀ ਦੀ ਦਲੀਲ ਸੀ ਕਿ ਅਸਲ ਵਿੱਚ AICCCR ਦੀ ਯੁੱਧਨੀਤੀ ਚਾਰੂ ਮਜ਼ੂਮਦਾਰ ਦੀ ਨੀਤੀ ਹੈ ਤੇ ਮਾਓ ਵਿਚਾਰਧਾਰਾ ਇਸ ਦੇ ਬਿਲਕੁਲ ਉਲਟ ਹੈ "ਇਕ ਅਰਧ-ਬਸਤੀਵਾਦ ਤੇ ਅਰਧ ਜਗੀਰੂ ਦੇਸ਼ ਵਿੱਚ ਹਥਿਆਰਬੰਦ ਲੜਾਈ ਮੁੱਖ ਲੜਾਈ ਦਾ ਤਰੀਕਾ ਹੁੰਦਾ ਹੈ ਤੇ ਫੌਜ ਮੁੱਖ ਜੱਥੇਬੰਦੀ ਹੁੰਦੀ ਹੈ, ਪਰ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਬਹੁਤ ਜ਼ਰੂਰੀ ਹਨ। ਅਸਲ ਵਿੱਚ ਇਨਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਤੇ ਇਹ ਕਿਸੇ ਵੀ ਹਾਲਤ ਵਿੱਚ ਅੱਖੋਂ ਪਰੋਖੇ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। (ਮਾਓ ਜ਼ੇ ਤੁੰਗ - ਲੜਾਈ ਤੇ ਨੀਤੀ ਦੇ ਮਸਲੇ)

ਹਥਿਆਰਬੰਦ ਲੜਾਈ ਤੇ ਜ਼ੋਰ ਦੇਣ ਦਾ ਅਰਥ ਇਹ ਨਹੀਂ ਕਿ ਦੂਜੀ ਕਿਸਮ ਦੇ ਸੰਘਰਸ਼ਾਂ ਨੂੰ ਤਿਆਗ ਦਿੱਤਾ ਜਾਵੇ, ਅਸਲ ਵਿੱਚ ਦੂਜੀ ਕਿਸਮ ਦੇ ਸੰਘਰਸ਼ਾਂ ਬਿਨਾਂ ਹਥਿਆਰਬੰਦ ਲੜਾਈ ਜਿੱਤੀ ਹੀ ਨਹੀਂ ਜਾ ਸਕਦੀ। (ਚੀਨ ਦਾ ਇਨਕਲਾਬ ਅਤੇ ਕਮਿਊਨਿਸਟ ਪਾਰਟੀ, ਜਿਲਦ-1 ਪੰਨਾ; 317)

ਜੇ ਅਸੀਂ ਲੋਕਾਂ ਨੂੰ ਲੜਾਈ ਲਈ ਹੀ ਉਭਾਰਦੇ ਰਹੀਏ ਤੇ ਹੋਰ ਕੁੱਝ ਨਾ ਕਰੀਏ ਤਾਂ ਕੀ ਅਸੀਂ ਦੁਸ਼ਮਨ ਉਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ? ਬਿਲਕੁਲ ਨਹੀਂ। (ਮਾਓ ਜ਼ੇ ਤੁੰਗ, ਲੋਕਾਂ ਲਈ ਚਿੰਤਾਜਨਕ ਰਹੋ ਅਤੇ ਕੰਮ ਕਰਨ ਦੇ ਤਰੀਕੇ, ਜਿਲਦ-1 ਪੰਨਾ 147-148)

# ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਤਿਆਗਣ ਦੇ ਸਿੱਟੇ

1. ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਜਨਤਾ ਤੇ ਪਾਰਟੀ ਵਿੱਚ ਇਕ ਨਰੋਆ ਰਿਸ਼ਤਾ ਕਾਇਮ ਕਰਦੇ ਹਨ।
2. ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ ਰਾਜਸੀ ਚੇਤਨਤਾ ਦਾ ਵਿਕਾਸ ਕਰਦੇ ਹਨ।
3. ਲੋਕਾਂ ਨੂੰ ਸੰਘਰਸ਼ ਰਾਹੀਂ ਤਿਆਰ ਕਰਦੇ ਹਨ।
4. ਜਨਤਕ ਜੱਥੇਬੰਦੀਆਂ ਜਾਂ ਜਨਤਕ ਸੰਘਰਸ਼ ਸੋਧਵਾਦ, ਆਰਥਿਕਵਾਦ ਜਾਂ ਗੋਡੇ ਟੇਕੂ ਰੁਚੀਆਂ ਦੇ ਸਰੋਤ ਨਹੀਂ ਹਨ, ਇਹਨਾਂ ਦਾ ਠੀਕ ਜਾਂ ਗ਼ਲਤ ਹੋਣਾ ਸਿਧਾਂਤਕ ਤੇ ਰਾਜਸੀ ਨੀਤੀ ਦਾ ਸਿੱਟਾ ਹੁੰਦਾ ਹੈ।
5. ਜਨਤਕ ਨੀਤੀ (ਜਨਤਕ ਲਾਈਨ) ਪਾਰਟੀ ਦੀ ਜ਼ਿੰਦਗੀ ਹੈ। ਜਨਤਕ ਲਾਈਨ ਤੋਂ ਬਿਨਾਂ ਪਾਰਟੀ ਖੱਬੀ ਸੈਕਟੇਰੀਅਨਇਜ਼ਮ ਦਾ ਸ਼ਿਕਾਰ ਹੋ ਜਾਂਦੀ ਹੈ। (ਮਾਓ ਜ਼ੇ ਤੁੰਗ, ਚੀਨ ਦੀ 10ਵੀਂ ਕਾਂਗਰਸ ਨੂੰ ਰਿਪੋਰਟ)
6. ਲੈਨਿਨ ਦੇ ਸ਼ਬਦਾਂ ਵਿੱਚ ਜਨਤਕ ਨੀਤੀ (ਜਨਤਕ ਲਾਈਨ) ਦੇ ਅਧੀਨ ਪਾਰਟੀ ਲੋਕਾਂ ਦੀ ਸੇਵਾ ਕਰਨ ਲਈ ਲੋਕਾਂ ਨੂੰ ਹੌਲੀ ਹੌਲੀ ਇਨਕਲਾਬ ਲਈ ਤਿਆਰ ਕਰਦੀ ਹੈ ਤੇ ਫਿਰ ਲੋਕ, ਜਨਤਕ ਨੀਤੀ (ਜਨਤਕ ਲਾਈਨ) ਰਾਹੀਂ ਇਨਕਲਾਬ ਲਈ ਆਪਣੇ ਹਿੱਤ ਜ਼ਾਹਰ ਕਰਦੇ ਹਨ ਤੇ ਹਿਰਾਵਲ ਦਸਤੇ ਵਿੱਚ ਢਲਦੇ ਹਨ। (Fundamentals of Marxisim and Leninism, P 419-420)

ਵਰਤਮਾਨ ਯੁੱਧਨੀਤੀ ਲਿਨ ਪਿਆਓ ਦੀ ਯੁੱਧਨੀਤੀ 'ਤੇ ਅਧਾਰਿਤ ਹੈ ਜਿਸ ਅਨੁਸਾਰ ਗੁਰੀਲਾ ਲੜਾਈ ਹੀ ਇਕੋ ਇੱਕ ਢੁਕਵੀਂ ਯੁੱਧਨੀਤੀ ਹੈ। ਜਨਤਕ ਜੱਥੇਬੰਦੀਆਂ ਤੇ ਜਨਤਕ ਲਹਿਰਾਂ ਆਰਥਿਕਵਾਦ ਤੇ ਸੋਧਵਾਦ ਵੱਲ ਲਿਜਾਂਦੀਆਂ ਹਨ ਇਸ ਲਈ ਦੂਜੀ ਕਿਸਮ ਦੇ ਸਾਰੇ ਸੰਘਰਸ਼ਾਂ ਨੂੰ ਤਿਆਗ ਦੇਣਾ ਚਾਹੀਦਾ ਹੈ।

ਮਈ 1967 ਵਿੱਚ ਨਕਸਲਬਾੜੀ ਦੀ ਸਿਰਜਨਾ ਲੋਕਾਂ ਨੇ ਜਨਤਕ ਨੀਤੀ (ਮਾਸ ਲਾਈਨ) ਨੂੰ ਅਪਣਾ ਕੇ ਕੀਤੀ ਸੀ। ਨਕਸਲਬਾੜੀ ਵਿਚਲੀਆਂ ਲੋਕਾਂ ਦੀਆਂ ਸਾਰੀਆਂ ਜਿੱਤਾਂ ਜਨਤਕ ਨੀਤੀ (ਮਾਸ ਲਾਈਨ) ਦੀਆਂ ਜਿੱਤਾਂ ਦਾ ਪ੍ਰਗਟਾ ਸੀ।



ਦਰਸ਼ਨ ਬਾਗ਼ੀ ਨੇ ਇਸ ਖ਼ਤਰੇ ਤੋਂ ਸਾਵਧਾਨ ਕੀਤਾ ਕਿ ਇਸ ਸੈਕਟੇਰੀਅਨ ਖੱਬੀ ਨੀਤੀ ਨਾਲ ਪਾਰਟੀ ਲੋਕਾਂ ਨਾਲੋਂ ਟੁੱਟ ਜਾਵੇਗੀ ਤੇ ਸਰਕਾਰ ਦੇ ਤਸ਼ੱਦਦ ਨਾਲ ਬਹੁਤ ਜਾਨੀ ਨੁਕਸਾਨ ਹੋਵੇਗਾ ਜਿਹੜਾ ਪਹਿਲਾਂ ਹੀ ਸ਼ੁਰੂ ਹੋ ਚੁਕਾ ਸੀ।

ਇਨਾਂ ਉਪਰਲੇ ਸਿਧਾਂਤਕ ਤੇ ਮਾਓ ਵਿਚਾਰਧਾਰਾ ਦੇ ਤੱਥਾਂ ਤੇ ਦਲੀਲਾਂ ਦੇ ਅਧਾਰ 'ਤੇ ਉਪਰਲੀਆਂ ਤਿੰਨਾਂ ਮੀਟਿੰਗਾਂ ਵਿੱਚ ਹਾਜ਼ਰ ਸਾਥੀਆਂ, ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ, ਹਰਭਜਨ ਹਲਵਾਰਵੀ, ਦਇਆ ਸਿੰਘ ਤੇ ਜਗਜੀਤ ਸਿੰਘ ਸੋਹਲ ਨੂੰ ਬੇਨਤੀ ਕੀਤੀ ਕਿ ਸੈਕਟੇਰੀਅਨ ਖੱਬੀ ਨੀਤੀ ਨੂੰ ਛੱਡ ਕੇ ਜਨਤਕ ਨੀਤੀ (ਮਾਸ ਲਾਈਨ) ਨੂੰ ਅਪਨਾਇਆ ਜਾਵੇ ਤੇ ਪਾਰਟੀ ਦੀ ਏਕਤਾ ਦਾ ਯਤਨ ਕੀਤਾ ਜਾਵੇ। ਪਰ ਇਹ ਸਾਰੇ ਸਾਥੀ ਆਪਣੀ ਅਪਣਾਈ ਹੋਈ ਰਾਜਸੀ ਤੇ ਯੁੱਧਨੀਤੀ ਤੇ ਡਟੇ ਰਹੇ ਤੇ ਦਰਸ਼ਨ ਬਾਗ਼ੀ, ਮਾਓ ਦੀ ਦਰਸਾਈ ਜਨਤਕ ਨੀਤੀ (ਮਾਸ ਲਾਈਨ) ਦੀ ਯੁੱਧਨੀਤੀ ਤੇ ਖਲੋਤਾ ਰਿਹਾ ਤੇ ਸਾਰੇ ਫਿਰ ਆਪਣੇ-ਆਪਣੇ ਚੁਣੇ ਰਾਹਾਂ 'ਤੋਂ ਚਲੇ ਗਏ।

## ਹਰਭਜਨ ਸੋਹੀ ਗਰੁੱਪ ਨਾਲ ਤਾਲਮੇਲ

ਪੰਜਾਬ ਕੋਆਰਡੀਨੇਸ਼ਨ ਕਮੇਟੀ ਦੀਆਂ ਮੀਟਿੰਗਾਂ ਵਿੱਚ ਆਮ ਤੌਰ 'ਤੇ ਗੰਭੀਰ ਸਿਧਾਂਤਕ ਮਸਲਿਆਂ 'ਤੇ ਹਰਭਜਨ ਸੋਹੀ ਤੇ ਦਰਸ਼ਨ ਬਾਗ਼ੀ ਦੀ ਸਮਝ ਮਿਲਦੀ ਹੁੰਦੀ ਸੀ। ਮਾਓ ਦੀ ਜਨਤਕ ਨੀਤੀ (ਮਾਸੇ ਲਾਈਨ) 'ਤੇ ਵੀ ਦੋਹਾਂ ਦੀ ਸਮਝ ਮਿਲਦੀ ਸੀ। ਰਿਹਾਈ ਤੋਂ ਮਗਰੋਂ ਬਾਗ਼ੀ ਤੇ ਹਰਭਜਨ ਸੋਹੀ ਦਾ ਮੇਲ ਨਹੀਂ ਸੀ ਹੋਇਆ। ਉੱਪਰਲੀਆਂ ਤਿੰਨਾਂ ਮੀਟਿੰਗਾਂ ਦੀ ਅਸਫ਼ਲਤਾ ਤੋਂ ਜ਼ਖ਼ਮੀ ਹੋਇਆ ਦਰਸ਼ਨ ਬਗ਼ੀ ਆਪਣੇ ਪਿੰਡ ਬੀਂਬੜੀ ਮੁੜ ਆਇਆ ਤੇ ਓਹ ਬੜਾ ਹੈਰਾਨ ਸੀ ਕਿ ਹਰਭਜਨ ਸੋਹੀ ਦੇ ਗਰੁੱਪ ਨੇ ਉਸ ਨਾਲ ਤਾਲਮੇਲ ਕਿਉਂ ਨਹੀਂ ਕੀਤਾ ਜਦੋਂਕਿ ਗੁਰਦਿਆਲ ਸਿੰਘ ਨੂੰ ਦਰਸ਼ਨ ਬਾਗ਼ੀ ਦੇ ਪਿੰਡ ਦਾ ਪੂਰਾ ਪਤਾ ਸੀ। ਆਖ਼ਿਰ ਦਰਸ਼ਨ ਬਾਗ਼ੀ ਨੇ ਜਿਗਰਾ ਕੀਤਾ ਤੇ ਬਠਿੰਡੇ ਉਸ ਥਾਂ ਜਾ ਪੁੱਜਾ ਜਿਹੜਾ ਹਰਭਜਨ ਸੋਹੀ ਦਾ ਪੱਕਾ ਅੱਡਾ ਹੁੰਦਾ ਸੀ, ਕਾਫੀ ਪੀਣ ਦਾ ਤੇ ਚੈੱਸ ਖੇਡਣ ਦਾ। ਚੈੱਸ ਦੀ ਖੇਡ ਵਿੱਚ ਓਹ ਏਨਾ ਖੁੱਭ ਜਾਇਆ ਕਰਦਾ ਸੀ ਕਿ ਜੇ ਇਨਕਲਾਬ ਦਰਵਾਜ਼ੇ ਤੇ ਆ ਕੇ ਦਸਤਕ ਦੇਵੇ ਤੇ ਆਖੇ ਹਰਭਜਨ ਦਰਵਾਜ਼ਾ ਖੋਹਲ ਮੈਂ ਇਨਕਲਾਬ ਆ ਗਿਆ ਹਾਂ, ਤਾਂ ਹਰਭਜਨ ਅੱਗੋਂ ਆਖੇਗਾ, "ਤੂੰ ਜ਼ਰਾ ਠਹਿਰ ਕੇ ਆਵੀਂ ਮੇਰੀ ਚੈੱਸ ਦੀ ਗੇਮ ਅੜੀ ਬੈਠੀ ਹੈ।" ਉਸ ਕਾਫੀ ਹਾਊਸ ਦੇ ਸਾਰੇ ਬੰਦੇ ਹਰਭਜਨ ਸੋਹੀ ਨੂੰ ਪ੍ਰੋਫੈਸਰ ਦੇ ਨਾਂ ਤੋਂ ਹੀ ਜਾਣਦੇ ਸਨ। ਦਰਸ਼ਨ ਬਾਗ਼ੀ ਨੇ ਉਥੇ ਪਹੁੰਚਣ ਅਤੇ ਆਪਣੀ ਜਾਣ-ਪਛਾਣ ਕਰਾਉਣ ਮਗਰੋਂ ਪ੍ਰੋਫੈਸਰ ਬਾਰੇ ਪੁੱਛਿਆ ਤਾਂ ਮਾਲਕ ਨੇ ਕਿਹਾ ਓਹ ਹੁਣ ਲਾਪਤਾ ਹੈ। ਦਰਸ਼ਨ ਬਾਗ਼ੀ ਨੇ ਆਪਣਾ ਨਾਂ ਪਤਾ ਤੇ ਸੰਖੇਪ ਸੁਨੇਹਾ ਦਿੱਤਾ ਕਿ ਉਸ ਨਾਲ ਛੇਤੀ ਤੋਂ ਛੇਤੀ ਤਾਲਮੇਲ ਕੀਤਾ ਜਾਵੇ, ਉਸ ਕੋਲ ਛੱਡ ਦਿੱਤਾ। ਅਗਲੇ ਮਹੀਨੇ ਵਿੱਚ 2 ਵਾਰੀ ਫਿਰ ਓਹ ਹਰਭਜਨ ਸੋਹੀ ਦੇ ਗਰੁੱਪ ਨਾਲ ਤਾਲਮੇਲ ਕਰਨ ਲਈ ਬਠਿੰਡੇ ਗਿਆ ਤੇ ਤੀਜੇ ਗੇੜੇ ਵਿੱਚ ਕਾਫੀ ਸ਼ਾਪ ਦੇ ਮਾਲਕ ਨੇ ਕਿਹਾ ਕਿ ਦਰਸ਼ਨ ਬਾਗ਼ੀ ਦਾ ਸੁਨੇਹਾ ਪਹੁੰਚ ਚੁੱਕਾ ਹੈ ਤੇ ਪਰਾਟੀ ਵਾਲਿਆਂ ਨੇ ਕਿਹਾ ਹੈ ਕਿ ਓਹ ਤਾਲਮੇਲ ਕਰਨਗੇ। ਜਦੋਂ ਕੋਈ ਵੀ ਮਿਲਣ ਨਾ ਆਇਆ ਤਾਂ ਉਸ ਵਿੱਚ ਹਰਭਜਨ ਸੋਹੀ ਗਰੁੱਪ ਲਈ ਬੇਲੋੜਾ ਹੋਣ ਦੀ ਸੋਚ ਜਾਗ ਪਈ ਤੇ ਓਹ ਚੁੱਪ ਹੋ ਕੇ ਘਰ ਉਡੀਕਦਾ ਰਿਹਾ।



## ਇੱਕ ਸਾਲ ਹਿਮਾਚਲ ਵਿੱਚ

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਪੰਜਾਬ ਦੀ ਨਕਸਲਾਈਟ ਲਹਿਰ ਤਿੰਨਾਂ ਗਰੁੱਪਾਂ ਵਿੱਚ ਵੰਡੀ ਗਈ ਸੀ, ਜਗਜੀਤ ਸਿੰਘ ਸੋਹਲ ਤੇ ਦਇਆ ਸਿੰਘ ਗਰੁੱਪ ਜਿਸ ਨੂੰ ਸੈਂਟਰ ਦੀ ਮਾਨਤਾ ਮਿਲੀ ਹੋਈ ਸੀ। ਦੂਜਾ ਗਰੁੱਪ ਹਾਕਮ ਸਿੰਘ ਸਮਾਉਂ ਤੇ ਬਾਬੂ ਰਾਮ ਬੈਰਾਗੀ ਗਰੁੱਪ ਸੀ। ਇਸ ਗਰੁੱਪ ਨੇ ਪਲੈਨਮ ਕਰਕੇ ਪੰਜਾਬ/ਹਿਮਾਚਲ ਕਮੇਟੀ ਬਣਾ ਲਈ ਸੀ ਤੇ ਹਾਕਮ ਸਿੰਘ ਸਮਾਉਂ ਨੂੰ ਸੈਕਟਰੀ ਚੁਣ ਲਿਆ ਸੀ। ਇਹ ਗਰੁੱਪ ਪੰਜਾਬ/ਹਿਮਾਚਲ ਕਮੇਟੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ ਤੇ ਤੀਜਾ ਗਰੁੱਪ ਸੀ ਹਰਭਜਨ ਸਿੰਘ ਸੋਹੀ/ਬਾਣਾ ਸਿੰਘ ਗਰੁਪ ਜਿਹੜਾ ਨਾਗੀ ਰੈਡੀ ਗਰੁੱਪ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਦੇ ਲੱਗਭਗ ਸਾਰੇ ਮਾਰਕਸਵਾਦੀ ਮੇਰੇ ਅਤੇ ਇੰਦਰਜੀਤ ਸਿੰਘ ਬਿੱਟੂ ਤੋਂ ਬਿਨਾਂ, ਜਿਹੜੇ ਪੀ.ਐਸ. ਯੂ. ਦੇ ਸਰਕਰਦਾ ਲੀਡਰ ਸਨ, ਆਪਣੀ ਪੜ੍ਹਾਈ ਛੱਡ ਕੇ ਉਪਰਲੇ ਗਰੁੱਪਾਂ ਵਿੱਚ ਸ਼ਾਮਲ ਹੋ ਚੁਕੇ ਸਨ। ਇਨਾਂ ਤਿੰਨਾਂ ਗਰੁੱਪਾਂ ਦੇ ਲੀਡਰ ਤੇ ਸਾਰੇ ਕੁਲਵਕਤੀ ਮੈਂਬਰ ਗੁਪਤਵਾਸ ਸਨ ਤੇ ਆਮ ਬੰਦੇ ਲਈ ਇਨਾਂ ਨਾਲ ਤਾਲਮੇਲ ਕਰਨਾ ਅਸੰਭਵ ਸੀ।

ਇਸ ਸਾਰੇ ਹਾਲਾਤ ਵਿੱਚ ਦਰਸ਼ਨ ਬਾਗ਼ੀ ਦੇ ਅੰਦਰ ਇਹ ਸੋਚ ਭਾਰੀ ਹੁੰਦੀ ਕਿ ਉਹ ਪੰਜਾਬ ਵਿੱਚ ਇਕੱਲਾ ਰਹਿ ਗਿਆ ਹੈ। ਇਸ ਇਕੱਲੇਪਨ ਦੀ ਸੋਚ ਉਸ ਨੂੰ ਰਾਤ ਭਰ ਸੌਣ ਨਾ ਦਿੰਦੀ ਤੇ ਖ਼ਾਸ ਕਰਕੇ ਇਹ ਸੋਚ ਕਿ ਜੁਲਾਈ 1964 ਤੋਂ ਲੈ ਕੇ ਸਤੰਬਰ 1968 ਤਕ ਦੀ ਘਾਲਣਾ ਨਾਲ, ਜਿਹੜੀ ਦਰਸ਼ਨ ਬਾਗ਼ੀ, ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਵਿਦਿਆਰਥੀਆਂ, ਚੰਡੀਗੜ੍ਹ ਤੇ ਪੰਜਾਬ ਦੇ ਸਮੂਹ ਵਿਦਿਆਰਥੀਆਂ ਦੀ ਸੰਘਰਸ਼ਮਈ ਘਾਲਣਾ ਦਾ ਸਿੱਟਾ ਪੰਜਾਬ ਸਟੂਡੈਂਟਸ ਯੂਨੀਅਨ ਜਿਹੀ ਮਹਾਨ ਜੱਥੇਬੰਦੀ ਹੋਂਦ ਵਿੱਚ ਆਈ ਸੀ, ਅੱਜ ਓਸ ਮਹਾਨ ਸ਼ਕਤੀਸ਼ਾਲੀ ਜੱਥੇਬੰਦੀ ਦੇ ਵਜੂਦ ਦੀ ਹੋਂਦ ਮਿਟ ਰਹੀ ਸੀ। ਇਸ ਸੋਚ ਨਾਲ ਦਰਸ਼ਨ ਬਾਗ਼ੀ ਦਾ ਦਿਲ ਡੁੱਬਣ ਲਗਦਾ, ਉਸ ਦਾ ਮਨ ਕਾਹਲਾ ਪੈਂਦਾ ਤੇ ਓਹ ਕਿਤੇ ਦੂਰ ਨੱਠ ਜਾਣਾ ਚਾਹੁੰਦਾ। ਓਹ ਸੋਚਦਾ ਕਿ ਇਸ ਮਹਾਨ ਸ਼ਕਤੀਸ਼ਾਲੀ ਪੀ.ਐਸ.ਯੂ. ਦੀ ਹੋਂਦ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ। ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ ਤੇ ਦਰਸ਼ਨ ਖਟਕੜ ਗਰੁੱਪ ਤੇ ਜਗਜੀਤ ਸਿੰਘ ਸੋਹਲ,

ਦਇਆ ਸਿੰਘ ਤੇ ਬਾਬਾ ਬੂਝਾ ਸਿੰਘ ਗਰੁੱਪ, ਜਿਹੜੇ ਚਾਰੂ ਲਾਈਨ ਦੇ ਧਾਰਨੀ ਸਨ, ਓਨਾਂ ਲਈ ਪੀ.ਐਸ.ਯੂ. ਜਿਹੀ ਜਨਤਕ ਜੱਥੇਬੰਦੀ ਬੇਲੋੜੀ ਸੀ। ਉਸ ਨੂੰ ਜੇ ਕਿਤੇ ਮੱਧਮ ਜਿਹੀ ਰੌਸ਼ਨੀ ਨਜ਼ਰ ਆਉਂਦੀ ਸੀ ਤਾਂ ਓਹ ਹਰਭਜਨ ਸੋਹੀ/ਥਾਣਾ ਸਿੰਘ ਗਰੁੱਪ ਵਿੱਚੋਂ ਸੀ ਪਰ ਇਸ ਦਾ ਸਪਸ਼ਟੀਕਰਨ, ਮਿਲ ਕੇ ਵਿਚਾਰ ਕਰਨ ਤੋਂ ਮਗਰੋਂ ਹੀ ਹੋ ਸਕਦਾ ਸੀ ਕਿ ਇਸ ਗਰੁਪ ਦੀ ਜਨਤਕ ਜੱਥੇਬੰਦੀਆਂ ਤੇ ਜਨਤਕ ਸੰਘਰਸ਼ਾਂ ਬਾਰੇ ਕੀ ਸੋਚ ਤੇ ਨੀਤੀ ਹੈ। ਪਰ ਇਸ ਗਰੁੱਪ ਵਾਲੇ ਦਰਸ਼ਨ ਬਾਗ਼ੀ ਨੂੰ ਮਿਲਣ ਦਾ ਕੋਈ ਉਪਰਾਲਾ ਹੀ ਨਹੀਂ ਸੀ ਕਰ ਰਹੇ। ਇਹ ਸੋਚ ਵੀ ਉਸ ਨੂੰ ਬਹੁਤ ਉਪਰਾਮ ਕਰਦੀ।

1970 ਦਾ ਸਿਆਲ ਆਖ਼ਰੀ ਦਮਾਂ ਤੇ ਸੀ ਤੇ ਇਕ ਦਿਨ ਬੈਠੇ-ਬੈਠੇ ਦਰਸ਼ਨ ਬਾਗ਼ੀ ਦੇ ਯਾਦਾਂ ਦੇ ਝਰੋਖੇ 'ਚੋਂ ਉਸ ਨੂੰ ਜੋਗਿੰਦਰ ਢਿੱਲੋਂ ਦੇ ਚਿਹਰੇ ਦੀ ਝਲਕ ਪਈ, ਇਹ ਟੀਚਰ ਯੂਨੀਅਨ ਵਿੱਚ ਕਿਸੇ ਵੇਲੇ ਬੜਾ ਸਰਗਰਮ ਹੁੰਦਾ ਸੀ ਤੇ ਇਕ ਵਾਰ ਐਮ.ਐਲ.ਸੀ. ਦੀ ਸੀਟ ਲਈ ਚੋਣ ਵੀ ਲੜੀ ਸੀ, ਹੁਣ ਓਹ ਹਿਮਾਚਲ ਵਿੱਚ ਇਕ ਮਿਡਲ ਸਕੂਲ ਦਾ ਹੈਡਮਾਸਟਰ ਸੀ। ਉਸ ਨੇ ਸੋਚਿਆ ਕਿਉਂ ਨਾ ਕੁਝ ਦਿਨਾਂ ਲਈ ਜੋਗਿੰਦਰ ਢਿੱਲੋਂ ਕੋਲ ਜਾਇਆ ਜਾਵੇ, ਥੋੜੀ ਤਬਦੀਲੀ ਹੋ ਜਾਵੇਗੀ ਤੇ ਢਹਿੰਦੀ ਕਲਾ ਦੀਆਂ ਸੋਚਾਂ ਤੋਂ ਸ਼ਾਇਦ ਥੋੜੀ ਰਾਹਤ ਮਿਲੇ। ਜੋਗਿੰਦਰ ਢਿੱਲੋਂ ਕੋਲ ਜਾਣ ਤੋਂ ਪਹਿਲਾਂ ਦਰਸ਼ਨ ਬਾਗ਼ੀ ਦਾ ਮਨ, ਇੰਦਰਜੀਤ ਸਿੰਘ ਬਿਟੂ ਨੂੰ ਮਿਲਣ ਲਈ ਭਟਕਿਆ ਤੇ ਓਹ ਤਿਆਰ ਹੋ ਕੇ ਪੰਜਾਬੀ ਯੂਨੀਵਰਸਟੀ ਪਟਿਆਲਾ ਪੁੱਜਾ ਤੇ ਇਕ ਦੋ ਦਿਨ ਇੰਦਰਜੀਤ ਸਿੰਘ ਬਿੱਟੂ ਕੋਲ ਬਿਤਾਏ ਤੇ ਉਸ ਨਾਲ ਗੱਲਬਾਤ ਤੇ ਨਿੱਘੀ ਸੰਗਤ ਨਾਲ ਮਨ ਨੂੰ ਕੁਝ ਤਸੱਲੀਬਖ਼ਸ਼ ਆਰਾਮ ਮਹਿਸੂਸ ਹੋਇਆ। ਨਕਸਲਾਈਟ ਗਰੁਪਾਂ ਦੀਆਂ ਖਾੜਕੂ ਕਾਰਵਾਈਆਂ ਜਿਵੇਂ ਭੀਖੀ ਜ਼ਮੀਨ 'ਤੇ ਕਬਜ਼ਾ, ਚਮਕੌਰ ਸਾਹਿਬ ਥਾਣੇ 'ਤੇ ਹਮਲਾ, ਜਨਰਲ ਬਲਵੰਤ ਸਿੰਘ ਦਾ ਸਫਾਇਆ ਆਦਿ ਨਾਲ ਪੰਜਾਬ ਪੁਲਸ ਦੇ ਤਸ਼ੱਦਦ ਦਾ ਦੌਰ ਸ਼ੁਰੂ ਹੋ ਚੁੱਕਾ ਸੀ। ਅਚਾਨਕ, ਪੰਜਾਬੀ ਯੂਨੀਵਰਸਟੀ ਵਿੱਚ ਦਰਸ਼ਨ ਬਾਗ਼ੀ ਦਾ ਟਾਕਰਾ ਹਾਕਮ ਸਿੰਘ ਸਮਾਉਂ ਨਾਲ ਹੋ ਗਿਆ ਤੇ ਦੋਹਾਂ ਵਿੱਚ ਫਿਰ ਮਾਓ ਵਿਚਾਰਧਾਰਾ ਤੇ ਚਾਰੂ ਦੀ ਵਰਤਮਾਨ ਯੁੱਧਨੀਤੀ 'ਤੇ ਚੰਗਾ ਵਿਚਾਰ-ਵਟਾਂਦਰਾ ਹੋਇਆ ਪਰ ਹਾਕਮ ਸਿੰਘ ਸਮਾਉਂ ਚਾਰੂ ਲਾਈਨ ਤੋਂ ਇਧਰ ਓਧਰ ਨਹੀਂ ਸੀ ਹੋਣਾ ਚਾਹੁੰਦਾ। ਅਖੀਰ ਦੋਵੇਂ ਸਾਥੀ ਬਗ਼ਲਗੀਰ ਹੋ ਕੇ ਆਪਣੇ-ਆਪਣੇ ਰਾਹ ਟੁਰ ਗਏ।

ਪਟਿਆਲੇ ਤੋਂ ਵਾਪਸ ਆ ਕੇ ਦਰਸ਼ਨ ਬਾਗ਼ੀ ਨੇ ਆਪਣੇ ਪੁੱਤਰ, ਧੀ ਤੇ ਪੰਜੇ ਭਰਾਵਾਂ ਨੂੰ ਕਿਹਾ ਕਿ ਓਹ ਇਕ ਦੋ ਹਫਤਿਆਂ ਲਈ ਕਿਸੇ ਪੁਰਾਣੇ ਮਿੱਤਰ ਨੂੰ ਮਿਲਣ ਲਈ ਜਾ ਰਿਹੇ ਤੇ ਕਿਸੇ ਕਿਸਮ ਦਾ ਫਿਕਰ ਕਰਨ ਦੀ ਲੋੜ ਨਹੀਂ। ਓਹ



ਤਿਆਰ ਹੋ ਕੇ ਜੋਗਿੰਦਰ ਢਿੱਲੋਂ ਕੋਲ ਪਹੁੰਚ ਗਿਆ ਤੇ ਅਚਾਨਕ ਦਰਸ਼ਨ ਬਾਗ਼ੀ ਨੂੰ ਆਪਣੇ ਸਾਹਮਣੇ ਖਲੋਤਾ ਵੇਖ ਕੇ ਉਸ ਨੂੰ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਉਸ ਦੇ ਸਾਹਮਣੇ ਦਰਸ਼ਨ ਬਾਗ਼ੀ ਖਲੋਤਾ ਹੈ। ਇਸ ਹੈਰਾਨੀ ਤੇ ਬੇਯਕੀਨੀ ਦੀ ਅਵਸਥਾ ਵਿੱਚੋਂ ਨਿਕਲ ਕੇ ਜੋਗਿੰਦਰ ਢਿੱਲੋਂ ਨੇ ਉਸ ਨੂੰ ਸ਼ਕਤੀਸ਼ਾਲੀ ਬਾਹਾਂ ਦੀ ਜਕੜ ਵਿੱਚ ਘੁੱਟ ਲਿਆ ਤੇ ਜੀ ਆਇਆਂ ਕਿਹਾ। ਦੋਹਾਂ ਮਿੱਤਰਾਂ ਵਿੱਚ ਬਹੁਤ ਕੁੱਝ ਸੀ ਇਕ ਦੂਜੇ ਨਾਲ ਸਾਂਝਾ ਕਰਨ ਲਈ। ਸਕੂਲ ਤੋਂ ਆ ਕੇ ਗਈ ਰਾਤ ਤੱਕ ਨਿੱਜੀ ਤੇ ਸਮਾਜਿਕ ਮਸਲਿਆਂ 'ਤੇ ਗੱਲਾਂ ਚਲਦੀਆਂ ਰਹੀਆਂ। ਪਹਿਲੀ ਰਾਤ ਹੀ ਉਸ ਨੇ ਜੋਗਿੰਦਰ ਢਿੱਲੋਂ ਨੂੰ ਕਹਿ ਦਿੱਤਾ ਕਿ ਓਹ, ਉਸ ਕੋਲ ਕੁੱਝ ਦਿਨ ਗੁਜ਼ਾਰਨ ਦਾ ਪ੍ਰੋਗਰਾਮ ਬਣਾ ਕੇ ਆਇਆ ਹੈ ਤੇ ਜੋਗਿੰਦਰ ਢਿੱਲੋਂ ਦਾ ਉੱਤਰ ਸੀ ਕਿ ਜਿੰਨਾ ਚਿਰ ਮਰਜ਼ੀ ਰਹੋ, ਖੁੱਲੀ ਛੁੱਟੀ ਹੈ, ਕੋਈ ਬੰਦਸ਼ ਨਹੀਂ। ਜੋਗਿੰਦਰ ਢਿੱਲੋਂ ਦੀ ਪਤਨੀ ਤੇ ਬੱਚੇ ਪੰਜਾਬ ਵਿੱਚ ਹੀ ਰਹਿੰਦੇ ਸਨ ਤੇ ਹਾਲ ਦੀ ਘੜੀ ਓਹ ਇਕੱਲਾ ਹੀ ਇਥੇ ਰਹਿ ਰਿਹਾ ਸੀ। ਦੋਵੇਂ ਦੋਸਤ ਸਵੇਰੇ ਹੀ ਤਿਆਰ ਹੋ ਜਾਂਦੇ, ਜੋਗਿੰਦਰ ਢਿੱਲੋਂ ਸਕੂਲ ਚਲਾ ਜਾਂਦਾ ਤੇ ਦਰਸ਼ਨ ਬਾਗ਼ੀ ਇਧਰ ਓਧਰ ਪਹਾੜੀਆਂ ਦੀਆਂ ਪਗਡੰਡੀਆਂ 'ਤੇ ਦੂਰ ਦੂਰ 5-6 ਮੀਲ ਤੱਕ ਟੁਰ ਫਿਰ ਆਉਂਦਾ ਤੇ ਜੋਗਿੰਦਰ ਢਿੱਲੋਂ ਦੇ ਸਕੂਲੋਂ ਮੁੜਣ ਤੱਕ ਦਾਲ ਸਬਜ਼ੀ ਤੇ ਰੋਟੀਆਂ ਪਕਾ ਲੈਂਦਾ। ਕੁੱਝ ਦਿਨਾਂ ਮਗਰੋਂ ਇਕ ਦਿਨ ਜੋਗਿੰਦਰ ਢਿੱਲੋਂ ਸਕੂਲ ਤੋਂ ਮਗਰੋਂ ਲੋਕਲ ਅਖ਼ਬਾਰ ਲੈ ਆਇਆ ਜਿਸ ਵਿੱਚ ਟਾਊਨੀ ਦੇਵੀ ਆਰੀਆ ਹਾਈ ਸਕੂਲ ਵਿੱਚ ਹਿਸਾਬ ਦੇ ਟੀਚਰ ਦੀ ਲੋੜ ਸੀ।

ਦਰਸ਼ਨ ਬਾਗ਼ੀ, ਹਾਕਮ ਸਿੰਘ ਸਮਾਉਂ ਦੀ ਪੰਜਾਬ ਹਿਮਾਚਲ ਕਮੇਟੀ ਤੇ ਜਗਜੀਤ ਸਿੰਘ ਸੋਹਲ, ਦਇਆ ਸਿੰਘ ਤੇ ਬਾਬਾ ਬੂਝਾ ਸਿੰਘ ਦੀ ਕਮੇਟੀ ਨਾਲ ਕੰਮ ਕਰਨ ਨੂੰ ਤਿਆਰ ਨਹੀਂ ਸੀ ਕਿਉਂਕਿ ਇਹ ਦੋਵੇਂ ਜੱਥੇਬੰਦੀਆਂ ਮਾਓ ਦੀ ਜਨਤਕ ਲਾਈਨ (ਮਾਸ ਲਾਈਨ) ਦੇ ਉਲਟ ਚਾਰੂ ਮਜ਼ੂਮਦਾਰ ਦੀ ਸੈਕਟੇਰੀਅਨ ਖੱਬੀ ਲਾਈਨ ਦੀਆਂ ਧਾਰਨੀ ਸਨ ਤੇ ਇਸ ਲਾਈਨ ਤੋਂ ਇਧਰ ਓਧਰ ਨਹੀਂ ਸਨ ਹੋਣਾ ਚਾਹੁੰਦੀਆਂ। ਹਰਭਜਨ ਸੋਹੀ ਦੇ ਗਰੁੱਪ ਨਾਲ ਤਾਲਮੇਲ ਕਰਨ ਲਈ ਬਠਿੰਡੇ ਉਸ ਤਿੰਨ ਚੱਕਰ ਲਾਏ ਪਰ ਕਿਸੇ ਨੇ ਵੀ ਉਸ ਨਾਲ ਤਾਲਮੇਲ ਕਰਨ ਦਾ ਯਤਨ ਨਹੀਂ ਸੀ ਕੀਤਾ। ਪੀ.ਐਸ.ਯੂ. ਦੇ ਮਾਰਕਸਵਾਦੀ ਗਰੁੱਪ ਦੇ ਸਾਰੇ ਸਾਥੀ ਜਿਹੜੇ ਪੀ.ਐਸ.ਯੂ. ਦੇ ਲੀਡਰ ਸਨ, ਅੱਡੋ-ਅੱਡ ਨਕਸਲਾਈਟ ਗਰੁੱਪਾਂ ਵਿੱਚ ਸ਼ਾਮਲ ਹੋ ਚੁਕੇ ਸਨ ਤੇ ਉਸ ਦੇ ਮਨ ਨੂੰ ਅੱਠੇ ਪਹਿਰ ਇਸ ਚਿੰਤਾ ਦਾ ਘੁਣ ਖਾਈ ਜਾਂਦਾ ਸੀ ਕਿ ਓਹ ਇਕੱਲਾ ਰਹਿ ਗਿਆ ਸੀ ਤੇ ਇਹ ਚਿੰਤਾ ਉਸ ਦੀ ਨਿਰਾਸ਼ਾ ਤੇ ਢਹਿੰਦੀ ਕਲਾ ਦਾ ਕਾਰਨ ਬਣਦੀ। ਓਹ ਘਰ ਵਿੱਚ ਆਮ ਤੌਰ ਤੇ ਉਦਾਸ ਜਿਹਾ ਹੀ ਰਹਿੰਦਾ ਤੇ ਇਸੇ ਚਿੰਤਾ ਦਾ ਮਾਰਿਆ ਓਹ ਪੰਜਾਬ ਤੋਂ ਭੱਜ ਕੇ ਹਿਮਾਚਲ ਵਿੱਚ

ਆਇਆ ਸੀ। ਉਸ ਦੇ ਮਨ ਵਿੱਚ ਆਇਆ ਕਿ 1967 ਜੁਲਾਈ ਵਿੱਚ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਦੀ ਨੌਕਰੀ ਨੂੰ ਲੱਤ ਮਾਰ ਕੇ ਮਾਰਕਸਵਾਦੀ ਮਨੁੱਖਵਾਦ ਦੀ ਪ੍ਰੇਰਨਾ ਕਰ ਕੇ ਆਪਣੇ ਛੋਟੇ ਛੋਟੇ ਪੁੱਤਰ ਤੇ ਧੀ, ਜਿਨਾਂ 'ਤੇ ਮਾਂ ਦਾ ਸਾਇਆ ਵੀ ਨਹੀਂ ਸੀ, ਦੇ ਪਿਆਰ ਤੇ ਜ਼ੁੰਮੇਵਾਰੀ ਤੋਂ ਮੂੰਹ ਮੋੜ ਕੇ ਉਸ ਨੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਮਾਰਕਸਵਾਦੀ ਮਨੁੱਖਵਾਦ ਦੀ ਰੌਸ਼ਨੀ ਅਤੇ ਚੇਤਨਤਾ ਦੇਣ ਦਾ ਬੀੜਾ ਚੁੱਕਿਆ ਸੀ ਤੇ 1968 ਤੱਕ ਦਿਨ ਰਾਤ ਇਕ ਕਰ ਕੇ ਸਿਰਲੱਥ ਨੌਜੁਆਨ ਵਿਦਿਆਰਥੀਆਂ ਦੇ ਸਹ੍ਰਿਯੋਗ ਨਾਲ ਪੀ.ਐਸ.ਯੂ. ਜਿਹੀ ਮਹਾਨ ਜੱਥੇਬੰਦੀ ਉਸਾਰੀ ਸੀ। ਪਰ ਅੱਜ ਦੀ ਰਾਜਸੀ ਸਥਿਤੀ ਦਾ ਸਿੱਟਾ ਸੀ ਕਿ ਓਹ ਹਿਮਾਚਲ ਵਿੱਚ ਬੈਠਾ ਸੀ ਤੇ ਉਸ ਦੀ ਜ਼ਮੀਰ ਨੇ ਕਰਵਟ ਲਈ ਤੇ ਉਸ ਦੇ ਸਾਹਮਣੇ ਉਸ ਦਾ ਪੁੱਤਰ ਤੇ ਧੀ ਆਣ ਖਲੋਤੇ। ਹਿਸਾਬ ਦੇ ਟੀਚਰ ਦੀ ਲੋੜ ਦੀ ਖ਼ਬਰ ਪੜ੍ਹਕੇ ਉਸ ਸੋਚਿਆ ਕਿਉਂ ਨਾ ਹਿਸਾਬ ਦੇ ਟੀਚਰ ਲਈ ਅਰਜ਼ੀ ਦਿੱਤੀ ਜਾਵੇ ? ਜੇ ਇਹ ਨੌਕਰੀ ਮਿਲ ਜਾਂਦੀ ਹੈ ਤਾਂ ਪੁੱਤਰ ਨੂੰ ਕੋਲ ਲਿਆ ਕੇ ਕੁਝ ਸਮਾਂ ਪੰਜਾਬ ਤੋਂ ਬਾਹਰ ਪੁੱਤਰ ਨਾਲ ਗੁਜ਼ਾਰਿਆ ਜਾਵੇ। ਦਰਸ਼ਨ ਬਾਗ਼ੀ ਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ ਹਿਸਾਬ ਦੇ ਟੀਚਰ ਲਈ ਅਰਜ਼ੀ ਦੇਣ ਦਾ। ਇਨਾਂ ਪਹਾੜੀਆਂ ਵਿੱਚ 10 ਵਜੇ ਤੋਂ ਮਗਰੋਂ ਗਰਮੀ ਹੋ ਜਾਂਦੀ ਹੈ, 2-3 ਦਿਨ ਠਹਿਰਨ ਮਗਰੋਂ ਜੋਗਿੰਦਰ ਢਿੱਲੋਂ ਤੋਂ ਛੁੱਟੀ ਲੈ ਕੇ ਲਗਪਗ 6-7 ਵਜੇ ਸਵੇਰੇ ਤਿਆਰ ਹੋ ਕੇ ਦਰਸ਼ਨ ਬਾਗ਼ੀ ਟਾਉਣੀ ਦੇਵੀ ਨੂੰ ਚੱਲ ਪਿਆ ਤੇ 10 ਕੁ ਵਜੇ ਦੇ ਕਰੀਬ ਉਸ ਨੇ ਹੈਡ-ਮਸਾਟਰ ਨੂੰ ਜਾ ਕੇ ਨਮਸਕਾਰ ਆਖੀ। ਹੈਡ-ਮਾਸਟਰ ਕੋਈ 50 ਕੁ ਸਾਲ ਦੀ ਉਮਰ ਦਾ ਸੀ, ਛਾਂਟਿਆ ਹੋਇਆ ਸਰੀਰ, ਬੜੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਸੀ। ਅਸੂਲਾਂ ਦਾ ਬੜਾ ਪਾਬੰਦ ਜਾਪਦਾ ਸੀ। ਦਰਸ਼ਨ ਬਾਗ਼ੀ ਨੇ ਆਪਣੀ ਜਾਣ-ਪਛਾਣ ਕਰਵਾਈ ਕਿ ਉਸ ਕੋਲ MA, B Ed ਦੀਆਂ ਡਿਗਰੀਆਂ ਹਨ ਤੇ ਓਹ ਆਪਣੇ ਮਿਤਰ ਜੋਗਿੰਦਰ ਢਿੱਲੋਂ ਨੂੰ ਮਿਲਣ ਆਇਆ ਹੋਇਆ ਸੀ ਜਿਹੜਾ ਮਿਡਲ ਸਕੂਲ ਦਾ ਹੈਡ-ਮਾਸਟਰ ਹੈ ਤੇ ਓਥੇ ਇਹ ਹਿਸਾਬ ਦੇ ਟੀਚਰ ਦੀ ਐਡ ਵੇਖੀ ਸੀ। ਇਕ ਘੰਟੇ ਦੀ ਗੱਲਬਾਤ ਮਗਰੋਂ ਤੁਰਤ ਹੀ ਹੈਡ-ਮਾਸਟਰ ਨੇ ਦਰਸ਼ਨ ਬਾਗ਼ੀ ਨੂੰ ਨੌਵੀਂ ਤੇ ਦਸਵੀਂ ਜਮਾਤ ਨੂੰ ਹਿਸਾਬ ਪੜਾਉਣ ਦੀ ਨੌਕਰੀ ਦੇ ਦਿੱਤੀ ਤੇ ਰਹਿਣ ਲਈ ਆਰਜ਼ੀ ਤੌਰ ਤੇ ਸਕੂਲ ਵਿੱਚ ਹੀ ਕਮਰਾ ਦੇ ਦਿੱਤਾ। ਹੈੱਡ ਮਾਸਟਰ ਨੇ ਤੁਰਤ ਹੀ ਸਟਾਫ ਮੀਟਿੰਗ ਕਰ ਕੇ ਸਕੂਲ ਦੇ ਸਾਰੇ ਅਧਿਆਪਕਾਂ ਨਾਲ ਜਾਣ-ਪਛਾਣ ਕਰਵਾਈ ਤੇ ਉਸ ਤੋਂ ਮਗਰੋਂ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨਾਲ ਜਾਣ-ਪਛਾਣ ਕਰਵਾਈ ਤੇ ਇਸ ਜਾਣ ਪਛਾਣ ਮਗਰੋਂ ਉਸ ਨੇ ਦੋਹਾਂ ਜਮਾਤਾਂ ਨੂੰ ਹਿਸਾਬ ਪੜਾਉਣਾ ਅਰੰਭ ਦਿੱਤਾ।



2 ਕੁ ਹਫਤੇ ਮਗਰੋਂ ਐਤਵਾਰ ਨਾਲ ਲੱਗਦੇ ਸੋਮਵਾਰ ਦੀ ਛੁੱਟੀ ਲੈਕੇ ਦਰਸ਼ਨ ਬਾਗ਼ੀ ਪਿੰਡ ਜਾ ਕੇ 13 ਸਾਲ ਦੀ ਉਮਰ ਦੇ ਪੁੱਤਰ ਗੁਰਦੀਪ ਨੂੰ ਨਾਲ ਲੈ ਆਇਆ ਤੇ ਪੁੱਤਰ ਨੂੰ ਟਾਉਣੀ ਦੇਵੀ ਹੀ ਅੱਠਵੀਂ ਜਮਾਤ ਵਿੱਚ ਦਾਖ਼ਲ ਕਰਵਾ ਦਿੱਤਾ। ਇਕ ਦੋ ਹਫਤਿਆਂ ਵਿੱਚ ਹੀ ਉਸ ਦਾ ਪੁੱਤਰ ਗੁਰਦੀਪ ਸਕੂਲ ਦੇ ਵਾਤਾਵਰਣ ਵਿੱਚ ਰਚ-ਮਿਚ ਗਿਆ ਤੇ ਕਈ ਯਾਰ ਮਿਤਰ ਬਣਾ ਲਏ ਤੇ ਆਪਣੀ ਪੜਾਈ ਵਿੱਚ ਚੰਗੀ ਤਰਾਂ ਜੁਟ ਗਿਆ। ਸਵੇਰੇ ਤਿਆਰ ਹੋ ਕੇ ਦੋਵੇਂ ਪਿਓ-ਪੁੱਤਰ ਸਕੂਲ ਵਕਤ ਸਿਰ ਪਹੁੰਚ ਜਾਂਦੇ ਤੇ ਛੁੱਟੀ ਮਗਰੋਂ ਘਰ ਆਕੇ ਪਹਿਲਾਂ ਚਾਹ ਦਾ ਇਕ ਇਕ ਕੱਪ ਪੀਂਦੇ ਤੇ ਫਿਰ ਦੋਵੇਂ ਪਿਓ-ਪੁੱਤਰ ਇਕ ਘੰਟੇ ਲਈ ਲੰਮੀ ਸੈਰ ਨੂੰ ਨਿਕਲ ਜਾਂਦੇ। ਇਸ ਲੰਮੀ ਸੈਰ ਤੇ ਦੋਵੇਂ ਇਕੱਠੇ ਇਕ ਦੂਜੇ ਦੇ ਬਰਾਬਰ ਟੁਰਦੇ ਤੇ ਕਈ ਵਾਰੀ ਦਰਸ਼ਨ ਬਾਗ਼ੀ ਆਪਣੀ ਬਾਂਹ ਪੁੱਤਰ ਦੇ ਮੋਢੇ ਤੇ ਰੱਖ ਕੇ ਉਸ ਨੂੰ ਆਪਣੇ ਨਾਲ ਘੁਟ ਕੇ ਟੁਰਦਾ ਤੇ ਕਦੇ ਕਦੇ ਬਰਾਬਰ ਟੁਰਦਿਆਂ ਓਹ ਪੁੱਤਰ ਨੂੰ ਕੁਤਕਤਾਰੀਆਂ ਵੀ ਕੱਢ ਦਿੰਦਾ ਤੇ ਪੁੱਤਰ ਅੱਧ ਗਲਵਕੜੀ ਵਿੱਚੋਂ ਭੱਜ ਕੇ ਹਸਦਾ ਹੋਇਆ ਪਾਸੇ ਹੋ ਕੇ ਟੁਰਨ ਲੱਗ ਪੈਂਦਾ। ਸੈਰ ਤੋਂ ਮੁੜ ਕੇ ਦੋਵੇਂ ਪਿਓ-ਪੁੱਤਰ ਰਲ ਮਿਲ ਕੇ ਸ਼ਾਮ ਦੀ ਰੋਟੀ ਤਿਆਰ ਕਰਦੇ ਤੇ ਸ਼ਾਮ ਦੇ ਖਾਣੇ ਤੋਂ ਮਗਰੋਂ ਦਰਸ਼ਨ ਬਾਗ਼ੀ ਪੁੱਤਰ ਗੁਰਦੀਪ ਨੂੰ 2 ਘੰਟੇ ਅੰਗਰੇਜ਼ੀ ਤੇ ਹਿਸਾਬ ਦੀ ਪੜਾਈ ਕਰਾਉਂਦਾ ਤੇ ਗੁਰਦੀਪ ਆਪਣਾ ਸਕੂਲ ਦਾ ਕੰਮ ਪੂਰਾ ਕਰਦਾ। ਛੁੱਟੀ ਵਾਲੇ ਦਿਨ ਦੋਵੇਂ ਪਿਓ-ਪੁੱਤਰ ਸਵੇਰੇ ਉਠ ਕੇ ਤਿਆਰ ਹੁੰਦੇ, ਪਰੌਂਠੇ ਪਕਾ ਕੇ ਚਾਹ ਅਤੇ ਅਚਾਰ ਨਾਲ ਖਾਂਦੇ ਤੇ ਕੁਝ ਨਾਲ ਲੈ ਕੇ ਚਾਹ ਤੇ ਪਾਣੀ ਦੀਆਂ ਥਰਮੋਸਾਂ ਨਾਲ ਲੈ ਕੇ 5-6 ਮੀਲ ਲੰਮੀ ਸੈਰ ਨੂੰ ਨਿਕਲ ਜਾਂਦੇ ਤੇ ਰਾਹ ਵਿੱਚ ਕਿਸੇ ਚੰਗੀ ਥਾਂ 'ਤੇ ਬੈਠ ਕੇ ਚਾਹ ਪੀਂਦੇ, ਬਚੇ ਹੋਏ ਪਰੌਂਠੇ ਖਾਂਦੇ ਤੇ ਥੱਕ ਟੁੱਟ ਕੇ ਦਿਨ ਢਲੇ ਘਰ ਮੁੜਦੇ। ਕਿਸੇ ਛੁੱਟੀ ਵਾਲੇ ਦਿਨ ਟਾਉਣੀ ਦੇਵੀ ਦੇ ਪੂਰਬ ਵਲ ਪਹਾੜੀ ਤੋਂ ਹੇਠਲੇ ਪਾਸੇ ਨਿੱਘੇ ਪਾਣੀ ਦਾ ਚਸ਼ਮਾ ਸੀ, ਓਥੇ ਕਪੜੇ ਧੋਣ ਚਲੇ ਜਾਂਦੇ ਤੇ ਨਿਘੇ ਚਸ਼ਮੇ ਵਿੱਚ ਨਹਾ ਕੇ ਘਰ ਮੁੜਦੇ।

ਕਈ ਵਾਰੀ ਅਚਾਨਕ ਹੀ ਦਰਸ਼ਨ ਬਾਗ਼ੀ ਚੁੱਪ ਹੋ ਜਾਂਦਾ ਤੇ ਉਸ ਦੀ ਬਿਰਤੀ ਕਿਤੇ ਦਿਸਹੱਦਿਆਂ ਤੋਂ ਪਾਰ ਨਿਕਲ ਜਾਂਦੀ ਤੇ ਓਹ ਮਾਨਸਿਕ ਅਵਸਥਾ ਵਿੱਚ ਪੰਜਾਬ ਪਹੁੰਚ ਜਾਂਦਾ। ਪੀ.ਐਸ.ਯੂ. ਦਾ ਮਹਾਨ ਅਕਾਰ ਉਸ ਦੀਆਂ ਅੱਖਾਂ ਅੱਗੋਂ ਗੁਜ਼ਰਦਾ ਤੇ ਪੀ.ਐਸ.ਯੂ. ਦੇ ਮਹਾਨ ਯੋਧੇ ਸ਼ੇਰੀ, ਭੁਪਿੰਦਰ ਸਿੰਘ, ਦਰਸ਼ਨ ਖਟਕੜ, ਗੁਰਦਿਆਲ ਸਿੰਘ, ਸੁਰਿੰਦਰ ਸਿੰਘ ਚਾਹਲ, ਇੰਦਰਜੀਤ ਸਿੰਘ ਬਿਟੂ, ਹਰਭਜਨ ਹਲਵਾਰਵੀ, ਇਕ ਇਕ ਕਰ ਕੇ ਉਸ ਦੀਆਂ ਅੱਖਾਂ ਅੱਗੋਂ ਗੁਜ਼ਰਦੇ ਤੇ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ ਤੇ ਚਾਣਚੱਕ ਉਸ ਦਾ ਪੁੱਤਰ ਉਸ ਨੂੰ ਮੋੜ

ਲਿਆਉਂਦਾ ਇਹ ਆਖ ਕੇ, "ਪਾਪਾ ਜੀ ਕੀ ਸੋਚ ਰਹੇ ਹੋ, ਤੁਹਾਡੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਪਈਆਂ ਨੇ, ਮੈਨੂੰ ਲਗਦੈ ਤੁਹਾਨੂੰ ਤੁਹਾਡੇ ਸਾਥੀ ਬਹੁਤ ਯਾਦ ਆਉਂਦੇ ਨੇ ?" ਤੇ ਦਰਸ਼ਨ ਬਾਗ਼ੀ ਓਦੋਂ ਸੋਚ ਰਿਹਾ ਹੁੰਦਾ ਕਿ ਮੇਰੇ ਸੂਰਮੇ ਪਤਾ ਨਹੀਂ ਕਿਸ ਹਾਲ ਵਿੱਚ ਹੋਣਗੇ ? ਓਨਾਂ ਦਿਨਾਂ ਵਿੱਚ ਪੁਲਸ ਦੇ ਜਬਰ ਦਾ ਦੌਰ ਸਿਖਰਾਂ 'ਤੇ ਸੀ। "ਨਹੀਂ ਪੁੱਤਰ ਮੇਰੀ ਸੋਚ ਕਿਤੇ ਦੂਰ ਚਲੀ ਗਈ ਸੀ ਤੇ ਤੇਰਾ ਕਹਿਣਾ ਵੀ ਸੱਚ ਹੈ।" ਤੇ ਕਈ ਵਾਰੀ ਪਿਓ-ਪੁੱਤਰ ਨਾਲ ਮਾਰਕਸਵਾਦੀ ਮਨੁੱਖਵਾਦ ਦੀ ਚਰਚਾ ਵੀ ਕਰਦਾ।

ਸਕੂਲ ਵਿੱਚ ਦਲਿਤ ਸ਼ਰੇਣੀ ਦੇ 3 ਟੀਚਰ ਸਨ ਤੇ ਦਰਸ਼ਨ ਬਾਗ਼ੀ ਨੇ ਇਨਾਂ ਨਾਲ ਵੀ ਬਹੁਤ ਨੇੜਤਾ ਵਾਲੇ ਸਬੰਧ ਪੈਦਾ ਕੀਤੇ, ਉਂਝ ਤਾਂ ਸਾਰੇ ਟੀਚਰਾਂ ਨਾਲ ਹੀ ਬਹੁਤ ਵਧੀਆ ਸਬੰਧ ਸਨ। ਪਰ ਇਨਾਂ ਤਿੰਨਾਂ ਦਲਿਤਾਂ ਵਿੱਚੋਂ ਇੱਕ ਟੀਚਰ ਜਿਸ ਨੇ ਪ੍ਰਭਾਕਰ ਦੀ ਡਿਗਰੀ ਕੀਤੀ ਹੋਈ ਸੀ, ਓਹ ਬਹੁਤ ਹੀ ਸੂਝਵਾਨ ਸੀ ਤੇ ਉਸ ਨੂੰ ਬਹੁਤ ਸਾਹਿਤਕ ਗਿਆਨ ਸੀ। ਹੌਲੀ ਹੌਲੀ ਦਰਸ਼ਨ ਬਾਗ਼ੀ ਨਾਲ ਉਸ ਦੀ ਨੇੜਤਾ ਬਹੁਤ ਹੋ ਗਈ ਤੇ ਦਰਸ਼ਨ ਬਾਗ਼ੀ ਨੇ ਉਸ ਨਾਲ ਗੱਲਬਾਤ ਮਾਰਕਸਵਾਦੀ ਮਨੁੱਖਵਾਦ ਬਾਰੇ ਸਧਾਰਨ ਪੱਧਰ ਤੋਂ ਆਰੰਭ ਕਰ ਕੇ ਮਾਰਕਸਵਾਦ ਦੇ ਸਿਧਾਂਤ 'ਤੇ ਗੱਲਬਾਤ ਕਰਨੀ ਅਰੰਭ ਦਿੱਤੀ। ਸਾਹਿਤ ਦੇ ਅਧਿਐਨ ਕਰਨ ਕਰਕੇ ਉਹ ਆਪਣੀ ਸ਼ਰੇਣੀ ਚੇਤਨਤਾ ਦੇ ਅਨੁਭਵ ਤੋਂ ਚੰਗੀ ਤਰਾਂ ਚੇਤੰਨ ਸੀ। ਇਕ ਵਾਰ ਟਾਊਨੀ ਦੇਵੀ ਇਕ ਉੱਚ-ਜਾਤੀ ਦੇ ਪਰੀਵਾਰ ਨੇ ਆਪਣੇ ਭਾਈਚਾਰੇ ਨੂੰ ਖਾਣੇ ਤੇ ਬੁਲਾਇਆ ਤੇ ਇਸ ਮੌਕੇ ਤੇ ਸਕੂਲ ਦੇ ਸਾਰੇ ਟੀਚਰਾਂ ਨੂੰ ਵੀ ਖਾਣੇ ਦਾ ਸੱਦਾ ਦਿੱਤਾ। ਖਾਣੇ ਦੇ ਮੌਕੇ ਦਲਿਤ ਜਾਤੀ ਟੀਚਰਾਂ ਨੂੰ ਅੱਡ ਪੰਗਤੀ ਵਿੱਚ ਬਿਠਾਇਆ ਗਿਆ ਤੇ ਖਾਣਾ ਪਲੇਟਾਂ ਦੀ ਬਜਾਏ ਕੇਲਿਆਂ ਦੇ ਪੱਤਿਆਂ 'ਤੇ ਦਿੱਤਾ ਗਿਆ। ਇਸ ਘਟਨਾ ਦੀ ਵਿਆਖਿਆ ਦਰਸ਼ਨ ਬਾਗ਼ੀ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਦਿੱਤੀ ਤੇ ਦੱਸਿਆ ਕਿ ਇਸ ਸਮੱਸਿਆ ਦਾ ਹੱਲ ਵੀ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਸਮਾਜੀ ਤਬਦੀਲੀ ਨਾਲ ਹੀ ਹੋ ਸਕਦਾ ਹੈ। ਉਸ ਟੀਚਰ ਵਿੱਚ ਮਾਰਕਸਵਾਦੀ ਚੇਤੰਨਤਾ ਦੇ ਗਿਆਨ ਨੂੰ ਪ੍ਰਾਪਤ ਕਰਨ ਦੀ ਉਤਸੁਕਤਾ ਵਧੀ ਤੇ ਦਰਸ਼ਨ ਬਾਗ਼ੀ ਨੇ ਮਾਰਕਸਵਾਦ ਨਾਲ ਸਬੰਧਤ ਪੁਸਤਕਾਂ ਜਿਵੇਂ Origin of Family, Private Property and State By Fredric Englrs, Dialectical Materalism, Historical Materialism and Theory of Knowledge By Moriss Cornforth ਦਿੱਤੀਆਂ। ਦਰਸ਼ਨ ਬਾਗ਼ੀ ਨੇ ਇਸ ਟੀਚਰ ਨੂੰ ਪੂਰੀ ਤਰਾਂ ਸਾਵਧਾਨ ਕੀਤਾ ਹੋਇਆ ਸੀ ਕਿ ਉਸ ਦੇ ਦਰਸ਼ਨ ਬਾਗ਼ੀ ਨਾਲ ਰਾਜਨੀਤਕ ਸਬੰਧ ਤੇ ਰਾਜਨੀਤਕ ਵਿਚਾਰਧਾਰਾ ਦੀ ਗੱਲਬਾਤ ਕਿਸੇ ਹੋਰ ਨਾਲ ਸਾਂਝੀ ਨਾ ਕੀਤੀ ਜਾਵੇ।



ਇਕ ਸਾਲ ਬੜੀ ਤੇਜ਼ੀ ਨਾਲ ਗੁਜ਼ਰ ਗਿਆ ਅੱਠਵੀਂ ਦੇ ਪੇਪਰ ਦੇ ਕੇ ਦਰਸ਼ਨ ਬਾਗ਼ੀ ਦਾ ਪੁੱਤਰ ਗੁਰਦੀਪ ਵਾਪਸ ਆਪਣੇ ਪਿੰਡ ਬੀਂਬੜੀ ਚਲਾ ਗਿਆ ਤੇ ਪਿੱਛੇ ਦਰਸ਼ਨ ਬਾਗੀ ਇਕੱਲਾ ਹੀ ਰਹਿ ਗਿਆ ਤੇ ਅਖ਼ੀਰ ਸਕੂਲ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਹੋ ਗਿਆ। ਇਸ ਇਕ ਸਾਲ ਦੀ ਜਲਾਵਤਨੀ ਨਾਲ ਦਰਸ਼ਨ ਬਾਗੀ ਦਾ ਮਨ ਪੰਜਾਬ, ਪੀ.ਐਸ.ਯੂ. ਤੇ ਸਾਥੀਆਂ ਲਈ ਓਦਰ ਗਿਆ ਤੇ ਓਹ ਫਿਰ ਇਕ ਹੋਰ ਹੰਭਲਾ ਮਾਰ ਕੇ ਵੇਖਣਾ ਚਾਹੁੰਦਾ ਸੀ ਕਿ ਪੀ.ਐਸ.ਯੂ. ਦੇ ਸੂਰਮਿਆਂ ਨਾਲ ਸੰਪਰਕ ਕਰਨ ਦੇ ਯਤਨ ਵਿੱਚ ਕੋਈ ਸਫ਼ਲਤਾ ਮਿਲਦੀ ਹੈ ਕਿ ਨਹੀਂ। ਇਕ ਦਿਨ ਸਵੇਰੇ ਹੀ ਤਿਆਰ ਹੋ ਕੇ ਓਹ ਹਿੰਦੀ ਟੀਚਰ ਦੇ ਘਰ ਪੁੱਜਾ, ਓਹ ਦਰਸ਼ਨ ਬਾਗ਼ੀ ਨੂੰ ਵੇਖ ਕੇ ਬਾਗੋ ਬਾਗ ਹੋ ਗਿਆ ਤੇ ਦੁਪਹਿਰ ਦੀ ਰੋਟੀ ਵੀ ਓਥੇ ਹੀ ਖਾਧੀ ਤੇ ਓਹ ਦੋਵੇਂ ਬਹੁਤ ਦੇਰ ਤੱਕ ਗੱਲਬਾਤ ਵਿੱਚ ਮਸਰੂਫ ਰਹੇ। ਦਰਸ਼ਨ ਬਾਗ਼ੀ ਨੇ ਉਸ ਟੀਚਰ ਨੂੰ ਦੱਸਿਆ ਕਿ ਓਹ ਵਾਪਸ ਪੰਜਾਬ ਜਾ ਰਿਹਾ ਹੈ ਤੇ ਆਸ ਨਹੀਂ ਕਿ ਓਹ ਵਾਪਸ ਮੁੜੇਗਾ ਤੇ ਉਸ ਨੇ ਝੋਲੇ ਵਿੱਚੋਂ ਮਾਓ ਦੀਆਂ ਚੋਣਵੀਆਂ ਲਿਖਤਾਂ ਦਾ ਸੈੱਟ ਕੱਢ ਕੇ ਉਸ ਨੂੰ ਪੇਸ਼ ਕੀਤਾ ਤੇ ਅਚੰਭੇ ਨਾਲ ਉਸ ਟੀਚਰ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਤੇ ਉਸ ਸੰਭਲ ਕੇ ਕਿਹਾ, "ਤੁਸੀਂ ਸਧਾਰਨ ਟੀਚਰ ਨਹੀਂ ਤੁਸੀਂ ਕੌਣ ਹੋ ?" ਇਸ ਤੇ ਦਰਸ਼ਨ ਬਾਗ਼ੀ ਨੇ ਸੰਖੇਪ ਵਿੱਚ ਆਪਣੇ ਬਾਰੇ ਦੱਸਿਆ ਤੇ ਕਿਹਾ ਕਿ ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਤੁਸੀਂ ਆਪਣੇ ਲੋਕਾਂ ਲਈ ਮੁਕਤੀ ਦੇ ਸੰਗਰਾਮ ਦਾ ਅੰਗ ਬਣੋਗੇ, ਪਤਾ ਨਹੀਂ ਕਿ ਅਸੀਂ ਹੁਣ ਦੇ ਵਿਛੜੇ ਫਿਰ ਮਿਲਾਂਗੇ ਕਿ ਨਹੀਂ, ਪਰ ਮੇਰੀਆਂ ਸ਼ੁਭ ਕਾਮਨਾਵਾਂ ਤੁਹਾਡੇ ਅੰਗ ਸੰਗ ਹੋਣਗੀਆਂ। ਦਰਸ਼ਨ ਬਾਗ਼ੀ ਦੇ ਪਿਛੋਕੜ ਨੂੰ ਜਾਣ ਕੇ ਓਹ ਟੀਚਰ ਦਰਸ਼ਨ ਬਾਗ਼ੀ ਦੇ ਪੈਰ ਛੂਹਣ ਲਈ ਅੱਗੇ ਵਧਿਆ, ਪਰ ਦਰਸ਼ਨ ਬਾਗ਼ੀ ਨੇ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਫਿਰ ਚਾਹ ਪੀਣ ਮਗਰੋਂ ਓਹ ਦੋਵੇਂ ਇਕ ਦੂਜੇ ਨਾਲ ਬਗ਼ਲਗੀਰ ਹੋ ਕੇ ਵਿਛੜੇ।

## ਦਰਸ਼ਨ ਬਾਗ਼ੀ ਦੇ 5 ਭਰਾ ਤੇ 14 ਸਾਲ ਦਾ ਪੁੱਤਰ ਪੁਲਸ ਵੱਲੋਂ ਗ੍ਰਿਫਤਾਰ

ਇਸ ਇਕ ਸਾਲ ਦੀ ਜਲਾਵਤਨੀ ਦੇ ਦੌਰਾਨ, ਪੰਜਾਬ ਪੁਲਸ ਤੇ ਸੀ.ਆਈ.ਡੀ. ਨੂੰ ਦਰਸ਼ਨ ਬਾਗ਼ੀ ਕਿਤੇ ਵੀ ਨਜ਼ਰ ਨਾ ਆਇਆ ਤਾਂ ਪੰਜਾਬ ਪੁਲਸ ਨੂੰ ਉਪਰ ਤੋਂ ਲੈ ਕੇ ਥੱਲੇ ਤੱਕ ਫਿਕਰ ਪੈ ਗਿਆ ਕਿ ਦਰਸ਼ਨ ਬਾਗ਼ੀ ਕਿੱਥੇ ਗ਼ਾਇਬ ਹੋ ਗਿਆ ਹੈ। ਪੂਰੀ ਛਾਣਬੀਨ ਦੇ ਬਾਵਜੂਦ, ਉਸ ਦੀ ਕਿਤੇ ਉੱਘ-ਸੁੱਘ ਨਾ ਮਿਲੀ। ਅਜਿਹੀ ਹਾਲਤ ਵਿੱਚ ਪੁਲਸ ਕੋਲ ਇਕੋ ਤਰੀਕਾ ਰਹਿ ਜਾਂਦਾ ਹੈ ਤੇ ਓਹ ਹੈ ਪਰਿਵਾਰ ਦੇ ਸ਼ਿਕੰਜੇ ਕੱਸੇ ਜਾਣ। ਪੁਲਸ ਪਰਿਵਾਰ 'ਤੇ ਤਸ਼ੱਦਦ ਕਰਦੀ ਹੈ ਗ਼ਾਇਬ ਹੋਏ ਬੰਦੇ ਦੇ ਥਾਂ ਟਿਕਾਣੇ ਨੂੰ ਜਾਣਨ ਲਈ। ਇਸ ਨੀਤੀ ਅਨੁਸਾਰ ਦਰਸ਼ਨ ਬਾਗ਼ੀ ਦੇ ਪੁੱਤਰ ਗੁਰਦੀਪ ਨੂੰ ਪਿੰਡ ਪੁੱਜੇ ਨੂੰ ਅਜੇ ਇੱਕ ਕੁ ਹਫਤਾ ਹੀ ਹੋਇਆ ਸੀ ਕਿ ਇਕ ਦਿਨ ਪੁਲਸ ਨੇ ਦਰਸ਼ਨ ਬਾਗ਼ੀ ਦੇ ਘਰ ਛਾਪਾ ਮਾਰਿਆ ਤੇ ਉਸ ਦੇ ਪੰਜਾਂ ਭਰਾਵਾਂ ਤੇ 14 ਸਾਲ ਦੀ ਉਮਰ ਦੇ ਪੁੱਤਰ ਨੂੰ ਪਿੰਡ ਦੇ ਸਾਰੇ ਇਕੱਠੇ ਹੋਏ ਲੋਕਾਂ ਦੇ ਸਾਹਮਣੇ ਗ੍ਰਿਫਤਾਰ ਕਰ ਕੇ ਥਾਣੇ ਲੈ ਗਏ। ਥਾਣੇ ਲਿਜਾ ਕੇ ਸਾਰੇ ਭਰਾਵਾਂ ਨੂੰ ਬਹੁਤ ਡਰਾਇਆ ਧਮਕਾਇਆ ਕਿ ਦੱਸੋ, ਦਰਸ਼ਨ ਬਾਗ਼ੀ ਕਿੱਥੇ ਹੈ? ਪੁਲਸ ਤੇ ਦਰਸ਼ਨ ਬਾਗ਼ੀ ਦੇ ਪੰਜਾਂ ਭਰਾਵਾਂ ਤੇ ਪੁੱਤਰ ਦੇ ਭਵਾਨੀਗੜ੍ਹ ਥਾਣੇ ਪਹੁੰਚਣ ਤੋਂ ਘੰਟਿਆਂ ਮਗਰੋਂ ਬੀਂਬੜੀ ਪਿੰਡ ਦੀ ਪੰਚਾਇਤ, 20-25 ਪਿੰਡ ਦੇ ਸਿਆਣੇ ਮੋਹਤਬਰ, ਪਿੰਡ ਦੇ ਪਿਆਰਾ ਸਿੰਘ ਵਕੀਲ ਦੀ ਅਗਵਾਈ ਵਿੱਚ ਥਾਣੇ ਪਹੁੰਚ ਗਏ ਤੇ ਥਾਣੇ ਦੇ ਪੁਲਸ ਇੰਸਪੈਕਟਰ ਨੂੰ ਮਿਲੇ ਤੇ ਪੰਜਾਂ ਭਰਾਵਾਂ ਤੇ ਦਰਸ਼ਨ ਬਾਗ਼ੀ ਦੇ ਪੁੱਤਰ ਦੀ ਰਿਹਾਈ ਲਈ ਬੇਨਤੀ ਕੀਤੀ ਕਿ ਇਹ ਤਾਂ ਖੇਤੀ ਕਰਨ ਵਾਲੇ ਹਨ, ਇਨਾਂ ਨੂੰ ਕੀ ਪਤਾ ਕਿ ਦਰਸ਼ਨ ਬਾਗ਼ੀ ਕਿਥੇ ਹੈ। ਉਸ ਦੇ ਭਰਾਵਾਂ ਨੇ ਪੁਲਸ ਨੂੰ ਦੱਸਿਆ ਕਿ ਇਕ ਸਾਲ ਤੋਂ ਵੱਧ ਹੋਇਆ ਘਰੋਂ ਜਾਣ ਲੱਗਿਆ ਓਹ ਇਹ ਕਹਿ ਕੇ ਗਿਆ ਸੀ ਕਿ ਓਹ ਇਕ ਦੋ ਦਿਨਾਂ ਤੱਕ ਮੁੜ ਆਵੇਗਾ ਪਰ ਉਸ ਨੇ ਇਹ ਨਹੀਂ ਸੀ ਦੱਸਿਆ ਕਿ ਓਹ ਕਿੱਥੇ ਗਿਆ ਸੀ। ਪਿੰਡ ਦੀ ਪੰਚਾਇਤ ਦੇ ਜ਼ੋਰ ਪਾਉਣ ਤੇ ਥਾਣੇਦਾਰ ਨੇ ਉਸ ਦੇ ਪੰਜਾਂ ਭਰਾਵਾਂ ਤੇ ਉਸ ਦੇ ਪੁੱਤਰ ਨੂੰ ਰਿਹਾ ਕਰ ਦਿੱਤਾ।



## ਦਰਸ਼ਨ ਬਾਗ਼ੀ ਦੀ ਗ੍ਰਿਫਤਾਰੀ

ਉਸ ਟੀਚਰ ਨਾਲ ਬਗ਼ਲਗੀਰ ਹੋਣ ਤੋਂ ਮਗਰੋਂ ਅਗਲੇ ਦਿਨ ਸ਼ਾਮ ਤੱਕ ਦਰਸ਼ਨ ਬਾਗ਼ੀ ਆਪਣੇ ਪਿੰਡ ਪੁੱਜਾ ਤੇ ਅਗਲੀ ਸਵੇਰ 10 ਕੁ ਵਜੇ ਪੁਲਸ ਦਾ ਟਰੱਕ 10-12 ਪੁਲਸ ਅਫਸਰਾਂ ਸਮੇਤ ਪਿੰਡ ਪਹੁੰਚ ਗਿਆ ਤੇ ਪੁਲਸ ਦਾ ਟਰੱਕ ਵੇਖ ਕੇ ਸਾਰੀ ਪੰਚਾਇਤ ਤੇ ਸਿਆਣੇ ਬੰਦੇ ਪਿਆਰਾ ਸਿੰਘ ਵਕੀਲ ਸਮੇਤ ਪੁਲਸ ਕੋਲ ਪਹੁੰਚ ਗਏ ਤੇ ਪੁਲਸ ਨੂੰ ਸਵੇਰੇ ਸਵੇਰੇ ਆਉਣ ਦਾ ਕਾਰਨ ਪੁੱਛਿਆ। ਥਾਣੇਦਾਰ ਨੇ ਕਿਹਾ ਕਿ ਪੁਲਸ ਦਰਸ਼ਨ ਬਾਗ਼ੀ ਨੂੰ ਗ੍ਰਿਫਤਾਰ ਕਰਨ ਆਈ ਹੈ। ਉਸ ਨੇ ਕਿਹਾ ਕੋਈ ਜਣਾ ਜਾ ਕੇ ਉਸ ਨੂੰ ਬੁਲਾ ਲਿਆਓ। ਇਸ ਤੇ ਦਰਸ਼ਨ ਬਾਗ਼ੀ ਦਾ ਬਹੁਤ ਗੂਹੜਾ ਤੇ ਪਿਆਰਾ ਯਾਰ ਰਛਪਾਲ ਸਿੰਘ, ਦਰਸ਼ਨ ਬਾਗ਼ੀ ਦੇ ਘਰ ਗਿਆ ਤੇ ਉਸ ਨੂੰ ਕਿਹਾ "ਆ ਬਾਗ਼ੀ ਸਾਹਿਬ, ਬਾਹਰ ਤੇਰੇ ਰਿਸ਼ਤੇਦਾਰ ਤੈਨੂੰ ਮਿਲਨ ਆਏ ਨੇ।" ਇਸ ਸੁਨੇਹੇ ਤੇ ਦਰਸ਼ਨ ਬਾਗ਼ੀ ਤਿਆਰ ਹੋ ਕੇ ਸਾਰੇ ਪਿੰਡ ਦੇ ਲੋਕਾਂ ਦੀ ਹਾਜ਼ਰੀ ਵਿੱਚ ਪੁਲਸ ਦੇ ਪੇਸ਼ ਹੋ ਕੇ ਟਰੱਕ ਤੇ ਚੜ੍ਹ ਗਿਆ ਤੇ ਪਿਆਰਾ ਸਿੰਘ ਵਕੀਲ ਨੇ ਥਾਣੇਦਾਰ ਨੂੰ ਸੰਬੋਧਨ ਕਰ ਕੇ ਕਿਹਾ, "ਥਾਣੇਦਾਰ ਸਾਹਿਬ, ਤੁਸੀਂ ਸਾਡਾ ਮੁੰਡਾ ਜਿਵੇਂ ਲੈ ਕੇ ਚੱਲੇ ਹੋ, ਅਸੀਂ ਇਸ ਨੂੰ ਉਵੇਂ ਹੀ ਤੁਹਾਡੇ ਤੋਂ ਲਵਾਂਗੇ" ਤੇ ਫਿਰ ਪਿਆਰਾ ਸਿੰਘ ਵਕੀਲ ਨੇ ਦਰਸ਼ਨ ਬਾਗ਼ੀ ਨੂੰ ਕਿਹਾ, "ਪੁੱਤਰਾ, ਫਿਕਰ ਨਾ ਕਰੀਂ ਅਸੀਂ ਆਏ ਤੇਰੇ ਮਗਰ ਹੀ।"

ਥਾਣੇ ਪਹੁੰਚ ਕੇ ਇੰਟੈਰੋਗੇਸ਼ਨ ਸ਼ੁਰੂ ਹੋਈ ਤੇ ਥਾਣੇਦਾਰ ਨੇ ਕਿਹਾ, ਤੁਸੀਂ ਇਕ ਸਾਲ ਤੋਂ ਪੰਜਾਬ ਵਿੱਚੋਂ ਗ਼ਾਇਬ ਸੀ ਤੇ ਪੁਲਸ ਇਸ ਦੀ ਤਫਸੀਲ ਚਾਹੁੰਦੀ ਹੈ ਕਿ ਤੁਸੀਂ ਇਕ ਸਾਲ ਭਰ ਕਿਥੇ ਰਹੇ ਤੇ ਕੀ ਕਰਦੇ ਰਹੇ? ਦਰਸ਼ਨ ਬਾਗ਼ੀ ਨੇ ਸੰਖੇਪ ਤੇ ਸਪੱਸ਼ਟ ਉਤਰ ਦਿੱਤਾ ਕਿ ਓਹ ਹਿਮਾਚਲ ਵਿੱਚ ਟਾਊਨੀ ਦੇਵੀ ਆਰੀਆ ਹਾਈ ਸਕੂਲ ਵਿੱਚ ਨੌਵੀਂ ਤੇ ਦਸਵੀਂ ਜਮਾਤ ਨੂੰ ਹਿਸਾਬ ਪੜਾਉਂਦਾ ਰਿਹਾ ਹੈ ਤੇ ਉਸ ਦਾ 13 ਸਾਲ ਦੀ ਉਮਰ ਦਾ ਪੁੱਤਰ ਵੀ ਉਸੇ ਸਕੂਲ ਵਿੱਚ 8ਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਉਸ ਦੇ ਕੋਲ ਰਹਿੰਦਾ ਸੀ। 4 ਕੁ ਘੰਟਿਆਂ ਮਗਰੋਂ ਪਿਆਰਾ ਸਿੰਘ ਵਕੀਲ ਦੀ ਅਗਵਾਈ ਵਿੱਚ ਪਿੰਡ ਦੀ ਪੰਚਾਇਤ ਥਾਣੇ ਪਹੁੰਚ ਗਈ ਤੇ ਪੰਚਾਇਤ ਨੇ ਥਾਣੇਦਾਰ ਨੂੰ ਮਿਲਣ ਦੀ ਬੇਨਤੀ ਕੀਤੀ ਤੇ ਦਰਸ਼ਨ ਬਾਗ਼ੀ ਦੀ ਰਿਹਾਈ ਦੀ ਮੰਗ ਕੀਤੀ। ਥਾਣੇਦਾਰ ਨੇ ਕਿਹਾ ਕਿ ਦਰਸ਼ਨ ਬਾਗ਼ੀ ਦੀ ਪੜਤਾਲ ਹੋ ਰਹੀ ਹੈ,

ਕੁਝ ਜਾਣਕਾਰੀ ਦੀ ਪੜਤਾਲ ਦੂਜੇ ਸੂਬੇ ਵਿੱਚੋਂ ਹੋਣੀ ਹੈ, ਇਸ ਤੇ ਵਕਤ ਲਗੇਗਾ। ਇਸ ਕਰ ਕੇ ਉਸ ਨੇ ਪੰਚਾਇਤ ਨੂੰ ਅਗਲੇ ਦਿਨ ਮਿਲਨ ਲਈ ਕਿਹਾ। ਅਗਲੇ ਦਿਨ ਪੰਚਾਇਤ 10-11 ਵਜੇ ਫਿਰ ਥਾਣੇ ਪਹੁੰਚ ਗਈ। ਪਰ ਥਾਣੇਦਾਰ ਨੇ ਇਹ ਕਹਿ ਕੇ ਫਿਰ ਟਾਲ ਦਿਤਾ ਕਿ ਅਜੇ ਤੱਕ ਦੂਜੇ ਸੂਬੇ ਤੋਂ ਪੜਤਾਲ ਹੋ ਕੇ ਨਹੀਂ ਆਈ। 5 ਦਿਨ ਲਗਾਤਾਰ ਇੰਟੈਰੋਗੇਸ਼ਨ ਚਲਦੀ ਰਹੀ, ਰਾਜਨੀਤਕ, ਨਕਸਲਬਾੜੀ ਲਹਿਰ ਬਾਰੇ ਸੁਆਲ ਹੁੰਦੇ ਰਹੇ ਪਰ ਦਰਸ਼ਨ ਬਾਗ਼ੀ ਨੇ ਸਿਰਫ ਇੱਕੋ ਧਾਰਨਾ ਹੀ ਫੜੀ ਰੱਖੀ ਕਿ ਉਹ ਵਿਦਿਆਰਥੀ ਆਗੂ ਹੈ, ਪੀ.ਐਸ.ਯੂ. ਦਾ ਜਨਰਲ ਸੈਕਟਰੀ ਹੈ ਤੇ ਪੀ.ਐਸ.ਯੂ. ਸਿਰਫ ਵਿਦਿਆਰਥੀਆਂ ਦੀ ਜੱਥੇਬੰਦੀ ਹੈ ਤੇ ਵਿਦਿਆਰਥੀਆਂ ਦੇ ਹੱਕਾਂ ਲਈ ਹੀ ਲੜਦੀ ਹੈ। ਪੜਿਆ ਲਿਖਿਆ ਤੇ ਬੁਧੀਜੀਵੀ ਹੋਣ ਦੇ ਨਾਤੇ ਮੇਰੇ ਰਾਜਸੀ ਵਿਚਾਰ ਹਨ ਤੇ ਮੈਂ ਮਾਰਕਸਵਾਦੀ ਹਾਂ ਤੇ ਕਮਿਊਨਿਸਟ ਵਿਚਾਰਧਾਰਾ ਦਾ ਧਾਰਨੀ ਹਾਂ।

ਪੰਜਵੇਂ ਦਿਨ ਸ਼ਾਮ ਨੂੰ ਥਾਣੇਦਾਰ ਪੰਚਾਇਤ ਨੂੰ ਮਿਲਿਆ ਤੇ ਉਸ ਦਰਸ਼ਨ ਬਾਗ਼ੀ ਨੂੰ ਪੰਚਾਇਤ ਦੇ ਹਵਾਲੇ ਕਰਦਿਆਂ ਪਿਆਰਾ ਸਿੰਘ ਵਕੀਲ ਨੂੰ ਸੰਬੋਧਨ ਕਰ ਕੇ ਕਿਹਾ, "ਵਕੀਲ ਸਾਹਿਬ ਆਹ ਫੜੋ ਆਪਣਾ ਮੁੰਡਾ, ਜਿਉਂਦਾ ਫੜਿਆ ਸੀ ਤੇ ਜਿਉਂਦਾ ਮੋੜ ਰਿਹਾ ਹਾਂ।"



# ਦਰਸ਼ਨ ਬਾਗ਼ੀ ਦੀ ਦੂਜੀ ਗ੍ਰਿਫਤਾਰੀ

5 ਦਿਨਾਂ ਦੀ ਇੰਟੈਰੋਗੇਸ਼ਨ ਮਗਰੋਂ ਰਿਹਾ ਹੋਣ ਤੋਂ ਕੋਈ ਇੱਕ ਹਫ਼ਤਾ ਬਾਦ ਦਰਸ਼ਨ ਬਾਗ਼ੀ ਆਪਣੇ ਪੁਰਾਣੇ ਜਮਾਤੀ ਰਘਬੀਰ ਸਿੰਘ ਟਾਕ ਨੂੰ ਮਿਲਣ ਨਾਰੰਗਵਾਲ ਚਲਾ ਗਿਆ। ਜੌਹਨ ਹੋਪਕਿਨ ਯੂਨਿਵਰਸਟੀ, ਬਾਲਟੀਮੋਰ, ਯੂ.ਐਸ.ਏ. ਨੇ ਨਾਰੰਗਵਾਲ ਰੂਰਲ ਰਿਸਰਚ ਸੈਂਟਰ ਖੋਲਿਆ ਹੋਇਆ ਸੀ ਤੇ ਰਘਬੀਰ ਸਿੰਘ ਟਾਕ ਇਥੇ ਸੋਸ਼ਲ ਸਾਇੰਟਿਸਟ ਦੇ ਤੌਰ 'ਤੇ ਕੰਮ ਕਰਦਾ ਸੀ। ਰਘਬੀਰ ਸਿੰਘ ਟਾਕ ਨੇ ਦਰਸ਼ਨ ਬਾਗ਼ੀ ਨੂੰ ਉਸ ਸੈਂਟਰ ਵਿੱਚ ਰਿਸਰਚ ਏਸਿਸਟੈਂਟ ਦੀ ਪਦਵੀ 'ਤੇ ਕੰਮ ਕਰਨ ਲਈ ਰਜ਼ਾਮੰਦ ਕਰ ਲਿਆ ਤੇ ਦੋਸਤ ਦੇ ਕਹੇ ਤੇ ਦਰਸ਼ਨ ਬਾਗ਼ੀ ਨੇ ਨਾਰੰਗਵਾਲ ਸੈਂਟਰ ਵਿੱਚ ਕੰਮ ਕਰਨਾ ਅਰੰਭ ਦਿੱਤਾ ਤੇ ਕੁਝ ਹਫਤਿਆਂ ਮਗਰੋਂ ਆਪਣੇ ਪੁੱਤਰ ਤੇ ਧੀ ਨੂੰ ਵੀ ਆਪਣੇ ਕੋਲ ਲੈ ਆਂਦਾ ਤੇ ਬੱਚਿਆਂ ਨਾਲ ਮਹਿਮਾ ਸਿੰਘ ਵਾਲੇ ਪਿੰਡ ਵਿੱਚ ਰਿਹਾਇਸ਼ ਕਰ ਲਈ ਸੀ।

ਇਸ ਸੈਂਟਰ ਵਿੱਚ ਕੰਮ ਕਰਦਿਆਂ ਅਜੇ ਤਿੰਨ ਕੁ ਮਹੀਨੇ ਹੀ ਹੋਏ ਹੋਣਗੇ ਕਿ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦੀ ਪੁਲਸ ਨੇ ਦਰਸ਼ਨ ਬਾਗ਼ੀ ਨੂੰ ਗ੍ਰਿਫਤਾਰ ਕਰ ਕੇ ਭਵਾਨੀਗੜ੍ਹ ਹਵਾਲਾਤ ਵਿੱਚ ਬੰਦ ਕਰ ਦਿੱਤਾ। ਪੁਲਸ ਨੇ ਤਸ਼ਦੱਦ ਨਹੀਂ ਸੀ ਕੀਤਾ ਪਰ ਜ਼ਬਾਨੀ ਕਲਾਮੀ ਸਖ਼ਤ ਛਾਣਬੀਨ ਹੋਈ ਸੀ। ਦੂਜੇ ਦਿਨ ਰਾਤ ਦੇ ਕੋਈ 9-10 ਵਜੇ ਬੀਬੜੀ ਵਾਲੇ ਪਿਆਰਾ ਸਿੰਘ ਵਕੀਲ ਤੇ ਹੋਰ ਪੰਚਾਇਤੀਆਂ ਦੀ ਸਪੁਰਦਗੀ ਵਿੱਚ ਪੁਲਸ ਨੇ ਦਰਸ਼ਨ ਬਾਗ਼ੀ ਨੂੰ ਰਿਹਾਅ ਕਰ ਦਿੱਤਾ।

# ਰੇਖਾ ਚਿੱਤਰ

ਸੂਬਾ ਪੱਧਰ ਦੇ ਮਾਰਕਸਵਾਦੀ ਗਰੁਪ ਦੇ ਮੈਂਬਰਾਂ ਦੇ ਰੇਖਾ ਚਿੱਤਰ ਜਿਨਾਂ ਨੇ ਦਰਸ਼ਨ ਬਾਗ਼ੀ ਦੇ ਮੋਢੇ ਨਾਲ ਮੋਢਾ ਜੋੜ ਕੇ ਅਣਥੱਕ ਮਿਹਨਤ ਤੇ ਸੰਘਰਸ਼ ਰਾਹੀਂ ਪੀ.ਐਸ.ਯੂ. ਦੇ ਵਿਕਾਸ ਨੂੰ ਸਫ਼ਲਤਾ ਪਰਦਾਨ ਕੀਤੀ।

## ਸ਼ਮਸੇਰ ਸਿੰਘ (ਸ਼ੇਰੀ)

ਸ਼ਮਸ਼ੇਰ ਸਿੰਘ (ਸ਼ੇਰੀ) ਤੇ ਦਰਸ਼ਨ ਬਾਗ਼ੀ ਦੇ ਚਾਚੇ ਦਾ ਪੁੱਤਰ ਭਰਾ ਜੋਗਿੰਦਰ ਸਿੰਘ ਰਿਪੁਦਮਨ ਕਾਲਜ ਨਾਭਾ ਵਿੱਚ ਇਕੱਠੇ ਪੜਦੇ ਹੁੰਦੇ ਸਨ। ਜੋਗਿੰਦਰ ਤੇ ਸ਼ੇਰੀ ਦੋਵੇਂ ਅਗਾਂਹਵਧੂ ਵਿਚਾਰਾਂ ਦੇ ਸਨ। ਜੋਗਿੰਦਰ, ਦਰਸ਼ਨ ਬਾਗ਼ੀ ਦੇ ਵਿਚਾਰਾਂ ਦੀ ਲਾਗ ਨਾਲ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਬਣਿਆ ਸੀ। ਜੋਗਿੰਦਰ ਤੇ ਸ਼ੇਰੀ ਦੀ ਆਪਸ ਵਿੱਚ ਚੰਗੀ ਗੋਠ ਸੀ। ਜੋਗਿੰਦਰ ਨੇ ਦੱਸਿਆ ਕਿ ਸ਼ੇਰੀ ਪਿੰਡ ਖੋਖਰ ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਸੀ ਤੇ ਕਬੱਡੀ ਦਾ ਸਿਰਮੌਰ ਖਿਡਾਰੀ ਹੁੰਦਾ ਸੀ। ਇਸੇ ਖੇਡ ਨੇ ਉਸ ਦੀ ਇਕ ਲੱਤ ਖਾ ਲਈ ਸੀ ਤੇ ਉਹ ਸਦਾ ਲਈ ਇਕ ਲੱਤੋਂ ਆਰੀ ਹੋ ਗਿਆ ਸੀ। ਇਸ ਚੰਗੀ ਖ਼ਬਰ ਨੇ ਦਰਸ਼ਨ ਬਾਗ਼ੀ ਦੀਆਂ ਅੱਖਾਂ ਵਿੱਚ ਕੋਈ ਨਵਾਂ ਜਲੌਅ ਪੈਦਾ ਕੀਤਾ ਤੇ ਉਸ ਨੇ ਮਹਿਸੂਸ ਕੀਤਾ ਕਿ ਜਿਵੇਂ ਖੋਖਰ ਉਸ ਦੀ ਜ਼ਿੰਦਗੀ ਦਾ ਚਿਰ ਵਿੱਛੜਿਆ ਅੰਗ ਹੋਵੇ ਤੇ ਉਸ ਚਿਰ ਵਿਛੜੇ ਅੰਗ ਦੇ ਮਿਲਣ ਦੀ ਤਾਂਘ ਨਾਲ ਦਰਸ਼ਨ ਬਾਗ਼ੀ ਨੇ ਖੋਖਰ ਪਹੁੰਚ ਕੇ ਸ਼ੇਰੀ ਦੇ ਬੂਹੇ 'ਤੇ ਦਸਤਕ ਦਿੱਤੀ, ਪਰ ਨਿਰਾਸ਼ਾ ਨਾਲ ਵਾਪਸ ਮੁੜਨਾ ਪਿਆ। ਕੁਝ ਦਿਨਾਂ ਮਗਰੋਂ ਦਰਸ਼ਨ ਬਾਗ਼ੀ ਦੇ ਮਨ ਵਿੱਚ ਫਿਰ ਖੋਹ ਜਿਹੀ ਪਈ ਤੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਕੁਝ ਗੁਆਚ ਗਿਆ ਹੋਵੇ ਤੇ ਉਸ ਗੁਆਚੇ ਦੀ ਭਾਲ ਵਿੱਚ ਫਿਰ ਖੋਖਰ ਜਾ ਪਹੁੰਚਾ ਤੇ ਇਸ ਵਾਰੀ ਵੀ ਦਰਸ਼ਨ ਬਾਗ਼ੀ ਤੋਂ ਸ਼ੇਰੀ ਨਾ ਫੜਿਆ ਗਿਆ।

'ਤੀਜੇ ਗੇੜੇ ਵੀ ਸ਼ੇਰੀ ਕੌਡੀ ਪਾ ਕੇ ਪਿੰਡੋਂ ਹਨੇਰੀ ਹੋ ਗਿਆ ਤੇ ਬਾਗੀ ਉਦਾਸ ਚਿਹਰੇ ਨਾਲ ਰੇਲਵੇ ਸਟੇਸ਼ਨ 'ਤੇ ਪੁੱਜਾ ਅਤੇ ਉਸ ਦੀ ਨਿਗਾਹ ਲੰਗੜਾਅ ਕੇ ਤੁਰਦੇ ਇੱਕ ਨੌਜੁਆਨ 'ਤੇ ਪਈ ਤੇ ਦਰਸ਼ਨ ਬਾਗ਼ੀ ਤੁਰਤ ਹੀ ਉਸ ਕੋਲ ਪੁੱਜਾ ਤੇ ਪੁੱਛਿਆ ਕਿ ਤੁਹਾਡਾ ਨਾਂ ਸ਼ਮਸ਼ੇਰ ਸਿੰਘ ਸ਼ੇਰੀ ਹੈ? ਹਾਂ ਮੇਰਾ ਨਾਂ ਸ਼ੇਰੀ ਹੈ।



ਦਰਸ਼ਨ ਬਾਗ਼ੀ ਨੇ ਆਪਣੀ ਜਾਣ ਪਛਾਣ ਕਰਾਈ ਕਿ "ਮੈ ਕਮਿਊਨਿਸਟ ਹਾਂ ਪੰਜਾਬ ਸਟੂਡੈਂਟਸ ਫਰੰਟ ਦਾ ਆਰਗੇਨਾਈਜ਼ਰ ਹਾਂ ਤੇ ਮੈਨੂੰ ਹਮਸਫਰਾਂ ਦੀ ਤਲਾਸ਼ ਹੈ, ਮੈਂ ਹਮਸਫਰ ਤਲਾਸ਼ਦਾ ਫਿਰਦਾ ਹਾਂ। ਜਾਣ ਪਛਾਣ ਮਗਰੋਂ ਸ਼ੇਰੀ ਨਾਲ ਨਿੱਘੀ ਗਲਵੱਕੜੀ ਨਾਲ ਇਹ ਦਰਸ਼ਨ ਬਾਗ਼ੀ ਦੀ ਪਹਿਲੀ ਮਿਲਣੀ ਹੋਈ ਸੀ। ਇਹ ਨਿੱਘੀ ਦਿਲ ਘੁੱਟਵੀਂ ਗਲਵਕੜੀ ਉਮਰ ਭਰ ਜੀਣ ਤੇ ਮਰਨ ਦੇ ਸਬੰਧਾਂ ਦਾ ਸੰਕੇਤ ਦਿੰਦੀ ਸੀ। ਇਸ ਤਰਾਂ ਸੀ ਸ਼ੇਰੀ ਨਾਲ ਪਹਿਲੀ ਮਿਲਣੀ। ਸਟੇਸ਼ਨ ਤੋਂ ਉਸ ਦੇ ਘਰ ਚਲੇ ਗਏ ਤੇ ਬਾਕੀ ਗੱਲਾਂ ਚਾਹ ਦੇ ਕੱਪ 'ਤੇ ਹੋਈਆਂ। ਸ਼ੇਰੀ ਬੋਲਚਾਲ ਦਾ ਬੜਾ ਸੰਜਮੀ ਸੀ ਪਰ ਕਰਮ ਦੇ ਪੱਖੋਂ ਆਫਤ ਸੀ। ਮਿਲਣੀ ਬੜੀ ਪਿਆਰੀ ਤੇ ਨਿੱਘ ਭਰੀ, ਡੂੰਘ ਸਾਂਝ ਵਾਲੀ ਸੀ। ਇਸ ਸੰਖੇਪ ਜਾਣ-ਪਛਾਣ ਮਗਰੋਂ ਸੰਖੇਪ ਵਿੱਚ ਦਰਸ਼ਨ ਬਾਗ਼ੀ ਨੇ ਜਥੇਬੰਦੀ ਦੀ ਵਿਉਂਤਬੰਦੀ ਸ਼ੇਰੀ ਨਾਲ ਸਾਂਝੀ ਕੀਤੀ।

"ਮੈਂ ਅੱਜ ਤੋਂ ਤੁਹਾਡਾ ਹਮਸਫਰ ਹਾਂ ਗਰਮ ਗਰਮ ਚਾਹ ਦੇ ਕੱਪ ਨੂੰ ਟੇਬਲ 'ਤੇ ਰੱਖਿਆ ਤੇ ਕਿਹਾ ਕਿ ਮੈਨੂੰ ਕੀ ਹੁਕਮ ਹੈ?" ਸ਼ੇਰੀ ਨੇ ਦੋ ਟੁਕ ਗੱਲ ਮੁੱਕਦੀ ਕੀਤੀ।

ਚਾਹ ਪੀਂਦਿਆਂ ਵਿਚਾਰ-ਵਟਾਂਦਰਾ ਚਲਦਾ ਰਿਹਾ ਕਿ ਅੱਡੋ-ਅੱਡ ਜ਼ਿਲ੍ਹਿਆਂ ਦੇ ਕਾਲਜਾਂ ਵਿੱਚ ਮਾਰਕਸਵਾਦੀ ਯੂਨਿਟ ਕਾਇਮ ਕੀਤੇ ਜਾਣ ਤੇ ਇਨਾਂ ਯੂਨਿਟਾਂ ਦੇ ਅਧਾਰ 'ਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਜਨਤਕ ਜਥੇਬੰਦੀ ਉਸਾਰੀ ਜਾਵੇ ਤੇ ਵਿਦਿਆਰਥੀਆਂ ਦੀਆਂ ਮੰਗਾਂ 'ਤੇ ਵਿਦਿਆਰਥੀ ਸੰਘਰਸ ਲੜੇ ਜਾਣ, ਸੰਘਰਸ਼ਾਂ ਦੌਰਾਨ ਤੇ ਸੰਘਰਸ਼ਾਂ ਤੋਂ ਬਾਦ ਮਾਰਕਸਵਾਦ ਦੇ ਸਟੱਡੀ ਸਰਕਲ ਲਾਏ ਜਾਣ, ਇਨਾਂ ਸਟੱਡੀ ਸਰਕਲਾਂ ਵਿੱਚ ਦਵੰਦਵਾਦੀ ਪਦਾਰਥਵਾਦ, ਇਤਿਹਾਸਕ ਪਦਾਰਥਵਾਦ ਆਦਿ ਪੜਾਏ ਜਾਣ। ਇਸ ਤਰਾਂ ਮਾਰਕਸਵਾਦੀ ਵਿਦਿਆਰਥੀਆਂ ਦਾ ਘੇਰਾ ਵਿਸ਼ਾਲ ਹੁੰਦਾ ਜਾਵੇਗਾ। ਇਸ ਸਾਰੇ ਪੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਜੇ ਤੁਸੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲਾ ਲੈ ਕੇ ਖ਼ਾਲਸਾ ਕਾਲਜ ਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੀ.ਐਸ.ਯੂ. ਜੱਥੇਬੰਦ ਕਰੋ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ। ਦਰਸ਼ਨ ਬਾਗ਼ੀ ਨੇ ਸ਼ੇਰੀ ਨੂੰ ਸੁਝਾ ਦਿੱਤਾ ਤੇ ਸ਼ੇਰੀ ਨੇ ਸਤਿਬਚਨ ਆਖ ਕੇ ਇਸ ਜ਼ੁੰਮੇਵਾਰੀ ਨੂੰ ਸੰਭਾਲਿਆ।

ਸ਼ੇਰੀ ਨੂੰ ਅੰਮ੍ਰਿਤਸਰ ਵਿੱਚ ਸਿਰਲੱਥ ਯੋਧਾ ਸੁਰਿੰਦਰ ਸਿੰਘ ਚਾਹਲ ਮਿਲਿਆ ਜਿਹੜਾ ਹਿੰਦੂ ਕਾਲਜ ਵਿੱਚ ਇਕਨਾਮਿਕਸ ਦੀ ਐਮ.ਏ. ਕਰਦਾ ਸੀ ਤੇ ਇਨ੍ਹਾਂ ਦੋਹਾਂ ਨੇ ਖ਼ਾਲਸਾ ਕਾਲਜ ਤੇ ਨੈਸ਼ਨਲ ਕਾਲਜ ਸਠਿਆਲਾ ਵਿੱਚ ਪੀ.ਐਸ.ਯੂ. ਦੇ ਬਹੁਤ ਸ਼ਕਤੀਸ਼ਾਲੀ ਯੂਨਿਟ ਕਾਇਮ ਕੀਤੇ। ਇਹੀ ਸਮਸ਼ੇਰ ਤੇ ਸੁਰਿੰਦਰ ਚਾਹਲ ਬਾਕੀ ਵਿਦਿਆਰਥੀਆਂ ਨਾਲ ਟਾਂਗਰੇ, ਸੁਰਿੰਦਰ ਸਿੰਘ ਚਾਹਲ ਦੇ ਘਰ,

ਮਾਰਕਸਵਾਦ ਤੇ ਮਾਓ ਵਿਚਾਰਧਾਰਾ 'ਤੇ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਦੇ ਸਟੱਡੀ ਸਰਕਲ ਬਿਲਾਨਾਗ਼ਾ ਲਾਉਂਦੇ ਰਹੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਿਸ਼ਨ ਸਿੰਘ ਸਮੁੰਦਰੀ ਨੇ ਸ਼ੇਰੀ ਨੂੰ ਸੰਨ 1968 ਵਿੱਚ ਐਮ.ਏ. ਫਾਈਨਲ ਵਿੱਚ ਦਾਖ਼ਲਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਪੀ.ਐਸ.ਯੂ. ਦੇ ਆਦੇਸ਼ ਤੇ ਸ਼ੇਰੀ ਸਰਕਾਰੀ ਕਾਲਜ ਲੁਧਿਆਣੇ ਆ ਗਿਆ ਤੇ ਉਸਨੇ ਇਸ ਕਾਲਜ ਦੇ 1968 ਦੇ ਇਤਿਹਾਸਕ ਵਿਦਿਆਰਥੀ ਸੰਗਰਾਮ ਵਿੱਚ ਲੀਡਿੰਗ ਰੋਲ ਅਦਾ ਕੀਤਾ। ਇਸ ਸੰਗਰਾਮ ਦੀ ਜਿੱਤ ਮਗਰੋਂ ਲੁਧਿਆਣੇ ਹੋਈ ਪੀ.ਐਸ.ਯੂ. ਦੀ ਕਾਨਫਰੰਸ ਵਿੱਚ ਸਰਬਸੰਮਤੀ ਨਾਲ ਸ਼ੇਰੀ ਪੀ.ਐਸ.ਯੂ. ਦਾ ਪਰੈਜ਼ੀਡੈਂਟ ਚੁਣਿਆ ਗਿਆ।

ਐਮ.ਏ. ਦੀ ਡਿਗਰੀ ਖ਼ਤਮ ਕਰਨ ਤੋਂ ਪਹਿਲਾਂ ਹੀ 1969 ਵਿੱਚ ਸ਼ੇਰੀ ਪੜ੍ਹਾਈ ਛੱਡ ਕੇ ਸੀ.ਪੀ.ਆਈ. (ਮਾਰਕਸਵਾਦੀ-ਲੈਨਿਨਵਾਦੀ) ਵਿੱਚ ਸ਼ਾਮਲ ਹੋ ਗਿਆ। 35 ਸਾਲ ਗੁਪਤਵਾਸ ਜੀਵਨ ਗੁਜ਼ਾਰਿਆ ਤੇ ਜਮਹੂਰੀ ਇਨਕਲਾਬ ਲਈ ਲੜਦਾ ਰਿਹਾ। ਫੇਰ ਉਹ ਮਾਓਵਾਦੀ ਪਾਰਟੀ ਦੀ ਸੈਂਟਰ ਕਮੇਟੀ ਤੇ ਪੋਲਿਟ ਬਿਊਰੋ ਦੀ ਪਦਵੀ ਤੱਕ ਪੁੱਜਾ। ਇਸ ਦੀ ਪਤਨੀ ਹਰਬੰਸ ਕੌਰ ਨੇ ਇਸ ਦੇ ਗੁਪਤਵਾਸ ਜੀਵਨ ਵਿੱਚ ਹੀ 2 ਪੁੱਤਰਾਂ ਨੂੰ ਜਨਮ ਦਿੱਤਾ। ਵੱਡੇ ਪੁੱਤਰ ਦਾ ਨਾਂ ਹੈ ਕ੍ਰਾਂਤੀਪਾਲ ਤੇ ਛੋਟੇ ਦਾ ਨਾਂ ਹੈ ਸੁਰਿੰਦਰ। ਅਕਤੂਬਰ 2005 ਵਿੱਚ ਜਦੋਂ ਸ਼ੇਰੀ ਬੇਸ ਇਲਾਕੇ ਤੋਂ ਪੰਜਾਬ ਮੁੜਿਆ ਤਾਂ ਓਹ ਬਿਮਾਰ ਹੋ ਗਿਆ ਤਾਂ ਲੁਧਿਆਣੇ ਹਸਪਤਾਲ ਵਿੱਚ ਸ਼ੇਰੀ ਆਪਣੇ ਸਾਥੀਆਂ ਨੂੰ ਵਿਛੋੜਾ ਦੇ ਗਿਆ।

## ਭੁਪਿੰਦਰ ਸਿੰਘ

1944 ਦਾ ਜ਼ਿਕਰ ਹੈ ਕਿ ਭੁਪਿੰਦਰ ਸਿੰਘ ਦੇ ਨਾਨਾ ਜੀ ਨੇ ਅੰਮ੍ਰਿਤਸਰ ਵਿੱਚ ਨਵਾਂ ਘਰ ਪਾਇਆ ਸੀ ਤੇ ਓਨਾਂ ਦਿਨਾਂ ਵਿੱਚ ਹੀ ਭੁਪਿੰਦਰ ਸਿੰਘ ਦੇ ਜਣੇਪੇ ਲਈ ਸੱਭਿਆਚਾਰਕ ਰੀਤੀ ਰਿਵਾਜ ਅਨੁਸਾਰ ਇਨ੍ਹਾਂ ਦੀ ਬੀਜੀ ਪੇਕੇ ਚਲੀ ਗਈ ਤੇ 2 ਦਸੰਬਰ 1944 ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਨੇ ਭੁਪਿੰਦਰ ਸਿੰਘ ਨੂੰ ਜੀ ਆਇਆਂ ਆਖਿਆ।

ਭੁਪਿੰਦਰ ਸਿੰਘ ਤੇ ਦਰਸ਼ਨ ਬਾਗੀ ਨੇ ਇਕੱਠਿਆਂ ਮਾਰਚ 1965 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੋਸ਼ਿਓਲੋਜੀ ਦੀ ਐਮ.ਏ. ਕੀਤੀ। 1966 ਵਿੱਚ ਭੁਪਿੰਦਰ ਸਿੰਘ ਪੀ.ਐਚ.ਡੀ. ਕਰਨ ਲੱਗ ਪਿਆ ਤੇ ਦਰਸ਼ਨ ਬਾਗੀ ਕੁਲਵਕਤੀ ਪੰਜਾਬ ਦੇ ਵਿਦਿਆਰਥੀਆਂ ਨੂੰ ਪੀ.ਐਸ.ਯੂ. ਦੇ ਝੰਡੇ ਹੇਠ ਜੱਥੇਬੰਦ ਕਰਨ ਲੱਗ ਪਿਆ ਤੇ ਇਹ ਦੋਵੇਂ ਚੰਡੀਗੜ੍ਹ ਇਕੱਠੇ ਹੋ ਜਾਇਆ ਕਰਦੇ ਸਨ ਕਿਉਂਕਿ ਦੋਹਾਂ ਦੀ ਰਿਹਾਇਸ਼ ਚੰਡੀਗੜ੍ਹ ਸੀ। ਇੱਕ ਦਿਨ ਭੁਪਿੰਦਰ ਸਿੰਘ ਤੇ



ਦਰਸ਼ਨ ਬਾਗੀ ਨੇ ਸੀ.ਪੀ.ਆਈ. (ਐਮ) ਦੀ ਇਨਕਲਾਬੀ ਯੁੱਧ ਨੀਤੀ ਤੇ ਟੈਕਟਿਕਸ ਤੇ ਸਿਧਾਂਤਕ ਵਿਚਾਰ ਕੀਤੀ ਤੇ ਭੁਪਿੰਦਰ ਸਿੰਘ ਨੇ ਜਿਹੜਾ ਕਿ ਕਲਮ ਦਾ ਧਨੀ ਹੈ, ਸੀ.ਪੀ.ਆਈ. (ਐਮ) ਦੀ ਯੁੱਧ ਨੀਤੀ ਤੇ ਦਾਅਪੇਚ 'ਤੇ ਇੱਕ ਲੇਖ ਲਿਖ ਮਾਰਿਆ, ਜਿਹੜਾ ਪੀਪਲਜ਼ ਪਾਥ ਪਰਚੇ ਵਿੱਚ, ਜਿਸ ਨੂੰ ਨਰਿੰਦਰ ਜੋਸ਼ੀ ਐਡਿਟ ਕਰਦਾ ਸੀ ਤੇ ਦੇਸ਼ ਭਗਤ ਯਾਦਗਾਰ ਹਾਲ ਤੋਂ ਗ਼ਦਰੀ ਬਾਬਾ ਗੁਰਮੁਖ ਸਿੰਘ ਦੀ ਸਰਪ੍ਰਸਤੀ ਵਿੱਚ ਨਿਕਲਦਾ ਸੀ, ਵਿੱਚ ਛਾਪ ਦਿੱਤਾ ਤੇ ਇਸ ਲੇਖ ਨੇ ਸੀ.ਪੀ.ਆਈ. (ਐਮ) ਦੀਆਂ ਸਫ਼ਾਂ ਵਿੱਚ ਤਰਥੱਲੀ ਮਚਾ ਦਿੱਤੀ।

ਇਸ ਲੇਖ ਦੇ ਛਪਣ ਮਗਰੋਂ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਦੀ ਐਸੀ ਪੀਠ ਮਿਲੀ ਕਿ ਦੋਵੇਂ ਸਿਰ ਤੇ ਕੱਫਣ ਬੰਨ੍ਹ ਕੇ ਪੰਜਾਬ ਵਿੱਚ ਅੱਡੋ-ਅੱਡ ਥਾਵਾਂ 'ਤੇ ਪੀ.ਐਸ.ਯੂ. ਵੱਲੋਂ ਵਿਦਿਆਰਥੀਆਂ ਨੂੰ ਜੱਥੇਬੰਦ ਕਰਦੇ ਤੇ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਦੇ ਸਟੱਡੀ ਸਰਕਲਾਂ ਰਾਹੀਂ ਇਨਕਲਾਬੀ ਯੋਧੇ ਤਿਆਰ ਕਰਦੇ। ਇਹ 1967 ਦਾ ਅਰੰਭ ਸੀ। ਬਸੰਤ ਰੁੱਤ ਆਪਣੀ ਖ਼ੂਬਸੂਰਤੀ ਦਾ ਵਖਾਲਾ ਕਰ ਰਹੀ ਸੀ ਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਤੇ ਪਟਿਆਲੇ ਸ਼ਹਿਰ ਦੇ ਸਾਰੇ ਕਾਲਜਾਂ ਦੇ ਵਿਦਿਆਰਥੀ ਆਪਣੀਆਂ ਮੰਗਾਂ ਲਈ ਪੀ.ਐਸ.ਯੂ. ਦੇ ਝੰਡੇ ਹੇਠ ਸੰਘਰਸ਼ ਲਈ ਮੈਦਾਨ ਵਿੱਚ ਆਣ ਨਿਕਲੇ। ਪੰਜਾਬੀ ਯੂਨੀਵਰਸਟੀ ਤੇ ਪਟਿਆਲੇ ਦੇ ਸਾਰੇ ਕਾਲਜਾਂ ਦੀ ਸੰਘਰਸ਼ ਕਮੇਟੀ ਦੀ ਅਗਵਾਈ ਦਰਸ਼ਨ ਬਾਗ਼ੀ ਤੇ ਭੁਪਿੰਦਰ ਸਿੰਘ ਨੇ ਕੀਤੀ। ਉਦੋਂ ਪੀ.ਐਸ.ਯੂ. ਦਾ ਡੈਪੂਟੇਸ਼ਨ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੂੰ ਮਿਲਿਆ ਤਾਂ ਕਿ ਉਹ ਪੰਜਾਬੀ ਯੂਨੀਵਰਸਿਟੀ ਦੀ ਹੜਤਾਲ ਨੂੰ ਹੱਲ ਕਰਨ ਲਈ ਪੀ.ਐਸ.ਯੂ. ਦੇ ਹੱਕ ਵਿੱਚ ਮੁਦਾਲਖਤ ਕਰੇ ਤਾਂ ਭੁਪਿੰਦਰ ਸਿੰਘ ਵੀ ਡੈਪੂਟੇਸ਼ਨ ਵਿੱਚ ਸ਼ਾਮਲ ਸੀ। ਜਦੋਂ ਪੀ.ਐਸ.ਯੂ. ਦਾ ਡੈਪੂਟੇਸ਼ਨ, ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨਾਲ ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਨੂੰ ਉਸ ਦੇ ਦਫਤਰ ਵਿੱਚ ਮਿਲਿਆ ਤਾਂ ਭੁਪਿੰਦਰ ਸਿੰਘ ਵੀ ਡੈਪੂਟਸ਼ਨ ਵਿੱਚ ਸ਼ਾਮਲ ਸੀ ਪਰ ਬਦਕਿਸਮਤੀ ਨਾਲ ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਦੇ ਇਤਰਾਜ ਕਰਨ ਤੇ ਕਿ ਵੀ.ਸੀ. ਭੁਪਿੰਦਰ ਸਿੰਘ ਨੂੰ ਵਿਦਿਆਰਥੀ ਨਹੀਂ ਮੰਨਦਾ, ਤਾਂ ਪੀ.ਐਸ.ਯੂ. ਦੇ ਕਹਿਣ 'ਤੇ ਭੁਪਿੰਦਰ ਸਿੰਘ ਮੀਟਿੰਗ ਵਿੱਚੋਂ ਬਾਹਰ ਚਲਾ ਗਿਆ। ਵੀ.ਸੀ. ਕ੍ਰਿਪਾਲ ਸਿੰਘ ਨਾਰੰਗ ਨੇ ਪੀ.ਐਸ.ਯੂ. ਦੀਆਂ ਸਾਰੀਆਂ ਮੰਗਾਂ ਪਰਵਾਨ ਕਰ ਲਈਆਂ ਤੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ ਸ਼ੇਰਾਂ ਵਾਲੇ ਦਰਵਾਜ਼ੇ ਸੰਗਤਰੇ ਦਾ ਰਸ ਪਿਆ ਕੇ ਭੁੱਖ ਹੜਤਾਲੀਆਂ ਦੀ ਭੁੱਖ ਹੜਤਾਲ ਖੁਲਵਾਈ। ਪੀ.ਐਸ.ਯੂ. ਦੇ ਇਸ ਸੰਘਰਸ਼ ਵਿੱਚ ਪੀ.ਐਸ.ਯੂ. ਦੇ ਬਾਕੀ ਮਾਰਕਸਵਾਦੀ ਗਰੁੱਪ ਤੇ ਮੈਂਬਰਾਂ ਸਮੇਤ ਭੁਪਿੰਦਰ ਸਿੰਘ ਦੀ ਬਹੁਤ ਦੇਣ ਸੀ।

ਭੁਪਿੰਦਰ ਸਿੰਘ ਨੇ ਏ.ਕੇ. ਗੋਪਾਲਨ ਦੀ ਕੋਠੀ ਵਿੱਚ ਸੀ.ਪੀ.ਆਈ. (ਐਮ)
ਵੱਲੋਂ ਜੱਥੇਬੰਦ ਕੀਤਾ ਸਕੂਲ ਜਿਹੜਾ ਖ਼ਾਸ ਕਰ ਕੇ ਪੰਜਾਬ ਦੇ ਮਾਰਕਸਵਾਦੀ
ਵਿਦਿਆਰਥੀਆਂ ਲਈ ਹੀ ਜੱਥੇਬੰਦ ਕੀਤਾ ਗਿਆ ਸੀ, ਵਿੱਚ ਸਰਗਰਮ ਹਿੱਸਾ
ਲਿਆ। ਇਸ ਸਕੂਲ ਨੂੰ ਜਥੇਬੰਦ ਕਰਨ ਦਾ ਮੁੱਖ ਕਾਰਨ ਉਸ ਵੇਲੇ ਵਿਦਿਆਰਥੀ
ਫਰੰਟ 'ਤੇ ਨਕਸਲਬਾੜੀ ਦੇ ਵਧ ਰਹੇ ਪ੍ਰਭਾਵ ਨੂੰ ਰੋਕਣਾ ਸੀ। ਭੁਪਿੰਦਰ ਸਿੰਘ ਇਸ
ਸਕੂਲ ਵਿੱਚ ਵੀ ਹਾਜ਼ਰ ਸੀ ਤੇ ਇਸ ਤੋਂ ਇਲਾਵਾ ਚੰਡੀਗੜ੍ਹ, ਜਸਟਿਸ ਅਜੀਤ
ਸਿੰਘ ਬੈਂਸ ਦੀ ਕੋਠੀ ਵਿੱਚ ਸੂਬਾ ਪੱਧਰ ਦੇ ਮਾਰਕਸਵਾਦੀ ਵਿਦਿਆਰਥੀਆਂ ਦੇ
ਸਕੂਲ ਵਿੱਚ ਵੀ ਹਾਜ਼ਰ ਸੀ ਜਿਹੜਾ ਸੀ.ਪੀ.ਆਈ. (ਐਮ) ਦੀ ਸੈਂਟਰ ਕਮੇਟੀ ਦੇ
ਮੈਂਬਰ ਪੀ.ਰਾਮਾ ਮੂਰਤੀ ਨੇ ਲਾਇਆ ਸੀ।

ਜੁਲਾਈ 1968 ਵਿੱਚ ਭੁਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਕਲਕੱਤੇ ਪਹੁੰਚੇ
ਤੇ ਇਨਾਂ ਦੋਹਾਂ ਨੇ ਬੰਗਾਲ ਦੇ ਨਕਸਲਬਾੜੀ ਕੇਂਦਰ 'ਤੇ ਸਰਕਰਦਾ ਲੀਡਰਾਂ ਨਾਲ
ਜਿਵੇਂ ਕਿ ਸੁਸ਼ੀਤਲ ਰਾਏ ਚੌਧਰੀ, ਪੰਜਾਬ ਦੇ ਨਕਸਲੀਆਂ ਵੱਲੋਂ ਸੰਪਰਕ ਪੈਦਾ
ਕੀਤਾ। ਕਲਕੱਤੇ ਦੇ ਨੌਜੁਆਨ ਆਗੂ ਸੇਨ ਗੁਪਤਾ ਤੇ ਹੋਰ ਮਾਰਕਸਵਾਦੀ
ਨੌਜੁਆਨਾਂ ਨੂੰ ਮਿਲੇ। ਕਲਕੱਤੇ ਤੋਂ ਮਗਰੋਂ ਜਦੋਂ ਚੰਡੀਗੜ੍ਹ ਪੁੱਜੇ ਤਾਂ ਭੁਪਿੰਦਰ
ਸਿੰਘ ਕਿਤੇ ਗੁਆਚ ਗਿਆ ਤੇ ਦਰਸ਼ਨ ਬਾਗ਼ੀ ਨੂੰ 1970 ਵਿੱਚ ਟੱਕਰਿਆ
ਪੰਜਾਬੀ ਯੂਨੀਵਰਸਟੀ ਪਟਿਆਲਾ ਵਿੱਚ, ਜਿਥੇ ਇਹ ਸੋਸ਼ਿਲੌਜੀ ਪੜ੍ਹਾਉਂਦਾ ਸੀ।
ਇਹ ਅਤਿਕਥਨੀ ਨਹੀਂ ਹੋਵੇਗੀ ਜੇ ਕਿਹਾ ਜਾਵੇ ਕਿ ਇਸ ਦੌਰ ਵਿੱਚ ਭੁਪਿੰਦਰ
ਸਿੰਘ ਦਰਸ਼ਨ ਬਾਗ਼ੀ ਦਾ ਦੂਜਾ ਰੂਪ ਸੀ ਤੇ ਦਰਸ਼ਨ ਬਾਗ਼ੀ ਦੀ ਜ਼ਿੰਦਗੀ ਵਿੱਚ
ਭੁਪਿੰਦਰ ਸਿੰਘ ਦੀ ਇਕ ਮੁਤਬਰਕ ਥਾਂ ਹੈ।

### ਦਰਸ਼ਨ ਸਿੰਘ ਖਟਕੜ

ਜਗਜੀਤ ਸਿੰਘ ਮਾਹਿਲ, ਪਿੰਡ ਮਾਹਿਲ ਗਹਿਲਾਂ ਵਾਲਾ ਇੰਗਲੈਂਡ ਤੋਂ
ਮੁੜ ਕੇ ਆਇਆ ਸੀ ਤੇ ਇਹ ਸੀ.ਪੀ.ਆਈ. (ਐਮ) ਦਾ ਮੈਂਬਰ ਸੀ। ਜਲੰਧਰ
ਪਾਰਟੀ ਦੇ ਦਫ਼ਤਰ ਵਿੱਚ ਇਸ ਦੀ ਜਾਣ ਪਛਾਣ ਦਰਸ਼ਨ ਬਾਗ਼ੀ ਨਾਲ ਹੋ ਗਈ
ਤੇ ਦਰਸ਼ਨ ਬਾਗ਼ੀ ਦੇ ਸੁਝਾ ਤੇ ਕਾਮਰੇਡ ਜਗਜੀਤ ਸਿੰਘ ਮਾਹਿਲ ਆਪਣੇ ਪਿੰਡ
ਮਾਹਿਲ ਗਹਿਲਾਂ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਦਾ
ਮਾਰਕਸਵਾਦ ਤੇ ਸਕੂਲ ਦਾ ਪ੍ਰਬੰਧ ਕਰਨ ਲਈ ਰਜ਼ਾਮੰਦ ਹੋ ਗਿਆ। ਉਸ ਨੇ 15-
20 ਵਿਦਿਆਰਥੀਆਂ ਨੂੰ ਸਕੂਲ ਲਾਉਣ ਲਈ ਪਰੇਰ ਲਿਆ। ਇਸ ਸਕੂਲ ਦੀ
ਖ਼ਬਰ ਦਰਸ਼ਨ ਖਟਕੜ ਤਕ ਵੀ ਅੱਪੜੀ ਤੇ ਮਾਰਕਸਵਾਦ ਦੇ ਸਕੂਲ ਦੀ ਖ਼ਬਰ ਨੇ
ਦਰਸ਼ਨ ਖਟਕੜ ਦੀ ਰੂਹ ਨੂੰ ਰੁਸ਼ਨਾ ਦਿਤਾ ਤੇ ਉਸ ਦੇ ਕਹਿਣ ਅਨੁਸਾਰ, ਓਹ ਬੜੀ



ਬੇਸਬਰੀ ਨਾਲ ਮਾਰਕਸਵਾਦ ਦੇ ਸਕੂਲ ਵਿੱਚ ਸ਼ਿਰਕਤ ਕਰਨ ਲਈ ਤੇ ਦਰਸ਼ਨ ਬਾਗ਼ੀ ਨੂੰ ਮਿਲਣ ਦੀ ਉਡੀਕ ਕਰਨ ਲੱਗਾ। ਦਰਸ਼ਨ ਖਟਕੜ ਤੋਂ ਬਿਨਾਂ ਸੁਰਿੰਦਰ ਸਿੰਘ ਮਾਹਿਲ, ਮੰਗਤ ਰਾਮ ਮਾਹਿਲ ਗਹਿਲਾਂ. ਗੁਰਮੇਲ ਸਿੰਘ ਥਾਂਦੀ, ਇਕਬਾਲ ਸਿੰਘ ਖ਼ਾਨਖ਼ਾਨਾ ਤੇ ਇਕਬਾਲ ਸਿੰਘ ਮੰਗੂਵਾਲ, ਮਾਹਿਲ ਗਹਿਲਾਂ ਕਾਮਰੇਡ ਜਗਜੀਤ ਸਿੰਘ ਮਾਹਿਲ ਦੇ ਖੂਹ 'ਤੇ ਪੁੱਜੇ।

ਇਸ ਸਟੱਡੀ ਸਰਕਲ ਦੀ ਸਫ਼ਲਤਾ ਮੁੱਖ ਤੌਰ ਤੇ ਦਰਸ਼ਨ ਖਟਕੜ ਦੀ ਲਗਨ, ਪੀ.ਐਸ.ਯੂ. ਤੇ ਮਾਰਕਸਵਾਦ ਲਈ ਪੂਰਨ ਵਫ਼ਾ ਤੇ ਜੱਥੇਬੰਦਕ ਕਾਬਲੀਅਤ ਦਾ ਸਿੱਟਾ ਸੀ, ਉਸ ਨੇ ਸਕੂਲ ਵਿੱਚ ਪੂਰੀ ਲਗਨ ਤੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ ਤੇ ਉਸ ਦੇ ਵਤੀਰੇ ਨੇ ਬਾਕੀ ਸਾਰੇ ਵਿਦਿਆਰਥੀਆਂ ਨੂੰ ਸਟੱਡੀ ਸਰਕਲ ਵਿੱਚ ਪੂਰੀ ਦਿਲਚਸਪੀ ਲੈਣ ਲਈ ਤੇ ਸੁਆਲ ਪੁੱਛਣ ਲਈ ਪ੍ਰੇਰਿਆ। ਸਕੂਲ ਵਿੱਚ ਇਹ ਸਪਸ਼ਟ ਸੀ ਕਿ ਸਾਰੇ ਵਿਦਿਆਰਥੀ ਦਰਸ਼ਨ ਖਟਕੜ ਨੂੰ ਇਕ ਆਗੂ ਦੇ ਰੂਪ ਵਿੱਚ ਵੇਖਦੇ ਸਨ। ਇਸ ਸਟੱਡੀ ਸਰਕਲ ਤੋਂ ਮਗਰੋਂ ਦਰਸ਼ਨ ਖਟਕੜ ਨੇ ਇਸ ਕਾਲਜ ਵਿੱਚ ਪੀ.ਐਸ.ਯੂ. ਦਾ ਇਕ ਸ਼ਕਤੀਸ਼ਾਲੀ ਯੂਨਿਟ ਸਥਾਪਤ ਕੀਤਾ। 1968 ਵੇਲੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਵਿੱਚ ਦਰਸ਼ਨ ਖਟਕੜ ਦੀ ਅਗਵਾਈ ਵਿੱਚ ਬੇਮਿਸਾਲ ਸੰਘਰਸ਼ ਲੜਿਆ ਗਿਆ, ਇੱਥੋਂ ਤੱਕ ਕਿ ਇਸ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਪੁਲਸ ਨਾਲ ਵੀ ਲੋਹਾ ਲਿਆ ਤੇ ਰੋਹ ਵਿੱਚ ਵਿਦਿਆਰਥੀਆਂ ਨੇ ਰੋਡਵੇਜ਼ ਦੀ ਬੱਸ ਵੀ ਅਗਨੀ ਭੇਟ ਕਰ ਦਿੱਤੀ ਜਿਸ ਕਰ ਕੇ ਕਈ ਵਿਦਿਆਰਥੀ ਲੰਮਾ ਸਮਾਂ ਜੇਲ੍ਹ ਵਿੱਚ ਰਹੇ। ਲੁਧਿਆਣੇ ਪੀ.ਐਸ.ਯੂ. ਦੀ ਕਾਨਫਰੰਸ ਵਿੱਚ ਦਰਸ਼ਨ ਖਟਕੜ ਸਰਬਸੰਮਤੀ ਨਾਲ ਪੀ.ਐਸ.ਯੂ. ਦਾ ਵਾਈਸ ਪਰੈਜੀਡੈਂਟ ਚੁਣਿਆ ਗਿਆ ਸੀ। ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਦਾ ਮੈਂਬਰ ਹੋਣ ਦੀ ਹੈਸੀਅਤ ਵਿੱਚ ਇਹ ਕਦੇ ਵੀ ਮਾਰਕਸਵਾਦੀ ਗਰੁੱਪ ਦੀ ਮੀਟਿੰਗ ਤੋਂ ਗ਼ੈਰਹਾਜ਼ਰ ਨਹੀਂ ਸੀ ਹੋਇਆ ਤੇ ਇਸ ਨੇ ਪੀ.ਐਸ.ਯੂ. ਦੀਆਂ ਕਾਰਵਾਈਆਂ ਵਿੱਚ ਬਹੁਤ ਵੱਡਾ ਬੇਮਿਸਾਲ ਹਿੱਸਾ ਪਾਇਆ।

1969 ਦੇ ਅੱਧ ਵਿੱਚ ਨਕਸਲਬਾੜੀ ਲਹਿਰ ਦੀ ਸੈਕਟੇਰੀਅਨ ਖੱਬੀ ਮਾਅਰਕੇਬਾਜ਼ੀ ਨੀਤੀ ਦੇ ਅਸਰ ਹੇਠ ਦਰਸ਼ਨ ਖਟਕੜ ਪੜ੍ਹਾਈ ਛੱਡ ਕੇ ਆਪਣੇ ਨਾਲ ਹੋਰ ਵਿਦਿਆਰਥੀਆਂ ਨੂੰ ਲੈ ਕੇ ਨਕਸਲਬਾੜੀ ਲਹਿਰ ਵਿੱਚ ਸ਼ਾਮਲ ਹੋ ਗਿਆ। ਇਹ ਪੰਜਾਬ/ਹਿਮਾਚਲ ਕਮੇਟੀ, ਮਗਰੋਂ ਦੇਸ਼ ਪੱਧਰ 'ਤੇ ਐਸ.ਐਨ. ਸਿੰਘ ਗਰੁੱਪ ਨਾਲ ਜੱਥੇਬੰਦਕ ਤੌਰ 'ਤੇ ਸਬੰਧਿਤ ਸੀ, ਤੇ ਚਾਰੂ ਮਜ਼ੂਮਦਾਰ ਗਰੁੱਪ ਤੋਂ ਅੱਡ ਸੀ। ਪੰਜਾਬ ਪੁਲਸ ਨੇ 5 ਜਨਵਰੀ 1971 ਨੂੰ ਦਰਸ਼ਨ ਖਟਕੜ ਤੇ ਹਾਕਮ

ਸਿੰਘ ਸਮਾਉਂ ਨੂੰ ਇਕ ਛੱਨ ਵਿੱਚੋਂ, ਜਿੱਥੇ ਇਹ ਠਹਿਰੇ ਹੋਏ ਸਨ, ਗ੍ਰਿਫਤਾਰ ਕੀਤਾ ਤੇ ਇਸ ਦੀ ਜੇਲ੍ਹ 'ਚੋਂ ਰਿਹਾਈ 13 ਦਸੰਬਰ 1973 ਨੂੰ ਹੋਈ। ਇਹ ਅਜੇ ਜੇਲ੍ਹ ਵਿੱਚ ਹੀ ਸੀ, ਜਦੋਂ ਇਸ ਦੀ ਪਾਰਟੀ ਸੀ.ਪੀ.ਆਈ. (ਐਮ-ਐਲ) ਨੇ ਆਪਣੀ ਯੁੱਧਨੀਤੀ ਦਾ ਰੀਵਿਊ ਕਰਕੇ ਖੱਬੀ ਮਾਅਰਕੇਬਾਜ਼ੀ ਦੀ ਨੀਤੀ ਨੂੰ ਤਿਆਗ ਕੇ ਮਾਓ ਦੀ ਮਾਸ ਲਾਈਨ ਨੂੰ ਅਪਣਾਇਆ। ਰਿਹਾਅ ਹੋਣ ਮਗਰੋਂ 5 ਜੁਲਾਈ 1982 ਨੂੰ ਦਰਸ਼ਨ ਖਟਕੜ ਨੇ ਈਸ਼ਵਰ ਚਿੱਤਰਕਾਰ ਦੀ ਪੁੱਤਰੀ ਅਰੁਨੇਸ਼ਵਰ ਕੌਰ ਨਾਲ ਵਿਆਹ ਕੀਤਾ। ਇਹ ਵਿਆਹ ਦੋਹਾਂ ਦੇ ਆਪਸੀ ਪਿਆਰ ਦਾ ਸਿੱਟਾ ਸੀ। ਇਸ ਸੁਭਾਗ ਜੋੜੀ ਦੀ ਇੱਕ ਧੀ ਰੂਪੇਸ਼ਵਰ ਕੌਰ ਖਟਕੜ ਤੇ ਇੱਕ ਪੁੱਤਰ ਅਰਸ਼ਦੀਪ ਖਟਕੜ ਸੀ। ਪਰ ਪੁੱਤਰ 9 ਫਰਵਰੀ 2013 ਨੂੰ ਵਿਛੋੜਾ ਦੇ ਗਿਆ। ਪੁੱਤਰ ਅਰਸ਼ਦੀਪ ਆਪਣੇ ਦੋਸਤ ਨਾਲ ਪੰਜਾਬੀ ਯੂਨੀਵਰਸਟੀ ਤੋਂ ਮੋਟਰਸਾਈਕਲ ਤੇ ਘਰ ਨੂੰ ਆ ਰਹੇ ਸਨ ਜਦੋਂ ਇੱਕ ਟਰੱਕ ਨੇ ਫੇਟ ਮਾਰੀ ਤੇ ਦੋਹਾਂ ਦੋਸਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦਰਸ਼ਨ ਖਟਕੜ ਜ਼ਿੰਦਗੀ ਦੀਆਂ ਤਲਖ਼ੀਆਂ ਦੇ ਝੱਖੜ ਵਿੱਚੋਂ ਗੁਜ਼ਰਦਾ ਹੋਇਆ ਤਲਖ਼ੀਆਂ ਨਾਲ ਸੰਘਰਸ਼ ਕਰਦਾ ਜਾ ਰਿਹਾ ਹੈ, ਤਲਖ਼ੀਆਂ ਦਾ ਝੱਖੜ ਰਾਜਸੀ ਸੰਘਰਸ਼ ਤੇ ਨਿੱਜੀ ਜਿੰਦਗੀ ਵਿਚਲਾ ਸੰਘਰਸ਼, ਪੁੱਤਰ ਦੀ ਮੌਤ ਤੋਂ ਮਗਰੋਂ ਇਸ ਦੀ ਪਤਨੀ ਅਰੁਨੇਸ਼ਵਰ ਨੂੰ ਕੈਂਸਰ ਦਾ ਰੋਗ ਲੱਗ ਗਿਆ। ਇਸ ਨੇ ਉਸ ਦਾ ਇਲਾਜ ਕਰਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ, ਅੰਤ 15 ਜੂਨ 2016 ਨੂੰ ਅਰੁਨੇਸ਼ਵਰ ਸਦਾ ਲਈ ਦਰਸ਼ਨ ਖਟਕੜ ਨੂੰ ਅਲਵਿਦਾ ਕਹਿ ਗਈ।

ਦਰਸ਼ਨ ਖਟਕੜ 1968 ਵਿੱਚ, ਦਰਸ਼ਨ ਬਾਗ਼ੀ ਨਾਲ ਸੂਹੇ ਰਾਹਾਂ ਦੇ ਸਫ਼ਰ 'ਤੇ ਟੁਰਿਆ, ਮਾਰਕਸਵਾਦ ਦੇ ਮਨੁੱਖਵਾਦ ਨੂੰ ਇਸ ਨੇ ਜ਼ਿੰਦਗੀ ਦਾ ਇਸ਼ਟ ਮੰਨਿਆ। ਇਸੇ ਮਾਰਕਸਵਾਦੀ ਮਨੁੱਖਵਾਦ ਦੀ ਪਰੇਰਨਾ ਹੈ ਕਿ ਜਦੋਂ ਇਹ ਕਵਿਤਾ ਰਚਦਾ ਹੈ ਤਾਂ ਇਸ ਦੀ ਲਿਖਤ ਵਿੱਚੋਂ ਮਨੁੱਖਵਾਦ ਡੁਲ ਡੁਲ ਪੈਂਦਾ ਹੈ। ਇਸ ਦੀਆਂ ਕਵਿਤਾ ਦੀਆਂ 2 ਪੁਸਤਕ ਛਪ ਚੁਕੀਆਂ ਹਨ, 'ਸੰਗੀ ਸਾਥੀ' ਤੇ 'ਉਲਟੇ ਰੁਖ਼ ਪਰਵਾਜ਼'। ਦਰਸ਼ਨ ਖਟਕੜ ਮਾਰਕਸਵਾਦੀ ਮਨੁੱਖਵਾਦ ਵਿੱਚ ਸਿਰਫ ਯਕੀਨ ਹੀ ਨਹੀਂ ਕਰਦਾ ਸਗੋਂ ਇਹ ਮਾਰਕਸਵਾਦੀ ਮਨੁੱਖਵਾਦ ਦੇ ਜੀਵਨ ਨੂੰ ਜਿਉਂਦਾ ਹੈ ਤੇ ਦਰਸ਼ਨ ਬਾਗ਼ੀ ਦੇ ਸ਼ਬਦਾਂ ਵਿਚ ਦਰਸ਼ਨ ਖਟਕੜ ਉਸ ਦਾ ਸੰਤ ਸਿਪਾਹੀ ਹੈ।

## ਸੁਰਿੰਦਰ ਸਿੰਘ ਚਾਹਲ

ਸੁਰਿੰਦਰ ਸਿੰਘ ਚਾਹਲ ਨੇ ਹਾਈ ਸਕੂਲ ਦਾ ਡਿਪਲੋਮਾ ਕਰਨ ਤੋਂ ਮਗਰੋਂ ਨੈਸ਼ਨਲ ਕਾਲਜ, ਸਠਿਆਲਾ ਵਿੱਚ ਦਾਖ਼ਲਾ ਲਿਆ ਪਰ ਮਗਰੋਂ ਹਿੰਦੂ ਕਾਲਜ ਅੰਮ੍ਰਿਤਸਰ ਮਾਈਗਰੇਸ਼ਨ ਕਰਵਾ ਲਈ ਤੇ ਇਸੇ ਕਾਲਜ ਤੋਂ 1967 ਵਿੱਚ ਬੀ.ਏ.



ਕੀਤੀ ਤੇ ਜੁਲਾਈ 1967 ਵਿੱਚ ਐਮ.ਏ. ਇਕਨਾਮਿਕਸ ਵਿੱਚ ਦਾਖ਼ਲਾ ਲੈ ਲਿਆ। ਅੰਮ੍ਰਿਤਸਰ ਜਿਲ੍ਹੇ ਵਿੱਚ ਪੀ.ਐਸ.ਯੂ. ਨੂੰ ਜੱਥੇਬੰਦ ਕਰਨ ਲਈ ਸ਼ੇਰੀ ਨੇ ਜੁਲਾਈ 1967 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਐਮ.ਏ. ਇਕਨਾਮਿਕਸ ਵਿੱਚ ਦਾਖ਼ਲਾ ਲੈ ਲਿਆ। ਸ਼ੇਰੀ ਦਾ ਮੁੱਖ ਮੰਤਵ ਪੀ.ਐਸ.ਯੂ. ਨੂੰ ਜੱਥੇਬੰਦ ਕਰਨਾ ਸੀ ਤੇ ਇਸ ਮਕਸਦ ਲਈ ਜਦੋਂ ਉਸ ਨੇ ਖ਼ਾਲਸਾ ਕਾਲਜ ਵਿੱਚ ਹਿਲਜੁਲ ਕੀਤੀ ਤਾਂ ਸੁਰਿੰਦਰ ਸਿੰਘ ਚਾਹਲ ਨੇ ਤੁਰਤ ਹੀ ਖ਼ਾਲਸਾ ਕਾਲਜ ਪਹੁੰਚ ਕੇ, ਉਸ ਨਾਲ ਰਾਬਤਾ ਕਾਇਮ ਕੀਤਾ ਤੇ ਉਸ ਮਿਲਣੀ ਮਗਰੋਂ ਇਨਾਂ ਦੋਹਾਂ ਨੇ ਇਕ ਟੀਮ ਦੇ ਤੌਰ 'ਤੇ ਪੀ.ਐਸ.ਯੂ. ਨੂੰ ਜੱਥੇਬੰਦ ਕੀਤਾ।

ਸੁਰਿੰਦਰ ਸਿੰਘ ਚਾਹਲ ਨੇ ਨੈਸ਼ਨਲ ਕਾਲਜ ਸਠਿਆਲਾ ਵਿੱਚ ਪੀ.ਐਸ.ਯੂ. ਦੀ ਬਹੁਤ ਹੀ ਸ਼ਕਤੀਸ਼ਾਲੀ ਇਕਾਈ ਕਾਇਮ ਕੀਤੀ ਜਿਸ ਨੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਦੇ ਸੰਘਰਸ਼ ਵੇਲੇ ਬੇਮਿਸਾਲ ਹਿੱਸਾ ਪਾਇਆ ਸੀ। ਇੱਥੋਂ ਤੱਕ ਕਿ ਉਹ ਪੁਲਸ ਦੀ ਦਹਿਸ਼ਤਗਰਦੀ ਅੱਗੇ ਵੀ ਨਹੀਂ ਝੁਕੇ। 1967 ਵਿੱਚ ਜਦੋਂ ਅਮਰੀਕਨ ਦੂਤਵਾਸ ਅਧਿਕਾਰੀ ਅੰਮ੍ਰਿਤਸਰ ਆਇਆ ਤਾਂ ਉਦੋਂ ਸੁਰਿੰਦਰ ਸਿੰਘ ਚਾਹਲ ਨੇ ਬੜਾ ਜ਼ਬਰਦਸਤ ਰੋਸ ਵਿਖਾਲਾ ਕੀਤਾ ਸੀ। ਸੁਰਿੰਦਰ ਸਿੰਘ ਚਾਹਲ ਦਾ ਵਿਆਹ ਪਰਗਟ ਕੌਰ, ਜਿਸ ਨੂੰ ਪੰਮੀ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ, ਹੋਇਆ ਤੇ ਉਦੋਂ ਇਹ ਆਪਣੀ ਪਤਨੀ ਨਾਲ ਪਿੰਡ ਟਾਂਗਰਾ ਵਿੱਚ ਰਹਿੰਦਾ ਸੀ ਤੇ ਟਾਂਗਰੇ ਤੋਂ ਹੀ ਹਰ ਰੋਜ਼ ਅੰਮ੍ਰਿਤਸਰ ਪੜ੍ਹਣ ਜਾਂਦਾ ਸੀ। ਛੁੱਟੀਆਂ ਦੇ ਦਿਨਾਂ ਵਿੱਚ ਸੁਰਿੰਦਰ ਦੇ ਉਤਸ਼ਾਹ ਤੇ ਯਤਨ ਨਾਲ ਟਾਂਗਰੇ ਮਾਰਕਸਵਾਦ ਤੇ ਮਾਓ ਵਿਚਾਰਧਾਰਾ ਦੇ ਸਕੂਲ ਲਗਦੇ ਹੁੰਦੇ ਸਨ ਜਿਨਾਂ ਨੂੰ ਭੂਪਿੰਦਰ ਸਿੰਘ ਤੇ ਦਰਸ਼ਨ ਬਾਗ਼ੀ ਲਾਇਆ ਕਰਦੇ ਸਨ। ਸੁਰਿੰਦਰ ਸਿੰਘ ਚਾਹਲ ਇਕ ਬਹੁਤ ਤੀਖਣ ਬੁੱਧੀ ਦਾ ਮਾਲਕ ਸੀ ਇਸ ਦੀ ਪਾਰਖੂ ਅੱਖ ਤੇ ਸੋਚ ਦਾ ਇਨਾਂ ਸੁਮੇਲ ਸੀ ਕਿ ਵਾਲ ਦੀ ਖੱਲ ਉਧੇੜਣ ਦੀ ਸ਼ਕਤੀ ਰੱਖਦਾ ਸੀ। ਇਹ ਬਹੁਤ ਭਾਵਕ ਹੋ ਜਾਇਆ ਕਰਦਾ ਸੀ ਪਰ ਕਦੇ-ਕਦੇ ਭਾਵੁਕਤਾ ਇਸ ਦੇ ਨੇੜੇ ਵੀ ਨਹੀਂ ਸੀ ਫਟਕਦੀ। ਮਾਰਕਸਵਾਦ ਤੇ ਮਾਓ ਵਿਚਾਰਧਾਰਾ ਨਾਲ ਇਸ ਦਾ ਜੀਣ ਮਰਨ ਦਾ ਰਿਸ਼ਤਾ ਸੀ।

ਜੱਥੇਬੰਦਕ ਰੂਪ ਵਿੱਚ ਸੁਰਿੰਦਰ ਚਾਹਲ, ਪੀ.ਐਸ.ਯੂ. ਦਾ ਜ਼ਿਲ੍ਹਾ ਅੰਮ੍ਰਿਤਸਰ ਦਾ ਪ੍ਰਧਾਨ ਸੀ। ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁਪ ਦਾ ਮੈਂਬਰ ਸੀ ਤੇ ਇਹ ਕਦੇ ਵੀ ਮਾਰਕਸਵਾਦੀ ਗਰੁਪ ਦੀ ਮੀਟਿੰਗ ਤੋਂ ਗ਼ੈਰ-ਹਾਜ਼ਰ ਨਹੀਂ ਸੀ ਹੋਇਆ। ਲੁਧਿਆਣੇ ਪੀ.ਐਸ.ਯੂ. ਦੀ ਕਾਨਫਰੰਸ ਵਿੱਚ ਸੁਰਿੰਦਰ ਸਿੰਘ ਚਾਹਲ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਚੁਣਿਆ ਗਿਆ ਸੀ। ਨਕਸਲਬਾੜੀ ਦੀ ਸੈਕਟੇਰੀਅਨ ਖੱਬੀ ਮਾਅਰਕੇਬਾਜ਼ੀ ਦੀ ਨੀਤੀ ਤੋਂ ਪ੍ਰਭਾਵਤ ਹੋ ਕੇ ਸੁਰਿੰਦਰ ਸਿੰਘ ਚਾਹਲ ਹਾਕਮ

ਸਮਾਉਂ ਤੇ ਦਰਸ਼ਨ ਖਟਕੜ ਦੀ ਪੰਜਾਬ/ਹਿਮਾਚਲ ਕਮੇਟੀ ਨਾਲ ਮਿਲ ਗਿਆ ਤੇ ਕੁਝ ਸਮੇਂ ਮਗਰੋਂ ਪੁਲਸ ਨੇ ਗ੍ਰਿਫਤਾਰ ਕਰ ਲਿਆ ਤੇ ਇੰਟੈਰੋਗੇਸ਼ਨ ਸੈਂਟਰ ਵਿੱਚ ਰਿਹਾ ਤੇ ਅਖ਼ੀਰ ਇਸ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੀਆਂ 2 ਧੀਆਂ ਤੇ ਇੱਕ ਪੁੱਤਰ ਹੈ। 1991 ਵਿੱਚ ਇਹ ਸਿਰਲੱਥ ਇਨਕਲਾਬੀ ਆਪਣੇ ਪਰਿਵਾਰ ਤੇ ਸਾਥੀਆਂ ਨੂੰ ਸਦਾ ਲਈ ਵਿਛੋੜਾ ਦੇ ਗਿਆ। ਦਰਸ਼ਨ ਬਾਗ਼ੀ ਕਿਹਾ ਕਰਦਾ ਸੀ ਕਿ ਉਸ ਕੋਲ ਸ਼ਬਦ ਹੀ ਨਹੀਂ ਜਿਹੜੇ ਸੁਰਿੰਦਰ ਸਿੰਘ ਚਾਹਲ ਦੀ ਪੀ.ਐਸ.ਯੂ. ਤੇ ਮਾਰਕਸਵਾਦ ਲਈ ਵਫ਼ਾ ਤੇ ਇਸ ਦੀ ਤੀਖਣ ਬੁਧੀ ਨੂੰ ਬਿਆਨ ਕਰ ਸਕਣ।

## ਇੰਦਰਜੀਤ ਸਿੰਘ (ਬਿੱਟੂ)

1967 ਦੀਆਂ ਗਰਮੀਆਂ ਦਾ ਜ਼ਿਕਰ ਹੈ, ਦਰਸ਼ਨ ਬਾਗ਼ੀ ਨੇ ਨਵਤੇਜ ਭਾਰਤੀ ਦੀ ਰਿਹਾਇਸ਼ ਤੇ ਮਾਰਕਸਵਾਦ ਦਾ ਸਕੂਲ ਲਾਇਆ ਸੀ ਤੇ ਉਨਾਂ ਦਿਨਾਂ ਵਿੱਚ ਇੰਦਰਜੀਤ ਸਿੰਘ ਬਿੱਟੂ, ਜਿਹੜਾ ਸਿਰਫ ਬਿੱਟੂ ਨਾਂ ਤੋਂ ਹੀ ਜਾਣਿਆ ਜਾਂਦਾ ਹੈ, ਸਰਕਾਰੀ ਕਾਲਜ ਲੁਧਿਆਣਾ ਵਿੱਚ ਹਰਭਜਨ ਹਲਵਾਰਵੀ ਨਾਲ ਹਿਸਾਬ ਦੀ ਐਮ.ਏ. ਕਰਦਾ ਹੁੰਦਾ ਸੀ। ਇਨਾਂ ਦੋਹਾਂ ਦੇ ਨਵਤੇਜ ਭਾਰਤੀ ਨਾਲ ਬਹੁਤ ਨੇੜੇ ਦੇ ਸਬੰਧ ਸਨ। ਇਨਾਂ ਸਬੰਧਾਂ ਕਾਰਨ, ਨਵਤੇਜ ਭਾਰਤੀ ਨੇ ਦੋਹਾਂ ਨੂੰ ਦਰਸ਼ਨ ਬਾਗ਼ੀ ਦੇ ਸਟੱਡੀ ਸਰਕਲ ਵਿੱਚ ਬੁਲਾ ਲਿਆ ਤੇ ਦੂਜਾ ਵੱਡਾ ਕਾਰਨ ਸੀ ਇਨਾਂ ਦੋਹਾਂ ਦੀ ਦਰਸ਼ਨ ਬਾਗ਼ੀ ਨਾਲ ਸਾਂਝ ਪੁਆਈ ਜਾਵੇ। ਉਸ ਪਹਿਲੇ ਸਕੂਲ ਤੋਂ ਮਗਰੋਂ ਹੋਰ ਵੀ ਕਈ ਸਕੂਲ ਨਵਤੇਜ ਭਾਰਤੀ ਦੇ ਮਕਾਨ 'ਤੇ ਲੱਗੇ। ਉਨਾਂ ਦਿਨਾਂ ਵਿੱਚ ਨਵਤੇਜ ਭਾਰਤੀ ਲੁਧਿਆਣੇ ਖ਼ਾਲਸਾ ਕਾਲਜ ਵਿੱਚ ਪੜਾਇਆ ਕਰਦਾ ਸੀ ਤੇ ਅਗਲੇ ਸਕੂਲਾਂ ਵਿੱਚ ਦਰਸ਼ਨ ਬਾਗ਼ੀ ਤੋਂ ਬਿਨਾਂ ਤੇਜਵੰਤ ਸਿੰਘ ਗਿੱਲ, ਜਿਹੜਾ ਲੁਧਿਆਣੇ ਸਰਕਾਰੀ ਕਾਲਜ ਵਿੱਚ ਪੜਾਉਂਦਾ ਸੀ ਤੇ ਭੁਪਿੰਦਰ ਸਿੰਘ ਸਕੂਲ ਲਾਉਂਦੇ ਰਹੇ ਸਨ।

ਇਸ ਪਹਿਲੀ ਮਿਲਣੀ ਵਿੱਚ, ਦਰਸ਼ਨ ਬਾਗ਼ੀ ਦੀ ਪਾਰਖੂ ਨਜ਼ਰ ਨੂੰ ਇੰਦਰਜੀਤ ਸਿੰਘ (ਬਿੱਟੂ) ਦੀਆਂ ਅੱਖਾਂ ਤੇ ਚਿਹਰੇ ਤੋਂ ਇਕ ਵਫ਼ਾਦਾਰ ਇਨਕਲਾਬੀ ਦੀ ਝਲਕ ਪਈ। ਇੰਦਰਜੀਤ ਸਿੰਘ (ਬਿੱਟੂ) ਨੇ ਇਨਾਂ ਸਟਡੀ ਸਰਕਲਾਂ ਵਿੱਚ ਮਾਰਕਸਵਾਦ ਲਈ ਖ਼ਾਸ ਦਿਲਚਸਪੀ ਵਿਖਾਈ ਸੀ ਤੇ ਇਸ ਅਧਾਰ 'ਤੇ ਇਸ ਨੂੰ ਪੀ.ਐਸ.ਯੂ. ਦੇ ਪੰਜਾਬ ਪੱਧਰ ਦੇ ਮਾਰਕਸਵਾਦੀ ਗਰੁੱਪ ਵਿੱਚ ਸ਼ਾਮਲ ਕਰ ਲਿਆ ਗਿਆ। ਇਸ ਨੇ ਮਾਰਚ 1968 ਵਿੱਚ ਸਰਕਾਰੀ ਕਾਲਜ ਲੁਧਿਆਣਾ ਤੋਂ ਹਿਸਾਬ ਦੀ ਐਮ.ਏ. ਕੀਤੀ ਤੇ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁੱਪ ਨੇ ਇੰਦਰਜੀਤ ਸਿੰਘ (ਬਿੱਟੂ) ਨੂੰ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿੱਚ ਦਾਖ਼ਲਾ



ਲੈ ਕੇ ਪੀ.ਐਸ.ਯੂ. ਨੂੰ ਜੱਥੇਬੰਦ ਕਰਨ ਦਾ ਆਦੇਸ਼ ਦਿੱਤਾ ਤੇ ਇਸ ਨੇ ਤੁਰਤ ਹੀ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿੱਚ ਸਟੈਟਿਸਟਿਕਸ ਦੀ ਐਮ.ਏ. ਵਿੱਚ ਦਾਖ਼ਲਾ ਲੈ ਕੇ ਪੀ.ਐਸ.ਯੂ. ਦੀ ਜੱਥੇਬੰਦੀ ਦਾ ਕੰਮ ਅਰੰਭ ਦਿੱਤਾ। ਲੁਧਿਆਣੇ ਪੀ.ਐਸ.ਯੂ. ਦੀ ਕਾਨਫਰੰਸ ਵਿੱਚ ਸਰਬਸੰਮਤੀ ਨਾਲ ਇੰਦਰਜੀਤ ਸਿੰਘ (ਬਿੱਟੂ) ਪੀ.ਐਸ.ਯੂ. ਦਾ ਖ਼ਜ਼ਾਨਚੀ ਚੁਣਿਆ ਗਿਆ।

1969 ਸਾਲ ਦਾ ਅਰੰਭ ਸੀ, ਪੰਜਾਬੀ ਯੂਨੀਵਰਸਟੀ ਦਾ ਸਾਰਾ ਅਮਲਾ ਫੈਲਾ ਯੂਨੀਵਰਸਟੀ ਦੀ ਕਨਵੋਕੇਸ਼ਨ ਦੀਆਂ ਤਿਆਰੀਆਂ ਵਿੱਚ ਜੁਟਿਆ ਹੋਇਆ ਸੀ। ਭਾਰਤ ਦਾ ਗ੍ਰਿਹ ਮੰਤਰੀ ਵਾਈ.ਬੀ. ਚੌਹਾਨ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨ ਲਈ ਰਜ਼ਾਮੰਦ ਹੋ ਗਿਆ ਸੀ। ਕਨਵੋਕੇਸ਼ਨ ਹਾਲ ਪੂਰੀ ਠਾਠ ਨਾਲ ਸਜਾਇਆ ਜਾ ਰਿਹਾ ਸੀ। ਇਸੇ ਦੌਰਾਨ ਪੀ.ਐਸ.ਯੂ. ਦਾ ਸਿਰਲੱਥ ਯੋਧਾ ਇੰਦਰਜੀਤ ਸਿੰਘ ਬਿੱਟੂ, ਦਰਸ਼ਨ ਜੈਕ ਤੇ ਹੋਰ ਆਪਣੇ ਸਮਰਥਕਾਂ ਨਾਲ ਗੁਪਤ ਰੂਪ ਵਿੱਚ ਕਨਵੋਕੇਸ਼ਨ ਦੇ ਦੌਰਾਨ ਪਰੋਟੈਸਟ ਜੱਥੇਬੰਦ ਕਰ ਰਿਹਾ ਸੀ। ਸਾਰੇ ਰੋਸ ਪ੍ਰਗਟ ਕਰਨ ਵਾਲੇ, ਹਾਲ ਵਿੱਚ ਤਾਇਨਾਤ ਸਨ ਤੇ ਸਰਬਸੰਮਤੀ ਨਾਲ ਨਾਹਰਿਆਂ ਦੀ ਚੋਣ ਕਰ ਲਈ ਗਈ ਸੀ। ਕਨਵੋਕੇਸ਼ਨ ਹਾਲ ਦੇ ਆਲੇ-ਦੁਆਲੇ ਪੁਲਸ ਦਾ ਜਾਲ ਵਿਛਿਆ ਹੋਇਆ ਸੀ ਤੇ ਹਾਲ ਦੇ ਅੰਦਰ ਵੀ ਸਾਦੇ ਕੱਪੜਿਆਂ ਵਿੱਚ ਖ਼ੁਫੀਆ ਪੁਲਸ ਦੇ ਬੰਦੇ ਬੈਠੇ ਸਨ। ਪੀ.ਐਸ.ਯੂ. ਦੇ ਸਮਰਥਕਾਂ ਨੂੰ ਹਦਾਇਤ ਸੀ ਕਿ ਪਰੋਟੈਸਟ ਕਰਨ ਤੋਂ ਮਗਰੋਂ ਪੁਲਸ ਦੀ ਗ੍ਰਿਫਤਾਰੀ ਤੇ ਤਸ਼ੱਦਦ ਤੋਂ ਬਚਾ ਕੀਤਾ ਜਾਵੇ।

ਜਿਉਂ ਹੀ ਗ੍ਰਿਹ ਮੰਤਰੀ ਵਾਈ.ਬੀ.ਚੌਹਾਨ ਪ੍ਰਧਾਨਗੀ ਤਕਰੀਰ ਕਰਨ ਲਈ ਉਠਿਆ, ਇੰਦਰਜੀਤ ਸਿੰਘ ਬਿੱਟੂ ਨੇ ਖੜੇ ਹੋ ਕੇ ਨਾਹਰਾ ਮਾਰਿਆ 'ਪੰਜਾਬ ਸਟੂਡੈਂਟਸ ਯੂਨੀਅਨ' ਤੇ ਇਕਦਮ ਹਾਲ ਗੂੰਜ ਉਠਿਆ 'ਜ਼ਿੰਦਾਬਾਦ'। ਦੂਜਾ ਨਾਹਰਾ ਦਰਸ਼ਨ ਜੈਕ ਨੇ ਤੇ ਇਕ ਹੋਰ ਵਿਦਿਆਰਥੀ ਨੇ ਮਾਰਿਆ, 'ਦਰਸ਼ਨ ਬਾਗ਼ੀ ਨੂੰ' ਤੇ ਉਤਰ ਆਇਆ 'ਰਿਹਾ ਕਰੋ'। ਤੀਜਾ ਨਾਹਰਾ ਇਕ ਹੋਰ ਵਿਦਿਆਰਥੀ ਨੇ ਮਾਰਿਆ 'ਪੀ.ਡੀ. ਐਕਟ' ਤੇ ਜੁਆਬ ਆਇਆ 'ਮੁਰਦਾਬਾਦ'। ਇੰਨੀ ਦੇਰ ਨੂੰ ਪੁਲਸ ਪੀ.ਐਸ.ਯੂ. ਦੇ ਵਿਦਿਆਰਥੀਆਂ ਤੇ ਟੁੱਟ ਪਈ ਪਰ ਪਰੋਟੈਸਟਕਾਰੀ ਆਪਣੀ ਸਕੀਮ ਅਨੁਸਾਰ ਕਨਵੋਕੇਸ਼ਨ ਹਾਲ ਵਿੱਚੋਂ ਫਰਾਰ ਹੁੰਦੇ ਗਏ ਤੇ ਪੁਲਸ ਨੇ ਉਨਾਂ ਦੇ ਮਗਰ ਨੱਠ ਕੇ ਕੁੱਟਮਾਰ ਕੀਤੀ। ਇਸ ਪਰੋਟੈਸਟ ਤੋਂ ਮਗਰੋਂ ਇੰਦਰਜੀਤ ਸਿੰਘ ਬਿੱਟੂ ਨੂੰ ਹੋਸਟਲ ਵਿੱਚੋਂ ਕੱਢ ਦਿੱਤਾ ਗਿਆ, ਪਰ ਇੰਦਰਜੀਤ ਸਿੰਘ ਬਿੱਟੂ ਪੰਜਾਬੀ ਯੂਨੀਵਰਸਟੀ ਕੈਂਪਸ ਤੋਂ ਬਾਹਰ ਕਮਰਾ ਲੈ ਕੇ ਪੜਦਾ ਰਿਹਾ ਤੇ ਬਾਕੀ ਸਰਗਰਮ ਵਿਦਿਆਰਥੀਆਂ ਨੂੰ ਡਿਗਰੀਆਂ ਮੁਕੰਮਲ ਜ਼ਰੂਰ ਕਰਨ ਦਿੱਤੀਆਂ ਗਈਆਂ।

ਇੰਦਰਜੀਤ ਸਿੰਘ ਬਿੱਟੂ ਨੇ ਪੀ.ਐਸ.ਯੂ. ਨਾਲ ਪੂਰੀ ਵਫ਼ਾ ਪਾਲੀ ਤੇ

ਯੂਨੀਵਰਸਟੀ ਹੋਸਟਲ ਵਿੱਚ ਤੇ ਉਸ ਦੇ ਕਮਰੇ ਦੇ ਦਰਵਾਜੇ ਲੋੜਵੰਦਾਂ ਲਈ ਖੁੱਲੇ ਹੁੰਦੇ ਸਨ ਕਿਸੇ ਨੂੰ ਬੰਦਸ਼ ਨਹੀਂ ਸੀ। ਦਰਸ਼ਨ ਬਾਗ਼ੀ ਦੇ ਸ਼ਬਦਾਂ ਵਿੱਚ ਇੰਦਰਜੀਤ ਸਿੰਘ ਬਿੱਟੂ ਬਹੁਤ ਸਹਿਣਸ਼ੀਲਤਾ ਦਾ ਮਾਲਕ ਸੀ ਤੇ ਉਸ ਦੀ ਮੁਸਕਾਨ ਤੇ ਗਲਵਕੜੀ ਸਦੀਵੀ ਦੋਸਤੀ ਤੇ ਵਫ਼ਾ ਦੀ ਪ੍ਰਤੀਕ ਹੁੰਦੀ ਸੀ, ਉਸ ਦੀ ਮਾਂ ਤੇ ਬਾਪ ਨੇ ਪੀ.ਐਸ.ਯੂ. ਅਤੇ ਮੈਨੂੰ ਘਰ ਆਇਆਂ ਤੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ ਤੇ ਓਨਾਂ ਨੂੰ ਬਿੱਟੂ ਦਾ ਦੂਜਾ ਰੂਪ ਸਮਝਦੇ ਸਨ।

## ਗੁਰਦਿਆਲ ਸਿੰਘ

ਪਹਾੜਪੁਰ ਨਾਭੇ ਤੋਂ ਉੱਤਰ ਵਾਲੇ ਪਾਸੇ ਕੁੱਝ ਮੀਲਾਂ ਦੀ ਦੂਰੀ ਤੇ ਇਕ ਪਿੰਡ ਹੈ। ਇਸ ਪਿੰਡ ਨੇ ਗੁਰਦਿਆਲ ਸਿੰਘ ਜਿਹੇ ਸਿਰਲੱਥ ਇਨਕਲਾਬੀ ਨੂੰ ਜਨਮ ਦਿੱਤਾ। ਲੁਸ਼ਲੁਸ਼ ਕਰਦੀ ਭਰ ਜੁਆਨੀ ਵਿੱਚ ਗੁਰਦਿਆਲ ਨਾਭੇ ਜੈਨ ਹਾਈ ਸਕੂਲ ਵਿੱਚ ਵਿਦਿਆਰਥੀਆਂ ਲਈ ਗਿਆਨ ਦਾ ਸਰੋਤ ਸੀ। 1967 ਵਿੱਚ ਮੌਸਮ ਬਹਾਰ ਸੀ, ਕੁਦਰਤ ਖ਼ੂਬਸੂਰਤੀ ਵਿੱਚ ਰੰਗੀ ਹੋਈ ਸੀ ਤੇ ਆਪਣੇ ਆਲੇ-ਦੁਆਲੇ ਨੂੰ ਖ਼ੂਬਸੂਰਤੀ ਨਾਲ ਨਿਹਾਲ ਕਰ ਰਹੀ ਸੀ ਤੇ ਅਚਾਨਕ ਇਸ ਰਹੱਸਮਈ ਖ਼ੂਬਸੂਰਤ ਮੌਸਮ ਦੇ ਇਕ ਦਿਨ ਗੁਰਦਿਆਲ ਦਾ ਸ਼ੇਰੀ ਤੇ ਜੋਗਿੰਦਰ ਸਿੰਘ ਖਹਿਰੇ ਰਾਹੀਂ ਦਰਸ਼ਨ ਬਾਗ਼ੀ ਨਾਲ ਟਕਰਾ ਹੋ ਗਿਆ ਤੇ ਉਸ ਇਤਿਹਾਸਕ ਮਿਲਣੀ ਦੌਰਾਨ ਦਰਸ਼ਨ ਬਾਗ਼ੀ ਦੀ ਮਾਰਕਸਵਾਦੀ ਵਾਰਤਾਲਾਪ ਨੇ ਗੁਰਦਿਆਲ ਦੇ ਅੰਦਰ ਸੁੱਤੀ ਪਈ ਇਨਕਲਾਬੀ ਰੂਹ ਨੂੰ ਸੂਹੇ ਰੰਗ ਨਾਲ ਰੰਗ ਦਿਤਾ ਤੇ ਓਸ ਦਿਨ, ਗੁਰਦਿਆਲ ਨੇ ਜੈਨ ਹਾਈ ਸਕੂਲ ਨੂੰ ਅਲਵਿਦਾ ਆਖੀ ਤੇ ਦਰਸ਼ਨ ਬਾਗ਼ੀ ਨਾਲ ਸੂਹੇ ਰਾਹਾਂ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਕੇ ਸੂਹੇ ਰਾਹਾਂ 'ਤੇ ਟੁਰ ਪਿਆ। ਅਜੇ ਵੀ ਪੂਰੀ ਵਫ਼ਾਂ ਤੇ ਤਿਆਗ ਨਾਲ ਆਪਣੀ ਇਨਕਲਾਬੀ ਰੂਹ ਦੇ ਪਿਆਰ ਦੀ ਵਫ਼ਾ ਨੂੰ ਪਾਲ ਰਿਹੈ।

ਇਨਾਂ ਗੋਸ਼ਟੀਆਂ ਦੁਆਰਾ, ਗੁਰਦਿਆਲ ਸਿੰਘ ਦੀ ਸੋਚ ਮਾਰਕਸਵਾਦ ਦੇ ਗਿਆਨ ਨਾਲ ਰੁਸ਼ਨਾਈ ਗਈ ਤੇ ਫਿਰ ਉਹ ਕੁਲਵਕਤੀ ਇਨਕਲਾਬੀ ਦੇ ਰੂਪ ਵਿੱਚ ਸੂਹੇ ਰਾਹਾਂ 'ਤੇ ਦਰਸ਼ਨ ਬਾਗ਼ੀ ਦਾ ਹਮ-ਰਾਹੀ ਬਣ ਗਿਆ ਤੇ ਉਸ ਪੀ.ਐਸ.ਯੂ. ਨੂੰ ਜੱਥੇਬੰਦ ਕਰਨ ਲਈ ਤੇ ਵਿਦਿਆਰਥੀਆਂ ਦੇ ਸੰਘਰਸ਼ਾਂ ਨੂੰ ਲਾਮਬੰਦ ਕਰਨ ਲਈ ਦਰਸ਼ਨ ਬਾਗ਼ੀ ਦੇ ਮੋਢੇ ਨਾਲ ਮੋਢਾ ਜੋੜ ਕੇ ਦਿਨ ਰਾਤ ਇੱਕ ਕੀਤੀ। ਦਰਸ਼ਨ ਬਾਗ਼ੀ, ਭੁਪਿੰਦਰ ਸਿੰਘ ਤੇ ਗੁਰਦਿਆਲ ਸਿੰਘ ਇਹ ਤਿੱਕੜੀ ਵਿਦਿਆਰਥੀਆਂ ਦੇ ਮਾਰਕਸਵਾਦ, ਲੈਨਿਨਵਾਦ ਤੇ ਮਾਓ ਵਿਚਾਰਧਾਰਾ ਦੇ ਸਕੂਲ ਲਾਇਆ ਕਰਦੀ ਸੀ। 1967 ਵਿੱਚ, ਪੰਜਾਬੀ ਯੂਨੀਵਰਸਟੀ ਪਟਿਆਲਾ ਦੇ



ਵਿਦਿਆਰਥੀਆਂ ਦੇ ਸੰਘਰਸ਼ ਦੌਰਾਨ ਜਦੋਂ ਪੰਜਾਬੀ ਯੂਨੀਵਰਸਟੀ ਕੈਂਪਸ ਤੇ ਪਟਿਆਲਾ ਸ਼ਹਿਰ ਦੇ ਸਾਰੇ ਕਾਲਜਾਂ ਦੇ ਵਿਦਿਆਰਥੀ ਸੰਘਰਸ਼ ਦੇ ਰਾਹ 'ਤੇ ਸਨ ਓਨਾਂ ਦਿਨਾਂ ਵਿੱਚ ਗੁਰਦਿਆਲ ਸਿੰਘ ਦੀ ਦੇਣ ਬੇਮਿਸਾਲ ਸੀ। ਇਸੇ ਤਰਾਂ 1968 ਵਿੱਚ ਸਰਕਾਰੀ ਕਾਲਜ ਲੁਧਿਆਣਾ ਦੇ ਇਤਿਹਾਸਕ ਸੰਘਰਸ਼ ਵੇਲੇ ਜਿਸ ਸੰਘਰਸ਼ ਨਾਲ ਪੰਜਾਬ ਭਰ ਦੇ ਵਿਦਿਆਰਥੀ ਰੋਹ ਨਾਲ ਮੈਦਾਨ ਵਿੱਚ ਨਿੱਤਰ ਆਏ ਸਨ ਜਿਸ ਰੋਹ ਨੇ ਸਰਕਾਰ ਦੇ ਸਿੰਘਾਸਨ ਨੂੰ ਕਾਂਬੇ ਛੇੜ ਦਿੱਤੇ ਸਨ ਤੇ ਅਖ਼ੀਰ ਸਰਕਾਰ ਨੇ ਵਿਦਿਆਰਥੀਆਂ ਦੀਆਂ ਮੰਗਾਂ ਪਰਵਾਨ ਕੀਤੀਆਂ ਵੀ, ਇਸ ਨੇ ਅਹਿਮ ਰੋਲ ਅਦਾ ਕੀਤਾ। ਇਸੇ ਸੰਘਰਸ਼ ਦੌਰਾਨ ਸੁਧਾਰ ਕਾਲਜ ਦੇ ਵਿਦਿਆਰਥੀ ਜਗਤਾਰ ਸਿੰਘ ਨੇ ਪੰਜਾਬ ਪੁਲਸ ਦੀ ਗੋਲੀ ਅੱਗੇ ਛਾਤੀ ਤਾਣ ਕੇ ਆਪਣੀ ਜੁਆਨੀ ਦੀਂ ਬਲੀ ਦਿਤੀ ਸੀ ਪਰ ਪਿੱਠ ਨਹੀਂ ਸੀ ਵਿਖਾਈ। ਵਿਦਿਆਰਥੀਆਂ ਦੇ ਇਸ ਇਤਿਹਾਸਕ ਸੰਘਰਸ਼ ਵਿੱਚ ਗੁਰਦਿਆਲ ਸਿੰਘ ਨੇ ਬਹਾਦੁਰਾਨਾ ਕਿਰਦਾਰ ਪੇਸ਼ ਕੀਤਾ ਸੀ।

ਜੁਲਾਈ 1968 ਵਿੱਚ ਕਲਕੱਤੇ ਤੋਂ ਵਾਪਸੀ ਮਗਰੋਂ ਜਦੋਂ ਭੁਪਿੰਦਰ ਸਿੰਘ ਨੇ ਜ਼ਿੰਦਗੀ ਦਾ ਮੋੜ ਮੁੜਿਆ ਤਾਂ ਗੁਰਦਿਆਲ ਸਿੰਘ ਅਖ਼ੀਰ ਤੱਕ ਦਰਸ਼ਨ ਬਾਗ਼ੀ ਨਾਲ ਟੁਰਦਾ ਰਿਹਾ ਉਸ ਦੀ ਨਜ਼ਰਬੰਦੀ ਤੱਕ। ਗੁਰਦਿਆਲ ਸਿੰਘ ਤੇ ਸ਼ੇਰੀ ਦੀ ਪੀਠ ਮਿਲਦੀ ਸੀ ਪਰ ਜਦੋਂ ਨਕਸਲੀ ਲਹਿਰ ਸਿਧਾਂਤਕ ਮਤਭੇਦਾਂ ਕਾਰਨ ਤਿੰਨ ਗਰੁੱਪਾਂ ਵਿੱਚ ਵੰਡੀ ਗਈ ਤਾਂ ਓਦੋਂ ਗੁਰਦਿਆਲ ਸਿੰਘ ਮਾਓ ਦੀ ਜਨਤਕ ਲਾਈਨ ਨੂੰ ਮੰਨਣ ਵਾਲੇ ਗਰੁੱਪ ਨਾਗੀ ਰੈਡੀ ਗਰੁਪ ਨਾਲ ਮਿਲ ਗਿਆ ਤੇ ਅੱਜ ਵੀ ਉਸ ਦੀ ਵਫ਼ਾ ਭਾਰਤੀ ਇਨਕਲਾਬ ਲਈ ਕਾਇਮ ਹੈ ਤੇ ਉਸ ਦਾ ਸਿਦਕ, ਲਗਨ ਤੇ ਤਿਆਗ ਆਪਣੇ ਆਪ ਵਿੱਚ ਇਕ ਮਿਸਾਲ ਹੈ। ਦਰਸ਼ਨ ਬਾਗ਼ੀ ਦੇ ਸ਼ਬਦਾਂ ਵਿੱਚ ਗੁਰਦਿਆਲ ਸਿੰਘ ਪੀ.ਐਸ.ਯੂ. ਦਾ ਓਹ ਸੂਰਮਾ ਹੈ ਜਿਸ ਦੀ ਸ਼ਕਤੀ ਤੇ ਘਾਲਣਾ ਨੇ ਪੀ.ਐਸ.ਯੂ. ਨੂੰ ਇਕ ਮਹਾਨ ਜੱਥੇਬੰਦੀ ਬਣਾਉਣ ਵਿੱਚ ਅਥਾਹ ਯੋਗਦਾਨ ਪਾਇਆ। ਗੁਰਦਿਆਲ ਸਿੰਘ ਦੀ ਹੱਸਮੁਖ ਨੁਹਾਰ, ਦਰਸ਼ਨ ਬਾਗ਼ੀ ਦੇ ਮਨ ਦੀ ਦਹਿਲੀਜ਼ ਤੇ ਇੰਝ ਉਕਰੀ ਹੋਈ ਹੈ ਜਿਹੜੀ ਕਦੇ ਮਿਟਾਇਆਂ ਵੀ ਨਹੀਂ ਮਿਟਣੀ।

## ਹਰਭਜਨ ਹਲਵਾਰਵੀ

ਨਵਤੇਜ ਭਾਰਤੀ, ਖ਼ਾਲਸਾ ਕਾਲਜ ਲੁਧਿਆਣੇ ਵਿੱਚ ਪੰਜਾਬੀ ਦਾ ਪ੍ਰੋਫੈਸਰ ਸੀ ਤੇ ਹਰਭਜਨ ਹਲਵਾਰਵੀ ਨਾਲ ਉਸ ਦੀ ਚੰਗੀ ਪੀਠ ਮਿਲਦੀ ਸੀ। ਇਹ ਅਕਸਰ ਇਕ ਦੂਜੇ ਨੂੰ ਮਿਲਦੇ ਗਿਲਦੇ ਰਹਿੰਦੇ ਸਨ। 1967 ਦੀਆਂ ਗਰਮੀਆਂ ਵਿੱਚ, ਦਰਸ਼ਨ ਬਾਗ਼ੀ ਨੇ ਨਵਤੇਜ ਭਾਰਤੀ ਦੇ ਘਰ ਮਾਰਕਸਵਾਦ ਦਾ ਸਕੂਲ

ਲਾਇਆ ਤੇ ਹਰਭਜਨ ਹਲਵਾਰਵੀ ਓਨਾਂ ਦਿਨਾਂ ਵਿੱਚ ਸਰਕਾਰੀ ਕਾਲਜ, ਲੁਧਿਆਣੇ ਵਿੱਚ ਇੰਦਰਜੀਤ ਸਿੰਘ ਬਿੱਟੂ ਨਾਲ ਹਿਸਾਬ ਦੀ ਐਮ.ਏ. ਕਰ ਰਿਹਾ ਸੀ। ਨਵਤੇਜ ਭਾਰਤੀ ਨੇ ਇਨਾਂ ਦੋਹਾਂ ਨੂੰ ਸਟਡੀ ਸਰਕਲ ਵਿੱਚ ਸੱਦ ਲਿਆ ਤਾਂ ਕਿ ਦਰਸ਼ਨ ਬਾਗ਼ੀ ਨਾਲ ਸਾਂਝ ਪੁਆਈ ਜਾਵੇ। ਇਸ ਸਕੂਲ ਵਿੱਚ 8-10 ਵਿਦਿਆਰਥੀ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਵੀ ਸਨ। ਨਵਤੇਜ ਭਾਰਤੀ ਦੀ ਸਖ਼ਾਵਤ ਸੀ ਕਿ ਹਰਭਜਨ ਹਲਵਾਰਵੀ ਤੇ ਇੰਦਰਜੀਤ ਬਿਟੂ ਨਾਲ ਸਦੀਵੀ ਰਿਸ਼ਤਾ ਜੁੜਿਆ। ਹਰਭਜਨ ਹਲਵਾਰਵੀ ਇਸ ਸਟਡੀ ਸਰਕੂਲ ਤੋਂ ਮਗਰੋਂ ਵੀ ਪੀ.ਐਸ.ਯੂ. ਦੇ ਪੰਜਾਬ ਪੱਧਰ ਦੇ ਮਾਰਕਸਵਾਦੀ ਗਰੁਪ ਦਾ ਮੈਂਬਰ ਬਣਿਆ ਰਿਹਾ ਤੇ ਉਹ ਮਾਰਕਸਵਾਦੀ ਗਰੁਪ ਦੀ ਹਰ ਮੀਟਿੰਗ ਤੇ ਹਾਜ਼ਰ ਹੁੰਦਾ ਰਿਹਾ ਤੇ ਪੂਰਾ ਯੋਗਦਾਨ ਪਾਉਂਦਾ ਰਿਹਾ।

ਦਰਸ਼ਨ ਬਾਗ਼ੀ ਦੀ ਨਜ਼ਰਬੰਦੀ ਮਗਰੋਂ ਜਦੋਂ ਲਹਿਰ ਵਿੱਚ ਫੁੱਟ ਪਈ ਤਾਂ ਉਦੋਂ ਹਰਭਜਨ ਹਲਵਾਰਵੀ ਹਾਕਮ ਸਮਾਉਂ ਗਰੁੱਪ ਨਾਲ ਚਲਾ ਗਿਆ ਤੇ ਪੀ.ਏ.ਯੂ. ਵਿੱਚ ਮਾਰਕਸਵਾਦ ਦੇ ਸਕੂਲ ਲਾਉਂਦਾ ਰਿਹਾ। ਦਰਸ਼ਨ ਬਾਗ਼ੀ ਦੀ ਰਿਹਾਈ ਮਗਰੋਂ ਜਦੋਂ ਲੁਧਿਆਣੇ ਕਿਸੇ ਗੁਪਤ ਥਾਂ ਦਰਸ਼ਨ ਬਾਗ਼ੀ ਨੂੰ ਲਿਜਾ ਰਿਹਾ ਸੀ ਤਾਂ ਸਾਰੇ ਰਾਹ ਹਰਭਜਨ ਹਲਵਾਰਵੀ, ਦਰਸ਼ਨ ਬਾਗ਼ੀ ਕੋਲ ਬਾਬੂ ਰਾਮ ਬੈਰਾਗੀ ਦੀ ਮਹਿਮਾ ਕਰਦਾ ਗਿਆ ਕਿ ਬੈਰਾਗੀ ਮਾਓ ਵਿਚਾਰਧਾਰਾ ਦਾ ਮਾਹਿਰ ਹੈ। ਇਸ ਸਫ਼ਰ ਦੇ ਦੌਰਾਨ ਦਰਸ਼ਨ ਬਾਗ਼ੀ ਨੇ ਨਕਸਲਬਾੜੀ ਦੀ ਵਾਰ, ਜੋ ਲਗਭਗ 50 ਸਫ਼ੇ ਦੀ ਲੰਮੀ ਵਾਰ ਸੀ, ਜਿਹੜੀ ਦਰਸ਼ਨ ਬਾਗ਼ੀ ਨੇ ਪਟਿਆਲਾ ਜੇਲ੍ਹ ਵਿੱਚ ਲਿਖੀ ਸੀ, ਹਰਭਜਨ ਹਲਵਾਰਵੀ ਨੂੰ ਦਿੱਤੀ ਪਾਰਟੀ ਦੇ ਪਰਚੇ ਵਿੱਚ ਛਾਪਣ ਲਈ। ਉਸ ਗੁਪਤ ਮੀਟਿੰਗ ਵਿੱਚ ਜਿਹੜੀ ਦਰਸ਼ਨ ਬਾਗ਼ੀ, ਹਾਕਮ ਸਿੰਘ ਸਮਾਉਂ, ਬਾਬੂ ਰਾਮ ਬੈਰਾਗੀ ਤੇ ਹਰਭਜਨ ਹਲਵਾਰਵੀ ਵਿੱਚ ਹੋਈ, ਹਰਭਜਨ ਹਲਵਾਰਵੀ ਵੀ ਜਨਤਕ ਲਾਈਨ (ਮਾਸ ਲਾਈਨ ਦੇ ਉਲਟ ਚਾਰੂ ਦੀ ਸੈਕਟੇਰੀਅਨ ਖੱਬੀ ਮਾਰਕੇਬਾਜ਼ੀ (ਜਮਾਤੀ ਦੁਸ਼ਮਨਾਂ ਦੇ ਸਫਾਏ ਦੀ ਮੁਹਿੰਮ) ਦੇ ਹੱਕ ਵਿੱਚ ਸੀ। ਇਸ ਗੁਪਤ ਮੀਟਿੰਗ ਦੇ ਸਿੱਟੇ ਵਜੋਂ ਜਦੋਂ ਹਾਕਮ ਸਮਾਉਂ, ਬਾਬੂ ਰਾਮ ਬੈਰਾਗੀ ਤੇ ਹਰਭਜਨ ਹਲਵਾਰਵੀ ਚਾਰੂ ਯੁੱਧਨੀਤੀ ਦੇ ਧਾਰਨੀ ਰਹੇ ਤੇ ਦਰਸ਼ਨ ਬਾਗ਼ੀ ਮਾਓ ਦੀ ਜਨਤਕ ਲਾਈਨ (ਮਾਸ ਲਾਈ) ਦਾ ਧਾਰਨੀ ਰਿਹਾ ਤਾਂ ਦਰਸ਼ਨ ਬਾਗ਼ੀ ਦੀ ਨਕਸਲਬਾੜੀ ਦੀ ਵਾਰ ਨਾ ਤਾਂ ਪਾਰਟੀ ਦੇ ਪਰਚੇ ਵਿੱਚ ਛਾਪੀ ਤੇ ਨਾ ਹੀ ਹਰਭਜਨ ਹਲਵਾਰਵੀ ਨੇ ਇਹ ਵਾਰ ਦਰਸ਼ਨ ਬਾਗ਼ੀ ਨੂੰ ਵਾਪਸ ਮੋੜੀ।

ਕੁਝ ਸਮਾਂ ਪੁਲਸ ਹਿਰਾਸਤ ਵਿੱਚ ਗੁਜ਼ਾਰਨ ਮਗਰੋਂ ਹਰਭਜਨ ਹਲਵਾਰਵੀ ਰਿਹਾ ਹੋਣ ਮਗਰੋਂ ਨਕਸਲੀ ਲਹਿਰ ਤੋਂ ਅੱਡ ਹੋ ਗਿਆ ਤਾਂ ਉਦੋਂ ਨਕਸਲੀ



ਲੀਡਰਸ਼ਿਪ ਦੇ ਵਿਰੁੱਧ ਖੁੱਲ੍ਹੇ ਤੌਰ 'ਤੇ ਬੋਲਦਾ ਸੀ ਕਿ ਉਹ ਕੁਲਵਕਤੀ ਇਨਕਲਾਬੀ ਨਹੀਂ ਸੀ ਬਣਨਾ ਚਾਹੁੰਦਾ ਪਰ ਪਾਰਟੀ ਨੇ ਉਸ ਦੀ ਰਿਹਾਇਸ਼ ਨੇੜੇ ਐਕਸ਼ਨ ਕਰ ਦਿੱਤਾ ਜਿਸ ਕਰ ਕੇ ਗੁਪਤਵਾਸ ਹੋਣ ਤੋਂ ਬਿਨਾਂ ਉਸ ਕੋਲ ਹੋਰ ਕੋਈ ਰਾਹ ਨਾ ਰਿਹਾ।

ਹਰਭਜਨ ਹਲਵਾਰਵੀ ਦੀ ਪੀ.ਐਸ.ਯੂ. ਦੇ ਵਿਕਾਸ ਵਿੱਚ ਬੇਮਿਸਾਲ ਦੇਣ ਹੈ। ਦਰਸ਼ਨ ਬਾਗ਼ੀ ਦੀ ਨਜ਼ਰਬੰਦੀ ਮਗਰੋਂ ਹਰਭਜਨ ਹਲਵਾਰਵੀ ਨੇ ਦਰਸ਼ਨ ਬਾਗ਼ੀ ਦੀ ਨਜ਼ਰਬੰਦੀ ਵਿਰੁੱਧ ਬਹੁਤ ਵੱਡਾ ਪੋਸਟਰ ਲਿਖਿਆ ਸੀ ਜਿਸ ਪੋਸਟਰ ਨਾਲ ਪੰਜਾਬ ਦੇ ਪਿੰਡਾਂ ਦੀਆਂ ਕੰਧਾਂ ਲਾਲੋ-ਲਾਲ ਹੋ ਗਈਆਂ ਸਨ। ਗ੍ਰਿਫਤਾਰੀ ਤੇ ਇੰਟੈਰੋਗੇਸ਼ਨ ਮਗਰੋਂ ਰਿਹਾ ਹੋਣ 'ਤੇ ਹਰਭਜਨ ਹਲਵਾਰਵੀ ਨੇ ਇਨਕਲਾਬੀ ਰਾਜਨੀਤੀ ਨੂੰ ਤਿਆਗ ਦਿੱਤਾ ਪਰ ਪੀ.ਐਸ.ਯੂ. ਦੇ ਦੌਰ ਵਿੱਚ ਇਹ ਦਰਸ਼ਨ ਬਾਗ਼ੀ ਦੇ ਜਿਗਰ ਦਾ ਅਨਿੱਖੜਵਾਂ ਅੰਗ ਰਿਹਾ ਸੀ। ਪਰ ਦਰਸ਼ਨ ਬਾਗ਼ੀ ਨੂੰ ਹਰਭਜਨ ਹਲਵਾਰਵੀ 'ਤੇ ਇਕੋ ਗੱਲ ਦਾ ਗਿਲਾ ਰਿਹਾ ਕਿ ਜਿਹੜੀ ਦਰਸ਼ਨ ਬਾਗ਼ੀ ਦੀ ਨਕਸਲਬਾੜੀ ਦੀ ਵਾਰ ਨਾ ਤੇ ਪਾਰਟੀ ਦੇ ਪਰਚੇ ਵਿੱਚ ਛਾਪੀ ਤੇ ਨਾ ਦਰਸ਼ਨ ਬਾਗ਼ੀ ਨੂੰ ਵਾਪਸ ਮੋੜੀ।

### ਇਕਬਾਲ ਖ਼ਾਨ

ਮਈ-ਜੂਨ 1968 ਵਿੱਚ ਪਿੰਡ ਮਾਹਿਲ ਗਹਿਲਾਂ ਵਿੱਚ ਕਾਮਰੇਡ ਜਗਜੀਤ ਸਿੰਘ ਮਾਹਿਲ, ਜਿਹੜਾ ਇੰਗਲੈਂਡ ਤੋਂ ਮੁੜ ਕੇ ਆਇਆ ਸੀ ਤੇ ਸੀ.ਪੀ.ਆਈ. (ਐਮ) ਦਾ ਮੈਂਬਰ ਸੀ, ਉਸ ਦੇ ਸਹਿਯੋਗ ਨਾਲ, ਦਰਸ਼ਨ ਬਾਗ਼ੀ ਨੇ ਉਸ ਦੇ ਖੂਹ 'ਤੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਦਾ ਇਕ ਹਫ਼ਤੇ ਦਾ ਮਾਰਕਸਵਾਦ 'ਤੇ ਸਟਡੀ ਸਰਕਲ ਦਾ ਪ੍ਰਬੰਧ ਕੀਤਾ। ਇਸ ਸਟਡੀ ਸਰਕਲ ਵਿੱਚ ਇਕਬਾਲ ਖਾਨ ਵੀ ਹਾਜ਼ਰ ਸੀ ਤੇ ਜਾਣ ਪਛਾਣ ਕਰਨ ਲਈ ਸਾਰੇ ਵਿਦਿਆਰਥੀਆਂ ਨੂੰ ਵਾਰੀ ਵਾਰੀ ਦਰਸ਼ਨ ਬਾਗ਼ੀ ਨੇ ਸੁਆਲ ਪੁੱਛੇ। ਦਰਸ਼ਨ ਬਾਗ਼ੀ ਦੀ ਇਕਬਾਲ ਖ਼ਾਨ ਨਾਲ ਇਹ ਪਹਿਲੀ ਮਿਲਣੀ ਸੀ ਤੇ ਜਿਹੜੀ ਸੰਖੇਪ ਗੱਲਬਾਤ ਇਨਾਂ ਦੋਹਾਂ ਵਿੱਚ ਹੋਈ ਓਹ ਇਕਬਾਲ ਖ਼ਾਨ ਨੇ "ਯਾਦਾਂ ਦੇ ਪ੍ਰਛਾਵੇਂ" ਵਿੱਚ ਇਸ ਤਰਾਂ ਬਿਆਨ ਕੀਤੀ ਹੈ। ਦਰਸ਼ਨ ਬਾਗ਼ੀ ਨੇ ਪੁੱਛਿਆ,

"ਕੀ ਕਰਦਾ ਹੁੰਨੈ।"

"ਕੁਝ ਨਹੀਂ।"

"ਪੜਦਾ ਨਹੀਂ" ਉਹਨੇ ਦੂਜਾ ਸੁਆਲ ਕਰ ਦਿਤਾ।

"ਦਸਵੀਂ ਕਰ ਲਈ ਹੈ", ਮੈਂ ਇਨਾਂ ਕਿਹਾ ਹੀ ਸੀ ਕਿ ਦਰਸ਼ਨ ਅਗੇ ਬੋਲ

ਪਿਆ "ਹੁਣ ਅਗੇ ਕੀ ਕਰਨਾ ਹੈ"? ਅਗੇ ਨਹੀਂ ਪੜਨਾ"?

ਮੈਂ ਕੁਝ ਨਹੀਂ ਬੋਲਿਆ, ਦਿਲ ਵਿੱਚ ਸੋਚਿਆ ਇਹ ਤਾਂ ਹਨੂਮਾਨ ਦੀ ਪੂਛ ਵਾਂਗ ਵਧੀ ਜਾਂਦਾ ਹੈ। ਮੈਨੂੰ ਚੁਪ ਵੇਖ ਕੇ ਦਰਸ਼ਨ ਬਾਗ਼ੀ ਨੇ ਇਕ ਸੁਆਲ ਹੋਰ ਕਰ ਦਿਤਾ, "ਬਾਹਰ ਜਾਣੈ"?

ਮੈਂ ਫਿਰ ਵੀ ਚੁਪ ਰਿਹਾ ਪਰ ਤਾਇਆ ਜੀ (ਜਗਜੀਤ ਸਿੰਘ ਮਾਹਿਲ) ਨੇ ਜੁਆਬ ਦੇ ਦਿੱਤਾ, "ਆਹੋ ਕੁਝ ਇਦਾਂ ਹੀ ਵਿਚਾਰ ਹੈ।"

ਦਰਸ਼ਨ ਨੇ ਫਿਰ ਮੈਨੂੰ ਮੁਖਾਤਬ ਹੋ ਕੇ ਕਿਹਾ, ਓਨਾਂ ਚਿਰ ਕਾਲਜ ਵਿੱਚ ਪੜਨ ਲੱਗ ਜਾ, ਕੁਝ ਸੂਝ ਮਿਲੇਗੀ, ਜਦ ਬਾਹਰ ਜਾਣਾ ਹੋਇਆ ਚਲਾ ਜਾਵੀਂ।"

ਦਰਸ਼ਨ ਦੇ ਇਨਾਂ ਸ਼ਬਦਾਂ ਨੇ ਮੇਰੀ ਜ਼ਿੰਦਗੀ ਦਾ ਕਾਂਟਾ ਬਦਲ ਦਿਤਾ, ਗੱਡੀ ਬਾਹਰ ਨੂੰ ਜਾਂਦੀ ਜਾਂਦੀ ਅੰਦਰ ਨੂੰ ਮੁੜ ਗਈ। ਮਾਹਿਲ ਗਹਿਲ ਦੇ ਮਾਰਕਸਵਾਦੀ ਸਟਡੀ ਸਰਕਲ ਤੋਂ ਮਗਰੋਂ ਦਰਸ਼ਨ ਖਟਕੜ ਪੀ.ਐਸ.ਯੂ. ਦੇ ਸੂਬਾ ਪੱਧਰ ਦੇ ਮਾਰਕਸਵਾਦੀ ਗਰੁਪ ਦਾ ਮੈਂਬਰ ਤੇ ਸਿੱਖ ਨੈਸ਼ਨਲ ਕਾਲਜ ਵਿੱਚ ਪੀ.ਐਸ.ਯੂ ਦਾ ਆਗੂ ਚੁਣਿਆ ਗਿਆ ਤੇ ਓਸੇ ਸਾਲ ਇਕਬਾਲ ਖ਼ਾਨ ਸਿੱਖ ਨੈਸ਼ਨਲ ਕਾਲਜ ਬੰਗਾ ਦਾ ਵਿਦਿਆਰਥੀ ਬਣ ਗਿਆ ਤੇ ਦਰਸ਼ਨ ਖਟਕੜ ਦੀ ਸੱਜੀ ਬਾਂਹ ਬਣ ਕੇ ਸਿੱਖ ਨੈਸ਼ਨਲ ਕਾਲਜ ਵਿੱਚ ਪੀ.ਐਸ.ਯੂ. ਦਾ ਇਕ ਜੁਝਾਰੂ ਆਗੂ ਹੋ ਨਿਬੜਿਆ। ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀ ਸੰਘਰਸ਼ ਦੀ ਹਮਾਇਤ ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਦੇ ਸੰਘਰਸ਼ ਦੌਰਾਨ ਇਕਬਾਲ ਖ਼ਾਨ ਪਹਿਲੀਆਂ ਸਫਾਂ ਵਿੱਚ ਸੀ। ਇਸ ਕਾਲਜ ਦੇ ਵਿਦਿਆਰਥੀਆਂ ਨੇ ਪੁਲਸ ਨਾਲ ਵੀ ਲੋਹਾ ਲਿਆ ਤੇ ਰੋਹ ਵਿੱਚ ਆ ਕੇ ਵਿਦਿਆਰਥੀਆਂ ਨੇ ਰੋਡਵੇਜ਼ ਦੀ ਬਸ ਅਗਨ ਭੇਟਾ ਕਰ ਦਿਤੀ ਜਿਸ ਕਰਕੇ ਹੋਰ ਵਿਦਿਆਰਥੀਆਂ ਸਮੇਤ ਇਕਬਾਲ ਖ਼ਾਨ 'ਤੇ ਵੀ ਪੁਲਸ ਨੇ ਕੇਸ ਦਰਜ ਕਰ ਦਿਤਾ ਜਿਸ ਕਰ ਕੇ ਇਕਬਾਲ ਖ਼ਾਨ ਲਗਭਗ ਪੌਣੇ ਤਿੰਨ ਸਾਲ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੰਦ ਰਿਹਾ।

ਦਰਸ਼ਨ ਖਟਕੜ ਦੀ ਅਗਵਾਈ ਵਿੱਚ ਇਕਬਾਲ ਖ਼ਾਨ ਨੇ ਨਕਸਲੀ ਲਹਿਰ ਵਿੱਚ ਸ਼ਮੂਲੀਅਤ ਕਰ ਲਈ ਹੋਈ ਸੀ ਤੇ ਓਹ ਇਸ ਰਾਜਨੀਤੀ ਦਾ ਪੂਰਾ ਸਮਰਥਕ ਰਿਹਾ। ਇਸ ਇਨਕਲਾਬੀ ਰਾਜਨੀਤੀ ਦਾ ਸਿਟਾ ਹੀ ਸੀ ਕਿ ਇਕਬਾਲ ਖ਼ਾਨ ਨੇ 4 ਕਾਵਿ ਸੰਗ੍ਰਹਿਾਂ ਦੀ ਰਚਨਾ ਕੀਤੀ ਜਿਵੇਂ ਕਿ –

1. ਰੱਤੜੇ ਫੁੱਲ
2. ਨਾਗ ਦੀ ਮੌਤ ਤੱਕ
3. ਕਾਫਲੇ
4. ਗੁੰਮੀਆਂ ਪੌਣਾਂ ਦਾ ਅਹਿਦ



ਇਨਕਲਾਬੀ ਜ਼ਿੰਦਗੀ ਦੇ ਅਰੰਭ ਲਈ ਇਸ ਨੇ ਦਰਸ਼ਨ ਬਾਗ਼ੀ ਦਾ ਪ੍ਰਭਾਵ ਬਹੁਤ ਕਬੂਲਿਆ ਹੈ ਜਿਵੇਂਕਿ ਇਕਬਾਲ ਖ਼ਾਨ ਯਾਦਾਂ ਦੇ ਪ੍ਰਛਾਵੇਂ ਵਿੱਚ ਲਿਖਦਾ ਹੈ "ਸੀ.ਪੀ.ਆਈ. (ਐਮ-ਐਲ) ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਮੈਂ ਰਾਜਨੀਤੀ ਦੇ ਕਿਲੇ ਦੇ ਕੇਂਦਰ ਵਿੱਚ ਪਹੁੰਚ ਗਿਆ, ਜਿਸ ਰਾਹ ਉਤੇ ਚਲਦਿਆਂ ਮੈਂ ਇਸ ਮੁਕਾਮ 'ਤੇ ਪਹੁੰਚਿਆ ਸਾਂ, ਉਸ ਰਾਹ ਉਤੇ ਮੈਨੂੰ ਦਰਸ਼ਨ ਬਾਗ਼ੀ ਨੇ ਟੋਰਿਆ ਸੀ, ਇਸ ਲਈ ਮੈਂ ਦਰਸ਼ਨ ਬਾਗ਼ੀ ਨੂੰ ਆਪਣਾ ਰਾਜਨੀਤਕ ਉਸਤਾਦ ਮੰਨਦਾ ਹਾਂ।" ਦਰਸ਼ਨ ਬਾਗ਼ੀ ਦੇ ਸ਼ਬਦਾਂ ਵਿੱਚ, "ਇਕਬਾਲ ਖ਼ਾਨ ਦੀ ਪੀ.ਐਸ.ਯੂ. ਨੂੰ ਦੇਣ ਬੇਬਿਆਨ ਹੈ, ਇਸ ਨੇ ਪੀ.ਐਸ.ਯੂ. ਲਈ ਹਰ ਹੋਣੀ ਦਾ ਟਾਕਰਾ ਕੀਤਾ ਹੈ।"

# ਸ਼ਹੀਦ ਵਿਦਿਆਰਥੀਆਂ ਦੀ ਲਿਸਟ

ਸਾਥੀ ਅਮੋਲਕ ਸਿੰਘ, ਦੇਸ਼ ਭਗਤ ਯਾਦਗਾਰ ਹਾਲ, ਨਰਿੰਦਰ ਸਿੰਘ ਚਾਹਲ ਐਡਵੋਕੇਟ, ਮੋਗਾ ਤੇ ਸਾਥੀ ਗੁਰਵਿੰਦਰ ਟੌਡਰਪੁਰ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨਾਂ ਨੇ ਮਿਹਨਤ ਤੇ ਹਿੰਮਤ ਕਰ ਕੇ ਸ਼ਹੀਦ ਵਿਦਿਆਰਥੀਆਂ ਦੀ ਲਿਸਟ ਮੁਹਈਆ ਕੀਤੀ ਹੈ। ਇਨਾਂ ਤਿੰਨਾਂ ਦੀ ਸਹਾਇਤਾ ਤੋਂ ਬਿਨਾਂ ਸ਼ਹੀਦ ਵਿਦਿਆਰਥੀਆਂ ਨਾਲ ਤੁਹਾਡੀ ਜਾਣ-ਪਛਾਣ ਨਹੀਂ ਸੀ ਹੋਣੀ। ਕਈ ਵਿਦਿਆਰਥੀਆਂ ਦੇ ਕਾਲਜਾਂ ਦੇ ਨਾ ਪ੍ਰਾਪਤ ਨਹੀਂ ਹੋ ਸਕੇ, ਇਸ ਊਣਤਾਈ ਦੀ ਖਿਮਾ ਮੰਗਦਾ ਹਾਂ।

| ਨੰ. | ਨਾਂ | ਉਮਰ | ਪਿੰਡ/ਜ਼ਿਲ੍ਹਾ | ਕਾਲਜ |
|---|---|---|---|---|
| 1. | ਰਵਿੰਦਰ ਸਿੰਘ | 21 | ਜਗਤਪੁਰ/ਜਲੰਧਰ | ਡੀ.ਏ.ਵੀ. ਜਲੰਧਰ 11-12 ਸਤੰਬਰ 1970 ਦੀ ਰਾਤ ਨੂੰ ਗ੍ਰਿਫਤਾਰ ਕਰ ਕੇ ਬੇਤਹਾਸ਼ਾ ਤਸ਼ੱਦਦ ਕਰਕੇ ਨਵਾਂਸ਼ਹਿਰ ਕੁਲਾਮ ਸੜਕ 'ਤੇ ਲਿਜਾ ਕੇ ਗੋਲੀ ਮਾਰੀ |
| 2. | ਇਕਬਾਲ ਸਿੰਘ | 25 | ਮੰਗੂਵਾਲ/ਜਲੰਧਰ | ਸਿੱਖ ਨੈਸ਼ਨਲ ਕਾਲਜ ਬੰਗਾ 1.1.71 ਨੂੰ ਖਾਨਖਾਨਾ ਪਿੰਡ ਦੇ ਨੇੜੇ ਗੋਲੀ ਮਾਰਨ ਤੋਂ ਬਾਅਦ 'ਮੁਕਾਬਲੇ' ਦੀ ਕਹਾਣੀ ਬਣਾਈ ਗਈ। |
| 3. | ਬੰਤ ਸਿੰਘ | 22 | ਰਾਜੇਆਣਾ/ਫ਼ਰੀਦਕੋਟ | ਡੀ.ਐਮ. ਕਾਲਜ ਮੋਗਾ 25.2.71 ਨੂੰ ਫਿਰੋਜ਼ਪੁਰ ਸ਼ਹਿਰ 'ਚੋਂ ਕਾਲਜ ਦੇ ਸਾਹਮਣੇ ਚਾਹ ਦੀ ਦੁਕਾਨ 'ਤੇ ਬੈਠੇ ਨੂੰ ਗ੍ਰਿਫਤਾਰ ਕੀਤਾ ਗਿਆ। ਕਹਿਰਾਂ ਦਾ ਤਸ਼ੱਦਦ ਢਾਹੁਣ ਤੋਂ ਬਾਅਦ 7 ਮਾਰਚ ਦੀ ਸਵੇਰ ਨੂੰ ਧਰਮਕੋਟ ਦੇ ਨੇੜੇ ਨਹਿਰ ਦੇ ਪੁਲ 'ਤੇ ਲਿਜਾ ਕੇ ਗੋਲੀ |



| | | | | |
|---|---|---|---|---|
| | | | | ਮਾਰ ਦਿੱਤੀ ਗਈ। |
| 4. | ਬਖਸ਼ੀਸ਼ ਸਿੰਘ | 24 | ਮੋਰਕਰੀਮਾ/ਲੁਧਿਆਣਾ | ਗੁਰੂ ਨਾਨਕ ਇੰਜਨੀਅਰਿੰਗ ਕਾਲਜ। 20.3.71 ਦੀ ਸ਼ਾਮ ਨੂੰ ਨਵਾਂਸ਼ਹਿਰ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ। ਆਪਣੇ ਦੁਆਰਾ ਚਲਾਏ ਗਏ ਹੈਂਡਗਰਨੇਡ ਨਾਲ 4-5 ਪੁਲਸੀਆਂ ਸਮੇਤ ਆਪ ਵੀ ਸਖਤ ਜ਼ਖ਼ਮੀ ਹਾਲਤ 'ਚ ਦਮ ਤੋੜ ਗਿਆ। |
| 5. | ਸ਼ਿਵ ਲਾਲ | 22 | ਵੰਗਾਂਵਾਲੀ/ਸੰਗਰੂਰ | ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਦਾ ਆਖਰੀ ਸਾਲ ਦਾ ਵਿਦਿਆਰਥੀ। ਅਪ੍ਰੈਲ 1971 'ਚ ਹੁਸ਼ਿਆਰਪੁਰ ਜ਼ਿਲ੍ਹੇ 'ਚੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਲਾਪਤਾ। |
| 6. | ਕਸ਼ਮੀਰ ਸਿੰਘ | 22 | ਬੱਜੂਮਾਨ/ਅੰਮ੍ਰਿਤਸਰ | 23.5.71 ਨੂੰ ਹੁਸ਼ਿਆਰਪੁਰ ਦੇ ਮੁਕੇਰੀਆਂ ਲਾਗਿਉਂ ਘੇਰਾ ਪਾ ਕੇ ਗ੍ਰਿਫਤਾਰ ਕਰਨ ਤੋਂ ਬਾਅਦ ਗੋਲੀਆਂ ਮਾਰ ਦਿੱਤੀਆਂ ਗਈਆਂ। |
| 7. | ਰਾਮ ਕਿਸ਼ਨ | | ਮੰਗੂਵਾਲ/ਜਲੰਧਰ | ਮਈ 1971 ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਦੇ ਇਲਾਕੇ ਵਿੱਚ, ਦੁਰਘਟਨਾ ਵੱਸ ਗੋਲੀ ਚੱਲਣ ਨਾਲ ਸ਼ਹੀਦ ਹੋ ਗਏ। |
| 8. | ਭੋਲਾ ਸਿੰਘ | 24 | ਗੁਰੂਸਰ/ਬਠਿੰਡਾ | |
| 9. | ਦਰਸ਼ਨ ਸਿੰਘ | 20 | ਸੁਖਲੱਧੀ/ਬਠਿੰਡਾ | ਦੋਵੇਂ, ਜੂਨ 71 ਦੇ ਅਖੀਰ 'ਚ ਨੰਗਲ ਕਲਾਂ ਪਿੰਡ 'ਚੋਂ ਗ੍ਰਿਫਤਾਰ ਕੀਤੇ ਗਏ। ਘੋਰ |

| | | | |
|---|---|---|---|
| | | | ਤਸ਼ੱਦਦ ਤੋਂ ਬਾਅਦ ਕਤਲ ਕਰਕੇ ਖਪਾ ਦਿੱਤਾ ਗਿਆ। |
| 10. ਸਵਰਣ ਸਿੰਘ | 24 | ਬੋਹਾ/ਬਠਿੰਡਾ | ਖਾਲਸਾ ਕਾਲਜ, ਸੁਧਾਰ। 14.7.71 ਨੂੰ ਕੁਸਲਾ ਪਿੰਡ ਨੇੜਿਉਂ ਫੜ ਕੇ ਤਸ਼ੱਦਦ ਤੋਂ ਬਾਅਦ ਨਹਿਰ ਦੇ ਹੈੱਡ ਕੋਲ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। |
| 11. ਮਿਹਰ ਸਿੰਘ | 22 | ਮੰਨਵੀ/ਸੰਗਰੂਰ | ਸਤੰਬਰ 71 ਵਿੱਚ ਮੇਦੇਵਾਸਾ-ਮੋਜੇਵਾਲ ਪਿੰਡਾਂ ਦੀ ਜੂਹ 'ਚੋਂ ਫੜ ਕੇ ਤਸ਼ੱਦਦ ਤੋਂ ਬਾਅਦ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਤੇ ਲਾਸ਼ ਨੂੰ ਗਾਇਬ ਕਰ ਦਿੱਤਾ। |
| 12. ਜਸਪਾਲ ਸਿੰਘ | 18 | ਬਾਲਦ ਕਲ੍ਹਾਂ/ਸੰਗਰੂਰ | 28.8.71 ਨੂੰ ਪਟਿਆਲੇ ਵਿਖੇ ਡੀ.ਐਸ.ਪੀ. ਸਿਕੰਦਰ ਸਿੰਘ ਦੇ ਮੁੰਡੇ ਨੇ ਗੋਲੀ ਮਾਰ ਕੇ ਮਾਰ ਦਿੱਤਾ। |
| 13. ਬਚਿੱਤਰ ਸਿੰਘ | 20 | ਰਾਏਪੁਰ/ਬਠਿੰਡਾ | 1972 ਦੇ ਸ਼ੁਰੂ ਵਿੱਚ ਬਠਿੰਡਾ ਤੋਂ ਗ੍ਰਿਫਤਾਰ ਕਰ ਕੇ ਕਤਲ ਕਰਨ ਮਗਰੋਂ ਲਾਸ਼ ਖਪਾ ਦਿੱਤੀ। |
| 14. ਬੇਅੰਤ ਸਿੰਘ | 20 | ਮੂੰਮਾਂ/ਸੰਗਰੂਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ। 25-26 ਜਨਵਰੀ 72 ਨੂੰ ਸ਼ੇਰਪੁਰ ਥਾਣੇ ਦੇ ਇੱਕ ਪਿੰਡ 'ਚੋਂ ਗ੍ਰਿਫਤਾਰ ਕਰਕੇ ਅੰਤਾਂ ਦਾ ਤਸ਼ੱਦਦ ਢਾਹੁਣ ਤੋਂ ਬਾਅਦ ਬਰਨਾਲੇ ਨੇੜੇ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ। |
| 15. ਗੁਰਦੇਵ ਸਿੰਘ ਦਰਦੀ | 24 | ਖਿਆਲੀ/ਸੰਗਰੂਰ | 72 ਦੇ ਸ਼ੁਰੂ ਵਿੱਚ ਗ੍ਰਿਫਤਾਰ |



| | | | |
|---|---|---|---|
| | | | ਕਰਨ ਤੋਂ ਬਾਅਦ ਕਤਲ ਕਰਕੇ ਲਾਸ਼ ਗਾਇਬ ਕਰ ਦਿੱਤੀ ਗਈ। |
| 16. ਲਛਮਣ ਸਿੰਘ | 21 | ਰਾਇਪੁਰ/ਬਠਿੰਡਾ | ਜੂਨ 72 ਵਿੱਚ ਪਿੰਡ ਚਾਉਕੇ ਦੇ ਖੇਤਾਂ 'ਚ ਸੈਂਕੜੇ ਲੋਕਾਂ ਸਾਹਮਣੇ ਘੇਰਾ ਪਾ ਕੇ ਗ੍ਰਿਫਤਾਰ ਕਰਕੇ ਬਾਅਦ ਵਿੱਚ ਮਾਨਸਾ ਪੁਲੀਸ ਨੇ ਕਤਲ ਕਰਕੇ ਲਾਸ਼ ਨੂੰ ਗਾਇਬ ਕਰ ਦਿੱਤਾ। |
| 17. ਸਵਰਨ ਸਿੰਘ | 25 | ਹਰੀਪੁਰ ਢੱਡਾ | 9.9.73 ਨੂੰ ਕਾਲਾਸੰਘਿਆਂ 'ਚ ਪੁਲੀਸ-ਵਿਰੋਧੀ ਮੁਜਾਹਰੇ 'ਚੋਂ ਗ੍ਰਿਫਤਾਰ ਕਰਕੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਸਖਤ ਜਖ਼ਮੀ ਹਾਲਤ ਵਿੱਚ ਹਸਪਤਾਲ ਜਾ ਕੇ ਦਮ ਤੋੜ ਗਏ। |
| 18. ਗੁਰਦਿਆਲ ਸਿੰਘ | | ਕਾਲਾਸੰਘਿਆਂ/ਕਪੂਰਥਲਾ | |
| 19. ਬਿਕਰਮਜੀਤ ਸਿੰਘ | 23 | ਸਾਦਿਕਪੁਰ/ਜਲੰਧਰ | ਦੋਵਾਂ ਨੂੰ 25.3.76 ਨੂੰ ਮਹਿਤਪੁਰ ਦੇ ਅੱਡੇ 'ਤੇ ਪਿੱਛਾ ਕਰਨ ਤੋਂ ਬਾਅਦ ਘੇਰਾ ਪਾ ਕੇ ਗ੍ਰਿਫਤਾਰ ਕੀਤਾ ਗਿਆ। ਪਿੱਛੋਂ ਦਿਨ-ਦਿਹਾੜੇ ਗੋਲੀ ਮਾਰ ਕੇ 'ਮੁਕਾਬਲੇ' ਦਾ ਨਾਟਕ ਰਚਿਆ ਗਿਆ। |
| 20. ਜਗਤਾਰ ਸਿੰਘ | 21 | ਆਸੀ ਕਲਾਂ/ਲੁਧਿਆਣਾ | ਖ਼ਾਲਸਾ ਕਾਲਜ ਸੁਧਾਰ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀ ਸੰਘਰਸ਼ ਦੇ ਪੱਖ ਵਿੱਚ ਸੁਧਾਰ ਕਾਲਜ ਦੇ ਵਿਦਿਆਰਥੀ ਜਲੂਸ, |

| | | |
|---|---|---|
| | | ਜਿਹੜਾ ਪੁਰਅਮਨ ਸੀ ਪੁਲਸ ਨੇ ਗੋਲੀ ਚਲਾ ਦਿਤੀ ਤੇ ਜਗਤਾਰ ਸਿੰਘ ਸ਼ਹੀਦ ਹੋ ਗਿਆ। |
| 21. ਪ੍ਰਿਥੀਪਾਲ ਰੰਧਾਵਾ | ਦਸੂਹਾ/ਹੁਸ਼ਿਆਰਪੁਰ | ਅਕਾਲੀ ਨੇਤਾ ਨਿਰਲੇਪ ਕੌਰ ਤੇ ਪ੍ਰਲਾਦ ਸਿੰਘ ਦੀ ਸ਼ਹਿ 'ਤੇ ਬੇਅੰਤ ਗੁੰਡਾਢਾਣੀ ਨੇ 18 ਜੁਲਾਈ 1979 ਨੂੰ ਜਵਾਹਰ ਨਗਰ ਲੁਧਿਆਣਾ 'ਚ ਉਸ ਦੇ ਘਰੋਂ ਅਗਵਾ ਕਰਕੇ ਅਗਿਆਤ ਥਾਂ 'ਤੇ ਲਿਜਾ ਕੇ ਸ਼ਹੀਦ ਕਰ ਦਿੱਤਾ। |
| 22. ਮਲਕੀਤ ਸਿੰਘ | ਮੱਲਾ/ਲੁਧਿਆਣਾ | 24-25 ਦਸੰਬਰ 1989 ਦੀ ਵਿਚਕਾਰਲੀ ਰਾਤ ਨੂੰ ਉਹਦੇ ਜੱਦੀ ਪਿੰਡ ਮੱਲਾ 'ਚ ਰਾਤ ਦੇ ਹਨੇਰੇ 'ਚ ਗੋਲੀਆਂ ਮਾਰਕੇ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ। |
| 23. ਜਗਪਾਲ ਸਿੰਘ 24 | ਸੇਲਬਰਾਹ/ਬਠਿੰਡਾ | 9 ਅਪ੍ਰੈਲ 1991 ਨੂੰ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ (ਪੰਜਾਬ) ਦੇ ਸੇਵੇਵਾਲਾ ਸਮਾਗਮ 'ਤੇ ਖਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਕੀਤੀ ਫਾਇਰਿੰਗ ਮੌਕੇ ਸ਼ਹੀਦ ਹੋ ਗਏ। |
| 24. ਨਰਿੰਦਰ ਨਿੰਦੀ 22 | ਘੁੰਗਰਾਲੀ/ਲੁਧਿਆਣਾ | ਫਿਰਕਾਪ੍ਰਸਤਾਂ ਵੱਲੋਂ ਸ਼ਹੀਦ |